**Worldwide Travel, Inc.**

*Your One Stop Shop For International Travel Needs*

Michigan Office
29211 Ford Rd.
Garden City, MI 48135
Tel: 734-525-7304
Toll Free: 800-504-3044
Fax: 866-300-9725

Serving Community Since 1975.

IATA



Lowest Fare Guaranteed

Los Angles Office
2701 E. Chapman Ave.
Ste.No.108,Fullerton,CA92831
Phone: 714-449-7766
Toll Free: 866-889-1203
Fax: 714-449-7767



**ਦੂਸਰਾ ਸ਼ਿਕਾਗੋ ਕਬੱਡੀ ਕੱਪ**

**ਐਤਵਾਰ 6 ਸਤੰਬਰ, 2009**

BUSSE WOODS FOREST PRESERVE SOUTH
Elk Grove Village- IL
For more info. Jindi Khangura 847-529-1464
ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ



Tenth Year in Publication | ਮਿਡਵੈਸਟ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 31, August 1, 2009 | 20451 N Plum Grove Rd. Palatine, IL 60074 | Ph:847-359-0746, Fax:847-705-9388


## ਮਾਲਵੇ 'ਚ ਕੈਂਸਰ ਦਾ ਕਾਰਨ ਪਾਣੀ ਨਹੀਂ

**ਚੰਡੀਗੜ੍ਹ :** ਪੰਜਾਬ ਦੀ ਮਾਲਵਾ ਪੱਟੀ ਵਿਚ ਪੈਂਦੇ ਕਈ ਜ਼ਿਲਿਆਂ 'ਚ ਕੈਂਸਰ ਦੀ ਬਿਮਾਰੀ ਦੇ ਫੈਲਣ ਦਾ ਕਾਰਨ ਪੀਣ ਵਾਲੀ ਪਾਣੀ ਨਹੀਂ ਹੈ। ਇਹ ਤੱਥ ਸੂਬੇ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ ਉਕਤ ਇਲਾਕੇ ਦੇ ਪਿੰਡਾਂ ਅਤੇ ਸ਼ਹਿਰਾਂ 'ਚੋਂ ਲਏ ਪਾਣੀ ਦੇ ਨਮੂਨਿਆਂ ਦੀਆਂ ਟੈਸਟ ਰਿਪੋਰਟਾਂ ਤੋਂ ਬਾਅਦ ਸਾਹਮਣੇ ਆਇਆ ਹੈ। ਵਿਭਾਗ ਨੇ ਛੇ ਮਹੀਨੇ ਪਹਿਲਾਂ ਮਾਲਵੇ ਦੇ ਪਾਣੀ ਵਿਚਲੀਆਂ ਧਾਤਾਂ ਦੀ ਪਰਖ (ਟੈਸਟ) ਕਰਾਉਣ ਦਾ ਫੈਸਲਾ ਕੀਤਾ ਸੀ। ਜਾਣਕਾਰੀ ਮੁਤਾਬਕ ਇਹ ਟੈਸਟ ਚੰਡੀਗੜ੍ਹ 'ਚ ਸਥਿਤ ਜਨ ਸਿਹਤ ਵਿਭਾਗ ਦੀ ਸਰਕਾਰੀ ਲੈਬਾਰਟਰੀ, ਬਠਿੰਡਾ ਦੀ ਵਾਟਰ ਟੈਸਟਿੰਗ ਲੈਬਾਰਟਰੀ ਅਤੇ ਨਵੀਂ ਦਿੱਲੀ ਦੀ ਸ੍ਰੀ ਰਾਮ ਇੰਸਟੀਚਿਊਟ ਆਫ਼ ਇੰਡਸਟਰੀਅਲ ਰਿਸਰਚ ਨਾਮੀ ਸੰਸਥਾ ਤੋਂ ਕਰਵਾਏ ਗਏ। ਟੈਸਟਾਂ ਦੀਆਂ ਰਿਪੋਰਟਾਂ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮਾਲਵੇ ਦੇ ਪਾਣੀ 'ਚ ਸਾਈਨਾਈਡ, ਕਰੋਮੀਅਮ, ਮਰਕਰੀ, ਆਰਸਾਈਨ ਤੇ ਸਿੱਕਾ ਵਰਗੀਆਂ ਭਾਰੀ ਧਾਤਾਂ ਦੀ ਮਾਤਰਾ ਕੌਮਾਂਤਰੀ ਤੇ ਕੌਮੀ ਪੱਧਰ 'ਤੇ ਨਿਰਧਾਰਤ ਮਾਪਦੰਡਾਂ ਦੇ ਪੱਧਰ 'ਤੇ ਹੀ ਹੈ। ਸਿਹਤ ਵਿਭਾਗ ਦੇ ਇਸ ਦਾਅਵੇ ਨੇ ਇਕ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਮਾਲਵੇ 'ਚ ਕੈਂਸਰ ਕਾਰਨ ਲੋਕਾਂ ਦਾ ਮੌਤ ਦੇ ਮੂੰਹ 'ਚ ਜਾਣ ਪਿੱਛੇ ਕਾਰਨ ਕੀ ਹੈ।

ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਮਾਲਵੇ ਦੇ ਉਨ੍ਹਾਂ ਜ਼ਿਲਿਆਂ ਜਿੱਥੇ ਕੈਂਸਰ ਦੀ ਬਿਮਾਰੀ ਫੈਲੀ ਹੋਈ ਹੈ, ਦੇ ਪਿੰਡਾਂ ਤੇ ਸ਼ਹਿਰਾਂ ਦੇ ਜਲ ਘਰਾਂ ਤੇ ਨਲਕਿਆਂ ਦੇ ਪੀਣ ਵਾਲੇ ਪਾਣੀ ਦੇ ਨਮੂਨੇ ਚੰਡੀਗੜ੍ਹ ਦੀ ਲੈਬੋਰਟਰੀ ਨੂੰ ਭੇਜੇ ਗਏ ਸਨ। ਜਿਨ੍ਹਾਂ 'ਚੋਂ 68 ਦੀਆਂ ਰਿਪੋਰਟਾਂ ਵਿਭਾਗ ਨੂੰ ਹਾਸਲ ਹੋਈਆਂ ਹਨ। ਇਨ੍ਹਾਂ ਰਿਪੋਰਟਾਂ ਮੁਤਾਬਕ ਮੁਕਤਸਰ, ਫਰੀਦਕੋਟ ਤੇ ਬਠਿੰਡਾ ਜ਼ਿਲ੍ਹਿਆਂ ਦੇ ਪਾਣੀ 'ਚ ਭਾਰੀ ਧਾਤਾਂ ਦੀ ਮਾਤਰਾ ਕੌਮੀ ਤੇ ਕੌਮਾਂਤਰੀ ਪੱਧਰ ਦੀਆਂ ਸਿਹਤ ਸੰਸਥਾਵਾਂ ਖਾਸ ਕਰ ਵਿਸ਼ਵ ਸਿਹਤ ਸੰਸਥਾ ਵਲੋਂ ਤੈਅ ਕੀਤੇ ਮਾਪਦੰਡਾਂ ਤੋਂ ਵਧ ਨਹੀਂ ਹੈ। ਸਿਹਤ ਵਿਭਾਗ ਵਲੋਂ ਸ੍ਰੀ ਰਾਮ ਇੰਸਟੀਚਿਊਟ ਆਫ਼ ਇੰਡਸਟਰੀਅਲ ਰਿਸਰਚ ਨਵੀਂ ਦਿੱਲੀ ਨੂੰ ਪਿੰਡ ਚੱਕ ਬੀਰ ਸਰਕਾਰ ਤੇ ਮੁਕਤਸਰ ਸ਼ਹਿਰ ਦੇ ਜਲ ਘਰਾਂ ਦੇ ਪਾਣੀ ਦੇ ਸੈਂਪਲ ਭੇਜੇ ਗਏ। ਇਸ ਸੰਸਥਾ ਦੀਆਂ ਰਿਪੋਰਟਾਂ ਤੋਂ ਵੀ ਇਹ ਗੱਲ ਸਾਹਮਣੇ ਨਹੀਂ ਆਉਂਦੀ ਕਿ ਮਾਲਵੇ ਦੇ ਜ਼ਿਲਿਆਂ 'ਚ ਧਾਤਾਂ ਵਾਲਾ ਪਾਣੀ ਕੈਂਸਰ ਫੈਲਾ ਰਿਹਾ ਹੈ। ਇਸੇ ਤਰ੍ਹਾਂ ਕਿੱਲਿਆਂਵਾਲੀ, ਭੁੱਲਰ ਤੇ ਦੋ ਹੋਰ ਪਿੰਡਾਂ ਦੇ ਪਾਣੀ ਦੇ ਨਮੂਨੇ ਬਠਿੰਡਾ ਦੀ ਲੈਬਾਰਟਰੀ ਨੂੰ ਭੇਜੇ ਗਏ ਸਨ। ਇਸ ਲੈਬਾਰਟਰੀ ਦੀਆਂ ਰਿਪੋਰਟਾਂ ਨੇ ਵੀ ਕੈਂਸਰ ਫੈਲਣ ਦਾ ਰਹੱਸ ਡੂੰਘਾ ਕਰ ਦਿੱਤਾ ਹੈ।

ਸਿਹਤ ਵਿਭਾਗ ਦੇ ਡਾਇਰੈਕਟਰ ਡਾ.

*(ਬਾਕੀ ਸਫਾ 6 ਉਤੇ)*

## ਅਜੇ ਵੀ ਜਾਰੀ ਹੈ ਖਾਪ ਪੰਚਾਇਤਾਂ ਦਾ ਕਹਿਰ

**ਬਿੰਦਰ ਬਸਰਾ**

ਹਰਿਆਣਾ 'ਚ ਕੈਥਲ ਜ਼ਿਲ੍ਹੇ ਦੇ ਪਿੰਡ ਮਟੌਰ ਦੇ ਨੌਜਵਾਨ ਵੇਦਪਾਲ ਕਤਲ ਕਾਂਡ ਨੇ ਖਾਪ ਪੰਚਾਇਤਾਂ ਦੀ ਭਾਰਤੀ ਨਿਆਂ ਪ੍ਰਬੰਧ 'ਤੇ ਸਰਦਾਰੀ ਦਾ ਮਾਮਲਾ ਇਕ ਵਾਰ ਫੇਰ ਸਾਹਮਣੇ ਲਿਆਂਦਾ ਹੈ। ਖਾਪ ਪੰਚਾਇਤਾਂ ਦੇ ਗ਼ੈਰ-ਮਨੁੱਖੀ ਫਤਵੇ ਨੇ ਉਚ ਅਦਾਲਤ ਦੇ ਹੁਕਮ ਨੂੰ ਟਿੱਚ ਜਾਣਿਆ ਹੈ। ਦੇਸ਼ 'ਚ ਸੰਗਠਿਤ ਨਿਆਂ ਪ੍ਰਬੰਧ ਦੇ ਬਾਵਜੂਦ ਖਾਪ ਪੰਚਾਇਤਾਂ ਦਾ ਫੈਸਲਾ ਅਦਾਲਤੀ ਹੁਕਮਾਂ ਨਾਲੋਂ ਵਧ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਹੈ, ਜਦਕਿ ਹਰਿਆਣਾ-ਪ੍ਰਸ਼ਾਸਨ ਤੇ ਪੁਲਿਸ ਦੇਖਦੇ ਰਹਿ ਜਾਂਦੇ ਹਨ। ਖਾਪ ਪੰਚਾਇਤਾਂ ਦੀਆਂ ਜੜ੍ਹਾਂ ਏਨੀਆਂ ਮਜ਼ਬੂਤ ਹਨ ਕਿ ਅਦਾਲਤਾਂ ਦੇ ਰਾਜ ਸਰਕਾਰਾਂ ਨੂੰ ਦਿੱਤੇ ਆਦੇਸ਼ ਕਾਗਜ਼ਾਂ 'ਚ ਸਿਮਟ ਕੇ ਰਹਿ ਜਾਂਦੇ ਹਨ, ਜਿਸ ਤੋਂ ਜਾਪਦਾ ਹੈ ਕਿ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀ ਵੀ ਇਨ੍ਹਾਂ ਖਾਪ ਪੰਚਾਇਤਾਂ ਦੇ ਸਮਰਥਕ ਹਨ, ਜੋ ਇਸ ਵਰਤਾਰੇ ਵਿਰੁਧ ਠੋਸ ਕਾਰਵਾਈ ਦੀ ਥਾਂ ਸਿਰਫ ਲਿਪਾ-ਪੋਚੀ ਕਰਕੇ ਡੰਗ ਟਪਾਉਂਦੇ ਹਨ। ਜਿਸ ਦੇ ਸਿੱਟੇ ਵਜੋਂ ਇਕ ਤੋਂ ਬਾਅਦ ਇਕ ਅਜਿਹੇ ਕੇਸ ਸਾਹਮਣੇ ਆ ਰਹੇ ਹਨ, ਜਿਨ੍ਹਾਂ 'ਚ ਖਾਪ ਪੰਚਾਇਤਾਂ ਨੇ ਇਕੋ ਗੋਤ 'ਚ ਜਾਂ ਦੋ ਵਰਜਿਤ ਗੋਤਾਂ 'ਚ ਵਿਆਹ ਕਰਾਉਣ ਵਾਲਿਆਂ ਨੂੰ ਵਿਆਹ ਤੋੜਨ, ਪਿੰਡ 'ਚੋਂ ਕੱਢ ਦੇਣ ਅਤੇ ਕਈ ਵਾਰ ਵਰਜਣਾ ਦੀ ਉਲੰਘਣਾ ਕਰਨ ਵਾਲਿਆਂ ਦਾ ਖ਼ੂਨ ਖਰਾਬਾ ਕਰਾਇਆ।

ਤਾਜ਼ਾ ਘਟਨਾ ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਪਿੰਡ ਮਟੌਰ ਦੇ ਨੌਜਵਾਨ ਵੇਦਪਾਲ ਨਾਲ ਵਾਪਰੀ, ਜਿਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਵੇਦਪਾਲ ਨੇ ਇਸ ਸਾਲ 9 ਮਾਰਚ ਨੂੰ ਜੀਂਦ ਦੇ ਸਿੰਘਵਾਲ ਪਿੰਡ ਦੀ ਸੋਨੀਆ ਨਾਲ ਪ੍ਰੇਮ ਵਿਆਹ ਕੀਤਾ ਸੀ। ਉਨ੍ਹਾਂ ਦਾ ਕਸੂਰ ਇੰਨਾ ਸੀ ਕਿ ਦੋਨੋਂ ਇਕ ਹੀ ਗੋਤ ਦੇ ਸਨ। ਸੋਨੀਆ ਦੇ ਘਰ ਵਾਲੇ ਇਸ ਵਿਆਹ ਲਈ ਸਹਿਮਤ ਨਹੀਂ ਸਨ। ਦੋਹਾਂ ਪਿੰਡਾਂ ਦੀਆਂ ਖਾਪ ਪੰਚਾਇਤਾਂ ਜੁੜੀਆਂ ਅਤੇ ਇਸ ਵਿਆਹ 'ਤੇ ਇਤਰਾਜ਼ ਪ੍ਰਗਟ ਕੀਤਾ ਗਿਆ। ਬਾਅਦ 'ਚ ਮੋਹਤਬਰ ਲੋਕਾਂ ਦੇ ਦਖ਼ਲ ਦੇਣ 'ਤੇ ਵੇਦਪਾਲ ਆਪਣੀ ਪਤਨੀ ਸੋਨੀਆ ਨੂੰ ਉਸ ਦੇ ਪਿੰਡ ਸਿੰਘਵਾਲ ਭੇਜਣ 'ਤੇ ਰਾਜੀ ਹੋ ਗਿਆ ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਪਤਨੀ ਨੂੰ ਕੈਦ ਕਰ ਲਿਆ ਗਿਆ ਹੈ ਤਾਂ ਉਸ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ।

ਅਦਾਲਤ ਦੇ ਆਦੇਸ਼ 'ਤੇ ਵਾਰੰਟ ਅਫਸਰ ਸੂਰਜਭਾਨ ਅਤੇ ਪੰਦਰਾਂ ਸਿਪਾਹੀ ਬੀਤੀ 22

*(ਬਾਕੀ ਸਫਾ 6 ਉਤੇ)*

## ਚਾਂਦ-ਫਿਜ਼ਾ ਕਿੱਸਾ:ਪਾਟੀਆਂ ਰੂਹਾਂ ਵਾਲੇ ਆਸ਼ਕਾਂ ਦੀ ਲੀਲਾ

**ਜਸਵੀਰ ਸਿੰਘ ਸ਼ੀਰੀ**

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਦੇ ਬੇਟੇ ਅਤੇ ਭੁਪਿੰਦਰ ਸਿੰਘ ਹੁੱਡਾ ਦੀ ਮੌਜੂਦਾ ਕਾਂਗਰਸ ਸਰਕਾਰ ਵਿਚ ਉਪ ਮੁੱਖ ਮੰਤਰੀ ਰਹਿ ਚੁੱਕੇ ਚੰਦਰ ਮੋਹਨ ਉਰਫ ਚਾਂਦ ਮੁਹੰਮਦ ਅਤੇ ਫਿਜ਼ਾ ਉਰਫ ਅਨੁਰਾਧਾ ਬਾਲੀ ਦਾ ਕਿੱਸਾ ਇਕ ਵਾਰ ਫਿਰ ਖ਼ਬਰਾਂ ਵਿਚ ਆ ਗਿਆ ਹੈ। ਕੁਝ ਦਿਨ ਪਹਿਲਾਂ ਦੋਨਾਂ ਵਿਚਕਾਰ ਸਮਝੌਤਾ ਹੋਣ 'ਤੇ ਚਾਂਦ ਮੁਹੰਮਦ ਦੇ ਫਿਜ਼ਾ ਦੇ ਘਰ ਆ ਜਾਣ ਦੀਆਂ ਖ਼ਬਰਾਂ ਛਪੀਆਂ ਸਨ। ਉਦੋਂ ਚਾਂਦ ਮੁਹੰਮਦ ਨੇ ਆਪਣਾ ਪਹਿਲਾ ਬਿਆਨ ਵੀ ਵਾਪਸ ਲੈ ਲਿਆ ਸੀ, ਜਿਸ ਵਿਚ ਉਸ ਨੇ ਕਿਹਾ ਸੀ ਕਿ ਸ਼ਰਾਬ ਤੇ ਫਿਜ਼ਾ ਦੋਨੋ ਤਿਆਗ ਦਿੱਤੇ ਹਨ। ਫਿਰ ਇਸ ਭਜਨ ਲਾਲ ਦੇ ਚਾਂਦ ਨੇ ਕਿਹਾ, "ਸ਼ਰਾਬ ਛੱਡੀ ਜਾ ਸਕਦੀ ਹੈ, ਪਰ ਫਿਜ਼ਾ ਨਹੀਂ।" ਇਨ੍ਹਾਂ ਖ਼ਬਰਾਂ ਦੇ ਨਾਲ ਹੀ ਦੋਨਾਂ ਦੀ ਇਕ ਤਸਵੀਰ ਵੀ ਛਪੀ ਸੀ। ਇਸ ਤਸਵੀਰ ਵਿਚ ਇਹ ਜੋੜਾ ਕਾਫੀ ਖੁਸ਼ ਵਿਖਾਈ ਦਿੰਦਾ ਸੀ। ਖਾਸ ਕਰਕੇ ਫਿਜ਼ਾ ਮੁਹੰਮਦ ਦਾ ਰੰਗ ਵਧੇਰੇ ਉਡਣਾ ਜਿਹਾ ਸੀ। ਉਸਦੀ ਖੁਸ਼ੀ ਜਿਵੇਂ ਸਾਂਭੀ ਨਹੀਂ ਸੀ ਜਾ ਰਹੀ। ਉਸਨੂੰ ਸ਼ਾਇਦ ਕਿਸੇ ਅਜੀਬ ਜਿੱਤ ਦਾ ਅਹਿਸਾਸ ਹੋ ਰਿਹਾ ਹੋਵੇਗਾ ਕਿ ਆਖਿਰ ਸੀਮਾ ਬਿਸ਼ਨੋਈ ਨੂੰ ਛੱਡ ਕੇ ਚਾਂਦ ਮੁਹੰਮਦ ਉਸ ਦੇ ਲੜ ਆਣ ਲੱਗਾ ਹੈ।



ਪਰ ਇਹ ਉਸਦੀ ਖੁਸ਼ੀ ਬਹੁਤੇ ਦਿਨ ਨਾ ਰਹੀ। ਕੁਝ ਹੀ ਦਿਨਾਂ ਬਾਅਦ ਇਹ ਖ਼ਬਰ ਆਈ ਕਿ ਚਾਂਦ ਮੁਹੰਮਦ ਫਿਰ ਹਰਕਿਆਈ ਦੇ ਕੇ ਮੁੜ ਆਪਣੀ ਪਹਿਲੀ ਪਤਨੀ ਸੀਮਾ ਬਿਸ਼ਨੋਈ ਦੇ ਘਰ ਜਾ ਵੜਿਆ। ਖਬਰਾਂ ਅਨੁਸਾਰ ਉਥੇ ਉਸ ਦੇ ਭਰਾ ਸਮੇਤ ਲਗੜ-ਤੁਗੜ ਨੇ ਰਲ ਕੇ ਅਜਿਹਾ ਕੁਟਾਪਾ ਕੀਤਾ ਕਿ ਵਿਚਾਰੇ ਦੀ ਕੁੱਲੇ ਦੀ ਹੱਡੀ ਟੁੱਟ ਗਈ। ਪਤਾ ਨਹੀਂ ਸੱਚ ਕਿ ਝੂਠ, ਕਿਹਾ ਇਹ ਵੀ ਗਿਆ ਕਿ ਉਹ ਦਿੱਲੀ ਦੇ ਇਕ ਹਸਪਤਾਲ ਵਿਚ ਦਾਖਲ ਹੈ ਅਤੇ ਆਪਣੇ ਕੁੱਲੇ ਦਾ ਇਲਾਜ਼ ਕਰਵਾ ਰਿਹਾ ਹੈ। ਹੁਣ ਫਿਰ ਖ਼ਬਰਾਂ ਛਪੀਆਂ ਹਨ ਅਤੇ ਤਸਵੀਰਾਂ ਵੀ, ਜਿਨ੍ਹਾਂ ਵਿਚ ਇਕ ਖੇਸ ਜਿਹਾ ਲਪੇਟੀ ਚਾਂਦ ਮੁਹੰਮਦ, ਉਰਫ ਚੰਦਰ ਮੋਹਨ ਅੱਧਾ ਜਿਹਾ ਹੋਇਆ ਬੈਠਾ ਹੈ ਅਤੇ ਲਾਗੇ ਉਸਦੀ ਮਾਤਾ ਵੀ ਬੈਠੀ ਹੈ। ਕਮਰੇ ਦਾ ਦ੍ਰਿਸ਼ ਭਾਵੇਂ ਹਸਪਤਾਲ ਜਿਹਾ ਨਹੀਂ ਲਗਦਾ, ਪਰ ਚਲੋ ਇਹ ਵੀ ਮੰਨ ਲੈਂਦੇ ਹਾਂ ਕਿ ਉਸਦੀ ਕੁੱਲੇ ਦੀ ਹੱਡੀ ਟੁੱਟ ਗਈ ਹੋਵੇਗੀ ਪਰ ਮੁੱਕਦੀ ਗੱਲ ਇਹ ਹੈ ਕਿ ਚਾਂਦ ਮੁਹੰਮਦ ਵਿਚਾਰਾ ਅਖੀਰ ਨੂੰ ਮਾਂ ਦਾ ਚੰਦਰ ਮੋਹਨ ਬਣ

*(ਬਾਕੀ ਸਫਾ 6 ਉਤੇ)*


**North American Truck Stop**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337



MICHIGAN WORKS APPROVED!

NO WAITING!

**ALL ★ STARS**

★ TRUCK DRIVING SCHOOL INC ★
151 MILITARY ST. ★ DETROIT, MI 48209



313-841-2222

CDL A, B, P & S
WITH AIR BRAKE



CDL LICENSING IN JUST 3 WEEKS!

WE ARE AFFILIATED WITH NWLB

WE OFFER FULL TIME, PART TIME, AND WEEKEND CLASSES TO ACCOMMODATE YOUR SCHEDULING NEEDS

★ Assist in job placement
★ Flexible hours , fit your Schedule
★ More than 25 years experience
★ UP TO $750 TO $900 PER WEEK!
★ REFRESHER COURSES AVAILABLE
★ ONE-ON-ONE TRAINING

VISIT US ONLINE AT ALLSTARSCDL.COM
EMAIL US AT WWW.ALLSTARSTRUCKSCHOOL@YAHOO.COM


nats



ਯੋਗ ਅਚਾਰਿਆ ਸ੍ਰੀ ਸ੍ਰੀ ਰਵੀਸ਼ੰਕਰ ਦੀ ਹਾਲੀਆ ਸ਼ਿਕਾਗੋ ਦੌਰੇ ਦੌਰਾਨ ਪੰਜਾਬੀ ਬਿਜਨਸਮੈਨ ਸ੍ਰੀ ਨਿੱਕ ਗਾਖਲ, ਰੈਨੇ ਅਤੇ ਰਾਜਾ ਕ੍ਰਿਸ਼ਨਾਮੂਰਤੀ



ਇਲੀਨਾਏ ਦੇ ਸਟੇਟ ਕੰਟਰੋਲਰ ਦੇ ਅਹੁਦੇ ਲਈ ਚੋਣ ਲੜ ਰਹੇ ਪਹਿਲੇ ਏਸ਼ੀਆਈ ਅਮੈਰਿਕਨ ਰਾਜਾ ਕ੍ਰਿਸ਼ਨਾਮੂਰਤੀ ਨਾਲ ਇਕ ਚੋਣ ਮੀਟਿੰਗ ਦੌਰਾਨ ਬਿਜਨਸਮੈਨ ਨਿੱਕ ਗਾਖਲ, ਰੈਨੇ ਅਤੇ ਭਾਰਤੀ ਭਾਈਚਾਰੇ ਦੇ ਪਤਵੰਤੇ।



ਇਲੀਨਾਏ ਤੋਂ ਯੂ.ਐਸ. ਸੈਨੇਟਰ ਦੀ ਚੋਣ ਲਈ ਉਮੀਦਵਾਰ ਅਲੈਕਸੀ ਜੀਆ ਨਾਲ (ਖੱਬਿਓਂ) ਰਾਜਾ ਕ੍ਰਿਸ਼ਨਾਮੂਰਤੀ, ਬਿਜਨਸਮੈਨ ਨਿੱਕ ਗਾਖਲ ,ਭਾਰਤੀ ਕੌਂਸਲ ਜਨਰਲ ਅਸ਼ੋਕ ਅਤਰੀ ਅਤੇ (ਐਨ ਸੱਜੇ) ਬਲਵਿੰਦਰ ਸਿੰਘ

*Visit us on the web:*
***punjabtimesusa.com***

# ਓਬਾਮਾ ਸਰਕਾਰ ਯਾਤਰੀ ਟ੍ਰੇਨਾਂ ਦੇ ਪ੍ਰੋਜੈਕਟਾਂ ’ਤੇ 8 ਬਿਲੀਅਨ ਡਾਲਰ ਖਰਚੇਗੀ

**ਡੇਅਟਨ, ਓਹਾਇਓ:** ਇਥੇ ਕ੍ਰਿਸਚੀਅਨ ਕਨੈਕਸ਼ਨ ਵਲੋਂ ਮਨਾਏ ਗਏ ਤੇਰਵੇਂ ਡੀਸੈਂਨਡੈਂਟ ਦਿਵਸ ਦੇ ਮੌਕੇ ਵਿਦਵਾਨਾਂ ਨੇ ਕਿਹਾ ਕਿ ਦੁਨੀਆ ਭਰ ਵਿਚ ਰੇਲਵੇ ਲੋਕਾਂ ਲਈ ਆਵਾਜਾਈ ਦਾ ਪ੍ਰਮੁਖ ਸਾਧਨ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਦੁਨੀਆਂ ਦਾ ਸਭ ਤੋਂ ਅਮੀਰ ਮੁਲਕ ਅਮਰੀਕਾ ਇਸ ਪੱਖੋਂ ਸਭ ਤੋਂ ਫਾਡੀ ਹੈ।

ਆਵਾਜਾਈ ਦੇ ਇਸ ਸਾਧਨ ਨੂੰ ਲੈ ਕੇ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਰਿਵਰਸਾਈਡ ਦੇ ਡਿਪਟੀ ਮੇਅਰ ਜਿਮ ਵੈਲਮੈਨ ਅਤੇ ਉਸ ਦੇ ਇਕ ਸਾਥੀ ਬਰਾਇਨ ਵੀਵਰ ਨੇ ਇਸ ਸਬੰਧੀ ਆਪਣਾ ਪੇਪਰ ਪੜ੍ਹਦੇ ਹੋਏ ਦੱਸਿਆ ਕਿ ਓਬਾਮਾ ਸਰਕਾਰ ਨੇ ਯਾਤਰੀ ਟ੍ਰੇਨਾਂ ਦੇ ਪ੍ਰੋਜੈਕਟਾਂ ਲਈ 8 ਬਿਲੀਅਨ ਡਾਲਰ ਰੱਖੇ ਹਨ ਤੇ ਓਹਾਇਓ ਸੂਬੇ ਨੇ 250 ਮਿਲੀਅਨ ਡਾਲਰ ਦੀ ਇਸ ਕਾਰਜ ਲਈ ਮੰਗ ਕੀਤੀ ਹੈ। ਉਨ੍ਹਾਂ ਓਹਾਇਓ ਪ੍ਰਾਜੈਕਟ ਬਾਰੇ ਦੱਸਿਆ ਕਿ ਇਸ ਨਾਲ ਸਿਨਸਿਨੈਟੀ ਤੇ ਕਲੀਵਲੈਂਡ ਦਾ ਸਫਰ ਕੇਵਲ 5-6 ਘੰਟੇ ਵਿਚ ਤਹਿ ਹੋ ਸਕੇਗਾ ਤੇ ਖਰਚਾ ਵੀ ਕੇਵਲ 25 ਡਾਲਰ ਦੇ ਕਰੀਬ ਆਵੇਗਾ। ਉਨ੍ਹਾਂ ਨੇ ਤੁਲਨਾ ਕਰਕੇ ਦੱਸਿਆ ਕਿ ਜਿਥੇ ਹਵਾਈ ਸਫਰ ਦਾ ਪ੍ਰਤੀ ਮੀਲ 75 ਸੈਂਟ ਤੇ ਕਾਰ ਦਾ 65 ਸੈਂਟ ਖਰਚ ਆਉਂਦਾ ਹੈ, ਉਥੇ ਟ੍ਰੇਨ ਦਾ ਕੇਵਲ 14 ਸੈਂਟ ਖਰਚ ਆਉਂਦਾ ਹੈ।

ਮਿਸਟਰ ਜਿਮ ਬਾਈਰਡ ਨੇ ਡੇਅਟਨ ਦੀ ਰੇਲ ਪ੍ਰਣਾਲੀ ਦੇ ਇਤਿਹਾਸ ‘ਤੇ ਚਾਨਣਾ ਪਾਇਆ ਤੇ ਸਭ ਨੂੰ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ 1922 ਵਿਚ ਇਥੋਂ 66 ਗੱਡੀਆਂ ਰੋਜ਼ਾਨਾ ਚਲਦੀਆਂ ਸਨ ਪਰ ਹੁਣ ਇਕ ਵੀ ਨਹੀਂ ਚਲਦੀ ਤੇ ਰੇਲਵੇ ਸਟੇਸ਼ਨ ਖੰਡਰ ਬਣ ਚੁੱਕਾ ਹੈ ਪਰ ਡੇਅਟਨ ਅਜੇ ਵੀ ਉਨ੍ਹਾਂ ਪੰਜਾਂ ਸ਼ਹਿਰਾਂ ਵਿਚ ਸ਼ਾਮਿਲ ਹੈ ਜਿਥੇ ਬਿਜਲੀ ਨਾਲ ਚਲਣ ਵਾਲੀਆਂ ਬਸ ਟਰਾਲੀਆਂ ਦੀ ਸਹੂਲਤ ਹੈ।

ਯੂਨਾਇਟਿਡ ਥੀਓਲੋਜੀਕਲ ਸੈਮੀਨਰੀ ਦੇ ਪ੍ਰੋਫੈਸਰ ਡਾ. ਐਂਡਰਿਊ ਸੋਰ ਪਾਰਕ ਨੇ ਜਨਤਕ ਟਰਾਂਸਪੋਰਟ ਦੀ ਅਣਹੋਂਦ ਕਾਰਨ ਸਮਾਜ ‘ਤੇ ਕੀ ਪ੍ਰਭਾਵ ਪੈਂਦੇ ਹਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਜਨਤਕ ਟਰਾਂਸਪੋਰਟ ਲਈ ਅਮਰੀਕੀ ਲੋਕਾਂ ਨੂੰ ਅੱਗੇ ਆਉਣ ਲਈ ਕਿਹਾ।







# Punjabi Americans Organization of Chicago

ਸ਼ਿਕਾਗੋ ਵਿਚ ਪੰਜਵਾਂ

# ਤੀਆਂ ਦਾ ਮੇਲਾ

*(A colorful entertaining program exclusively for ladies & girls. Boys under age of 12 are also allowed)*





## On Sunday, August 2nd, 2009

from 10:00 a.m. to 4:00 p.m.

## Waterford Banquet & Conference

933 S. Riverside Dr., Elmhurst, IL 60126

(*Brunch will be served between 11:00 am to 2:30 pm*)

**Tickets: Adults $ 10.00, Senior Citizens & Kids between 5 yrs to 8 yrs $ 5.00 and Kids under 5 yrs are free…!!!!**

**"Teeyan Da Mela"** also presents: *The First Ever Contest of* **"Miss Punjaban Midwest-2009"**

# ਮਿਸ ਪੰਜਾਬਣ ਮਿਡਵੈਸਟ–2009

**1st Prize $500, 2nd Prize $300, and 3rd Prize $200. Registration fee of Miss Punjaban-2009 is $25.00**

Free Photo/ Portrait Session, Dholki, Open Gidha/Dance, D.J., Mehndi, Stalls of Ladies Suits & Jewelry,
Face Painting for Kids, Fashion Show, Event-Dances & Songs, and much more…!
Hurry!!!!! Fashion Show registration dead line July 15th, Event-Dances and Songs registration dead line July 24th

*For Participation, Please Contact:*

| Miss Punjaban | Items | Fashion Show | Stalls/Vendors |
|---|---|---|---|
| Sukhi Singh (847.708.4071) | Mini Multani (630.935.5239) | Pooja Sahni (847.809.0191) | Sukhi Singh (847.708.4071) |
| Naina Singh (847.828.9412) | Priti Sangha (847.740.6542) | Naiha Walia (847.687.9074) | Shweta Bawa (312.543.3154) |
| | Jasmeet Suga (708.715.1734) | Vandana Walia (847.477.6569) | |

Photography Provided by Vista Vision Production Studios Ph-773.742.3086

**For More Information**

Sonia Kular (847.532.5551), Jasmeet Suga 630-922-3878, Rene 630-688-3570, Jeevanjeet Kahlon (224.656.0097), Simi Verma (847.650.6046), Kulbir Kaur (630.637.1394) Rosy Multani (630.893.8420), Parminder Hansra (847.721.8951), Kanti Parmar (773-507-0319), Pinki Walia (847.999.8720), Gurmeet Kaur (847.677.5107), Kamal Hunjan (773.981.5153), Balbir Kaur (815.556.8407), Pammi Gill (630.893.5156), Simran Parmar (630.440.8381)

*Fashion Show Sponsored by Vandana Walia*

*For all Corporate, Social and Wedding planning needs contact Vandana 847.477.6569*

**Grand Sponsor: Jasbir Suga Chairman PAO-Suga Builders**

Cheif Guest: Balwinder Kaur (Gurbachan Singh Pappu)

Guest of Honor:Congress Woman Melissa Bean Congresswoman 8th Dist. Of Illinois

Special thanks to Joginder Singh (Cascade Banquet Hall)

*Remax United - Jesse Singh *Pan-Oceanic Engineering -Gulzar S. Multani *Allstates Transportation -Nick Gakhal

Sponsors: Narinder S. Munder-Michigan, Gurbachan S. Pappu-Indiana, Harpal S. Tanda-Michigan, Balwinder Singh (Vicky), Kuldeep S. Tanda-Sant Baba Prem Singh Cultural Society Indiana, The Goddard School-Amrita Dandona, Remax Expert-Vic Singh, Amar Carpets Inc., A-1 American Limo- D.C, Happy Heer, Punjab Auto Works

www.PAOCHICAGO.org

# ਸੰਨੀ ਧੂੜ ਵਲੋਂ ਰਾਸ਼ਟਰਪਤੀ ਓਬਾਮਾ ਦੇ ਹੈਲਥ ਕੇਅਰ ਸੁਧਾਰਾਂ ਦੀ ਹਮਾਇਤ

**ਗਰੈਂਡ ਰੈਪਿਡਜ਼, ਮਿਸ਼ੀਗਨ:** ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਅਤੇ ਮਿਸ਼ੀਗਨ ਡੈਮੋਕਰੈਟ ਪਾਰਟੀ ਦੀ ਕੈਂਟ ਕਾਊਂਟੀ ਇਕਾਈ ਦੇ ਵਾਈਸ ਚੇਅਰਮੈਨ ਸ੍ਰੀ ਸੰਨੀ ਧੂੜ ਨੇ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਹੈਲਥ ਕੇਅਰ ਸਿਸਟਮ ਵਿਚ ਬੁਨਿਆਦੀ ਸੁਧਾਰ ਲਿਆਉਣ ਲਈ ਕੀਤੇ ਜਾ ਰਹੇ ਦਲੇਰਾਨਾ ਯਤਨਾਂ ਦੀ ਭਰਵੀਂ ਹਮਾਇਤ ਕਰਦਿਆਂ ਆਖਿਆ ਹੈ ਕਿ ਅਮਰੀਕਾ ਵਿਚ ਰਹਿੰਦੇ ਹਰ ਵਿਅਕਤੀ ਨੂੰ ਹੈਲਥ ਇੰਸ਼ੋਰੈਂਸ ਦੀ ਲੋੜ ਹੈ ਅਤੇ ਇਹ ਉਸ ਨੂੰ ਮਿਲਣੀ ਚਾਹੀਦੀ ਹੈ। ਰਾਸ਼ਟਰਪਤੀ ਓਬਾਮਾ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਨ ਲਈ ਹੈਲਥ ਕੇਅਰ ਸਿਸਟਮ ਵਿਚ ਸੁਧਾਰ ਲਿਆਉਣ ਲਈ ਯਤਨਸ਼ੀਲ ਹਨ।



ਇਹ ਵੱਖਰੀ ਗੱਲ ਹੈ ਕਿ ਜੈਸੇ ਥੇ ਦੀ ਹਾਲਤ ਰੱਖਣ ਦੇ ਹਮਾਇਤੀ ਬਹੁਤ ਸਾਰੇ ਵਿਧਾਨਕਾਰ ਅਤੇ ਹੈਲਥ ਇੰਸ਼ੋਰੈਂਸ ਕੰਪਨੀਆਂ ਲਈ ਲਾਬੀ ਕਰ ਰਹੇ ਲੋਕ ਸ੍ਰੀ ਓਬਾਮਾ ਦੇ ਇਨ੍ਹਾਂ ਯਤਨਾਂ ਦਾ ਵਿਰੋਧ ਕਰ ਰਹੇ ਹਨ।

ਆਪਣਾ ਬਿਆਨ ਜਾਰੀ ਰੱਖਦਿਆਂ ਸ੍ਰੀ ਧੂੜ ਨੇ ਹੈਨਰੀ ਲੂਈ ਗੇਟਸ ਦੇ ਮਾਮਲੇ ਵਿਚ ਰਾਸ਼ਟਰਪਤੀ ਓਬਾਮਾ ਵਲੋਂ ਕੀਤੀ ਗਈ ਇਸ ਟਿੱਪਣੀ ਦੀ ਵੀ ਹਮਾਇਤ ਕੀਤੀ ਹੈ ਕਿ ਪੁਲਿਸ ਅਫਸਰਾਂ ਨੇ 'ਬੇਵਕੂਫਾਨਾ ਤਰੀਕੇ ਨਾਲ ਕਾਰਵਾਈ ਕੀਤੀ' ਸ੍ਰੀ ਹੈਨਰੀ ਗੇਟਸ ਆਪਣੇ ਘਰ ਦੇ ਅੰਦਰ ਸਨ। ਸਾਰੇ ਸਹੀ ਸਬੂਤ ਦਿਖਾ ਦਿੱਤੇ ਜਾਣ ਦੇ ਬਾਵਜੂਦ ਪੁਲਿਸ ਅਫਸਰਾਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ, ਜਿਸ ਦੀ ਕੋਈ ਵਜ੍ਹਾ ਨਹੀਂ ਬਣਦੀ। ਹੈਨਰੀ ਗੇਟਸ ਹਾਰਵਰਡ ਯੂਨੀਵਰਸਿਟੀ ਦੇ ਪੜ੍ਹੇ ਹੋਏ ਹਨ ਅਤੇ ਉਹ ਕਦੇ ਵੀ ਕਿਸੇ ਗੰਭੀਰ ਉਲਝਣ ਵਿਚ ਨਹੀਂ ਫਸੇ। ਅਜਿਹੇ ਬੰਦੇ ਦੀ ਗ੍ਰਿਫਤਾਰੀ ਪੁਲਿਸ ਵਲੋਂ ਕੀਤੀ ਜਾ ਰਹੀ ਨਸਲਪ੍ਰਸਤੀ ਹੀ ਆਖੀ ਜਾ ਸਕਦੀ ਹੈ।'

ਸ੍ਰੀ ਧੂੜ ਨੇ ਰਾਸ਼ਟਰਪਤੀ ਓਬਾਮਾ ਦੇ ਘੱਟੋ ਘੱਟ ਉਜਰਤ 7.25 ਡਾਲਰ ਘੰਟਾ ਕੀਤੇ ਜਾਣ ਦੇ ਫੈਸਲਾ ਦਾ ਵਿਰੋਧ ਕਰਦਿਆਂ ਆਖਿਆ ਕਿ ਇਸ ਸਮੇਂ ਜਦੋਂ ਛੋਟੇ ਕਾਰੋਬਾਰ ਪਹਿਲਾਂ ਹੀ ਮੰਦੇ ਦੇ ਨਪੀੜੇ ਪਏ ਹਨ, ਉਜਰਤਾਂ ਵਿਚ ਵਾਧੇ ਕਾਰਨ ਉਨ੍ਹਾਂ ਦਾ ਹੋਰ ਵੀ ਕਚੂਮਰ ਨਿਕਲ ਜਾਏਗਾ। ਉਨ੍ਹਾਂ ਪਾਸ ਮੁਲਾਜ਼ਮਾਂ ਦੇ ਘੰਟੇ ਘਟਾਉਣ ਜਾਂ ਉਨ੍ਹਾਂ ਨੂੰ ਫਾਇਰ ਕਰਨ ਜਾਂ ਬਿਜਨਸ ਬੰਦ ਕਰਨ ਤੋਂ ਛੁਟ ਕੋਈ ਚਾਰਾ ਨਹੀਂ ਬਚੇਗਾ। ਇਸ ਨਾਲ ਬੇਰੁਜ਼ਗਾਰੀ ਦੀ ਦਰ ਹੋਰ ਵੀ ਵਧ ਸਕਦੀ ਹੈ। ਸ੍ਰੀ ਧੂੜ ਨੇ ਮਿਸ਼ੀਗਨ ਦੀ ਦਿਨੋਂ ਦਿਨ ਵਿਗੜਦੀ ਜਾ ਰਹੀ ਮਾਲੀ ਹਾਲਤ 'ਤੇ ਚਿੰਤਾ ਪ੍ਰਗਟ ਕਰਦਿਆਂ ਆਖਿਆ ਕਿ ਬੇਰੁਜ਼ਗਾਰੀ 17.4% ਤੋਂ ਵੀ ਵਧ ਚੁੱਕੀ ਹੈ ਪਰ ਰਾਜ ਸਰਕਾਰ ਪਾਸ ਇਸ ਨਾਲ ਟਾਕਰਾ ਕਰਨ ਲਈ ਕਈ ਠੋਸ ਨਿੱਗਰ ਨੀਤੀਆਂ ਨਹੀਂ ਹਨ। ਛੋਟੇ ਕਾਰੋਬਾਰੀ ਅਦਾਰੇ ਵੱਡੇ ਸੰਕਟ ਵਿਚ ਹਨ ਅਤੇ ਕਈ ਲੋਕ ਤਾਂ ਕਾਰੋਬਾਰ ਬੰਦ ਕਰਨ ਲਈ ਮਜਬੂਰ ਹੋ ਚੁੱਕੇ ਹਨ। ਜੇ ਰਾਜ ਸਰਕਾਰ ਨੇ ਆਪਣੀਆਂ ਨੀਤੀਆਂ ਵਿਚ ਤਬਦੀਲੀ ਨਾ ਕੀਤੀ ਤਾਂ ਛੋਟੇ ਕਾਰੋਬਾਰਾਂ ਦਾ ਵੀ ਉਹੋ ਹਾਲ ਹੋਵੇਗਾ ਜੋ ਡਿਟਰਾਇਟ ਦੁਆਲੇ ਉਸਰੀਆਂ ਵੱਡੀਆਂ ਕੰਪਨੀਆਂ ਦਾ ਹੋਇਆ ਹੈ।

# ਵਾਈਟ ਸੌਕਸ ਦੀ ਖੇਡ ਮੌਕੇ ਭੰਗੜੇ ਦੀ ਹੋਈ ਬੱਲੇ ਬੱਲੇ

**ਸ਼ਿਕਾਗੋ:** ਜਦੋਂ ਸ਼ਿਕਾਗੋ ਵਾਈਟ ਸੌਕਸ ਦੇ ਸਟੇਡੀਅਮ ਯੂ.ਐਸ. ਸੈਲੂਲਰ ਫੀਲਡ ਵਿਚ ਪੰਜਾਬੀ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ ਤਾਂ ਕਈ ਪਾਸਿਓਂ 'ਬੱਲੇ ਬਈ ਓਏ ਬੱਲੇ' ਦੀਆਂ ਆਵਾਜ਼ਾਂ ਆਉਣ ਲੱਗੀਆਂ। ਇਹ ਗੱਲ 21 ਜੁਲਾਈ ਦੀ ਹੈ ਅਤੇ ਉਸ ਦਿਨ ਸ਼ਿਕਾਗੋ ਵਾਈਟ ਸੌਕਸ ਟੀਮ ਟੈਂਪਾਬੇਅ



ਰੇਜ਼ ਵਿਰੁਧ ਖੇਲ ਰਹੀ ਸੀ। ਮੌਕਾ ਸੀ ਏਸ਼ੀਅਨ ਵਿਰਾਸਤ ਰਾਤ ਮਨਾਉਣ ਦਾ। ਅਮੈਰਿਕਨ ਕੌਮੀ ਤਰਾਨਾ ਇਕ ਏਸ਼ੀਅਨ ਅਮੈਰਿਕਨ ਗਾਇਕ ਮਰਲਿਨ ਹੋ ਨੇ ਗਾਇਆ ਅਤੇ ਮੈਚ ਦੀ ਰਸਮੀ ਪਹਿਲੀ ਗੇਂਦ ਏਸ਼ੀਆਈ ਮੂਲ ਦੀ ਇਕ ਬਿਊਟੀ ਕੁਇਨ ਨੇ ਸੁੱਟੀ।

ਵਾਈਟ ਸੌਕਸ ਦੀ ਤਰਫੋਂ ਹੋਮ ਪਲੇਟ 'ਤੇ ਪਾਏ ਗਏ ਇਸ ਭੰਗੜੇ ਨੂੰ ਕੋਆਰਡੀਨੇਟ ਕੀਤਾ ਸੀ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਨੇ ਜਦੋਂਕਿ ਭੰਗੜਾ ਪਾਇਆ ਸੀ ਯੂਨੀਵਰਸਿਟੀ ਆਫ ਸ਼ਿਕਾਗੋ ਦੀ 'ਬੱਲੇ ਭੰਗੜਾ' ਟੀਮ ਨੇ। ਇਸ ਮੌਕੇ ਯੂਨੀਵਰਸਿਟੀ ਆਫ ਸ਼ਿਕਾਗੋ, ਇਲੀਨਾਏ ਦੇ ਢੋਲੀਆਂ ਨੇ ਭੰਗੜਾ ਟੀਮ ਲਈ ਢੋਲ ਦੀ ਥਾਪ ਦਿੱਤੀ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਵੀ ਕਾਫੀ ਲੋਕ ਗੇਮ ਦੇਖਣ ਲਈ ਪਹੁੰਚੇ ਹੋਏ ਸਨ। ਜਦੋਂ ਕਿਤੇ ਵੀ ਕੋਈ ਖਿਡਾਰੀ ਹੋਮ ਰਨ ਲੈਂਦਾ ਜਾਂ ਕੋਈ ਖਿਡਾਰੀ ਵਧੀਆ ਕੈਚ ਲੈਂਦਾ ਤਾਂ ਵੀ ਸਾਊਂਡ ਸਿਸਟਮ ਉਤੇ ਭੰਗੜੇ ਦੀ ਤਾਲ ਵਾਲਾ ਸੰਗੀਤ ਵਜਾਇਆ ਜਾਂਦਾ। ਇਸ ਤੋਂ ਪਹਿਲਾਂ ਪਹਿਲੀ ਮਈ 2005 ਨੂੰ ਵਾਈਟ ਸੌਕਸ ਵਾਸਤੇ ਪੀ.ਸੀ.ਐਸ. ਨੇ ਭੰਗੜਾ ਪਾਇਆ ਸੀ। ਜ਼ਿਕਰਯੋਗ ਹੈ ਕਿ ਪੀ.ਸੀ.ਐਸ. ਨੇ ਮਾਰਚ 2009 ਵਿਚ ਸ਼ਿਕਾਗੋ ਬੁਲਜ਼ ਦੀ ਬਾਸਕਿਟਬਾਲ ਗੇਮ ਵੇਲੇ ਵੀ ਭੰਗੜਾ ਪਾਇਆ ਸੀ। ਇਸ ਸਾਰੀ ਪੇਸ਼ਕਾਰੀ ਦੇ ਰੂਹੇਰਵਾਂ ਸਨ ਸ੍ਰੀ ਰਾਜਿੰਦਰ ਸਿੰਘ ਮਾਗੋ।

ਜ਼ਿਕਰਯੋਗ ਹੈ ਕਿ ਪੀ.ਸੀ.ਐਸ. ਦਾ ਪੰਜਾਬੀ ਖੇਡ ਮੇਲਾ 2009 ਆਉਂਦੀ 23 ਅਗਸਤ ਨੂੰ ਐਡੀਸਨ ਦੇ ਸੈਂਟੇਨੀਅਲ ਪਾਰਕ ਵਿਚ ਹੋਵੇਗਾ। ਹੋਰ ਜਾਣਕਾਰੀ ਫੋਨ 847-359-5727 ਤੋਂ ਹਾਸਲ ਕੀਤੀ ਜਾ ਸਕਦੀ ਹੈ।

# ਬਾਗ ਸਿਕੰਦਰ ਦੇ ਇਕ ਪਰਿਵਾਰ ਦੇ ਬਾਈਕਾਟ ਦਾ ਮਸਲਾ ਭਖਿਆ

**ਚੰਡੀਗੜ੍ਹ :** ਗੁਆਂਢੀ ਸੂਬੇ ਹਰਿਆਣਾ ਵਿਚ ਜਦੋਂ 'ਖਾਪ ਪੰਚਾਇਤਾਂ' ਦੇ ਨਾਬਰ ਫਰਮਾਨ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਤਾਂ ਪੰਜਾਬ ਦੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕੋ ਗੋਤ 'ਚ ਵਿਆਹ ਕਰਾਉਣ ਵਾਲੇ ਮੁੰਡਾ ਅਤੇ ਕੁੜੀ ਪਿੰਡ ਵਾਸੀਆਂ ਤੋਂ ਡਰਦੇ ਪਿੰਡ 'ਚ ਪੈਰ ਨਹੀਂ ਧਰ ਰਹੇ। ਜ਼ਿਲ੍ਹੇ ਦੇ ਪਿੰਡ ਬਾਗ ਸਿਕੰਦਰ ਦੀ ਗਰਾਮ ਪੰਚਾਇਤ ਨੇ ਅਮਰੀਕ ਸਿੰਘ ਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਕਰਨ ਦਾ ਮਤਾ ਇਸ ਕਰਕੇ ਪਾਸ ਕੀਤਾ ਸੀ, ਕਿਉਂਕਿ ਉਸਦੇ ਨੌਜਵਾਨ ਪੁੱਤਰ ਨੇ ਪਿੰਡ ਦੀ ਹੀ ਇਕ ਕੁੜੀ ਨਾਲ ਪ੍ਰੇਮ ਵਿਆਹ ਕਰਵਾ ਲਿਆ ਸੀ।

ਮੁੰਡਾ ਅਤੇ ਕੁੜੀ ਦੋਵੇਂ ਇਕੋ ਗੋਤ ਨਾਲ ਸਬੰਧ ਰੱਖਦੇ ਹਨ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੇ ਗ੍ਰਾਮ ਪੰਚਾਇਤ ਦੀ ਕਾਰਵਾਈ ਦੀ ਉੱਚ ਪੱਧਰੀ ਜਾਂਚ ਕਰਾਉਣ ਦੇ ਹੁਕਮ ਦਿੱਤੇ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਜੂਨ ਦੇ ਪਹਿਲੇ ਹਫਤੇ ਅਮਰੀਕ ਸਿੰਘ ਦੇ ਪੁੱਤਰ ਅਤੇ ਪਿੰਡ ਦੇ ਇਕ ਹੋਰ ਵਾਸੀ ਨਿਰਮਲ ਸਿੰਘ ਦੀ ਧੀ ਨੇ ਪ੍ਰੇਮ ਵਿਆਹ ਕਰਾ ਲਿਆ ਸੀ। ਮੁੰਡਾ ਅਤੇ ਕੁੜੀ ਦੋਵੇਂ ਜੱਟ ਬਰਾਦਰੀ ਤੇ ਇਕੋ ਗੋਤ ਨਾਲ ਸਬੰਧਤ ਹੋਣ ਕਾਰਨ ਤਿੱਖੀ ਪ੍ਰਤੀਕਿਰਿਆ ਸ਼ੁਰੂ ਹੋ ਗਈ। ਪੰਚਾਇਤ ਨੇ 11 ਜੂਨ ਨੂੰ ਗ੍ਰਾਮ ਸਭਾ ਦਾ ਇਕੱਠ ਕੀਤਾ ਤੇ ਅਮਰੀਕ ਸਿੰਘ ਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਕਰਨ ਦਾ ਮਤਾ ਪਾਸ ਕਰ ਦਿੱਤਾ।

ਇਸ ਮੌਕੇ ਪੰਚਾਇਤ ਸਕੱਤਰ ਵੀ ਹਾਜ਼ਰ ਸੀ। ਗ੍ਰਾਮ ਸਭਾ ਨੇ ਮਤੇ 'ਚ ਇਹ ਵੀ ਕਿਹਾ ਕਿ ਪਿੰਡ ਦਾ ਜਿਹੜਾ ਵੀ ਵਿਅਕਤੀ ਅਮਰੀਕ ਸਿੰਘ ਦੇ ਪਰਿਵਾਰ ਨਾਲ ਮੇਲ-ਜੋਲ ਰੱਖੇਗਾ, ਉਸਨੂੰ 10,000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਹੁੰਚਣ ਕਾਰਨ ਬੇਹੱਦ ਗੰਭੀਰ ਬਣ ਗਿਆ ਤੇ ਅਦਾਲਤ ਨੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਪੰਚਾਇਤ ਵਿਰੁਧ ਕਾਰਵਾਈ ਕਰਨ ਦੇ ਹੁਕਮ ਦੇ ਕੇ ਰਿਪੋਰਟ ਮੰਗ ਲਈ।

ਅਦਾਲਤ ਦੀ ਕਾਰਵਾਈ ਤੋਂ ਬਾਅਦ ਕਸੂਤੀ ਸਥਿਤੀ 'ਚ ਫਸੀ ਪੰਚਾਇਤ ਨੇ ਸਮਾਜਿਕ ਬਾਈਕਾਟ ਦੇ ਮਤੇ ਨੂੰ ਖ਼ੁਦ ਹੀ ਗਲਤ ਮੰਨ ਲਿਆ। ਪੰਚਾਇਤ ਵਿਭਾਗ ਇਸ ਮਾਮਲੇ ਨੂੰ ਬੜਾ ਹੀ ਸੰਵੇਦਨਸ਼ੀਲ ਮੰਨਦਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਉਚ ਅਧਿਕਾਰੀਆਂ ਨੇ ਇਕ ਵਾਰੀ ਤਾਂ ਸਮੁੱਚੀ ਪੰਚਾਇਤ ਨੂੰ ਹੀ ਮੁਅੱਤਲ ਕਰਨ ਦਾ ਫੈਸਲਾ ਕਰ ਲਿਆ ਸੀ, ਪਰ ਫੇਰ ਜਾਂਚ ਕਰਾਉਣ ਦਾ ਫੈਸਲਾ ਕਰ ਲਿਆ ਗਿਆ।

ਪੰਚਾਇਤ ਵਲੋਂ ਸਮਾਜਿਕ ਬਾਈਕਾਟ ਦੇ ਫੈਸਲੇ ਤੋਂ ਪੈਰ ਪਿਛਾਂਹ ਖਿੱਚਣ ਦੀ ਕਾਰਵਾਈ ਤੋਂ ਬਾਅਦ ਵਿਭਾਗ ਨੇ ਇਹ ਮਤਾ ਰੱਦ ਕਰ ਦਿੱਤਾ ਤੇ ਇਸ ਮਾਮਲੇ ਦੀ ਜਾਂਚ ਉਪ ਡਾਇਰੈਕਟਰ (ਭੂਮੀ ਰਿਕਾਰਡ) ਬਹਾਦਰ ਸਿੰਘ ਨੂੰ ਸੌਂਪ ਕੇ ਤਿੰਨ ਹਫਤਿਆਂ 'ਚ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਪਿੰਡ 'ਚ ਅਜੇ ਵੀ ਤਣਾਅ ਬਣਿਆ ਹੋਇਆ ਹੈ।

ਅਦਾਲਤ ਦੇ ਹੁਕਮਾਂ 'ਤੇ ਭਾਵੇਂ ਅਮਰੀਕ ਸਿੰਘ ਦੇ ਪਰਿਵਾਰ ਨੂੰ ਸੁਰੱਖਿਆ ਦਿੱਤੀ ਗਈ ਹੈ, ਪਰ ਪ੍ਰੇਮ ਵਿਆਹ ਕਰਾਉਣ ਵਾਲਾ ਮੁੰਡਾ ਅਤੇ ਕੁੜੀ ਪਿੰਡ 'ਚ ਦਾਖਲ ਹੋਣ ਦੀ ਹਿੰਮਤ ਨਹੀਂ ਕਰ ਰਹੇ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਜਗਪਾਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਪੰਚਾਇਤ ਦੀ ਕਾਰਵਾਈ ਦਾ ਵਿਭਾਗ ਨੇ ਸਖ਼ਤ ਨੋਟਿਸ ਲੈਂਦਿਆਂ ਸਮਾਜਿਕ ਬਾਈਕਾਟ ਦਾ ਮਤਾ ਰੱਦ ਕਰਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਜਾਣਕਾਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁੰਡੇ ਦੇ ਪਰਿਵਾਰ ਦੀ ਮੰਗ 'ਤੇ ਫਤਹਿਗੜ੍ਹ ਸਾਹਿਬ ਦੇ ਜ਼ਿਲ੍ਹਾ ਪੁਲਿਸ ਮੁੱਖੀ ਨੂੰ ਸੁਰੱਖਿਆ ਦੇਣ ਲਈ ਕਿਹਾ ਹੈ। ਪੰਚਾਇਤ ਨੂੰ ਵੀ ਪਿੰਡ 'ਚ ਅਮਨ ਤੇ ਭਾਈਚਾਰਾ ਬਣਾਈ ਰੱਖਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਅਗਲੀ ਕਾਰਵਾਈ ਜਾਂਚ ਰਿਪੋਰਟ ਆਉਣ ਤੋਂ ਬਾਅਦ ਕੀਤੀ ਜਾਵੇਗੀ। ਸ੍ਰੀ ਸੰਧੂ ਦਾ ਕਹਿਣਾ ਹੈ ਕਿ ਮਾਮਲਾ ਕਾਫੀ ਸੰਵੇਦਨਸ਼ੀਲ ਹੈ, ਇਸ ਲਈ ਵਿਭਾਗ ਚੌਕਸੀ ਤੋਂ ਕੰਮ ਲੈ ਰਿਹਾ ਹੈ।

## ਸਿੱਖ ਯੂਥ ਆਫ ਅਮੈਰਿਕਾ ਵਲੋਂ ਮੱਕੜ ਦੀ ਪੰਥ ਵਿਰੋਧੀ ਕਾਰਵਾਈ ਦੀ ਨਿੰਦਾ

**ਕੈਲਮਜ਼ੂ, ਮਿਸ਼ੀਗਨ:** ਸਿੱਖ ਯੂਥ ਆਫ ਅਮੈਰਿਕਾ ਨੇ ਸ਼੍ਰੋਮਣੀ ਕਮੇਟੀ ਵਲੋਂ ਭਾਜਪਾ ਦੇ ਦਬਕੇ ਹੇਠ ਪ੍ਰਕਾਸ਼ ਸਿੰਘ ਬਾਦਲ ਦੇ ਕਹੇ ਉਪਰ ਸ਼ਹੀਦ ਸਿੰਘਾਂ ਦੀ ਯਾਦਗਾਰ ਉਸਾਰ ਦੇ ਮਤੇ ਨੂੰ ਰੱਦ ਕਰਨ ਦੀ ਨਿੰਦਾ ਕੀਤੀ ਹੈ। ਜਥੇਬੰਦੀ ਦੇ ਕੌਮੀ ਪੈਨਲ ਦੀ ਇਕ ਹੰਗਾਮੀ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੂੰ ਤਾੜਨਾ ਕੀਤੀ ਗਈ ਹੈ ਕਿ ਬਾਦਲ ਦਲ ਅਤੇ ਇਸ ਦੇ ਚਾਟੜਿਆਂ ਮਹਿਤਾ ਚਾਵਲਾ ਵਲੋਂ ਜੂਨ 1984 ਦੇ ਸ਼ਹੀਦ ਸਿੰਘਾਂ ਦੀ ਪਿੱਠ ਵਿਚ ਛੁਰਾ ਮਾਰਨ ਵਰਗੀ ਕਾਰਵਾਈ ਕੀਤੀ ਹੈ। ਜਥੇਦਾਰ ਮੱਕੜ ਨੂੰ ਇਹ ਗੱਲ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਨੁਮਾਇੰਦਾ ਜਮਾਤ ਹੈ ਨਾ ਕਿ ਪਿਓ ਪੁੱਤ ਬਾਦਲ ਦੀ ਨਿੱਜੀ ਜਾਗੀਰ। ਅੱਜ ਤਾਕਤ ਦੇ ਨਸ਼ੇ ਵਿਚ ਇਸ ਪਿਓ ਪੁੱਤ ਦੀ ਜੋੜੀ ਨੇ ਆਰ ਐਸ ਐਸ ਦੇ ਦਬਾਅ ਹੇਠ ਸ਼ਹੀਦ ਸਿੰਘਾਂ ਦੀ ਯਾਦਗਾਰ ਬਣਾਉਣ ਤੋਂ ਮੁੱਕਰ ਕੇ ਹਿੰਦੂਤਵ ਨਾਲ ਪੁਰਾਣੀ ਸਾਂਝ ਪੁਗਾਈ ਹੈ।

ਜਥੇਬੰਦੀ ਨੇ ਬਿਆਨ ਵਿਚ ਕਿਹਾ ਹੈ ਕਿ ਸਾਨੂੰ ਇਸ ਗੱਲ 'ਤੇ ਹੈਰਾਨੀ ਨਹੀਂ ਹੋਈ ਕਿ ਇਹ ਮਤਾ ਰੱਦ ਹੋ ਗਿਆ ਹੈ ਕਿਉਂਕਿ ਜਿਨ੍ਹਾਂ ਲੋਕਾਂ ਨੇ ਦਿੱਲੀ ਦੀ ਹਕੂਮਤ ਨਾਲ ਗੰਢਤੁਪ ਕਰਕੇ ਜੂਨ 1984 ਦਾ ਹਮਲਾ ਕਰਵਾਇਆ ਉਨ੍ਹਾਂ ਪਾਸੋਂ ਉਸ ਘੱਲੂਘਾਰੇ ਦੀ ਯਾਦਗਾਰ ਬਣਵਾਉਣਾ ਉਸੇ ਤਰ੍ਹਾਂ ਦੀ ਕਾਰਵਾਈ ਹੋਵੇਗੀ ਜਿਸ ਤਰ੍ਹਾਂ ਇੰਦਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਹਮਲੇ ਤੋਂ ਬਾਅਦ ਤਿਆਰ ਕਰਵਾਈ ਸੀ। ਜਥੇਬੰਦੀ ਨੇ ਇਹ ਵੀ ਕਿਹਾ ਕਿ ਅਸੀਂ 84 ਦੇ ਸ਼ਹੀਦ ਸਿੰਘਾਂ ਨੂੰ ਵਿਸਾਰਿਆ ਨਹੀਂ ਹੈ ਅਤੇ ਪੰਜਾਬ ਦੇ ਸਿੱਖਾਂ ਨੂੰ ਜਿਸ ਦਿਨ ਬਾਦਲਕਿਆਂ ਅਤੇ ਬਾਬੇਕਿਆਂ ਦਾ ਫਰਕ ਪਤਾ ਲੱਗ ਜਾਵੇਗਾ, ਪੰਜਾਬ ਦੇ ਹਰ ਪਿੰਡ ਵਿਚ ਸ਼ਹੀਦਾਂ ਦੀ ਯਾਦਗਾਰਾਂ ਮਨਾਈਆਂ ਜਾਣਗੀਆਂ।

## *ਕਬੱਡੀ ਖਿਡਾਰੀ ਸ਼ਿੰਦੇ ਅਮਲੀ ਦਾ ਇੰਗਲੈਂਡ 'ਚ ਕਤਲ*

**ਬਟਾਲਾ :** ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੁਰਿੰਦਰ ਸਿੰਘ ਸ਼ਿੰਦਾ ਅਮਲੀ ਦੀ ਇੰਗਲੈਂਡ ਵਿਚ ਗੋਲੀਆਂ ਮਾਰ ਕੇ ਹੱਤਿਆ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਆਪਣੀ ਨਿਵੇਕਲੀ ਕਬੱਡੀ ਦੀ ਕਲਾ ਕਰਕੇ ਹੀ ਸ਼ਿੰਦੇ ਦਾ ਨਾਮ ਸ਼ਿੰਦਾ ਅਮਲੀ ਰੱਖਿਆ ਗਿਆ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਿੰਦੇ ਅਮਲੀ ਦੇ ਪਿੰਡ ਕੈਲੇ ਜ਼ਿਲਾ ਗੁਰਦਾਸਪੁਰ ਸਥਿਤ ਉਸਦੇ ਵੱਡੇ ਭਰਾ ਸਰਪੰਚ ਨਿਰਮਲ ਸਿੰਘ ਨੇ ਦੱਸਿਆ ਕਿ ਸ਼ਿੰਦਾ ਰੋਜ਼ਾਨਾ ਦੀ ਤਰ੍ਹਾਂ ਹੀ ਇੰਗਲੈਂਡ ਸਥਿਤ ਵੂਲਵਰ ਹੈਮਟਨ ਸ਼ਹਿਰ 'ਚ ਆਪਣਾ ਰੈਸਟੋਰੈਂਟ ਬੰਦ ਕਰਕੇ ਘਰ ਜਾਣ ਲਈ ਨਿਕਲਿਆ ਤਾਂ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ।

ਉਨ੍ਹਾਂ ਕਿਹਾ ਕਿ ਇੰਗਲੈਂਡ ਸਥਿਤ ਪਰਿਵਾਰ ਇੰਨਾ ਸਹਿਮਿਆ ਹੋਇਆ ਹੈ ਕਿ ਉਹ ਪੂਰੀ ਘਟਨਾ ਬਾਰੇ ਵਿਸਥਾਰ ਨਾਲ ਨਹੀਂ ਦੱਸ ਪਾ ਰਿਹਾ ਹੈ ਪ੍ਰੰਤੂ ਜਿੰਨਾ ਕੁ ਪਤਾ ਲੱਗਾ ਹੈ, ਉਸ ਮੁਤਾਬਕ ਸ਼ਿੰਦੇ ਨੂੰ ਕਰੀਬ 8,9 ਗੋਲੀਆਂ ਲੱਗੀਆਂ ਹਨ, ਜਿਸ ਨਾਲ ਕਬੱਡੀ ਦੇ ਸਿਰਮੌਰ ਖਿਡਾਰੀ ਦੀ ਦੁਖਦਾਈ ਮੌਤ ਹੋ ਗਈ। ਜਿਉਂ ਹੀ ਸ਼ਿੰਦੇ ਅਮਲੀ ਦੀ ਹੱਤਿਆ ਦੀ ਖਬਰ ਆਈ ਤਾਂ ਸਮੁੱਚਾ ਖੇਡ ਜਗਤ ਅਤੇ ਮਾਝਾ ਗਮ 'ਚ ਡੁੱਬ ਗਿਆ।

## ਡੇਰਾ ਪ੍ਰੇਮੀ ਦੀ ਗੋਲੀਆਂ ਮਾਰ ਕੇ ਹੱਤਿਆ

**ਮਾਨਸਾ :** ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰੇਮੀ ਤੇ ਨਹਿਰੀ ਪਟਵਾਰੀ ਲਿੱਲੀ ਕੁਮਾਰ ਦੀ ਇੱਥੇ ਬੀਤੀ 28 ਜੁਲਾਈ ਨੂੰ ਕੋਰਟ ਵਿਚ ਪੇਸ਼ੀ ਭੁਗਤਣ ਤੋਂ ਬਾਅਦ ਵਾਪਸ ਜਾਂਦੇ ਸਮੇਂ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਹੱਤਿਆ ਤੋਂ ਬਾਅਦ ਮੁਲਜ਼ਮ ਫਰਾਰ ਹੋ ਗਏ। ਡੇਰਾ ਪ੍ਰੇਮੀ ਦੀ ਹੱਤਿਆ ਸੰਬੰਧੀ ਖ਼ਬਰ ਮਿਲਣ ਤੋਂ ਬਾਅਦ ਆਸਪਾਸ ਦੇ ਪਿੰਡਾਂ ਤੋਂ ਡੇਰਾ ਪ੍ਰੇਮੀ ਮਾਨਸਾ ਹਸਪਤਾਲ ਤੇ ਡੇਰੇ ਦੀ ਸਥਾਨਕ ਸ਼ਾਖਾ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਜੋ ਖ਼ਬਰ ਲਿਖੇ ਜਾਣ ਤੱਕ ਆਉਣੇ ਜਾਰੀ ਸਨ।

## ਓਸ਼ਨ ਆਫ ਪਰਲਜ਼ ਫਿਲਮ 4 ਸਤੰਬਰ ਤੋਂ ਦਿਖਾਈ ਜਾਏਗੀ

**ਸ਼ਿਕਾਗੋ:** ਮਿਸ਼ੀਗਨ ਦੇ ਇਕ ਸਿੱਖ ਡਾਕਟਰ ਸਰਬ ਸਿੰਘ ਨੀਲਮ ਵਲੋਂ ਬਣਾਈ ਅਤੇ ਨਿਰਦੇਸ਼ਤ ਕੀਤੀ ਗਈ ਫਿਲਮ 'ਓਸ਼ਨ ਆਫ ਪਰਲਜ਼' ਜੋ ਕਿ ਕਈ ਫਿਲਮ ਮੇਲਿਆਂ ਵਿਚ ਕਈ ਇਨਾਮ ਜਿੱਤ ਚੁੱਕੀ ਹੈ, ਸ਼ਿਕਾਗੋ ਦੇ ਲੈਂਡ ਮਾਰਕ ਸੈਂਚੁਰੀ ਸਿਨੇਮਾ ਸੈਂਟਰ (2828 ਨੌਰਥ ਕਲਾਰਕ ਸਟਰੀਟ, ਫੋਨ 773-509-4949) ਵਿਚ 4 ਤੋਂ 11 ਸਤੰਬਰ ਤੱਕ ਦਿਖਾਈ ਜਾਏਗੀ।

ਇਹ ਫਿਲਮ ਅੰਮ੍ਰਿਤ ਸਿੰਘ ਨਾਂ ਦੇ ਇਕ ਅਜਿਹੇ ਵਿਅਕਤੀ ਬਾਰੇ ਹੈ ਜੋ ਦੋ ਸੰਸਾਰਾਂ ਵਿਚ ਰਹਿੰਦਾ ਹੈ ਪਰ ਉਸ ਦਾ ਨਾਤਾ ਕਿਸੇ ਨਾਲ ਨਹੀਂ ਹੈ। ਉਤਰੀ ਅਮਰੀਕਾ ਵਿਚ ਰਹਿੰਦੇ ਇਸ ਦਸਤਾਰਧਾਰੀ ਸਿੱਖ ਨੂੰ ਸਭ ਕੁਝ ਉਖੜਿਆ ਉਖੜਿਆ ਲੱਗਦਾ ਹੈ ਅਤੇ ਉਹ ਪੂਰਬ ਅਤੇ ਪੱਛਮ ਦੀ ਖਿੱਚੋਤਾਣ ਵਿਚ ਫਸਿਆ ਮਹਿਸੂਸ ਕਰਦਾ ਹੈ। ਜਦੋਂ ਉਸ ਨੂੰ ਡਿਟਰਾਇਟ ਦੇ ਇਕ ਹਸਪਤਾਲ ਵਿਚ ਟਰਾਂਸਪਲਾਂਟ ਸਰਜਨ ਦੀ ਨੌਕਰੀ ਮਿਲਦੀ ਹੈ ਤਾਂ ਉਹ ਇਸ ਨੂੰ ਆਪਣੀ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕਰਨ ਦਾ ਮੌਕਾ ਸਮਝਦਾ ਹੈ। ਉਹ ਇਸ ਸੰਘਰਸ਼ ਵਿਚ ਫਸਿਆ ਰਹਿੰਦਾ ਹੈ ਕਿ ਉਹ ਉਹ ਬਣਿਆ ਰਹੇ ਜੋ ਉਹ ਹੈ ਜਾਂ ਫਿਰ ਉਹ ਬਣੇ ਜੋ ਉਹ ਬਣਨਾ ਚਾਹੁੰਦਾ ਹੈ। ਕਾਮਯਾਬੀ ਲਈ ਅਕਾਂਖਿਆ ਭਰੀ ਉਸ ਦੀ ਜੱਦੋ ਜਹਿਦ ਉਸ ਨੂੰ ਦੁਖਾਂਤ ਦੇ ਮੁਹਾਣੇ ਉਤੇ ਪਹੁੰਚਾ ਦਿੰਦੀ ਹੈ।



# ਰਾਸ਼ਟਰਪਤੀ ਓਬਾਮਾ ਨੇ ਲਿਖਿਆ ਭਾਰਤੀ ਅਮੈਰਿਕਨ ਨੂੰ ਜਜ਼ਬਾਤੀ ਖਤ

**ਸ਼ਿਕਾਗੋ:** ਰਾਸ਼ਟਰਪਤੀ ਬਰਾਕ ਓਬਾਮਾ ਜੋ ਕਿ ਇਸ ਸਮੇਂ ਆਪਣੇ ਤਜਵੀਜ਼ਸ਼ੁਦਾ ਹੈਲਥ ਕੇਅਰ ਬਿਲ ਦੇ ਵਿਰੋਧ ਦਾ ਸਾਹਮਣਾ ਕਰ ਰਹੇ ਹਨ, ਨੇ ਇਥੋਂ ਦੀ ਭਾਰਤੀ ਅਮੈਰਿਕਨ ਬੀਬੀ ਨੂੰ ਲਿਖੇ ਇਕ ਖਤ ਵਿਚ ਹੈਲਥ ਕੇਅਰ ਸਿਸਟਮ ਵਿਚ ਸੁਧਾਰ ਦੇ ਆਪਣੇ ਸੰਕਲਪ ਉਤੇ ਚਾਨਣਾ ਪਾਇਆ ਹੈ। ਨਿਜੀ ਤੌਰ 'ਤੇ ਜਜ਼ਬਾਤੀ ਸਾਂਝ ਦਿਖਾਉਂਦਿਆਂ ਰਾਸ਼ਟਰਪਤੀ ਨੇ ਲਿਖਿਆ ਹੈ ਕਿ ਉਨ੍ਹਾਂ ਨੇ ਖੁਦ ਆਪਣੀ ਮਾਂ ਨੂੰ ਆਪਣੀ ਜ਼ਿੰਦਗੀ ਦੇ ਅਖੀਰਲੇ ਦਿਨਾਂ ਵਿਚ ਸਿਹਤ ਬੀਮੇ ਦੇ ਫਾਰਮਾਂ ਨਾਲ ਜੂਝਦਿਆਂ ਤੱਕਿਆ ਹੈ।

ਰਾਸ਼ਟਰਪਤੀ ਓਬਾਮਾ ਨੇ ਸ਼ਿਕਾਗੋ ਵਾਸੀ ਸ੍ਰੀਮਤੀ ਸੁਨਿਤਾ ਚੋਪੜਾ ਨੂੰ ਲਿਖਿਆ ਹੈ, 'ਜਦੋਂ ਤੋਂ ਮੈਂ ਅਹੁਦਾ ਸੰਭਾਲਿਆ ਹੈ ਹੁਣ ਤੱਕ ਹੈਲਥ ਕੇਅਰ ਸੁਧਾਰ ਲਈ ਜਿੰਨਾ ਕੰਮ ਕੀਤਾ ਹੈ ਇੰਨਾ ਪਿਛਲੇ 10 ਸਾਲਾਂ ਵਿਚ ਨਹੀਂ ਕੀਤਾ ਗਿਆ। ਉਨ੍ਹਾਂ ਹੋਰ ਲਿਖਿਆ ਹੈ ਕਿ ਹੈਲਥ ਕੇਅਰ ਦੀ ਵਧਦੀ ਲਾਗਤ ਸਾਡੇ ਪਰਿਵਾਰਾਂ ਅਤੇ ਦੇਸ਼ ਲਈ ਸਭ ਤੋਂ ਵੱਡੀ ਵਿਤੀ ਚਿੰਤਾ ਹੈ ਅਤੇ ਹੈਲਥ ਕੇਅਰ ਦੀ ਲਾਗਤ ਨੂੰ ਕੰਟਰੋਲ ਕਰਨਾ ਸਾਨੂੰ ਵਿਰਸੇ 'ਚ ਮਿਲੇ ਬਜਟ ਘਾਟੇ ਨੂੰ ਘਟਾਉਣ ਲਈ ਬੇਹੱਦ ਜ਼ਰੂਰੀ ਹਨ।'

ਇਸ ਪੱਤਰ ਵਿਚ ਰਾਸ਼ਟਰਪਤੀ ਓਬਾਮਾ ਨੇ ਹੋਰ ਲਿਖਿਆ ਹੈ, 'ਕੁਝ ਔਖੇ ਫੈਸਲੇ ਲੈਣ ਦੀ ਘੜੀ ਆ ਗਈ ਹੈ ਅਤੇ ਮੈਂ ਮਾਲਕਾਂ ਅਤੇ ਵਰਕਰਾਂ, ਹੈਲਥ ਕੇਅਰ ਦੇਣ ਵਾਲਿਆਂ ਅਤੇ ਮਰੀਜਾਂ, ਅਤੇ ਡੈਮੋਕਰੇਟਾਂ ਅਤੇ ਰਿਪਬਲਿਕਨਾਂ ਨੂੰ ਇਕ ਅਜਿਹਾ ਸਿਸਟਮ ਸਿਰਜਣ ਲਈ ਮਨਾ ਲਵਾਂਗਾ ਜਿਸ ਨਾਲ ਲੋਕਾਂ ਨੂੰ ਬਿਹਤਰ ਸਿਹਤ ਸੰਭਾਲ ਸਹੂਲਤਾਂ ਮਿਲਣ ਅਤੇ ਦੇਸ਼ ਖਰਚ ਘਟਣ ਨਾਲ ਇਕ ਨਿੱਗਰ ਦੀਰਘ-ਕਾਲੀ ਵਿਤੀ ਰਾਸਤੇ ਉਤੇ ਚੱਲ ਸਕੇ।



ਸੁਨੀਤਾ ਚੋਪੜਾ

ਰਾਸ਼ਟਰਪਤੀ ਨੇ ਆਪਣੇ ਖਤ ਵਿਚ ਨਿਜੀ ਜਜ਼ਬਾਤੀ ਸਾਂਝ ਪਾਉਂਦਿਆਂ ਲਿਖਿਆ ਹੈ, 'ਮੈਨੂੰ ਤੁਹਾਡੇ ਜਿਹੇ ਅਮੈਰਿਕਨਾਂ ਵਲੋਂ ਹੈਲਥ ਕੇਅਰ ਪ੍ਰਣਾਲੀ ਵਿਚ ਸੁਧਾਰ ਲਈ ਪ੍ਰਗਟਾਏ ਗਏ ਵੱਡੇ ਫਿਕਰ ਦਾ ਅਹਿਸਾਸ ਹੈ। ਮੈਂ ਆਪ ਆਪਣੀ ਮਾਂ ਨੂੰ ਉਸ ਦੀ ਉਮਰ ਦੇ ਆਖਰੀ ਸਾਲਾਂ ਵਿਚ ਬੀਮੇ ਦੇ ਫਾਰਮਾਂ ਦੇ ਪੁਲੰਦਿਆਂ ਨਾਲ ਘੁਲਦਿਆਂ ਦੇਖਿਆ ਹੈ। ਇਕ ਕੌਮ ਦੇ ਤੌਰ 'ਤੇ ਸਾਡੀ ਇਹ ਹਾਲਤ ਨਹੀਂ ਹੋਣੀ ਚਾਹੀਦੀ: ਰਲ ਕੇ ਅਸੀਂ ਇਸ ਨੂੰ (ਹੈਲਥ ਕੇਅਰ ਸਿਸਟਮ) ਸਹੀ ਰਾਹ ਪਾ ਲਵਾਂਗੇ।'

ਸੁਨੀਤਾ ਚੋਪੜਾ ਸ਼ਿਕਾਗੋ ਦੇ ਉਨ੍ਹਾਂ ਬਹੁਤ ਸਾਰੇ ਭਾਰਤੀ ਅਮੈਰਿਕਨਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਰਾਸ਼ਟਰਪਤੀ ਓਬਾਮਾ ਦੀ ਚੋਣ ਮੁਹਿੰਮ ਦੌਰਾਨ ਵਾਲੰਟੀਅਰ ਦੇ ਤੌਰ 'ਤੇ ਹਿੱਸਾ ਲਿਆ। ਰਾਸ਼ਟਰਪਤੀ ਨੂੰ ਲਿਖੀ ਆਪਣੀ ਚਿੱਠੀ ਵਿਚ ਸ੍ਰੀਮਤੀ ਸੁਨੀਤਾ ਨੇ ਹੈਲਥ ਕੇਅਰ ਸਿਸਟਮ ਵਿਚ ਸੁਧਾਰ ਲਈ ਰਾਸ਼ਟਰਪਤੀ ਦੇ ਯਤਨਾਂ ਪ੍ਰਤੀ ਹਮਾਇਤ ਦਰਸਾਉਂਦਿਆਂ ਖਾਸ ਕਰ ਲੰਮੀ ਬਿਮਾਰੀ ਦਾ ਸ਼ਿਕਾਰ ਮਰੀਜਾਂ ਲਈ ਪ੍ਰੈਸਕ੍ਰਿਪਸ਼ਨ ਦੀਆਂ ਦਵਾਈਆਂ ਦੀਆਂ ਅਸਮਾਨ ਛੂਹੰਦੀਆਂ ਕੀਮਤਾਂ ਉਤੇ ਚਿੰਤਾ ਪ੍ਰਗਟਾਈ ਸੀ। ਉਨ੍ਹਾਂ ਆਪਣੇ ਨਿਜੀ ਤਜ਼ਰਬੇ ਦੀ ਗੱਲ ਕਰਦਿਆਂ ਓਸਟੋਪੋਰੋਸਿਸ (ਹੱਡੀਆਂ ਦਾ ਖੁਰਨਾ) ਕਾਰਨ ਅਪਾਹਜ ਹੋਈ ਆਪਣੀ ਮਾਂ ਦਾ ਜ਼ਿਕਰ ਕੀਤਾ ਸੀ ਜਿਸ ਨੂੰ ਕਿ 1947 ਵਿਚ ਭਾਰਤ-ਪਾਕਿ ਵੰਡ ਵੇਲੇ ਉਜੜ ਕੇ ਰਫਿਊਜ਼ੀ ਬਣਨਾ ਪਿਆ ਸੀ। ਹੁਣ ਉਹ ਅਮੈਰਿਕਨ ਸ਼ਹਿਰੀ ਹੈ।

ਨਿਊ ਯਾਰਕ ਟਾਈਮਜ਼ ਵਿਚ ਹਾਲ ਹੀ ਵਿਚ ਛਪੇ ਇਕ ਲੇਖ ਵਿਚ ਦੱਸਿਆ ਗਿਆ ਹੈ ਕਿ ਰਾਸ਼ਟਰਪਤੀ ਨੂੰ ਹਰ ਰੋਜ਼ ਦਸ ਹਜ਼ਾਰ ਚਿੱਠੀਆਂ, ਈਮੇਲਾਂ ਅਤੇ ਫੈਕਸਾਂ ਮਿਲਦੀਆਂ ਹਨ। ਇਨ੍ਹਾਂ ਚਿੱਠੀਆਂ ਅਤੇ ਸੁਨੇਹਿਆਂ ਦੀ ਪੁਣਛਾਣ ਕਰਨ ਦੀ ਜ਼ਿੰਮੇਵਾਰੀ ਰਾਸ਼ਟਰਪਤੀ ਦਫਤਰ ਦੇ ਡਾਇਰੈਕਟਰ ਪੱਤਰ-ਵਿਹਾਰ ਮਾਈਕ ਕੈਲਚਰ ਪਾਸ ਹੈ। ਸ੍ਰੀ ਕੈਲਚਰ ਹਰ ਰੋਜ਼ 10 ਚਿੱਠੀਆਂ ਚੁਣ ਕੇ ਪੀਲੇ ਰੰਗ ਦੇ ਇਕ ਲਿਫਾਫੇ ਵਿਚ ਪਾਉਂਦੇ ਹਨ ਜੋ ਰਾਸ਼ਟਰਪਤੀ ਭਵਨ ਰਹਿੰਦੇ ਰਾਸ਼ਟਰਪਤੀ ਓਬਾਮਾ ਨੂੰ ਹਰ ਰੋਜ਼ ਰੋਜ਼ਾਨਾ ਦੇ ਤਬਸਰੇ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ। ਸ੍ਰੀ ਕੈਲਚਰ ਨੇ ਦੱਸਿਆ ਕਿ ਅਸੀਂ ਅਜਿਹੇ ਸੁਨੇਹਿਆਂ ਦੀ ਚੋਣ ਕਰਦੇ ਹਾਂ ਜੋ ਦਿਲ ਨੂੰ ਬੇਹੱਦ ਛੂਹਣ ਵਾਲੇ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਪੜ੍ਹ ਕੇ ਬੰਦੇ ਨੂੰ ਤਰੇਲੀ ਆ ਜਾਂਦੀ ਹੈ। ਉਨ੍ਹਾਂ ਕਿਹਾ, 'ਮੈਂ ਸ੍ਰੀ ਓਬਾਮਾ ਨੂੰ ਅਜਿਹੇ ਖਤ ਹੀ ਭੇਜਦਾ ਹਾਂ ਜਿਨ੍ਹਾਂ ਵਿਚ ਨਾ-ਭੁੱਲਣਯੋਗ ਸੁਨੇਹੇ ਹੁੰਦੇ ਹਨ।'

ਉਨ੍ਹਾਂ ਕਿਹਾ ਕਿ ਰੋਜ਼ ਦੀ ਇਸ ਕਵਾਇਦ ਦੌਰਾਨ ਰਾਸ਼ਟਰਪਤੀ ਨੂੰ ਆਪਣੇ ਆਲੇ ਦੁਆਲੇ ਬਣੇ ਤਾਣੇ-ਬਾਣੇ ਉਲੰਘ ਕੇ ਲੋਕਾਂ ਦੇ ਦਿਲਾਂ ਤੱਕ ਪਹੁੰਚਣ ਦਾ ਮੌਕਾ ਮਿਲ ਜਾਂਦਾ ਹੈ। ਅਖਬਾਰ ਅਨੁਸਾਰ ਰਾਸ਼ਟਰਪਤੀ ਭਵਨ ਦੇ ਚੀਫ ਆਫ ਸਟਾਫ ਰਾਹਮ ਇਮੈਨੂਅਲ ਨੇ ਦੱਸਿਆ ਕਿ ਰਾਸ਼ਟਰਪਤੀ ਓਬਾਮਾ ਮਹਿਸੂਸ ਕਰਦੇ ਹਨ ਕਿ ਵਾਸ਼ਿੰਗਟਨ ਵਿਚ ਰਹਿੰਦਿਆਂ ਅਕਸਰ ਇਹ ਭੁੱਲ ਹੀ ਜਾਂਦਾ ਹੈ ਕਿ ਅਜਿਹੇ ਲੋਕ ਵੀ ਹਨ ਜੋ ਅਸਲ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਜਿਨ੍ਹਾਂ ਉਤੇ ਇਸ ਚੱਲ ਰਹੀ ਬਹਿਸ ਦਾ ਅਸਰ ਹੋਣਾ ਹੈ। ਇਮੈਨੂਅਲ ਨੇ ਦੱਸਿਆ ਕਿ ਰਾਸ਼ਟਰਪਤੀ ਨੂੰ ਅਕਸਰ ਮੀਟਿੰਗਾਂ ਵਿਚ ਨੀਤੀ ਸਲਾਹਕਾਰਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਗਿਆ ਹੈ,

'ਨਹੀਂ ਨਹੀਂ, ਆਹ ਚਿੱਠੀ ਪੜ੍ਹ ਕੇ ਵੇਖੋ ਜਿਹੜੀ ਮੈਨੂੰ ਮਿਲੀ ਹੈ। ਤੁਸੀਂ ਆਪ ਸਭ ਸਮਝ ਜਾਓਗੇ।'

ਜ਼ਿਕਰਯੋਗ ਹੈ ਕਿ ਸੁਨੀਤਾ ਚੋਪੜਾ ਆਪ ਇਕ ਪੱਤਰਕਾਰ ਹੈ। ਉਹ ਲੰਮਾ ਸਮਾਂ ਅੰਗਰੇਜ਼ੀ ਅਖਬਾਰ ਇੰਡੀਆ ਅਬਰੌਡ ਨਾਲ ਕੰਮ ਕਰਦੀ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਸੁਨੀਤਾ ਨੇ ਪੰਜਾਬ ਟਾਈਮਜ਼ ਲਈ ਵੀ ਇਕ ਰਿਪੋਰਟਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ ਹੈ। ਵਿਧੀ ਦੀ ਵਿਡੰਬਨਾ ਇਹ ਹੈ ਕਿ ਸੁਨੀਤਾ ਦੇ ਆਪਣੇ ਗੁਰਦੇ ਖਰਾਬ ਹਨ ਅਤੇ ਉਹ ਡਾਇਲਿਸਿਸ 'ਤੇ ਹੈ। ਦੋ ਵਾਰ ਉਸ ਦੇ ਗੁਰਦੇ ਤਬਦੀਲ ਵੀ ਹੋ ਚੁੱਕੇ ਹਨ। ਇਸ ਤੋਂ ਇਲਾਵਾ ਵੀ ਉਸ ਨੂੰ ਵੀਹਾਂ ਹੋਰ ਰੋਗਾਂ ਨਾਲ ਜੂਝਣਾ ਪੈ ਰਿਹਾ ਹੈ। ਜ਼ਿੰਦਗੀ ਅਤੇ ਮੌਤ ਵਿਚਕਾਰ ਉਹ 10 ਸਾਲ ਤੋਂ ਲਗਾਤਾਰ ਸੰਘਰਸ਼ ਕਰਦੀ ਚਲੀ ਆ ਰਹੀ ਹੈ। ਉਸ ਨਾਲ ਫੋਨ 773-370-7106 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜ਼ੀ-ਟੀ.ਵੀ. ਹੁਣ ਟਾਈਮ ਵਾਰਨਰ 'ਤੇ

**ਡੈਲਸ, ਟੈਕਸਸ:** ਅਮਰੀਕਾ ਵਿਚ ਦੱਖਣ ਏਸ਼ੀਆਈ ਮਨੋਰੰਜਨ ਦੇ ਮੋਹਰੀ ਜ਼ੀ-ਟੀ.ਵੀ.- ਯੂ.ਐਸ.ਏ. ਨੇ ਟਾਈਮ ਵਾਰਨਰ ਕੇਬਲ ਕੰਪਨੀ ਨਾਲ ਭਾਈਵਾਲੀ ਪਾ ਕੇ ਸੈਨ ਡਿਐਗੋ ਵਿਚ ਕੇਬਲ ਉਤੇ ਜ਼ੀ-ਟੀ.ਵੀ. ਮੁਹੱਈਆ ਕਰਨਾ ਸ਼ੁਰੂ ਕਰ ਦਿੱਤਾ ਹੈ। ਸੈਨ ਡਿਐਗੋ ਵਿਚ ਟਾਈਮ ਵਾਰਨਰ ਕੇਬਲ ਉਤੇ ਇਕੋ ਇਕ ਦੱਖਣ ਏਸ਼ੀਆਈ ਚੈਨਲ ਹੈ। ਜ਼ੀ-ਟੀ.ਵੀ. ਸੈਨ ਡਿਐਗੋ ਵਿਚ ਟਾਈਮ ਵਾਰਨਰ ਉਤੇ ਸੇਵਾ ਦੇਣ ਵਾਲਾ ਪਹਿਲਾ ਭਾਰਤੀ ਚੈਨਲ ਹੈ। ਅਮਰੀਕੀ ਮਰਦਮਸ਼ੁਮਾਰੀ ਮੁਤਾਬਕ ਭਾਰਤੀ ਸੈਨ ਡਿਐਗੋ ਭਾਰਤੀ ਅਮੈਰਿਕਨ ਵਸੋਂ ਵਾਲਾ ਤੀਜਾ ਸਭ ਤੋਂ ਵੱਡਾ ਨਗਰ ਹੈ।

ਸਾਊਥ ਏਸ਼ੀਆਈ ਸਭਿਆਚਾਰ ਨੂੰ ਆਪਣੇ ਪ੍ਰੋਗਰਾਮਾਂ ਵਿਚ ਮੁੱਖ ਥਾਂ ਦੇਣ ਕਰਕੇ ਜ਼ੀ-ਟੀ.ਵੀ. ਭਾਰਤੀ ਭਾਈਚਾਰੇ ਵਿਚ ਸਭ ਤੋਂ ਲੋਕਪ੍ਰਿਅ ਚੈਨਲ ਹੈ। ਪਿਛਲੇ ਸਮੇਂ ਵਿਚ ਸਾਰੇ ਗਾ ਮਾ ਪਾ, ਛੋਟੀ ਬਹੂ, ਅਗਲੇ ਜਨਮ ਮੋਹੇ ਬਿਟੀਆ ਕੀਜੋ, ਆਪ ਕੀ ਅੰਤਰਾ ਆਦਿ ਲੜੀਵਾਰ ਪ੍ਰੋਗਰਾਮਾਂ ਕਰਕੇ ਬਹੁਤ ਹੀ ਲੋਕਪ੍ਰਿਅ ਹੋਇਆ ਹੈ। ਉਂਜ ਵੀ ਖਾਸਕਰ ਸਲੱਮ ਡਾਗ ਮਿਲੀਨੇਅਰ ਦੀ ਕਾਮਯਾਬੀ ਤੋਂ ਬਾਅਦ ਭਾਰਤੀ ਮਨੋਰੰਜਨ ਪ੍ਰੋਗਰਾਮਾਂ ਵਿਚ ਲੋਕਾਂ ਦੀ ਦਿਲਚਸਪੀ ਵਧੀ ਹੈ।

## Matrimonials

**Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com**

Brother invites correspondence for Punjabi Hindu, 32, 5'11", well settled, down to earth, small educated family. Caste no bar. Issueless divorcee can also contact. Repond to 414-803-7420 or unitedlending@gmail.com

Executive Khatri Sikh parents want a suitable match for a beautiful 27 year old Canadian born daughter, UBC graduate LLB honors from UK. Please call 604-261-9555 or e-mail: dalipmehta@hotmail.com

Looking for a amritdhari or willing to be amritdhari girl far a amritdhari Chadda Sikh, 24, 5'11", pursuing PGDCA in computers. Highly respected and well established gursikh family from Patiala with a lot of city property. Contact: 702-236-5472


KARN GILL
REALTOR
44644 Ann Arbor Rd.
Plymouth, MI 48170
(734) 612-9984
www.KarnGill.Com
KarnGill@Hotmail.Com
COLDWELL BANKER
Preferred, Realtors
Either Buying or Selling a Home in Michigan
"Always Go with the Winner"



ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ




ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ
ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com
We Work in All 50 States

**Punjab Times**
Established in 2000
10th Year of Publication
Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh
**Chicago Community Reporter**
Sunita Chopra
Ph:773-370-7106
**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors Community Relations:**
Pritam S. Grewal
408-406-0703
Kuljeet Singh
510-284-9580
**Jalandhar Bureau:**
Jasvir Singh Sheeri
181-325-1889
181-279-1422
**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 75 ਡਾਲਰ,
ਪੰਜ ਸਾਲ ਲਈ: 350 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.
**All disputes subject to Chicago jurisdiction.**

# ਅਜੇ ਵੀ ਜਾਰੀ ਹੈ ਖਾਪ ਪੰਚਾਇਤਾਂ ਦਾ ਕਹਿਰ

ਜੁਲਾਈ ਨੂੰ ਵੇਦਪਾਲ ਨਾਲ ਸਿੰਘਵਾਲ ਪਹੁੰਚੇ। ਪਰ ਪੰਚਾਇਤ ਵਾਲਿਆਂ ਨੇ ਪੁਲਿਸ ਦੀ ਮੌਜੂਦਗੀ 'ਚ ਵੇਦਪਾਲ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਪੁਲਿਸ ਤਮਾਸ਼ਬੀਨ ਬਣੀ ਰਹੀ ਪਰ ਪੁਲਿਸ ਕਪਤਾਨ ਨੇ ਵੇਦਪਾਲ ਦੇ ਮਾਪਿਆਂ ਦੇ ਇਸ ਦੋਸ਼ ਨੂੰ ਬੇਬੁਨਿਆਦ ਦੱਸਿਆ ਹੈ। ਸਥਿਤੀ ਦਾ ਦੁਖਾਂਤ ਦੇਖੋ, ਜਿਸ ਸੋਨੀਆ ਖਾਤਰ ਵੇਦਪਾਲ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣੇ ਪਏ, ਉਸ ਨੇ ਜ਼ਿਲ੍ਹਾ ਅਦਾਲਤ ਵਿਚ ਜੱਜ ਸਾਹਮਣੇ ਆਪਣਾ ਬਿਆਨ ਦਰਜ ਕਰਾਉਂਦਿਆਂ ਕਿਹਾ ਕਿ ਇਸ ਸਾਲ ਮਾਰਚ ਵਿਚ ਉਹਦੇ ਮਟੌਰ ਚਲੇ ਜਾਣ ਵਿਚ ਪਿਆਰ ਦਾ ਕੋਈ ਦਖ਼ਲ ਨਹੀਂ ਸੀ। ਵੇਦਪਾਲ ਉਸ ਨੂੰ ਭਰਮਾ ਕੇ ਲੈ ਗਿਆ ਸੀ ਅਤੇ ਨਸ਼ੀਲਾ ਪਦਾਰਥ ਸੁੰਘਾ ਕੇ ਉਸ ਨਾਲ ਬੇਹੋਸ਼ੀ ਦੀ ਹਾਲਤ 'ਚ ਵਿਆਹ ਕੀਤਾ ਸੀ। ਉਸ ਨੇ ਕਿਹਾ 22 ਜੂਨ ਨੂੰ ਮਟੌਰ ਅਤੇ ਸਿੰਘਵਾਲ ਪਿੰਡ ਦੇ ਲੋਕਾਂ ਵਲੋਂ ਉਸ ਨੂੰ ਮੁਕਤ ਕਰਾਉਣ ਪਿਛੋਂ ਹੀ ਆਪਣੇ ਵਿਆਹ ਦਾ ਪਤਾ ਲੱਗਾ। ਸੋਨੀਆ ਨੇ ਆਪਣੇ ਮਾਪਿਆਂ ਤੋਂ ਕਿਸੇ ਕਿਸਮ ਦੇ ਖਤਰੇ ਤੋਂ ਵੀ ਇਨਕਾਰ ਕੀਤਾ ਹੈ।

ਉਧਰ ਵੇਦਪਾਲ ਦੇ ਕਤਲ ਦੇ ਦੋਸ਼ 'ਚ ਚਾਰ ਦੋਸ਼ੀਆਂ ਸੋਨੀਆ ਦੇ ਪਿਤਾ ਧਨਰਾਜ, ਮਹਿੰਦਰ ਮੇਵਾ ਉਰਫ ਲੀਲਾ ਅਤੇ ਸ਼ਮਸ਼ੇਰ ਸਿੰਘ ਵਾਸੀ ਸਿੰਘਵਾਲ ਨੇ ਆਤਮਸਮਰਪਣ ਕਰ ਦਿੱਤਾ ਹੈ। ਵੇਦਪਾਲ ਦੇ ਪਿਤਾ ਹਰੀਕ੍ਰਿਸ਼ਨ ਨੇ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਦੋਸ਼ੀਆਂ ਨੂੰ ਉਹਦੇ ਪੁੱਤਰ ਦੇ ਕਤਲ ਲਈ ਸਜ਼ਾ ਜ਼ਰੂਰ ਦਿੱਤੀ ਜਾਵੇ। ਮਟੌਰ ਵਾਸੀਆਂ ਦਾ ਦਾਅਵਾ ਹੈ ਕਿ ਦੋਵੇਂ ਪੰਚਾਇਤਾਂ ਵਿਚ ਕੋਈ ਸਮਝੌਤਾ ਨਹੀਂ ਹੋਇਆ ਸੀ, ਸਗੋਂ ਫੈਸਲਾ ਹੋਇਆ ਸੀ ਕਿ ਲੜਕਾ 24 ਜੁਲਾਈ ਨੂੰ ਆਪਣੀ ਪਤਨੀ ਨੂੰ ਲਿਆ ਸਕਦਾ ਹੈ, ਪਰ ਸਿੰਘਵਾਲ ਵਾਸੀਆਂ ਦਾ ਕਹਿਣਾ ਹੈ ਕਿ ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਵਿਚ ਵਿਆਹ ਰੱਦ ਕਰਨ ਸਬੰਧੀ ਸਮਝੌਤਾ ਹੋ ਗਿਆ ਸੀ ਪਰ ਵੇਦਪਾਲ ਇਸ ਦੇ ਖਿਲਾਫ ਅਦਾਲਤ 'ਚ ਚਲਾ ਗਿਆ, ਜਿਸ ਦੀ ਉਸ ਨੂੰ ਸਜ਼ਾ ਮਿਲੀ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਝੱਜਰ ਜ਼ਿਲ੍ਹੇ ਦੇ ਧਰਾਣਾ ਪਿੰਡ ਦੇ ਗਹਿਲਾਵਤ ਗੋਤ ਦੇ ਇਕ ਲੜਕੇ ਰਵਿੰਦਰ ਨੇ ਪਾਣੀਪਤ ਜ਼ਿਲ੍ਹੇ ਦੇ ਪਿੰਡ ਸਿਵਾਹ ਦੀ ਕਾਦੀਆਂ ਗੋਤ ਦੀ ਕੁੜੀ ਸ਼ਿਲਪਾ ਨਾਲ ਵਿਆਹ ਕਰ ਲਿਆ। ਇਸ ਇਲਾਕੇ 'ਚ ਪੁਰਾਣੇ ਜ਼ਮਾਨੇ ਤੋਂ ਗਹਿਲਾਵਤ ਤੇ ਕਾਦੀਆਂ ਗੋਤਾਂ 'ਚ ਵਿਆਹ ਵਰਜਿਤ ਕੀਤਾ ਹੋਇਆ ਹੈ। ਗੋਤ ਆਧਾਰਤ ਕਈ ਪਿੰਡਾਂ ਦੀਆਂ ਖਾਪ ਪੰਚਾਇਤਾਂ ਅਜਿਹੀਆਂ ਵਰਜਣਾਵਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਬਾਜ਼ ਅੱਖ ਰੱਖਦੀਆਂ ਹਨ। ਖਾਪ ਪੰਚਾਇਤਾਂ ਦੀ ਗਤੀਸ਼ੀਲਤਾ ਨੂੰ ਦੇਖਦਿਆਂ ਰਵਿੰਦਰ ਦੇ ਪਰਿਵਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਆਪਣੇ ਬਚਾਅ ਲਈ ਪਟੀਸ਼ਨ ਦਾਇਰ ਕੀਤੀ ਹੈ। ਅਦਾਲਤ ਨੇ ਉਸ ਦੇ ਪਰਿਵਾਰ ਨੂੰ ਸੁਰੱਖਿਆ ਮੁਹੱਈਆ ਕਰਾਉਣ ਦੇ ਨਾਲ-ਨਾਲ ਹਰਿਆਣਾ ਸਰਕਾਰ ਨੂੰ ਨੋਟਿਸ ਵੀ ਜਾਰੀ ਕੀਤਾ ਹੈ।

ਪਹਿਲਾਂ ਵੀ ਇਸ ਤਰ੍ਹਾਂ ਦੀਆਂ ਕਈ ਪਟੀਸ਼ਨਾਂ ਅਦਾਲਤਾਂ 'ਚ ਹੋ ਚੁੱਕੀਆਂ ਹਨ। ਪਰ ਅਦਾਲਤਾਂ ਦੇ ਫੈਸਲਿਆਂ ਦੇ ਬਾਵਜੂਦ ਪ੍ਰਸ਼ਾਸਨ ਤੇ ਪੁਲਿਸ ਅਧਿਕਾਰੀ ਕਾਰਵਾਈ ਕਰਨ ਤੋਂ ਕੰਨੀ ਕਤਰਾਉਂਦੇ ਹਨ। ਜਿਸ ਤੋਂ ਜਾਪਦੈ ਕਿ ਖਾਪ ਪੰਚਾਇਤਾਂ ਜ਼ਮੀਨੀ ਹਕੀਕਤਾਂ 'ਤੇ ਬਹੁਤ ਸਖ਼ਤੀ ਨਾਲ ਪਹਿਰਾ ਦਿੰਦੀਆਂ ਹਨ ਅਤੇ ਹਰਿਆਣਾ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਇਥੋਂ ਤੱਕ ਕਿ ਅਦਾਲਤਾਂ ਵੀ ਇਨ੍ਹਾਂ ਖਾਪ ਪੰਚਾਇਤਾਂ ਦੇ ਮੁਕਾਬਲੇ ਘੱਟ ਸ਼ਕਤੀਸ਼ਾਲੀ ਨਜ਼ਰ ਆਉਂਦੀਆਂ ਹਨ। ਦੇਸ਼ 'ਚ ਸੰਗਠਿਤ ਨਿਆਂਪਾਲਿਕਾ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਕਮਿਸ਼ਨ ਦੇ ਬਾਵਜੂਦ ਖਾਪ ਪੰਚਾਇਤਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋ ਰਹੀ। ਉਸ ਮੱਧਕਾਲੀਨ ਯੁੱਗ 'ਚ ਮਨੁੱਖੀ ਅਧਿਕਾਰਾਂ ਦੀ ਕਿਸ ਪੱਧਰ ਤੱਕ ਉਲੰਘਣਾ ਹੁੰਦੀ ਹੋਵੇਗੀ, ਜਿਸ ਦਾ ਨਮੂਨਾ ਸਮਾਜਿਕ ਦਹਿਸ਼ਤ ਦੇ ਰੂਪ 'ਚ ਖਾਪ ਪੰਚਾਇਤਾਂ ਪੇਸ਼ ਕਰ ਰਹੀਆਂ ਹਨ।

ਭਾਰਤ 'ਚ ਜਾਤੀ ਪ੍ਰਬੰਧ ਏਨਾ ਚੀੜ੍ਹਾ ਹੈ ਕਿ ਇਸ ਤੋਂ ਪਿੱਛਾ ਛੁਡਾਉਣ ਲਈ ਜ਼ਮੀਨੀ ਪੱਧਰ 'ਤੇ ਸੁਧਾਰ ਕਰਨ ਦੀ ਜ਼ਰੂਰਤ ਹੈ। ਜਾਤਾਂ-ਪਾਤਾਂ ਦੇ ਖੋਲ 'ਚ ਫਸਿਆ ਆਦਮੀ ਇਸ 'ਚੋਂ ਬਾਹਰ ਨਿਕਲਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਣ ਲਈ ਤਿਆਰ ਨਹੀਂ। ਖਾਪ ਪੰਚਾਇਤਾਂ ਦਾ ਸੰਗਠਿਤ ਰੂਪ ਏਨਾ ਸ਼ਕਤੀਸ਼ਾਲੀ ਹੈ ਕਿ ਉਸ ਦੇ ਮੁਕਾਬਲੇ ਨੌਜਵਾਨ ਮੁੰਡੇ-ਕੁੜੀਆਂ ਵਲੋਂ ਕੀਤੇ ਜਾਂਦੇ ਇਕਾ-ਦੁੱਕਾ ਯਤਨ ਬਹੁਤ ਕਮਜ਼ੋਰ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਦੀ ਮੂਕ ਸਹਿਮਤੀ ਨਾਲ ਦਬਾਅ ਦਿੱਤਾ ਜਾਂਦਾ ਹੈ। ਪਿਆਰ ਅਤੇ ਵਿਆਹ ਵਰਗੇ ਮਸਲੇ 'ਚ ਖਾਪ ਪੰਚਾਇਤਾਂ ਦੀ ਸਿੱਧੀ ਦਖ਼ਲਅੰਦਾਜ਼ੀ ਮਨੁੱਖੀ ਅਧਿਕਾਰਾਂ ਦੀ ਸ਼ਰ੍ਹੇਆਮ ਉਲੰਘਣਾ ਹੈ। ਜਿਸ ਨਾਲ ਨਾ ਸਿਰਫ ਹਰਿਆਣਾ ਸਰਕਾਰ ਦਾ ਅਕਸ ਹੀ ਖਰਾਬ ਹੁੰਦਾ ਹੈ, ਬਲਕਿ ਸਮਾਜਿਕ ਵਿਕਾਸ ਨੂੰ ਪੁੱਠਾ ਗੇੜਾ ਦੇਣ ਦੀਆਂ ਕੋਸ਼ਿਸ਼ਾਂ ਨੂੰ ਵੀ ਬਲ ਮਿਲਦਾ ਹੈ।

# ਚਾਂਦ-ਫਿਜ਼ਾ ਕਿੱਸਾ:ਪਾਟੀਆਂ ਰੂਹਾਂ ਵਾਲੇ ਆਸ਼ਕਾਂ ਦੀ ਲੀਲਾ

ਗਿਆ ਹੈ ਅਤੇ ਬੇਬੇ ਦੀ ਕੁਛੜ ਵਿਚ ਜਾ ਵੜਿਆ ਹੈ।

ਪਿਛਲੇ ਕੁਝ ਹੀ ਸਮੇਂ ਵਿਚ ਫਿਜ਼ਾ ਅਤੇ ਚਾਂਦ ਮੁਹੰਮਦ ਦੇ ਕਿੱਸੇ ਨੇ ਅਨੇਕ ਰੰਗ ਬਦਲੇ ਹਨ। ਕਈ ਜੂਨਾਂ ਪਲਟੀਆਂ ਹਨ। ਖਾਸ ਕਰਕੇ ਚੰਦਰ ਮੋਹਨ ਉਰਫ ਚਾਂਦ ਮੁਹੰਮਦ ਨੇ ਜਿਵੇਂ ਆਪਣੇ ਰੂਪ ਪਲਟੇ, ਉਸ ਨੂੰ ਵੇਖ ਕੇ ਲਗਦਾ ਹੈ ਕਿ ਇਸ਼ਕ ਵਿਚ ਭੱਜਣ ਅਤੇ ਧੋਖਾ ਕਰਨ ਦਾ ਇਲਜ਼ਾਮ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸਾਹਿਬਾਂ ਰਾਹੀਂ ਔਰਤਾਂ 'ਤੇ ਨਜਾਇਜ਼ ਹੀ ਲੱਗਿਆ ਹੈ। ਭਲਾ ਚੰਦਰ ਮੋਹਨ ਤੋਂ ਵਧ ਵਾਰ ਕੋਈ ਔਰਤ ਆਪਣਾ ਕੌਲ ਅਤੇ ਪੈਂਤੜੇ ਪਲਟਣ ਦੀ ਹਿੰਮਤ ਕਰ ਸਕਦੀ ਹੈ? ਕਈ ਸਾਲ ਪਹਿਲਾਂ ਉਦੋਂ ਅਸੀਂ ਛੋਟੇ ਛੋਟੇ ਸਾਂ ਜਦੋਂ ਕੁਲਦੀਪ ਮਾਣਕ ਦੀ ਦੇਵ ਥਰੀਕਿਆਂ ਵਾਲੇ ਵਲੋਂ ਲਿਖੀ ਇਕ ਕਲੀ ਬਹੁਤ ਮਸ਼ਹੂਰ ਹੋਈ ਸੀ- "ਸਾਹਿਬਾਂ ਬਣੀ ਭਰਾਵਾਂ ਦੀ, ਭਾਈਆਂ ਤੋਂ ਯਾਰ ਮਰਾ ਤਾ।" ਇਸ਼ਕ ਦੇ ਇਸ ਨਵੇਂ ਕਿੱਸੇ ਵਿਚ ਚਾਂਦ ਮੁਹੰਮਦ ਉਰਫ ਚੰਦਰ ਮੋਹਨ ਮੁੜ ਕੇ ਮਾਪਿਆਂ ਦਾ ਹੋ ਗਿਆ ਹੈ, ਕੋਈ ਮਾਂ ਦਾ ਸੂਰਮਾ ਗਾਇਕ ਇਸ ਇਸ਼ਕ ਦੇ ਕਿੱਸੇ 'ਤੇ ਕੋਈ ਸੱਜਰੀ ਕਲੀ ਜੋੜੇਗਾ?

ਯਾਦ ਰਹੇ ਜਦੋਂ ਇਹ ਕਿੱਸਾ ਸਾਹਮਣੇ ਆਇਆ ਸੀ ਤਾਂ ਉਸ ਤੋਂ ਪਹਿਲਾਂ ਚਾਂਦ ਮੁਹੰਮਦ ਉਰਫ ਚੰਦਰ ਮੋਹਨ ਹਰਿਆਣਾ ਦਾ ਉਪ ਮੁੱਖ ਮੰਤਰੀ ਸੀ ਅਤੇ ਫਿਜ਼ਾ ਉਰਫ ਅਨੁਰਾਧਾ ਬਾਲੀ ਹਰਿਆਣਾ ਸਰਕਾਰ ਦੀ ਸ਼ਾਇਦ ਡਿਪਟੀ ਐਡਵੋਕੇਟ ਜਨਰਲ ਸੀ। ਚਾਂਦ ਮੁਹੰਮਦ ਉਰਫ ਚੰਦਰ ਮੋਹਨ ਵਿਆਹਿਆ ਵਰ੍ਹਿਆ ਬੱਚਿਆਂ ਵਾਲਾ ਅਤੇ ਫਿਜ਼ਾ ਇਕ ਵਾਰ ਵਿਆਹ ਕੇ ਛੱਡੀ ਹੋਈ। ਸ਼ਾਇਦ ਉੱਚੇ ਸਰਕਾਰੀ ਅਹੁਦਿਆਂ ਦੇ ਬਹਾਨੇ ਹੀ ਇਕ ਦੂਜੇ ਦਾ ਮੇਲ ਹੋਣ ਲੱਗਾ ਅਤੇ ਕਹਾਣੀ ਗਹਿਰੇ ਇਸ਼ਕ ਵਿਚ ਪਲਟ ਗਈ। ਅੰਦਰੂਨੀ ਸੂਤਰਾਂ ਅਨੁਸਾਰ ਦੋਨਾਂ ਵਿਚਕਾਰ ਕਹਾਣੀ ਕਾਫੀ ਲੰਮੀ ਖਿੱਚੀ ਗਈ। ਜਿਵੇਂ ਕਿ ਤਕਰੀਬਨ ਹਰ ਔਰਤ-ਮਰਦ ਰਿਸ਼ਤੇ ਵਿਚ ਵਾਪਰਦਾ ਹੈ, ਔਰਤ ਸੁਰੱਖਿਅਤ ਸੰਬੰਧਾਂ ਨੂੰ ਪਹਿਲ ਦਿੰਦੀ ਹੈ, ਅਨੁਰਾਧਾ ਨੇ ਵੀ ਵਿਆਹ ਉੱਪਰ ਜ਼ੋਰ ਦਿੱਤਾ ਅਤੇ ਇਸ ਲਈ ਧਰਮ ਬਦਲਣ ਦੀ ਸਲਾਹ ਪਨਪੀ। ਦੂਜੇ ਪਾਸੇ ਮਰਦ ਦੀ ਚਾਹਤ ਆਪਣੇ ਗੇੜ ਵਿਚ ਆਈ ਔਰਤ ਦੇ ਕਿਸੇ ਨਾ ਕਿਸੇ ਤਰ੍ਹਾਂ ਜਿਸਮ ਤੱਕ ਪਹੁੰਚਣ ਦੀ ਪਹਿਲਾਂ ਹੁੰਦੀ ਹੈ। ਇਸੇ 'ਚੋਂ ਹੀ ਉਹ ਸਾਰੇ ਰੱਸੇ ਪੈੜੇ ਵੱਟਦਾ ਹੈ। ਸ਼ਾਇਦ ਇਸ ਲਾਲਸਾ ਦੇ ਅਧੀਨ ਹੀ ਚੰਦਰ ਮੋਹਨ ਤੁਰਦਾ ਤੁਰਦਾ ਚਾਂਦ ਮੁਹੰਮਦ ਹੋ ਗਿਆ ਤੇ ਫਿਜ਼ਾ ਦੇ ਜਿਸਮ ਵਿਚ ਦੀ ਗੁਜਰਨ ਤੋਂ ਬਾਅਦ ਫਿਰ ਚੰਦਰ ਮੋਹਨ ਹੋਣ ਦੇ ਰਾਹ ਤੁਰਿਆ ਹੋਇਆ ਹੈ।

ਚਾਂਦ ਮੁਹੰਮਦ ਦੇ ਮੁਕਾਬਲੇ ਅਨੁਰਾਧਾ ਬਾਲੀ ਉਰਫ ਫਿਜ਼ਾ ਵਧੇਰੇ ਸਥਿਰ ਮਾਨਸਿਕਤਾ ਵਾਲੀ ਵਿਖਾਈ ਦਿੰਦੀ ਹੈ। ਇਕ ਵਾਰ ਧਰਮ ਬਦਲਣ ਤੋਂ ਬਾਅਦ ਉਸ ਨੇ ਨਾ ਤਾਂ ਆਪਣੇ ਪਹਿਲੇ ਧਰਮ ਵਲ ਵਾਪਸ ਪਰਤਣ ਦੀ ਗੱਲ ਕੀਤੀ ਅਤੇ ਨਾ ਹੀ ਰਿਸ਼ਤੇ ਤੋਂ ਮੁੱਖ ਮੋੜਨ ਨੂੰ ਤਰਜੀਹ ਦਿੱਤੀ। ਦੂਜੇ ਪਾਸੇ ਚਾਂਦ ਮੁਹੰਮਦ ਜਿਵੇਂ ਫਿਜ਼ਾ ਅਤੇ ਸੀਮਾ ਬਿਸ਼ਨੋਈ ਦੇ ਦੋ ਕਿਨਾਰਿਆਂ ਵਿਚਕਾਰ ਪਾਟਿਆ ਪਿਆ ਹੈ। ਅਜਿਹੇ ਸਖ਼ਸ਼ ਅਸਲ ਵਿਚ ਪਾਟੀਆਂ ਰੂਹਾਂ ਦੇ ਮਾਲਕ ਹੁੰਦੇ ਹਨ। ਕਿਸੇ ਇਕ ਪਾਸੇ ਤੁਰਨ ਦੀ ਦੁਬਿਧਾਹੀਣ ਇਕਚਿਤਤਾ ਅਜਿਹੇ ਮਨੁੱਖਾਂ ਦੇ ਨੇੜੇ ਨਹੀਂ ਫਟਕਦੀ। ਕੁਝ ਲੋਕ ਸੋਚਦੇ ਹਨ ਕਿ ਚੰਦਰ ਮੋਹਨ ਨੂੰ ਸਿਆਸਤਦਾਨ ਉਸ ਦੇ ਪਿਤਾ ਨੇ ਰੁੰਘੇ ਵਿਚ ਹੀ ਬਣਾ ਦਿੱਤਾ।

ਸਿਆਸਤਦਾਨ ਤੇ ਦੁਬਿਧਾ ਵਿਰੋਧੀ ਸ਼ਬਦ ਹਨ। ਮੰਨਿਆ ਜਾਂਦਾ ਹੈ ਕਿ ਵੱਡੇ ਕਵੀ ਸਭ ਤੋਂ ਵਧੇਰੇ ਦੁਚਿੱਤੇ ਹੁੰਦੇ ਹਨ ਅਤੇ ਸਿਆਸਤਦਾਨ ਸਭ ਤੋਂ ਵਧੇਰੇ ਇਕਚਿੱਤ। ਗਲਤ ਫੈਸਲੇ ਕਰਨ ਤੋਂ ਬਾਅਦ ਵੀ ਉਨ੍ਹਾਂ ਦਾ ਚਿੱਤ ਨਹੀਂ ਡੋਲਦਾ। ਲੱਖਾਂ ਲੋਕਾਂ ਦੇ ਕਤਲ ਵੀ ਉਨ੍ਹਾਂ ਅੰਦਰ ਦੁਬਿਧਾ ਦੀ ਕੋਈ ਪਾਟਵੀਂ ਲੀਕ ਪੈਦਾ ਨਹੀਂ ਕਰਦੇ। ਆਪਣੀ ਮਿੱਥੀ ਦਿਸ਼ਾ ਵਿਚ ਉਹ ਅੱਗੇ ਵਧਦੇ ਹਨ ਭਾਵੇਂ ਇਹ ਗਲਤ ਹੋਵੇ ਜਾਂ ਠੀਕ। ਨਿਸ਼ਾਨੇ ਗਲਤ ਹੋਣ ਜਾਂ ਦਰੁੱਸਤ। ਗਲਤ ਠੀਕ ਦੇ ਫੈਸਲੇ ਇਤਿਹਾਸ ਕਰਦਾ ਹੈ।



ਚਾਂਦ ਅਤੇ ਫਿਜ਼ਾ ਦੀ ਇਕ ਪੁਰਾਣੀ ਤਸਵੀਰ

ਮਨੁਖੀ ਰੂਹਾਂ ਅਤੇ ਮਨੁੱਖ ਦੇ ਪੁਨਰ ਜਨਮਾਂ ਦਾ ਵਿਸ਼ਾ ਅੱਜ ਕੱਲ੍ਹ ਮਨੋਵਿਗਿਆਨ ਦਾ ਸਭ ਤੋਂ ਦਿਲਚਸਪ ਵਿਸ਼ਾ ਹੈ। ਦੁਨੀਆਂ ਦੇ ਕਈ ਵੱਡੇ ਮਨੋਵਿਗਿਆਨੀ ਇਸ ਨਾਲ ਜੁੜੇ ਸਵਾਲਾਂ ਨਾਲ ਖਹਿਬੜ ਰਹੇ ਹਨ। ਪਿਛਲੀ ਸਦੀ ਦੇ ਆਖਰੀ ਦਹਾਕਿਆਂ ਵਿਚ ਫਲੋਰੀਡਾ ਦੇ ਸ਼ਹਿਰ ਮਿਆਮੀ ਵਿਚ ਮਨੋਚਿਕਿਤਸਕ ਵਜੋਂ ਆਪਣੀ ਪ੍ਰੈਕਟਿਸ ਕਰਦੇ ਡਾਕਟਰ ਬਰਾਇਨ ਵਿਸ ਦੀਆਂ ਕੁਝ ਕਿਤਾਬਾਂ ਛਪੀਆਂ ਸਨ। "ਮੈਨੀ ਮਾਸਟਰਸ-ਮੈਨੀ ਲਾਈਵਜ਼", "ਸੇਮ ਸੋਲ-ਮੈਨੀ ਬੋਡੀਜ਼", ਇਨ੍ਹਾਂ ਕਿਤਾਬਾਂ ਵਿਚ ਡਾ. ਬ੍ਰਾਇਨ ਵਿਸ ਨੇ ਮਨੁੱਖ ਦੇ ਬੀਤੇ ਜਨਮਾਂ ਦਾ ਉਸ ਦੀ ਮੌਜੂਦਾ ਜ਼ਿੰਦਗੀ 'ਤੇ ਪੈਂਦੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਵਲੋਂ ਲਿਖੀਆਂ ਗਈਆਂ ਕਿਤਾਬਾਂ ਨੂੰ ਭਾਵੇਂ ਹਾਲੇ ਮਨੋਵਿਗਿਆਨ ਨੇ ਮਾਨਤਾ ਨਹੀਂ ਦਿੱਤੀ, ਪਰ ਇਹ ਚਰਚਾ ਵਿਚ ਹਨ ਅਤੇ ਆਪਣੀ ਪਾਸਟ ਲਾਈਫ ਥੈਰਪੀ (ਪੂਰਬ ਜਨਮ ਚਿਕਿਤਸਾ) ਨਾਲ ਉਨ੍ਹਾਂ ਨੇ ਮਰੀਜ਼ ਠੀਕ ਵੀ ਕੀਤੇ ਹਨ। ਇਹ ਕਿਤਾਬਾਂ ਰੂਹਾਂ ਦੀ ਗੱਲ ਦਸਦੀਆਂ ਹਨ, ਜਿਹੜੀਆਂ ਕਈ ਕਈ ਸਰੀਰਕ ਜਾਮੇ ਪਹਿਨਦੀਆਂ ਹਨ ਅਤੇ ਅਧੂਰੇ ਮਨੁੱਖੀ ਰਿਸ਼ਤੇ ਕਈ ਕਈ ਜਨਮਾਂ ਵਿਚ ਮਿਲਦੇ/ਵਿਛੜਦੇ ਹਨ।

ਕੁਝ ਮਨੋਚਿਕਿਤਸਕਾਂ ਦਾ ਖਿਆਲ ਹੈ ਕਿ ਰੂਹਾਂ ਪਾਟ ਵੀ ਜਾਂਦੀਆਂ ਹਨ। ਜਿਵੇਂ ਮਨੁੱਖੀ ਸੈੱਲ ਇਕ ਤੋਂ ਦੋ ਬਣ ਜਾਂਦੇ ਹਨ। ਚੰਦਰ ਮੋਹਨ ਜਿਹੇ ਵਿਅਕਤੀ ਦੀ ਰੂਹ ਦੋਫਾੜ ਹੋਣ ਲਈ ਸਰਾਪੀ ਹੋਈ ਹੈ। ਉਸ ਦਾ ਅੱਧ ਫਿਜ਼ਾ 'ਚ ਤੁਰਿਆ ਫਿਰਦਾ ਹੈ ਤੇ ਅੱਧਾ ਹਿੱਸਾ ਸੀਮਾ ਬਿਸ਼ਨੋਈ ਵਿਚ ਅਤੇ ਕੁਝ ਉਹ ਮਾਂ ਦੇ ਚਰਨੀਂ ਵੀ ਜਾ ਲੱਗਾ ਹੈ। ਕਿਧਰੇ ਅਗਲੀ ਵਾਰ ਉਸ ਦੀ ਇਹ ਵਿਚਾਰੀ ਰੂਹ ਤਿੰਨ ਥਾਵਾਂ 'ਤੇ ਭਟਕਦੀ ਨਾ ਫਿਰੇ।

## ਮਾਲਵੇ 'ਚ ਕੈਂਸਰ ਦਾ ਕਾਰਨ ਪਾਣੀ ਨਹੀਂ

ਐਸ.ਪੀ.ਐਸ. ਸੋਹਲ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ 6 ਕੁ ਮਹੀਨੇ ਪਹਿਲਾਂ ਹੀ ਭਾਰੀ ਧਾਤਾਂ ਬਾਰੇ ਪਰਖ ਹੋਣੀ ਸ਼ੁਰੂ ਹੋਈ ਹੈ। ਜਿਸ ਦੇ ਨਤੀਜੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਮਾਲਵੇ ਦੇ ਜ਼ਿਲ੍ਹਿਆਂ 'ਚ ਕੈਂਸਰ ਨਾਲ ਹੋ ਰਹੀਆਂ ਮੌਤਾਂ ਭਾਵੇਂ ਕੌਮੀ ਪੱਧਰ ਦੀ ਔਸਤ ਤੋਂ ਵਧੇਰੇ ਨਹੀਂ, ਪਰ ਪਾਣੀ ਦੇ ਨਮੂਨਿਆਂ ਦੇ ਨਤੀਜੇ ਤੋਂ ਬਾਅਦ ਇਹ ਸਵਾਲ ਖੜ੍ਹਾ ਹੈ ਕਿ ਆਖਰ ਕੈਂਸਰ ਕਿਸ ਕਾਰਨ ਫੈਲ ਰਿਹਾ ਹੈ।

ਵਾਤਾਵਰਣ ਦੀ ਸਾਂਭ ਸੰਭਾਲ ਲਈ ਕੰਮ ਕਰਦੀਆਂ ਗੈਰ ਸਰਕਾਰੀ ਸੰਸਥਾਵਾਂ ਵਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਮਾਲਵੇ 'ਚ ਕੈਂਸਰ ਦੇ ਫੈਲਣ ਦਾ ਵੱਡਾ ਕਾਰਨ ਜ਼ਮੀਨ ਹੇਠਲਾ ਤੇ ਸਰਕਾਰੀ ਜਲ ਘਰਾਂ ਰਾਹੀਂ ਪੀਣ ਲਈ ਸਪਲਾਈ ਕੀਤਾ ਜਾਂਦਾ ਪਾਣੀ ਹੀ ਹੈ। ਇਨ੍ਹਾਂ ਸੰਸਥਾਵਾਂ ਦਾ ਦੋਸ਼ ਹੈ ਕਿ ਲੁਧਿਆਣਾ ਦੀਆਂ ਸਨਅਤਾਂ ਦਾ ਜ਼ਹਿਰੀਲਾ ਪਾਣੀ ਬੁੱਢੇ ਨਾਲੇ ਰਾਹੀਂ ਸਤਲੁਜ ਦਰਿਆ 'ਚ ਜਾਂਦਾ ਹੈ। ਇਹੀ ਪਾਣੀ ਨਹਿਰਾਂ ਰਾਹੀਂ ਮਾਲਵੇ ਦੇ ਵੱਡੇ ਹਿੱਸੇ 'ਚ ਪੀਣ ਲਈ ਵੀ ਵਰਤਿਆ ਜਾਂਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਪੰਜਾਬ ਭਾਜਪਾ ਦੀ ਪ੍ਰਧਾਨਗੀ ਲਈ ਲੜਾਈ ਖੁੱਲ੍ਹ ਕੇ ਸਾਹਮਣੇ ਆਈ

**ਜਲੰਧਰ :** ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਨੂੰ ਲੈ ਕੇ ਪਾਰਟੀ ਅੰਦਰ ਜਾਰੀ ਲੜਾਈ ਹੁਣ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਭਾਜਪਾ ਸੂਤਰਾਂ



ਮਨੋਰੰਜਨ ਕਾਲੀਆ

ਤੋਂ ਪਤਾ ਲੱਗਾ ਹੈ ਕਿ ਸਥਾਨਕ ਸਰਕਾਰਾਂ ਮੰਤਰੀ ਮਨੋਰੰਜਨ ਕਾਲੀਆ ਵਲੋਂ ਲੰਘੇ ਸ਼ਨੀਵਾਰ ਨੂੰ ਜਲੰਧਰ ਵਿਚ ਆਪਣੇ ਭਰੋਸੇਯੋਗ ਮੰਤਰੀਆਂ ਤੇ ਪਾਰਟੀ ਆਗੂਆਂ ਨਾਲ ਬੈਠਕ ਕੀਤੀ ਗਈ, ਜਿਸ ਵਿਚ ਪੰਜਾਬ ਭਾਜਪਾ ਦੇ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ, ਜੰਗਲਾਤ ਮੰਤਰੀ ਤੀਕਸ਼ਣ ਸੂਦ ਤੇ ਪਾਰਟੀ ਦੇ ਦੋਵੇਂ ਸੂਬਾਈ ਜਨਰਲ ਸਕੱਤਰ ਕਮਲ ਸ਼ਰਮਾ ਤੇ ਅਸ਼ਵਨੀ ਸ਼ਰਮਾ ਨੇ ਹਿੱਸਾ ਲਿਆ।

ਦੱਸਿਆ ਜਾਂਦਾ ਹੈ ਕਿ ਬੈਠਕ ਲਗਭਗ 2 ਘੰਟੇ ਤੋਂ ਵਧ ਸਮੇਂ ਤੱਕ ਜਾਰੀ ਰਹੀ। ਬੈਠਕ ਵਿਚ ਭਾਜਪਾ ਦੇ ਐਮ.ਪੀ. ਨਵਜੋਤ ਸਿੰਘ ਸਿੱਧੂ ਨਾਲ ਆਉਂਦੇ ਸਮੇਂ ਵਿਚ ਨਜਿੱਠਣ ਦੀ ਰਣਨੀਤੀ 'ਤੇ ਚਰਚਾ ਹੋਈ। ਬੈਠਕ ਵਿਚ ਫੈਸਲਾ ਕੀਤਾ ਗਿਆ ਕਿ ਅਗਲਾ ਸੂਬਾਈ ਪ੍ਰਧਾਨ ਆਪਣੇ ਗਰੁੱਪ 'ਚੋਂ ਬਣਾਇਆ ਜਾਵੇਗਾ।

ਪ੍ਰੋ. ਭੰਡਾਰੀ ਦਾ ਕਾਰਜਕਾਲ ਨਵੰਬਰ ਮਹੀਨੇ ਵਿਚ ਖ਼ਤਮ ਹੋਣਾ ਹੈ। ਉਨ੍ਹਾਂ ਦੇ ਜਾਨਸ਼ੀਨ ਵਜੋਂ ਮਨੋਰੰਜਨ ਕਾਲੀਆ ਤੇ ਭੰਡਾਰੀ ਧੜੇ ਵਲੋਂ ਹੁਣ ਕਮਲ ਸ਼ਰਮਾ ਦਾ ਨਾਂ ਉਭਾਰਿਆ ਜਾ ਰਿਹਾ ਹੈ। ਬੈਠਕ ਵਿਚ ਤੈਅ ਕੀਤਾ ਗਿਆ ਕਿ ਹੁਣ ਕਮਲ ਸ਼ਰਮਾ ਦੇ ਨਾਂ 'ਤੇ ਹੋਰ ਭਾਜਪਾ ਮੰਤਰੀਆਂ ਤੇ ਜਥੇਬੰਦੀ ਦੇ ਆਗੂਆਂ ਵਿਚਾਲੇ ਸਹਿਮਤੀ ਬਣਾਈ ਜਾਵੇ। ਇਹ ਧੜਾ ਨਹੀਂ ਚਾਹੁੰਦਾ ਕਿ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਹੱਥਾਂ ਵਿਚ ਪਾਰਟੀ ਦੀ ਕਮਾਨ ਜਾਵੇ।

ਸਿੱਧੂ ਜੇ ਅੱਗੇ ਆਉਂਦੇ ਹਨ ਤਾਂ ਉਹ ਮੰਤਰੀਆਂ 'ਤੇ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਕਰਨਗੇ। ਬੈਠਕ ਵਿਚ ਕਾਲੀਆ, ਭੰਡਾਰੀ ਧੜੇ ਵਲੋਂ ਪਾਰਟੀ ਦੀ ਮੈਂਬਰੀ ਦੀ ਮੁਹਿੰਮ ਨੂੰ ਤੇਜ਼ ਕਰਨ ਦਾ ਫੈਸਲਾ ਲਿਆ ਗਿਆ। ਪਾਰਟੀ ਜਥੇਬੰਦੀ ਦੀਆਂ ਹੋਣ ਵਾਲੀਆਂ ਚੋਣਾਂ ਬਾਰੇ ਰਣਨੀਤੀ ਤੈਅ ਵੀ ਕਰ ਲਈ ਗਈ ਹੈ। ਧੜੇ ਦਾ ਮੰਨਣਾ ਹੈ ਕਿ ਸੂਬਾਈ ਇੰਚਾਰਜ ਬਲਬੀਰ ਪੁੰਜ ਤਾਂ ਉਨ੍ਹਾਂ ਦੇ ਨਾਲ ਹੀ ਹਨ। ਸ਼ਨੀਵਾਰ ਦੀ ਬੈਠਕ ਤੋਂ ਤੈਅ ਹੋ ਗਿਆ ਕਿ ਪ੍ਰਧਾਨਗੀ ਨੂੰ ਲੈ ਕੇ ਲੜਾਈ ਹੋਰ ਤੇਜ਼



ਤੀਕਸ਼ਣ ਸੂਦ

ਹੋਵੇਗੀ। ਸਿੱਧੂ ਤੇ ਕਾਲੀਆ-ਭੰਡਾਰੀ ਧੜਿਆਂ ਵਿਚਾਲੇ ਜ਼ੋਰ-ਅਜ਼ਮਾਈ ਹੋਵੇਗੀ। ਕੋਈ ਵੀ ਧੜਾ ਝੁਕਣ ਲਈ ਤਿਆਰ ਨਹੀਂ ਹੈ।

## ਪੰਜਾਬ ਕਾਂਗਰਸ ਦੀ ਪ੍ਰਧਾਨਗੀ ਵਾਸਤੇ ਸੰਘਰਸ਼ ਜਾਰੀ

**ਜਲੰਧਰ :** ਪੰਜਾਬ ਵਿਧਾਨ ਸਭਾਵਾਂ ਦੀਆਂ ਤਿੰਨ ਸੀਟਾਂ ਜਲਾਲਾਬਾਦ, ਕਾਹਨੂੰਵਾਨ ਅਤੇ ਬਨੂੜ



ਮਹਿੰਦਰ ਸਿੰਘ ਕੇ.ਪੀ.



ਰਾਜਿੰਦਰ ਕੌਰ ਭੱਠਲ



ਕੈ. ਅਮਰਿੰਦਰ ਸਿੰਘ

ਵਿਚ 3 ਅਗਸਤ ਨੂੰ ਹੋਣ ਵਾਲੀਆਂ ਉਪ ਚੋਣਾਂ ਵਿਚ ਕੁਝ ਦਿਨ ਬਚੇ ਹਨ ਅਤੇ ਪੰਜਾਬ ਦੇ ਉੱਘੇ ਕਾਂਗਰਸੀ ਆਗੂ ਉਪ ਚੋਣਾਂ ਤੋਂ ਦੂਰ ਹੀ ਚਲੇ ਗਏ ਹਨ। ਅਸਲ ਵਿਚ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਨੂੰ ਲੈ ਕੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ, ਵਿਧਾਇਕ ਦਲ ਦੀ ਨੇਤਾ ਰਾਜਿੰਦਰ ਕੌਰ ਭੱਠਲ, ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਆਹਮੋ-ਸਾਹਮਣੇ ਹਨ। ਕਾਂਗਰਸੀ ਹਲਕਿਆਂ ਤੋਂ ਪਤਾ ਲੱਗਾ ਹੈ ਕਿ ਤਿੰਨ ਸੀਟਾਂ ਦੀ ਉਪ ਚੋਣ ਲਈ ਪ੍ਰਦੇਸ਼ ਕਾਂਗਰਸ ਵਲੋਂ ਕੋਈ ਪ੍ਰਭਾਵੀ ਰਣਨੀਤੀ ਤਿਆਰ ਨਹੀਂ ਕੀਤੀ ਗਈ। ਕਾਂਗਰਸੀ ਵਿਧਾਇਕ ਅਤੇ ਜ਼ਿਲ੍ਹਾ ਪ੍ਰਧਾਨ ਅਤੇ ਹੋਰ ਕਾਂਗਰਸੀ ਉਪ ਚੋਣਾਂ ਤੋਂ ਦੂਰ ਹੀ ਨਜ਼ਰ ਆ ਰਹੇ ਹਨ। ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੂਰੀ ਤਰ੍ਹਾਂ ਮੈਦਾਨ ਵਿਚ ਡਟੇ ਹੋਏ ਹਨ। ਕਾਂਗਰਸੀ ਹਲਕਿਆਂ ਵਿਚ ਮੰਨਿਆ ਜਾ ਰਿਹਾ ਹੈ ਕਿ ਕੌਮੀ ਪੱਧਰ 'ਤੇ ਹੋਣ ਵਾਲੇ ਫੇਰਬਦਲ ਨੂੰ ਵੇਖਦੇ ਹੋਏ ਕੈਪਟਨ ਅਮਰਿੰਦਰ ਸਿੰਘ, ਭੱਠਲ ਅਤੇ ਕੇ.ਪੀ. ਦਿੱਲੀ ਵਿਚ ਹੀ ਡੇਰੇ ਲਾਈ ਬੈਠੇ ਹਨ।

ਉਨ੍ਹਾਂ ਨੂੰ ਅਜਿਹੀ ਸੰਭਾਵਨਾ ਨਜ਼ਰ ਆ ਰਹੀ ਹੈ ਕਿ ਕੌਮੀ ਪੱਧਰ 'ਤੇ ਹੋਣ ਵਾਲੇ ਫੇਰਬਦਲ ਸਮੇਂ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਬਣਾ ਦਿੱਤਾ ਜਾਵੇਗਾ। ਪ੍ਰਦੇਸ਼ ਦੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਵਲੋਂ ਨਵੇਂ ਪ੍ਰਧਾਨ ਦੀ ਨਿਯੁਕਤੀ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਕਿ ਵਰਕਰਾਂ ਵਿਚ ਚੱਲੀ ਆ ਰਹੀ ਸ਼ੰਕੇ ਵਾਲੀ ਸਥਿਤੀ ਦੂਰ ਹੋ ਸਕੇ।

ਕਾਂਗਰਸੀ ਵਰਕਰ ਹਾਈਕਮਾਨ ਅੱਗੇ ਫਰਿਆਦ ਕਰ ਰਹੇ ਹਨ ਕਿ ਢਾਈ ਸਾਲ ਬਾਅਦ ਹੋਣ ਵਾਲੀਆਂ ਅਸੈਂਬਲੀ ਚੋਣਾਂ ਨੂੰ ਧਿਆਨ 'ਚ ਰੱਖ ਕੇ ਪ੍ਰਭਾਵਸ਼ਾਲੀ ਕਾਂਗਰਸੀ ਆਗੂ ਦੇ ਹੱਥ 'ਚ ਸੂਬੇ ਦੀ ਕਮਾਨ ਸੌਂਪੀ ਜਾਵੇ ਤਾਂ ਕਿ ਗਠਜੋੜ ਦਾ ਮੁਕਾਬਲਾ ਪ੍ਰਭਾਵੀ ਢੰਗ ਨਾਲ ਕੀਤਾ ਜਾਵੇ। ਦੂਜੇ ਪਾਸੇ ਤਿੰਨ ਅਸੈਂਬਲੀ ਹਲਕਿਆਂ ਵਿਚ ਚੋਣ ਲੜ ਰਹੇ ਕਾਂਗਰਸੀ ਉਮੀਦਵਾਰਾਂ ਅਤੇ ਹੋਰ ਆਗੂਆਂ ਨੂੰ ਸੂਬੇ ਦੇ ਉੱਘੇ ਕਾਂਗਰਸੀ ਆਗੂਆਂ ਦੀ ਕਮੀ ਲਗਾਤਾਰ ਚੁੱਭ ਰਹੀ ਹੈ।

ਇਕ ਪਾਸੇ ਜਿਥੇ ਅਕਾਲੀ ਦਲ ਕੋਲ ਸਮੁੱਚੇ ਸਟੇਟ ਸੋਮੇ ਹਨ, ਉਥੇ ਦੂਜੇ ਪਾਸੇ ਵਿਰੋਧੀ ਧਿਰ ਵੰਡੀ ਪਈ ਹੈ। ਕਾਂਗਰਸੀ ਹਲਕਿਆਂ ਵਿਚ ਮੰਨਿਆ ਜਾ ਰਿਹਾ ਹੈ ਕਿ ਅਸਲ ਵਿਚ ਉੱਘੇ ਆਗੂ ਚੋਣ ਮੈਦਾਨ ਤੋਂ ਇਸ ਲਈ ਦੂਰ ਹਨ ਕਿ ਕਿਤੇ ਨਤੀਜਿਆਂ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਨਾ ਆ ਜਾਵੇ। ਆਸ ਕੀਤੀ ਜਾ ਰਹੀ ਹੈ ਕੈਪਟਨ ਅਮਰਿੰਦਰ ਸਿੰਘ ਜੁਲਾਈ ਦੇ ਅੰਤ ਤੋਂ ਉਪ ਚੋਣਾਂ ਵਿਚ ਨਜ਼ਰ ਆਉਣਗੇ ਅਤੇ ਬਨੂੜ, ਜਲਾਲਾਬਾਦ ਖੇਤਰ ਵਿਚ ਰੈਲੀਆਂ ਕਰਨਗੇ।

ਪ੍ਰਦੇਸ਼ ਦੇ ਕਾਂਗਰਸੀਆਂ ਦਾ ਵਿਚਾਰ ਹੈ ਕਿ ਪਾਰਟੀ ਨੇ ਉਪ ਚੋਣਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ। 1995 ਤੋਂ 2001 ਤੱਕ ਬਾਦਲ ਸਰਕਾਰ ਸਮੇਂ ਜਦੋਂ ਉਪ ਚੋਣਾਂ ਹੋਈਆਂ ਸਨ ਤਾਂ ਸਾਰੀ ਪਾਰਟੀ ਉਪ ਚੋਣਾਂ ਵਿਚ ਡੱਟ ਗਈ ਸੀ। ਉਸ ਵੇਲੇ ਵਿਰੋਧੀ ਧਿਰ ਵਿਚ ਹੁੰਦੇ ਹੋਏ ਵੀ ਕਾਂਗਰਸ ਨੇ ਆਦਮਪੁਰ ਵਿਚ ਉਪ ਚੋਣ ਜਿੱਤ ਲਈ ਸੀ, ਪਰ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਪਾਰਟੀ ਵੱਖ-ਵੱਖ ਧੜਿਆਂ ਵਿਚ ਵੰਡੀ ਜਾ ਚੁੱਕੀ ਹੈ ਅਤੇ ਕਾਂਗਰਸ ਹਾਈਕਮਾਨ ਨੇ ਧੜੇਬੰਦੀ ਨੂੰ ਦੂਰ ਕਰਨ ਲਈ ਕੋਈ ਸਰਗਰਮ ਭੂਮਿਕਾ ਨਹੀਂ ਨਿਭਾਈ।

## ਆਰਥਿਕ ਤੰਗੀ ਦੇ ਸਤਾਏ ਕਿਸਾਨ ਵਲੋਂ ਖ਼ੁਦਕੁਸ਼ੀ

**ਬੱਲੂਆਣਾ :** ਲੰਘੀ 27 ਜੁਲਾਈ ਨੂੰ ਬਠਿੰਡਾ ਤੋਂ 17 ਕਿਲੋਮੀਟਰ ਦੂਰ ਮੁਕਤਸਰ ਸੜਕ ਉੱਪਰ ਵਸਦੇ ਪਿੰਡ ਬੁਰਜ ਮਹਿਮਾ ਅਬਲੂ ਦੇ ਰਾਹ ਵਾਲੀ ਢਾਣੀ ਦੇ ਕਰਜ਼ੇ ਹੇਠਾਂ ਦੱਬੇ ਕਿਸਾਨ ਨਿਰਮਲ ਸਿੰਘ (40) ਪੁੱਤਰ ਚੂਹੜ ਸਿੰਘ ਨੇ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਨਿਰਮਲ ਸਿੰਘ ਕੋਲ ਢਾਈ ਏਕੜ ਦੇ ਕਰੀਬ ਜ਼ਮੀਨ ਸੀ ਜਿਸ ਨੂੰ ਗਹਿਣੇ ਰੱਖ ਕੇ ਉਸ ਨੇ ਸਟੇਟ ਬੈਂਕ ਆਫ਼ ਪਟਿਆਲਾ ਬਰਾਂਚ ਵਿਰਕ ਕਲਾਂ ਤੋਂ ਦੋ ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਫਸਲ ਚੰਗੀ ਤਰ੍ਹਾਂ ਨਾ ਹੋਣ ਕਰ ਕੇ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ ਅਤੇ ਕਰਜ਼ਾ ਮੋੜਨ ਤੋਂ ਅਸਮਰੱਥ ਹੋ ਕੇ ਰਹਿ ਗਿਆ ਸੀ। ਕੁਝ ਦਿਨ ਪਹਿਲਾਂ ਉਸ ਦੀ ਇਕ ਚੰਗਾ ਦੁੱਧ ਦੇਣ ਵਾਲੀ ਮੱਝ ਵੀ ਮਰ ਗਈ ਸੀ। 25 ਜੁਲਾਈ ਨੂੰ ਸਵੇਰੇ ਸਾਢੇ 7 ਵਜੇ ਉਹ ਬਠਿੰਡਾ ਤੋਂ ਮੱਝ ਲਿਆਉਣ ਬਾਰੇ ਕਹਿ ਕੇ ਘਰੋਂ ਗਿਆ ਸੀ ਪਰ ਜਦ ਸ਼ਾਮ ਤੱਕ ਘਰ ਨਾ ਪਰਤਿਆ ਤਾਂ ਪਰਿਵਾਰਕ ਮੈਂਬਰਾਂ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ।

## ਮੀਂਹ ਲਈ ਨੰਗੀਆਂ ਹੋ ਕੇ ਕੁੜੀਆਂ ਖਿੱਚਦੀਆਂ ਨੇ ਹਲ਼

**ਨਵੀਂ ਦਿੱਲੀ :** ਬਿਹਾਰ ਦੇ ਔੜ ਮਾਰੇ ਇਲਾਕੇ ਵਿਚ ਕਿਸਾਨ ਆਪਣੀਆਂ ਕੁਆਰੀਆਂ ਧੀਆਂ ਨੂੰ ਕਹਿੰਦੇ ਹਨ ਕਿ ਨੰਗੀਆਂ ਹੋ ਕੇ ਖੇਤਾਂ ਵਿਚ ਹਲ ਵਾਹੁਣ ਤਾਂ ਕਿ ਮੀਂਹ ਦਾ ਦੇਵਤਾ ਖੁਸ਼ ਹੋ ਕੇ ਧਰਤੀ ਦੀ ਮਾਨਸੂਨ ਨਾਲ ਪਿਆਸ ਬੁਝਾ ਦੇਵੇ।

ਦੱਸਿਆ ਗਿਆ ਹੈ ਕਿ ਵੱਡੀ ਉਮਰ ਦੀਆਂ ਔਰਤਾਂ ਦੀ ਮਦਦ ਨਾਲ ਨੰਗੀਆਂ ਕੁੜੀਆਂ ਖੇਤਾਂ ਵਿਚ ਹਲ਼ ਖਿੱਚਦੀਆਂ ਹਨ ਤੇ ਸੂਰਜ ਛਿਪਣ ਪਿੱਛੋਂ ਦੇਵਤਿਆਂ ਨੂੰ ਖੁਸ਼ ਕਰਨ ਲਈ ਮੰਤਰਾਂ ਦਾ ਉਚਾਰਨ ਕਰਦੀਆਂ ਹਨ।

## ਚੌਲਾਂ ਦੇ ਦਾਣੇ 'ਤੇ ਲਿਖਿਆ ਦਸਾਂ ਗੁਰੂਆਂ ਦਾ ਇਤਿਹਾਸ

**ਛੇਹਰਟਾ :** ਮਹਾਂਰਾਸ਼ਟਰ ਦੇ ਗਜਿੰਦਰ ਸ਼ਰੇਅ ਕਾਂਤ ਨੇ ਮਹਾਂਰਾਸ਼ਟਰ ਦੇ ਨਿਵਾਸੀ ਹੁੰਦੇ ਹੋਏ ਵੀ ਚੌਲਾਂ, ਤਿਲ ਤੇ ਰਾਈ ਦੇ ਦਾਣਿਆਂ 'ਤੇ ਦਸਾਂ ਗੁਰੂ ਦਾ ਇਤਿਹਾਸ ਲਿਖਕੇ ਇਕ ਵਿਲੱਖਣ ਕਾਰਨਾਮਾ ਕੀਤਾ ਹੈ। ਅੰਮ੍ਰਿਤਸਰ ਦੇ ਮੀਰੀ-ਪੀਰੀ ਦਿਵਸ ਨਗਰ ਕੀਰਤਨ ਕਮੇਟੀ ਗੁਰੂ ਕੀ ਵਡਾਲੀ ਦੇ ਸਰਪ੍ਰਸਤ ਪ੍ਰੋ. ਨਿਰਮਲ ਸਿੰਘ ਰੰਧਾਵਾ (ਨਿਊਜ਼ੀਲੈਂਡ) ਦੇ ਸੱਦੇ 'ਤੇ ਮੀਰੀ-ਪੀਰੀ ਦਿਵਸ ਦੇ ਪਵਿੱਤਰ ਮੌਕੇ 'ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਆਏ ਸ੍ਰੀ ਗਜਿੰਦਰ ਨੇ ਦੱਸਿਆ ਕਿ ਪਹਿਲੇ-ਪਹਿਲ ਤਾਂ ਉਸਨੂੰ ਆਪਣੀ ਕਲਾ ਦਾ ਪਤਾ ਹੀ ਨਹੀਂ ਲੱਗਿਆ ਪਰ 23 ਸਾਲ ਦੀ ਉਮਰ ਹੋਣ ਤੋਂ ਬਾਅਦ ਉਹ ਆਪਣੀ ਮਾਂ ਕਮਲਾ ਬਾਈ ਕੋਲ ਬੈਠਾ ਸੀ ਕਿ ਉਸਦੀ ਨਜ਼ਰ ਅਚਾਨਕ ਇਕ ਚੌਲਾਂ ਦੇ ਦਾਣੇ 'ਤੇ ਪਈ। ਉਸਨੇ ਉਸ ਚੌਲ ਦੇ ਦਾਣੇ ਨੂੰ ਚੁੱਕਕੇ ਆਪਣੇ ਮਾਤਾ-ਪਿਤਾ ਦਾ ਨਾਂਅ ਲਿਖਣਾ ਸ਼ੁਰੂ ਕਰ ਦਿੱਤਾ। ਇਸ ਉਪਰੰਤ ਉਸਨੂੰ ਵਿਸ਼ਵਾਸ਼ ਹੋਇਆ ਕਿ ਉਸਦੇ ਅੰਦਰ ਵੀ ਇਕ ਕਲਾ ਛੁਪੀ ਹੋਈ ਹੈ।

ਉਸਨੇ ਦੱਸਿਆ ਕਿ ਉਸਨੇ ਇਨ੍ਹਾਂ ਨਿੱਕੇ-ਨਿੱਕੇ ਦਾਣਿਆਂ 'ਤੇ ਬੜੀ ਬਰੀਕੀ ਨਾਲ ਦਸ ਗੁਰੂ ਸਾਹਿਬਾਨਾਂ ਦੀ ਜੀਵਨ ਵਿਆਖਿਆ, ਗਣੇਸ਼ ਭਗਵਾਨ, ਵਿਸ਼ਵ ਪ੍ਰਸਿਧ ਸ੍ਰੀ ਹਰਿਮੰਦਰ ਸਾਹਿਬ, ਬੀੜ ਬਾਬਾ ਬੁੱਢਾ ਸਾਹਿਬ ਤੋਂ ਇਲਾਵਾ ਗੌਤਮ ਬੁੱਧ ਆਦਿ ਦੀਆਂ ਤਸਵੀਰਾਂ ਤਿਲ, ਚੌਲ ਤੇ ਰਾਈ ਦੇ ਦਾਣਿਆਂ 'ਤੇ ਬਣਾ ਚੁੱਕਾ ਹੈ।

## ਅਮਰੀਕੀ ਫੌਜ 'ਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ 'ਤੇ ਰੋਕ ਨਹੀਂ

**ਨਵੀਂ ਦਿੱਲੀ :** ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਰਾਜ ਸਭਾ ਵਿਚ ਦੱਸਿਆ ਕਿ ਅਮਰੀਕੀ ਫੌਜ ਵਿਚ ਸਿੱਖ ਭਾਈਚਾਰੇ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਕਰਨ 'ਤੇ ਕੋਈ ਪਾਬੰਦੀ ਨਹੀਂ ਹੈ।

ਉਨ੍ਹਾਂ ਨੇ ਇਕ ਹੋਰ ਸਵਾਲ ਦੇ ਜਵਾਬ ਵਿਚ ਪਾਕਿਸਤਾਨ ਵਿਚ ਸਿੱਖਾਂ ਨੂੰ ਉਜਾੜੇ ਜਾਣ ਸਬੰਧੀ ਦੱਸਿਆ ਕਿ ਉਥੇ ਸਿੱਖ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਉਜਾੜੇ ਜਾਣ ਅਤੇ ਉਨ੍ਹਾਂ 'ਤੇ ਜਜ਼ੀਆ ਲਗਾਉਣ ਦੀਆਂ ਖ਼ਬਰਾਂ ਹਨ।

ਕੇਂਦਰ ਸਰਕਾਰ ਨੇ ਇਹ ਮਾਮਲਾ ਪਾਕਿ ਸਰਕਾਰ ਕੋਲ ਉਠਾਇਆ ਸੀ। ਜੁਆਬ ਵਿਚ ਪਾਕਿਸਤਾਨ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਨੇ ਕਿਹਾ ਸੀ ਕਿ ਪਾਕਿਸਤਾਨ ਵਿਚ ਰਹਿ ਰਹੇ ਸਿੱਖ ਪਾਕਿਸਤਾਨੀ ਸ਼ਹਿਰੀ ਹਨ, ਇਸ ਲਈ ਭਾਰਤ ਦਾ ਇਸ ਮਾਮਲੇ ਨਾਲ ਕੋਈ ਸਰੋਕਾਰ ਨਹੀਂ ਹੈ।

westin travel & tours inc.



Tel:877-256-1971
773-465-4040
e-mail:info@westintravel.com
web:westintravel.com
AIR INDIA Lufthansa

Low Fares And Cofirm Seats With Lufthansa,
American Ailines, Continental Air,
Air India to India, Middle East And Europe

Desi Bazar
Now Proudly Serving You At Two Locations

916 E. Main Street #118,
Greenwood, IN, 46143
Tel: 317-888-2040
Fax: 317-888-2050

6663 W Washington St
Indianapolis, IN 46231
Tel: 317-247-7240
Fax: 317-247-7250

We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

R K Carpet & Flooring, Inc.
6346 N. Claremont Ave. Chicago, IL 60659



ਵਾਜ਼ਬ ਭਾਅ, ਭਰੋਸੇਯੋਗ ਸਰਵਿਸ
*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865

# ਕਲਗੀ ਸੰਬੰਧੀ ਪਰਸਪਰ ਵਿਰੋਧੀ ਦਾਅਵੇ, ਵਿਵਾਦ ਤੇ ਪੜਤਾਲ ਦੋਨੋ ਜਾਰੀ

**ਬਰਨਾਲਾ :** ਕੁਝ ਚਿਰ ਪਹਿਲਾਂ ਭਾਰਤ ਲਿਆਂਦੀ ਗਈ ਗੁਰੂ ਗੋਬਿੰਦ ਸਿੰਘ ਦੀ ਕਲਗੀ ਸੰਬੰਧੀ ਵਿਵਾਦ ਸਿੱਖ ਸਫਾਂ ਵਿਚ ਥੰਮਣ ਦਾ ਨਾਂ ਨਹੀਂ ਲੈ ਰਿਹਾ, ਹਾਲਾਂਕਿ ਇੰਗਲੈਂਡ ਵਿਚੋਂ ਜਿਸ ਪਰਿਵਾਰ ਕੋਲੋਂ ਇਹ ਭਾਰਤ ਲਿਆਂਦੀ ਗਈ ਹੈ, ਉਸ ਨੇ ਵੀ ਆਖ ਦਿੱਤਾ ਹੈ ਕਿ ਉਨ੍ਹਾਂ ਨੇ ਕਦੇ ਦਾਅਵਾ ਨਹੀਂ ਕੀਤਾ ਕਿ ਇਹ ਕਲਗੀ ਗੁਰੂ ਗੋਬਿੰਦ ਸਿੰਘ ਦੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਦੀ ਪੜਤਾਲ ਲਈ ਬਣਾਈ ਗਈ ਕਮੇਟੀ ਦੇ ਮੈਂਬਰ ਤੇ ਸਿੱਖ ਇਤਿਹਾਸਕਾਰ ਸੁਖਦਿਆਲ ਸਿੰਘ ਨੇ ਵੀ ਕਿਹਾ ਹੈ ਕਿ ਇਹ ਕਲਗੀ ਸੌ ਫੀਸਦੀ ਨਕਲੀ ਹੈ ਅਤੇ ਇਸ ਨੂੰ ਲਿਆਉਣ ਵਾਲੇ ਵੀ ਜਾਅਲੀ ਵਿਅਕਤੀ ਹਨ। ਇਹੋ ਜਿਹੇ ਹੀ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਕਲਗੀ ਦੀ ਪਰਖ ਲਈ ਗਠਤ ਕੀਤੀ ਗਈ ਵਿਦਵਾਨਾਂ ਦੀ ਕਮੇਟੀ ਦੇ ਮੈਂਬਰ ਅਤੇ ਸਾਬਕਾ ਮੁਖੀ ਇਤਿਹਾਸ ਵਿਭਾਗ ਪੰਜਾਬੀ ਯੂਨੀਵਰਸਿਟੀ, ਡਾ. ਸੁਖਦਿਆਲ ਸਿੰਘ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਲੰਘੀ 26 ਜੁਲਾਈ ਨੂੰ ਇਥੇ ਇਕ ਸਾਹਿਤਕ ਸਮਾਗਮ ਵਿਚ ਸ਼ਿਰਕਤ ਕਰਨ ਆਏ ਡਾ. ਸੁਖਦਿਆਲ ਸਿੰਘ ਨੇ ਕਿਹਾ ਕਿ ਕਲਗੀ ਦੇ 100 ਫੀਸਦੀ ਨਕਲੀ ਹੋਣ ਬਾਰੇ ਉਨ੍ਹਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਰਿਪੋਰਟ ਦੇ ਦਿਤੀ ਹੈ, ਇਸ ਰਿਪੋਰਟ 'ਤੇ ਕਾਰਵਾਈ ਸ਼੍ਰੋਮਣੀ ਕਮੇਟੀ ਦਾ ਕੰਮ ਹੈ।

ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਬਾਰੇ ਉਨ੍ਹਾਂ ਦੇ ਸਮਕਾਲੀ ਕਵੀ ਸੈਨਾਪਤੀ ਦੀ ਲਿਖਤ ਵਿਚ ਦੋ ਵਾਰ ਜਿਸ ਕਲਗੀ ਦਾ ਜ਼ਿਕਰ ਆਉਂਦਾ ਹੈ, ਉਸ ਅਨੁਸਾਰ ਇਹ ਕਲਗੀ ਸੋਨੇ ਦੀ ਹੈ ਅਤੇ ਹੀਰੇ ਮੋਤੀਆਂ ਨਾਲ ਜੜੀ ਹੋਈ ਹੈ, ਪਰ ਭਾਰਤ ਲਿਆਂਦੀ ਗਈ ਕਲਗੀ ਕਿਸੇ ਪੱਖੋਂ ਵੀ ਉਸ ਨਾਲ ਮੇਲ ਨਹੀਂ ਖਾਂਦੀ। ਉਨ੍ਹਾਂ ਕਿਹਾ ਕਿ ਕਵੀ ਸੈਨਾਪਤੀ ਇਕ ਥਾਂ ਗੁਰੂ ਗੋਬਿੰਦ ਸਿੰਘ ਦੀ ਸਮੁੱਚੀ ਪੁਸ਼ਾਕ ਦਾ ਜ਼ਿਕਰ ਕਰਦਿਆਂ ਸਿਰ 'ਤੇ ਕਲਗੀ ਪਹਿਨੇ ਹੋਣ ਅਤੇ ਕਲਗੀ ਦੇ ਸਰੂਪ ਦਾ ਜ਼ਿਕਰ ਕਰਦਾ ਹੈ ਅਤੇ ਦੂਸਰੀ ਥਾਂ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਬਹਾਦਰ ਸ਼ਾਹ ਦੀ ਤਾਜਪੋਸ਼ੀ ਸਮੇਂ ਗੁਰੂ ਗੋਬਿੰਦ ਸਿੰਘ ਨੂੰ ਬਾਦਸ਼ਾਹ ਵਲੋਂ ਨਜ਼ਰਾਨੇ ਵਜੋਂ ਦਿਤੀ ਗਈ ਕਲਗੀ ਦਾ ਜ਼ਿਕਰ ਹੈ, ਜੋ ਸੋਨੇ ਦੀ ਅਤੇ ਹੀਰੇ ਮੋਤੀਆਂ ਨਾਲ ਜੜੀ ਹੋਈ ਬੇਸ਼ਕੀਮਤੀ ਕਲਗੀ ਹੈ। ਉਨ੍ਹਾਂ ਪੂਰੇ ਦਾਅਵੇ ਨਾਲ ਕਿਹਾ ਕਿ ਇਹ ਕਲਗੀ ਕਦਾਚਿਤ ਗੁਰੂ ਗੋਬਿੰਦ ਸਿੰਘ ਦੀ ਕਲਗੀ ਨਹੀਂ ਹੋ ਸਕਦੀ।

ਇਸ ਦੌਰਾਨ ਕਲਗੀ ਨੂੰ ਭਾਰਤ ਲਿਆਉਣ ਵਾਲੇ ਕਮਲਜੀਤ ਸਿੰਘ ਬੋਪਾਰਾਏ ਨੇ ਇਕ ਵਾਰ ਫਿਰ ਤੋਂ ਦੁਹਰਾਇਆ ਹੈ ਕਿ ਜਿਹੜੀ ਕਲਗੀ ਉਹ ਲੈ ਕੇ ਆਏ ਹਨ, ਉਹ ਪੂਰੀ ਤਰ੍ਹਾਂ ਅਸਲੀ ਹੈ ਤੇ ਗੁਰੂ ਸਾਹਿਬ ਆਪਣੇ ਜੀਵਨ ਕਾਲ ਵਿਚ ਇਸ ਕਲਗੀ ਦਾ ਇਸਤੇਮਾਲ ਵੀ ਕਰਦੇ ਰਹੇ ਹਨ। ਇਕ ਗੱਲਬਾਤ ਦੌਰਾਨ ਸ. ਬੋਪਾਰਾਏ ਨੇ ਕਿਹਾ ਕਿ ਜਿਸ ਪਰਿਵਾਰ ਤੋਂ ਉਹ ਕਲਗੀ ਲੈ ਕੇ ਆਏ ਹਨ, ਜੇ ਅੱਜ ਉਹ ਇਹ ਕਹਿ ਰਿਹਾ ਹੈ ਕਿ ਉਨ੍ਹਾਂ ਨੇ ਕਦੇ ਦਾਅਵਾ ਨਹੀਂ ਕੀਤਾ ਕਿ ਕਲਗੀ ਗੁਰੂ ਸਾਹਿਬ ਦੀ ਹੈ, ਤਾਂ ਉਹ ਕੋਰਾ ਝੂਠ ਬੋਲ ਰਿਹਾ ਹੈ। ਯਾਦ ਰਹੇ ਇੰਗਲੈਂਡ ਦੇ ਉਸ ਪਰਿਵਾਰ ਨੇ ਵੀ ਆਖ ਦਿੱਤਾ ਹੈ ਕਿ ਇਸ ਕਲਗੀ ਦੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਹੋਣ ਦਾ ਕਦੀ ਦਾਅਵਾ ਨਹੀਂ ਕੀਤਾ, ਜਿਸ ਕੋਲੋਂ ਸ. ਕਮਲਜੀਤ ਸਿੰਘ ਬੋਪਾਰਾਏ ਇਸ ਨੂੰ ਭਾਰਤ ਲੈ ਕੇ ਆਏ ਹਨ। ਸ. ਕਮਲਜੀਤ ਸਿੰਘ ਬੋਪਾਰਾਏ ਨੇ ਇਸ ਦੇ ਬਾਵਜੂਦ ਵੀ ਦਾਅਵਾ ਕੀਤਾ ਹੈ ਕਿ ਇਹ ਕਲਗੀ ਅਸਲੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਹੈ। ਸ. ਬੋਪਾਰਾਏ ਨੇ ਦੱਸਿਆ ਕਿ ਇੰਗਲੈਂਡ ਦੇ ਚੰਨ ਸੰਧੂ ਪਰਿਵਾਰ ਨੇ ਖੁਦ 15 ਨੁਮਾਇਸ਼ਾਂ ਲਾ ਕੇ ਇਸ ਕਲਗੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਕਲਗੀ ਦੱਸ ਕੇ ਸਿੱਖ ਭਾਵਨਾਵਾਂ ਨੂੰ ਕੈਸ਼ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਭ ਤੋਂ ਪਹਿਲੀ ਨੁਮਾਇਸ਼ 3 ਜੁਲਾਈ 1999 ਨੂੰ ਸ੍ਰੀ ਚੰਨ ਸੰਧੂ ਨੇ ਲੰਦਨ ਤੋਂ 230 ਮੀਲ ਦੂਰ ਹੈਲੀਫੈਕਸੀ ਸ਼ਹਿਰ 'ਚ ਲਗਾਈ ਸੀ, ਜਿਥੇ ਉਥੋਂ ਦੇ ਮੇਅਰ ਉਚੇਚੇ ਤੌਰ 'ਤੇ ਹਾਜ਼ਰ ਹੋਏ ਸਨ। ਸ. ਬੋਪਾਰਾਏ ਨੇ ਕਿਹਾ ਕਿ 111 ਸਾਲ ਤੋਂ ਇਹ ਕਲਗੀ ਬ੍ਰਿਟਿਸ਼ ਅਜਾਇਬ ਘਰ 'ਚ ਨਹੀਂ ਸੀ।

ਉਨ੍ਹਾਂ ਕਿਹਾ ਵਿਦੇਸ਼ ਵਿਚ ਅਨੇਕਾਂ ਥਾਵਾਂ 'ਤੇ ਸ੍ਰੀ ਚੰਨ ਸੰਧੂ ਨੇ ਕਲਗੀ ਦੀ ਨੁਮਾਇਸ਼ ਲਾ ਕੇ ਪੈਸਾ ਇਕੱਠਾ ਕੀਤਾ ਹੈ। ਸ. ਬੋਪਾਰਾਏ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਮਨਸ਼ਾ ਨਾ ਤਾਂ ਪੈਸਾ ਇਕੱਠਾ ਕਰਨ ਦੀ ਹੈ ਨਾ ਹੀ ਸੰਸਾਰਕ ਸ਼ੋਭਾ ਲੈਣ ਦੀ। ਉਨ੍ਹਾਂ ਕਿਹਾ ਕਿ ਨਾ ਹੀ ਉਨ੍ਹਾਂ ਨੇ ਪੰਥ 'ਚ ਕੋਈ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਹੋਰ ਮਿਸਾਲ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੀਆਂ ਪੁਰਾਣੀਆਂ ਪੇਟਿੰਗਾਂ ਵਿਚ ਵੀ ਇਹੀ ਕਲਗੀ ਨਜ਼ਰ ਆਉਂਦੀ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਸ. ਬੋਪਾਰਾਏ ਦੇ ਦਾਅਵਿਆਂ ਨੂੰ ਮੁੱਢੋਂ ਹੀ ਖ਼ਾਰਜ ਕਰਦਿਆਂ ਕਿਹਾ ਕਿ ਉਹ ਬੋਪਾਰਾਏ ਦੇ ਦਾਅਵਿਆਂ ਤੋਂ ਸੰਤੁਸ਼ਟ ਨਹੀਂ ਹਨ। ਉਨ੍ਹਾਂ ਕਿਹਾ ਕਿ ਮਾਹਿਰਾਂ ਦੀ ਕਮੇਟੀ ਦੀ ਰਾਏ ਤੋਂ ਬਗੈਰ ਉਹ ਕਿਸੇ ਦੇ ਦਾਅਵੇ 'ਤੇ ਯਕੀਨ ਨਹੀਂ ਕਰਦੇ। ਸ. ਮੱਕੜ ਨੇ ਕਿਹਾ ਕਿ ਕਲਗੀ ਬਾਰੇ ਸੰਗਤ ਵਿਚ ਵੀ ਕੋਈ ਉਤਸ਼ਾਹ ਨਹੀਂ। ਉਨ੍ਹਾਂ ਕਿਹਾ ਕਿ ਜੇ ਇਤਿਹਾਸਕਾਰ ਵੀ ਕਿਸੇ ਸਿੱਟੇ 'ਤੇ ਨਾ ਪਹੁੰਚ ਸਕੇ ਤਾਂ ਫਿਰ ਅਖ਼ੀਰ ਵਿਚ 'ਸੀ-14' ਟੈਸਟ ਕਰਵਾਉਣ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

ਸ. ਅਵਤਾਰ ਸਿੰਘ ਮੱਕੜ ਦੇ ਨੇੜਲੇ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਇੰਗਲੈਂਡ ਫੇਰੀ ਦੌਰਾਨ ਸ. ਮੱਕੜ ਇੰਗਲੈਂਡ ਵਿਖੇ ਉਸ ਵਿਅਕਤੀ ਦੇ ਘਰ ਵੀ ਗਏ, ਜਿਸ ਕੋਲੋਂ 'ਗੁਰੂ ਗੋਬਿੰਦ ਸਿੰਘ' ਜੀ ਦੀ ਵਿਵਾਦਗ੍ਰਸਤ ਕਲਗੀ ਲੈ ਕੇ ਕਮਲਜੀਤ ਸਿੰਘ ਬੋਪਾਰਾਏ ਅੰਮ੍ਰਿਤਸਰ ਪੁੱਜੇ ਸਨ। ਸ. ਮੱਕੜ ਦੇ ਕਰੀਬੀਆਂ ਅਨੁਸਾਰ ਜਿਸ ਪਰਿਵਾਰ ਕੋਲੋਂ ਕਮਲਜੀਤ ਸਿੰਘ ਬੋਪਾਰਾਏ ਇਹ ਵਿਵਾਦਗ੍ਰਸਤ ਕਲਗੀ ਲੈ ਕੇ ਆਏ ਹਨ, ਉਸ ਪਰਿਵਾਰ ਨੇ ਮੱਕੜ ਨੂੰ ਵੀ ਦੱਸਿਆ ਕਿ ਉਨ੍ਹਾਂ ਕਦੇ ਵੀ ਇਹ ਦਾਅਵਾ ਨਹੀਂ ਸੀ ਕੀਤਾ ਕਿ ਇਹ ਕਲਗੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ।

ਉਨ੍ਹਾਂ ਸ. ਮੱਕੜ ਨੂੰ ਦੱਸਿਆ ਕਿ ਸ. ਬੋਪਾਰਾਏ ਪਿਛਲੇ ਕਾਫੀ ਸਮੇਂ ਤੋਂ ਉਨ੍ਹਾਂ ਦੇ ਪਰਿਵਾਰ ਨਾਲ ਸੰਪਰਕ ਬਣਾ ਰਹੇ ਸਨ ਤੇ ਉਹ ਚਾਹੁੰਦੇ ਸਨ ਕਿ ਪਰਿਵਾਰ ਇਹ ਕਲਗੀ ਉਨ੍ਹਾਂ ਨੂੰ ਸੌਂਪ ਦੇਵੇ ਤਾਂ ਕਿ ਉਹ ਇਸ ਕਲਗੀ ਨੂੰ ਗੁਰੂ ਸਾਹਿਬ ਦੀ ਕਲਗੀ ਵਜੋਂ ਪੇਸ਼ ਕਰ ਕੇ ਸਿੱਖ ਭਾਵਨਾਵਾਂ ਨੂੰ ਕੈਸ਼ ਕਰ ਸਕਣ। ਉਨ੍ਹਾਂ ਕਿਹਾ ਕਿ ਜੇ ਲੋੜ ਪਈ ਤਾਂ ਉਹ ਕਲਗੀ ਸਬੰਧੀ ਬਣਾਈ ਕਮੇਟੀ ਦੇ ਮੈਂਬਰਾਂ ਨੂੰ ਇੰਗਲੈਂਡ ਭੇਜਣਗੇ ਤਾਂ ਕਿ ਕਲਗੀ ਸਬੰਧੀ ਸੱਚ ਸਾਹਮਣੇ ਲਿਆਂਦਾ ਜਾ ਸਕੇ।

# ਹਰਿਆਣਾ ਦੇ ਮੁੱਖ ਮੰਤਰੀ ਵਲੋਂ ਅਸੈਂਬਲੀ ਚੋਣਾਂ ਸਮੇਂ ਤੋਂ ਪਹਿਲਾਂ ਕਰਵਾਉਣ ਦੇ ਸੰਕੇਤ

**ਚੰਡੀਗੜ੍ਹ :** ਹਰਿਆਣਾ ਵਿਚ ਸਮੇਂ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਕਰਵਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਦੇ ਮੈਂਬਰ ਸ੍ਰੀ ਕੁਰੈਸ਼ੀ ਵਲੋਂ ਹਰਿਆਣਾ ਦੇ ਚੋਣ ਅਫ਼ਸਰਾਂ ਨਾਲ ਮੁਲਾਕਾਤ ਤੋਂ ਬਾਅਦ ਹਰਿਆਣਾ ਰਾਜ ਚੋਣ ਕਮਿਸ਼ਨ ਨੇ ਬਿਜਲਈ ਮਤਦਾਨ ਮਸ਼ੀਨਾਂ (ਈ.ਵੀ.ਐਮ.) ਦੀ ਰਿਪੋਰਟ ਮੰਗ ਕੇ ਮਸ਼ੀਨਾਂ ਨੂੰ ਤੁਰੰਤ ਕਮਿਸ਼ਨ ਦੇ ਦਫ਼ਤਰ ਵਿਚ ਜਮ੍ਹਾਂ ਕਰਵਾਉਣ ਲਈ ਆਖ ਦਿਤਾ ਹੈ।

ਸੰਕੇਤ ਮਿਲੇ ਹਨ ਕਿ ਚੋਣ ਕਮਿਸ਼ਨ ਹਰਿਆਣਾ ਦੀਆਂ ਚੋਣਾਂ ਕਰਵਾਉਣ ਲਈ ਵੀ ਮਹਾਰਾਸ਼ਟਰ ਅਸੈਂਬਲੀ ਚੋਣਾਂ ਦੇ ਨਾਲ ਹੀ ਅਕਤੂਬਰ ਮਹੀਨੇ ਦੇ ਦੂਜੇ ਹਫ਼ਤੇ ਲਈ ਤਿਆਰ ਹੋ ਗਿਆ ਹੈ, ਜਦਕਿ ਕਾਂਗਰਸ ਹਾਈਕਮਾਨ ਨੇ ਹਰਿਆਣਾ ਸਰਕਾਰ ਨੂੰ ਪੇਸ਼ਗੀ ਚੋਣਾਂ ਲਈ ਹਰੀ ਝੰਡੀ ਦੇ ਦਿਤੀ ਹੈ।

ਉਂਜ ਤਾਂ ਸੰਸਦੀ ਚੋਣਾਂ ਵਿਚ ਹਰਿਆਣਾ ਵਿਚ ਕਾਂਗਰਸ ਵਲੋਂ ਕੁਲ 10 ਸੀਟਾਂ ਵਿਚੋਂ 9 ਸੀਟਾਂ ਲੈ ਕੇ ਚੰਗਾ ਪ੍ਰਦਰਸ਼ਨ ਕਰਨ ਤੋਂ ਬਾਅਦ ਹੀ ਸਿਆਸੀ ਖੇਤਰਾਂ ਵਿਚ ਕਿਆਸਅਰਾਈਆਂ ਚੱਲ ਪਈਆਂ ਸਨ ਕਿ ਕਾਂਗਰਸ ਦੇ ਹੱਕ ਵਿਚ ਚੰਗਾ ਮਾਹੌਲ ਵੇਖਦਿਆਂ ਸਰਕਾਰ ਛੇਤੀ ਚੋਣਾਂ ਲਈ ਕਹਿ ਸਕਦੀ ਹੈ।

ਪਿਛਲੇ ਦਿਨੀਂ ਚੰਡੀਗੜ੍ਹ ਦੇ ਪ੍ਰੈੱਸ ਕਲੱਬ ਵਿਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਇਹ ਕਹਿ ਕੇ ਛੇਤੀ ਚੋਣਾਂ ਦਾ ਸੰਕੇਤ ਦਿਤਾ ਸੀ ਕਿ ਉਨ੍ਹਾਂ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦਿਆਂ ਤੋਂ ਕਿਤੇ ਜ਼ਿਆਦਾ ਵਾਅਦੇ ਪੂਰੇ ਕਰ ਦਿਤੇ ਹਨ। ਇਸ ਤੋਂ ਬਾਅਦ ਬੀਤੀ 17 ਜੁਲਾਈ ਨੂੰ ਭਾਰਤ ਦੇ ਚੋਣ ਕਮਿਸ਼ਨਰ ਸ੍ਰੀ ਐਸ.ਵਾਈ. ਕੁਰੈਸ਼ੀ ਦੀ ਹਰਿਆਣਾ ਦੇ ਚੋਣ ਅਫ਼ਸਰਾਂ ਨਾਲ ਮੀਟਿੰਗ ਅਤੇ ਇਨੈਲੋ ਵਲੋਂ ਬਿਜਲਈ ਮਤਦਾਨ ਮਸ਼ੀਨਾਂ ਬਾਰੇ ਖ਼ਦਸ਼ਿਆਂ ਬਾਰੇ ਸਪੱਸ਼ਟ ਕਰਨਾ ਵੀ ਸੰਕੇਤ ਹੀ



ਭੁਪਿੰਦਰ ਸਿੰਘ ਹੁੱਡਾ

ਸੀ ਕਿ ਹਰਿਆਣਾ ਵਿਚ ਚੋਣਾਂ ਨੇੜੇ ਆ ਰਹੀਆਂ ਹਨ। ਇਸ ਨੂੰ ਇਤਫਾਕ ਕਿਹਾ ਜਾ ਸਕਦਾ ਹੈ ਜਾਂ ਸਰਕਾਰ ਦੀ ਤਿਆਰੀ ਕਿ ਹਰਿਆਣਾ ਸਰਕਾਰ ਨੇ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਵੀ 31 ਜੁਲਾਈ ਨੂੰ ਸੱਦ ਲਿਆ ਹੈ। ਹਰਿਆਣਾ ਦੀ ਵਰਤਮਾਨ ਹੁੱਡਾ ਸਰਕਾਰ ਦਾ ਪੰਜ ਸਾਲ ਦਾ ਕਾਰਜਕਾਲ ਫਰਵਰੀ, 2010 ਨੂੰ ਖ਼ਤਮ ਹੋਣਾ ਹੈ। ਫਿਲਹਾਲ ਹਰਿਆਣਾ ਅਸੈਂਬਲੀ ਵਿਚ ਕੁਲ 90 ਵਿਧਾਇਕਾਂ ਵਿਚੋਂ ਹਰਿਆਣਾ ਦੇ 64 ਵਿਧਾਇਕ ਹਨ। ਹਰਿਆਣਾ ਸਰਕਾਰ ਦੀਆਂ ਪ੍ਰਾਪਤੀਆਂ ਸਦਕਾ ਹੀ ਸੰਸਦੀ ਚੋਣਾਂ ਵਿਚ ਲੋਕਾਂ ਨੇ ਕਾਂਗਰਸ ਦੇ 9 ਐਮ.ਪੀ. ਜਿਤਾ ਕੇ ਮੁੱਖ ਮੰਤਰੀ ਹੁੱਡਾ ਦੀਆਂ ਨੀਤੀਆਂ 'ਤੇ ਮੋਹਰ ਲਾਈ ਹੈ। ਫਿਲਹਾਲ ਸੂਬੇ ਵਿਚ ਕਾਂਗਰਸ ਨੂੰ ਛੱਡ ਕੇ ਬਾਕੀ ਸਿਆਸੀ ਪਾਰਟੀਆਂ ਇਨੈਲੋ, ਭਾਜਪਾ, ਬਸਪਾ, ਹਰਿਆਣਾ ਜਨਹਿਤ ਕਾਂਗਰਸ ਵਿਚ ਅਸਥਿਰਤਾ ਦੀ ਸਥਿਤੀ ਹੈ। ਇਨੈਲੋ ਦੇ ਥੰਮ੍ਹ ਕਹੇ ਜਾਂਦੇ ਆਗੂ ਉਸ ਨੂੰ ਛੱਡ ਗਏ ਹਨ। ਦੋ ਵਿਧਾਇਕਾਂ ਵਾਲੀ ਭਾਜਪਾ ਵਿਚੋਂ ਇਕ ਵਿਧਾਇਕ ਨੂੰ ਬਗ਼ਾਵਤ ਕਾਰਨ ਪਾਰਟੀ ਵਿਚੋਂ ਕੱਢ ਦਿਤਾ ਗਿਆ ਹੈ।

ਕੁਲ ਮਿਲਾ ਕੇ ਕਾਂਗਰਸ ਨੂੰ ਸਿਆਸੀ ਤੌਰ 'ਤੇ ਕੋਈ ਤਕੜੀ ਚੁਣੌਤੀ ਨਜ਼ਰ ਨਹੀਂ ਆ ਰਹੀ। ਸੂਤਰ ਦੱਸਦੇ ਹਨ ਕਿ ਸਮੇਂ ਤੋਂ ਪਹਿਲਾਂ ਅਸੈਂਬਲੀ ਚੋਣਾਂ ਕਰਵਾਉਣ ਲਈ ਕਾਂਗਰਸ ਹਾਈ ਕਮਾਨ ਨੇ ਵੀ ਹਰੀ ਝੰਡੀ ਦੇ ਦਿਤੀ ਹੈ ਤੇ ਕਾਂਗਰਸ ਨੇ ਤਾਂ ਟਿਕਟਾਂ ਦੀ ਵੰਡ ਲਈ ਤਿੰਨ ਅਹੁਦੇਦਾਰ ਵੀ ਨਿਯੁਕਤ ਕਰ ਦਿਤੇ ਹਨ।

ਸਮੇਂ ਤੋਂ ਪਹਿਲਾਂ ਚੋਣਾਂ ਹੋਣ ਦੀ ਸੰਭਾਵਨਾ ਨੂੰ ਵੇਖਦਿਆਂ ਇਨੈਲੋ ਅਤੇ ਉਸ ਦੇ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਨੇ ਜਨ ਜਾਗਰਣ ਮੁਹਿੰਮ ਤਹਿਤ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿਤੀਆਂ ਹਨ, ਜਦਕਿ ਜਨਹਿਤ ਕਾਂਗਰਸ ਅਤੇ ਬਸਪਾ ਗਠਜੋੜ ਨੇ ਟਿਕਟਾਂ ਦੀ ਵੰਡ ਲਈ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ।

ਦੂਜੇ ਪਾਸੇ ਚੋਣ ਕਮਿਸ਼ਨ ਨੇ ਵੀ ਹਰਿਆਣਾ ਵਿਚ ਚੋਣ ਪ੍ਰਕਿਰਿਆ ਸ਼ੁਰੂ ਕਰ ਦਿਤੀ ਹੈ ਅਤੇ ਇਸੇ ਤਹਿਤ ਹੀ ਰਾਜ ਚੋਣ ਅਫ਼ਸਰ ਨੇ ਵੋਟਿੰਗ ਮਸ਼ੀਨਾਂ ਬਾਰੇ ਰਿਪੋਰਟ ਮੰਗ ਲਈ ਹੈ ਅਤੇ ਮਸ਼ੀਨਾਂ ਨੂੰ ਤੁਰੰਤ ਕਮਿਸ਼ਨ ਦੇ ਦਫ਼ਤਰ ਵਿਚ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ ਤਾਂ ਕਿ ਮਸ਼ੀਨਾਂ ਦੀ ਜਾਂਚ-ਪੜਤਾਲ ਕੀਤੀ ਜਾ ਸਕੇ। ਇਸ ਦੇ ਨਾਲ ਹੀ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਨੂੰ ਦਰੁਸਤ ਕਰਨ ਲਈ ਕਿਹਾ ਹੈ ਅਤੇ ਉਨ੍ਹਾਂ ਵਿਚ ਸੋਧਾਂ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਘਰ-ਘਰ ਪਹੁੰਚ ਕਰ ਕੇ ਵੋਟਾਂ ਬਣਾਉਣ ਦਾ ਕੰਮ ਜ਼ੋਰ ਫੜ ਰਿਹਾ ਹੈ।

ਹਫਤੇ ਦੌਰਾਨ ਹੀ ਹਰ ਬੂਥ 'ਤੇ ਅਫ਼ਸਰਾਂ ਦੀਆਂ ਨਿਯੁਕਤੀਆਂ ਲਗਭਗ ਕਰ ਦਿਤੀਆਂ ਗਈਆਂ ਹਨ ਅਤੇ ਵੋਟਰ ਕਾਰਡ ਦਾ ਕੰਮ ਵੀ 23 ਜੁਲਾਈ ਤੋਂ ਸ਼ੁਰੂ ਕਰ ਦਿਤਾ ਗਿਆ ਹੈ। ਚੇਤੇ ਰਹੇ ਕਿ ਇਹ ਹਰਿਆਣਾ ਦੀਆਂ ਅਸੈਂਬਲੀ ਚੋਣਾਂ ਨਵੀਂ ਹਲਕਾਬੰਦੀ ਅਨੁਸਾਰ ਹੀ ਹੋਣਗੀਆਂ।

## ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਸੀਟਾਂ ਉਤੇ ਚੋਣ ਲੜਾਂਗੇ-ਬਿੱਟੂ

**ਖੰਨਾ :** ਗੁਰਦੁਆਰਿਆਂ ਵਿਚ ਸੁਧਾਰ ਲਿਆਉਣ, ਪਤਿਤਪੁਣੇ ਨੂੰ ਠੱਲ੍ਹ ਪਾਉਣ ਅਤੇ ਸਿੱਖ ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਨੂੰ ਰੋਕ ਕੇ ਉਨ੍ਹਾਂ ਨੂੰ ਆਪਣੇ ਇਤਿਹਾਸਕ ਗੌਰਵਮਈ ਵਿਰਸੇ ਨਾਲ ਜੋੜਨ ਲਈ ਸਿੱਖ ਕੌਮ ਨੂੰ ਲਾਮਬੰਦ ਹੋਣ ਦੀ ਲੋੜ ਹੈ। ਇਹ ਗੱਲ ਪਿੰਡ ਈਸੜੂ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੰਚ ਪ੍ਰਧਾਨੀ ਦੀ ਹੋਈ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਭਾਈ ਦਲਜੀਤ ਸਿੰਘ ਬਿੱਟੂ ਨੇ ਕਹੀ।

ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਅਤੇ ਇਸ ਸਬੰਧੀ ਹਰ ਸਰਕਲ ਵਿਚ ਮੀਟਿੰਗਾਂ ਕਰਕੇ ਡਿਊਟੀਆਂ ਲਾਈਆਂ ਜਾ ਰਹੀਆਂ ਹਨ।

ਮੀਟਿੰਗ ਵਿਚ ਭਾਜਪਾ ਵਰਕਰਾਂ ਵਲੋਂ ਦੋਰਾਹੇ ਦੇ ਸਿੱਧੂ ਹਸਪਤਾਲ ਵਿਚ ਇਕ ਮਰੀਜ਼ ਦੀ ਮੌਤ ਉਪਰੰਤ ਡਾ. ਗੁਰਦੀਪ ਸਿੰਘ ਸਿੱਧੂ ਅਤੇ ਹੋਰ ਸਟਾਫ ਦੀ ਕੁੱਟਮਾਰ ਤੋਂ ਇਲਾਵਾ ਹਸਪਤਾਲ ਦੀ ਵੱਡੀ ਪੱਧਰ 'ਤੇ ਕੀਤੀ ਭੰਨਤੋੜ ਦੀ ਸਖ਼ਤ ਨਿਖੇਧੀ ਕੀਤੀ ਗਈ। ਮੀਟਿੰਗ ਵਿਚ ਮੰਗ ਕੀਤੀ ਗਈ ਕਿ ਡਾਕਟਰ ਵਿਰੁਧ ਦਰਜ ਕੇਸ ਵਾਪਸ ਲਿਆ ਜਾਵੇ ਅਤੇ ਹਮਲਾਵਰ ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ।

# ਚਾਂਦ ਫਿਰ ਬਿਸ਼ਨੋਈਆਂ ਦੇ ਵਿਹੜੇ, ਫਿਜ਼ਾ ਭੜਕੀ

**ਹਿਸਾਰ :** ਹਰਿਆਣਾ ਦੇ ਸਾਬਕਾ ਉਪ ਮੁੱਖ ਮੰਤਰੀ ਚੰਦਰ ਮੋਹਨ ਉਰਫ ਚਾਂਦ ਮੁਹੰਮਦ ਨੇ ਫਿਜ਼ਾ ਨਾਲੋਂ ਮੁੜ ਰਿਸ਼ਤਾ ਤੋੜ ਲੈਣ ਦੀ ਗੱਲ ਕਰਦਿਆਂ ਕਿਹਾ ਕਿ ਉਹ ਦੁਬਾਰਾ ਹਿੰਦੂ ਧਰਮ ਅਪਣਾਉਣਾ ਚਾਹੁੰਦਾ ਹੈ। ਸੋਮਵਾਰ ਚਾਂਦ ਮੁਹੰਮਦ ਨੇ ਇਥੇ ਕਿਹਾ ਕਿ ਹੁਣ ਤਕ ਜੋ ਕੁਝ ਹੋਇਆ ਸੋ ਹੋਇਆ, ਅੱਗੋਂ ਹੋਰ ਕੁਝ ਨਹੀਂ ਹੋਵੇਗਾ। ਉਸਨੇ ਕਿਹਾ ਕਿ ਮੈਂ ਆਪਣੀ ਮਾਂ ਨੂੰ ਦੁਖੀ ਨਹੀਂ ਕਰ ਸਕਦਾ। ਉਸਨੇ ਨਾਰਾਜ਼ਗੀ ਪ੍ਰਗਟਾਉਂਦਿਆਂ ਕਿਹਾ ਕਿ ਫਿਜ਼ਾ ਨੇ ਇਕ ਵਾਰ ਵੀ ਮੇਰਾ ਹਾਲਚਾਲ ਨਹੀਂ ਪੁੱਛਿਆ।

ਚੰਦਰ ਮੋਹਨ ਉਰਫ ਚਾਂਦ ਮੁਹੰਮਦ ਲੰਘੇ ਐਤਵਾਰ ਨੂੰ ਦਿੱਲੀ ਦੇ ਅਪੋਲੋ ਹਸਪਤਾਲ 'ਚੋਂ ਇਲਾਜ ਤੋਂ ਬਾਅਦ ਆਪਣੀ ਮਾਂ ਜਸਮਾਦੇਵੀ ਨਾਲ ਹਿਸਾਰ ਪਰਤਿਆ ਹੈ। ਕਿਹਾ ਜਾ ਰਿਹਾ ਕਿ ਅਜੇ ਉਹ ਇਥੋਂ ਦੇ ਇਕ ਹਸਪਤਾਲ ਵਿਚ ਦਾਖਲ ਹੈ। ਫਿਜ਼ਾ ਕਾਂਡ ਵਿਚ ਹੁਣ ਤਕ ਵਾਪਰੀਆਂ ਘਟਨਾਵਾਂ ਬਾਰੇ ਪੁੱਛੇ ਜਾਣ 'ਤੇ ਚੰਦਰ ਮੋਹਨ ਨੇ ਕਿਹਾ ਕਿ ਜੋ ਕੁਝ ਹੋਇਆ ਉਸ ਲਈ ਉਸਨੇ ਬਿਸ਼ਨੋਈ ਅਤੇ ਇਸਲਾਮ ਧਰਮ ਨੂੰ ਮੁਆਫੀਨਾਮਾ ਭੇਜ ਦਿੱਤਾ ਹੈ। ਆਪਣੀ ਪਹਿਲੀ ਪਤਨੀ ਸੀਮਾ ਨੂੰ ਵੀ ਮੁਆਫੀਨਾਮਾ ਭੇਜਿਆ ਸੀ ਪਰ ਉਸਨੇ ਅਜੇ ਤਕ ਮੁਆਫ ਨਹੀਂ ਕੀਤਾ ਹੈ। ਚੰਦਰ ਮੋਹਨ ਨੇ ਕਿਹਾ ਕਿ ਮੈਂ ਸ਼ਰਾਬ ਪੀਣੀ ਵੀ ਛੱਡ ਦਿਤੀ ਹੈ।

ਉਧਰ ਬੀਬੀ ਫਿਜ਼ਾ ਨੇ ਤੁਰੰਤ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਚਾਂਦ ਮੁਹੰਮਦ ਦਾ ਦਿਮਾਗ ਖਰਾਬ ਹੋ ਗਿਆ ਹੈ। ਇਸ ਲਈ ਉਸਨੂੰ ਪਹਿਲਾਂ ਆਪਣੇ ਦਿਮਾਗ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਿਜ਼ਾ ਨੇ ਕਿਹਾ ਕਿ ਚੌਧਰੀ ਭਜਨ ਲਾਲ, ਉਸਦੀ ਪਤਨੀ ਤੇ ਉਸ ਦਾ ਪੁੱਤਰ ਪਹਿਲਾਂ ਡੰਕੇ ਦੀ ਚੋਟ 'ਤੇ ਇਹ ਕਿਹਾ ਕਰਦੇ ਸਨ ਕਿ ਚਾਂਦ ਮੁਹੰਮਦ ਨੂੰ ਕਿਸੇ ਵੀ ਹਾਲਤ ਵਿਚ ਬਿਸ਼ਨੋਈ ਸਮਾਜ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ ਤੇ ਉਸਨੂੰ ਬੇਦਖਲ ਕੀਤਾ ਹੋਇਆ ਹੈ ਪਰ ਹੁਣ ਸਾਰੇ ਹੀ ਉਸਨੂੰ ਵਾਪਸ ਲਿਆਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਚੌਧਰੀ ਭਜਨ ਲਾਲ ਨੂੰ ਵੀ ਇਕ ਵਾਰ ਦਿਮਾਗ ਦਾ ਦੌਰਾ ਪੈ ਚੁੱਕਾ ਹੈ ਤੇ ਉਸਦੀ ਪਤਨੀ ਦਾ ਵੀ ਦਿਮਾਗ ਦਾ ਆਪਰੇਸ਼ਨ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਹੁਣ ਚਾਂਦ ਮੁਹੰਮਦ ਦੇ ਬਿਆਨ ਤੋਂ ਇਹ ਜਾਪਦਾ ਹੈ ਕਿ ਉਸਦਾ ਵੀ ਦਿਮਾਗ ਸਹੀ ਨਹੀਂ ਹੈ। ਉਸਨੇ ਸਲਾਹ ਦਿੰਦਿਆਂ ਕਿਹਾ ਕਿ ਇਸ ਪਰਿਵਾਰ ਨੂੰ ਚਾਹੀਦਾ ਹੈ ਕਿ ਉਹ ਆਪਣਾ ਡਾਕਟਰ ਬਦਲ ਲੈਣ ਤਾਂ ਜੋ ਇਨ੍ਹਾਂ ਦਾ ਸਹੀ ਇਲਾਜ ਹੋ ਸਕੇ। ਉਨ੍ਹਾਂ ਕਿਹਾ ਕਿ ਚਾਂਦ ਮੁਹੰਮਦ ਦੇ ਡਰਾਮੇ ਤੋਂ ਉਹ ਤੰਗ ਆ ਚੁੱਕੇ ਹਨ, ਇਸ ਲਈ ਛੇਤੀ ਹੀ ਸਮਾਂ ਆਉਣ 'ਤੇ ਉਹ ਚੰਦਰ ਮੋਹਨ ਉਰਫ ਚਾਂਦ ਮੁਹੰਮਦ ਵਲੋਂ ਆਪਣੇ ਪਰਿਵਾਰ ਬਾਰੇ ਆਖੀਆਂ ਹੋਈਆਂ ਗੱਲਾਂ ਦੀ ਰਿਕਾਰਡਿੰਗ ਸਾਰੀ ਜਨਤਾ ਨੂੰ ਸੁਣਾਉਣਗੇ।

ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਸਾਰੇ ਸਬੂਤ ਪਏ ਹਨ, ਜਿਨ੍ਹਾਂ ਨੂੰ ਸਮਾਂ ਆਉਣ 'ਤੇ ਲੋਕਾਂ ਅੱਗੇ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਉਹ ਰਿਐਲਿਟੀ ਸ਼ੋਅ 'ਇਸ ਜੰਗਲ ਸੇ ਮੁਝੇ ਬਚਾਓ' ਕਰਕੇ ਵਾਪਸ ਪਰਤੇ ਹਨ ਤੇ ਹੁਣ ਉਨ੍ਹਾਂ ਦਾ ਇਹ ਕਹਿਣ ਨੂੰ ਜੀ ਕਰਦਾ ਹੈ ਕਿ 'ਇਸ ਚਾਂਦ ਅਜਗਰ ਸੇ ਮੁਝੇ ਬਚਾਓ'। ਉਨ੍ਹਾਂ ਕਿਹਾ ਕਿ ਚਾਂਦ ਮੁਹੰਮਦ ਕੀ ਦੁੱਧ ਪੀਂਦਾ ਬੱਚਾ ਹੈ, ਜਿਸਨੂੰ ਕੋਈ ਵੀ ਚੁੱਕ ਕੇ ਆਪਣੇ ਨਾਲ ਲੈ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਦੁਨੀਆ 'ਤ੍ਰੀਆ ਚਰਿੱਤਰ' ਬਾਰੇ ਤਾਂ ਸੁਣਦੀ ਆਈ ਹੈ ਤੇ ਉਨ੍ਹਾਂ ਨੇ ਵੀ 'ਤ੍ਰੀਆ ਚਰਿੱਤਰ' ਬਾਰੇ ਸੁਣਿਆ ਹੈ ਪਰ ਇਹ 'ਚਾਂਦ ਚਰਿੱਤਰ' ਦੀ ਅਜੇ ਤੱਕ ਉਨ੍ਹਾਂ ਨੂੰ ਸਮਝ ਨਹੀਂ ਆਈ।

ਇਹ ਪੁੱਛੇ ਜਾਣ 'ਤੇ ਕਿ ਜੇਕਰ ਚਾਂਦ ਮੁਹੰਮਦ ਹੁਣ ਦੁਬਾਰਾ ਉਨ੍ਹਾਂ ਕੋਲ ਮਾਫੀ ਮੰਗਣ ਲਈ ਵਾਪਸ ਆ ਜਾਂਦਾ ਹੈ ਤਾਂ ਉਹ ਕੀ ਕਰਨਗੇ ਤਾਂ ਫਿਜ਼ਾ ਨੇ ਕਿਹਾ ਕਿ ਉਸਨੂੰ ਉਹ ਆਪਣੇ ਘਰ ਪੈਰ ਨਹੀਂ ਰੱਖਣ ਦੇਣਗੇ।

ਰਾਜਨੀਤੀ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਰਾਜਨੀਤੀ ਵਿਚ ਆਉਣ ਦਾ ਪੱਕਾ ਫੈਸਲਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਨਹੀਂ ਹੈ ਕਿ ਰਾਜਨੀਤੀ ਵਿਚ ਸੀਟ ਹਾਸਲ ਕਰਕੇ ਹੀ ਲੋਕਾਂ ਦੀ ਸੇਵਾ ਹੁੰਦੀ ਹੈ, ਬਲਕਿ ਸੇਵਾ ਤਾਂ ਕਿਸੇ ਰੂਪ ਵਿਚ ਵੀ ਰਹਿ ਕੇ ਕੀਤੀ ਜਾ ਸਕਦੀ ਹੈ।

ਆਉਂਦੀਆਂ ਚੋਣਾਂ ਵਿਚ ਚਾਂਦ ਮੁਹੰਮਦ ਦਾ ਮੁਕਾਬਲਾ ਕਰਨ ਸਬੰਧੀ ਪੁੱਛੇ ਗਏ ਪ੍ਰਸ਼ਨ ਦੇ ਉੱਤਰ ਵਿਚ ਫਿਜ਼ਾ ਨੇ ਕਿਹਾ ਕਿ ਉਹ (ਚਾਂਦ) ਇਕ ਪਾਗਲ ਹੈ ਤੇ ਪਾਗਲ 'ਤੇ ਹਮੇਸ਼ਾ ਤਰਸ ਖਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਪਾਗਲ ਦਾ ਸਾਹਮਣਾ ਨਹੀਂ ਕਰੇਗੀ, ਬਲਕਿ ਕਿਸੇ ਹੋਰ ਥਾਂ ਤੋਂ ਚੋਣ ਲੜੇਗੀ। ਇਹ ਪੁੱਛੇ ਜਾਣ 'ਤੇ ਕੀ ਉਹ ਆਪਣੀ ਵੱਖਰੀ ਪਾਰਟੀ ਬਣਾਉਣਗੇ ਜਾਂ ਕਿਸੇ ਖਾਸ ਪਾਰਟੀ ਨਾਲ ਮਿਲਕੇ ਚੋਣ ਲੜਨਗੇ ਤਾਂ ਉਨ੍ਹਾਂ ਕਿਹਾ ਕਿ ਉਹ ਕੁਝ ਵੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪਿਆਰ ਵਿਚ ਉਨ੍ਹਾਂ ਬਹੁਤ ਕੁਝ ਹਾਰਿਆ ਹੈ ਪਰ ਉਹ ਕਿਸੇ ਵੀ ਹਾਲਤ ਵਿਚ ਹਿੰਮਤ ਹਾਰਨ ਵਾਲੇ ਨਹੀਂ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਚਾਂਦ ਮੁਹੰਮਦ ਤੋਂ ਉਨ੍ਹਾਂ ਇਹ ਗੱਲ ਸਿੱਖੀ ਹੈ ਕਿ ਆਪਣੀ ਤਾਸ਼ ਦੇ ਪੱਤੇ ਛੇਤੀ ਨਹੀਂ ਖੋਲ੍ਹਣੇ ਚਾਹੀਦੇ।

## ਆਖਿਰ ਚੰਦਰ ਮੋਹਨ ਬਿਸ਼ਨੋਈ ਧਰਮ 'ਚ ਪਰਤੇ

**ਹਿਸਾਰ:** ਹਰਿਆਣਾ ਦੇ ਸਾਬਕਾ ਉਪ ਮੁੱਖ ਮੰਤਰੀ ਚੰਦਰ ਮੋਹਨ ਮੰਗਲਵਾਰ ਨੂੰ ਆਪਣੀਆਂ ਜੜ੍ਹਾਂ ਵਲ ਪਰਤ ਆਏ ਅਤੇ ਬਿਸ਼ਨੋਈ ਧਰਮ ਨੂੰ ਅਪਨਾ ਲਿਆ। ਉਨ੍ਹਾਂ ਬਿਸ਼ਨੋਈ ਮੰਦਿਰ ਜਾ ਕੇ ਮੱਥਾ ਟੇਕਿਆ ਅਤੇ ਬਿਸ਼ਨੋਈ ਧਰਮ ਗ੍ਰਹਿਣ ਕੀਤਾ। ਬਿਸ਼ਨੋਈ ਦੇ ਸਭ ਤੋਂ ਵੱਡੇ ਧਰਮ ਸਥਾਨ ਮੁਕਾਮ ਤੋਂ ਆਏ ਧਰਮ ਗੁਰੂ ਰਾਮਾਨੰਦ ਨੇ ਉਨ੍ਹਾਂ ਨੂੰ ਬਿਸ਼ਨੋਈ ਧਰਮ ਵਿਚ ਵਾਪਸ ਲਿਆਉਣ ਦੀਆਂ ਰਸਮਾਂ ਪੂਰੀਆਂ ਕੀਤੀਆਂ।

ਧਰਮ ਗੁਰੂ ਰਾਮਾਨੰਦ ਨੇ ਇਸ ਮੌਕੇ ਤੇ ਕਿਹਾ ਕਿ ਬਿਸ਼ਨੋਈ ਸਮਾਜ ਵਿਚ ਪਰਤਣ ਦਾ ਵਿਧਾਨਪੂਰਵਕ ਪ੍ਰਬੰਧ ਹੈ। ਚੰਦਰ ਮੋਹਨ ਨੇ ਧਰਮ ਗੁਰੂਆਂ ਕੋਲ ਅਰਜ਼ੀ ਪੇਸ਼ ਕੀਤੀ ਸੀ ਕਿ ਉਸ ਤੋਂ ਬੀਤੇ ਸਮੇਂ ਦੌਰਾਨ ਭੁੱਲ ਹੋ ਗਈ ਹੈ।

# ਸੀ.ਆਈ.ਡੀ. ਨੇ ਅਣਪਛਾਤੀਆਂ ਲਾਸ਼ਾਂ ਦੀ ਪਛਾਣ ਬਾਰੇ ਚੁੱਪ ਵੱਟੀ

**ਚੰਡੀਗੜ੍ਹ :** ਪੰਜਾਬ ਪੁਲੀਸ ਦੇ ਖੁਫੀਆ ਵਿੰਗ (ਸੀ.ਆਈ.ਡੀ) ਦੀ 'ਭੇਤ ਭਰੀ ਚੁੱਪ' ਕਾਰਨ ਅਣਪਛਾਤੀਆਂ ਲਾਸ਼ਾਂ ਦੀ ਪਛਾਣ ਦਾ ਕੰਮ ਠੰਢਾ ਪੈਂਦਾ ਜਾ ਰਿਹਾ ਹੈ। ਸੀਨੀਅਰ ਆਈ.ਏ.ਐਸ. ਅਧਿਕਾਰੀ ਨਵਰੀਤ ਸਿੰਘ ਕੰਗ ਦੀ ਅਗਵਾਈ ਹੇਠ ਬਣੀ ਤੱਥ ਖੋਜ ਕਮੇਟੀ ਪੁਲੀਸ ਦੀ ਕਾਰਗੁਜ਼ਾਰੀ ਅੱਗੇ ਪੂਰੀ ਤਰ੍ਹਾਂ ਲਾਚਾਰ ਹੋਈ ਦਿਖਾਈ ਦੇ ਰਹੀ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ 'ਤੇ ਬਣੀ ਇਸ ਕਮੇਟੀ ਨੇ ਸੀ.ਆਈ.ਡੀ. ਨੂੰ 935 ਲਾਪਤਾ ਵਿਅਕਤੀਆਂ ਦੀ ਪਛਾਣ ਦਾ ਜ਼ਿੰਮਾ ਸੌਂਪਿਆ ਸੀ।

ਸੂਤਰਾਂ ਦਾ ਦੱਸਣਾ ਹੈ ਕਿ ਸੀ.ਆਈ.ਡੀ. ਦੇ ਅਧਿਕਾਰੀਆਂ ਨੇ 6 ਮਹੀਨਿਆਂ ਦੇ ਵਕਫ਼ੇ ਦੌਰਾਨ ਕਮੇਟੀ ਨੂੰ ਅਣਪਛਾਤੀਆਂ ਲਾਸ਼ਾਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਦੋਂਕਿ ਕਮੇਟੀ ਨੂੰ ਪੜਤਾਲ ਦਾ ਕੰਮ ਇਕ ਮਹੀਨੇ 'ਚ ਪੂਰਾ ਕਰਨ ਲਈ ਕਿਹਾ ਗਿਆ ਸੀ। ਸੀ.ਆਈ.ਡੀ. ਨੇ ਪੰਜਾਬ 'ਚ ਅਤਿਵਾਦ ਦੇ ਸਮੇਂ ਲਾਪਤਾ ਵਿਅਕਤੀਆਂ ਦੀ ਪੜਤਾਲ ਕਰਨੀ ਸੀ ਕਿ ਕਿਤੇ ਪੁਲੀਸ ਨੇ ਲਾਪਤਾ ਵਿਅਕਤੀਆਂ ਦੀਆਂ ਲਾਸ਼ਾਂ ਨੂੰ ਅਣਪਛਾਤੇ ਕਰਾਰ ਦੇ ਕੇ ਸਸਕਾਰ ਤਾਂ ਨਹੀਂ ਕਰ ਦਿੱਤਾ।

ਪੁਲੀਸ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਕੰਗ ਕਮੇਟੀ ਵਲੋਂ ਮੁੜ ਤੋਂ ਪ੍ਰਮੁੱਖ ਸਕੱਤਰ ਗ੍ਰਹਿ ਨੂੰ ਲਿਖਿਆ ਗਿਆ ਹੈ ਕਿ ਅਣਪਛਾਤੀਆਂ ਲਾਸ਼ਾਂ ਦੇ ਭੇਤ ਦੀ ਗੁੱਥੀ ਸੁਲਝਾਉਣ ਲਈ ਸੀ.ਆਈ.ਡੀ. ਨੂੰ ਝੰਜੋੜਿਆ ਜਾਵੇ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ 'ਤੇ ਕੰਗ ਕਮੇਟੀ ਨੇ ਅਣਪਛਾਤੀਆਂ ਲਾਸ਼ਾਂ ਦੀ ਪੜਤਾਲ ਦਾ ਕੰਮ ਪਿਛਲੇ ਸਾਲ ਨਵੰਬਰ ਤੋਂ ਸ਼ੁਰੂ ਕਰ ਦਿੱਤਾ ਸੀ। ਕਮੇਟੀ ਨੇ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਰਾਹੀਂ 1984 ਤੋਂ 1994 ਦੌਰਾਨ ਲਾਪਤਾ ਹੋਏ ਵਿਅਕਤੀਆਂ ਦੇ ਵਾਰਸਾਂ ਤੋਂ ਅਰਜ਼ੀਆਂ ਮੰਗਵਾਈਆਂ ਸਨ। ਕਮੇਟੀ ਦੇ ਇੱਕ ਮੈਂਬਰ ਕੇ.ਕੇ. ਗਰਗ ਜੋ ਸੇਵਾਮੁਕਤ ਸੈਸ਼ਨ ਜੱਜ ਹਨ, ਨੇ ਮੁਢਲੀ ਪੜਤਾਲ ਤੋਂ ਬਾਅਦ ਗ੍ਰਹਿ ਵਿਭਾਗ ਰਾਹੀਂ ਸੀ.ਆਈ.ਡੀ. ਨੂੰ ਇਸ ਸਮੇਂ ਦੌਰਾਨ ਲਾਪਤਾ ਹੋਏ 935 ਵਿਅਕਤੀਆਂ ਦੀ ਜਾਂਚ ਦਾ ਕੰਮ ਸੌਂਪਿਆ ਸੀ। ਜਾਂਚ ਦਾ ਆਧਾਰ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲਿਆਂ ਦੀਆਂ ਤਿੰਨ ਸ਼ਮਸ਼ਾਨਘਾਟਾਂ ਦੁਰਗਿਆਨਾ ਮੰਦਰ ਅੰਮ੍ਰਿਤਸਰ, ਤਰਨਤਾਰਨ ਅਤੇ ਪੱਟੀ ਹੀ ਹਨ। ਇਸ ਲਈ ਇਹ ਵੀ ਦੇਖਿਆ ਜਾਵੇਗਾ ਕਿ ਜਿਹੜੇ ਲਾਪਤਾ ਵਿਅਕਤੀ ਪੰਜਾਬ ਦੇ ਹੋਰਨਾਂ ਜ਼ਿਲਿਆਂ ਨਾਲ ਸਬੰਧਤ ਹਨ ਕਿ ਉਨ੍ਹਾਂ ਦਾ ਸਸਕਾਰ ਇਨ੍ਹਾਂ ਤਿੰਨਾਂ ਸ਼ਮਸ਼ਾਨ ਘਾਟਾਂ 'ਚੋਂ ਕਿਸ 'ਚ ਕੀਤਾ ਗਿਆ ਸੀ। ਕਮੇਟੀ ਵਲੋਂ ਗ੍ਰਹਿ ਵਿਭਾਗ ਨੂੰ ਇਹ ਪੜਤਾਲ ਪੰਜਾਬ ਪੁਲੀਸ ਦੇ ਖੁਫੀਆ ਵਿੰਗ (ਸੀ.ਆਈ.ਡੀ) ਰਾਹੀਂ ਕਰਾਉਣ ਲਈ ਕਿਹਾ ਸੀ। ਸੀ.ਆਈ.ਡੀ. ਨੂੰ ਇਹ ਪੜਤਾਲ ਜਨਵਰੀ 'ਚ ਸੌਂਪੀ ਗਈ ਸੀ। ਛੇ ਮਹੀਨੇ ਹੋ ਗਏ ਹਨ ਪਰ ਸੀ.ਆਈ.ਡੀ. ਨੇ ਕਮੇਟੀ ਨੂੰ ਹੁਣ ਤੱਕ ਕੋਈ ਰਿਪੋਰਟ ਨਹੀਂ ਦਿੱਤੀ।

ਇਸ ਕਮੇਟੀ ਵਲੋਂ ਅਤਿਵਾਦ ਵੇਲੇ ਲਾਪਤਾ ਵਿਅਕਤੀਆਂ ਦੇ ਪਰਿਵਾਰਾਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਸਨ। ਤਰਨਤਾਰਨ ਜ਼ਿਲੇ ਤੋਂ 419 ਪਰਿਵਾਰਾਂ ਨੇ ਅਰਜ਼ੀਆਂ ਦਿੱਤੀਆਂ, ਅੰਮ੍ਰਿਤਸਰ ਤੋਂ 303 ਪਰਿਵਾਰਾਂ ਨੇ ਜਦਕਿ ਬਾਕੀ ਸੂਬੇ ਪੰਜਾਬ 'ਚੋਂ 256 ਅਰਜ਼ੀਆਂ ਪ੍ਰਾਪਤ ਹੋਈਆਂ। ਸੀ.ਬੀ.ਆਈ. ਵਲੋਂ ਪੰਜਾਬ 'ਚ ਅਤਿਵਾਦ ਦੇ ਦੌਰ ਸਮੇਂ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲਿਆਂ 'ਚ ਪੁਲਿਸ ਵਲੋਂ ਅਣਪਛਾਤੇ ਕਰਾਰ ਦੇ ਕੇ ਜਿਨ੍ਹਾਂ 2000 ਤੋਂ ਵੱਧ ਵਿਅਕਤੀਆਂ ਦਾ ਸਸਕਾਰ ਕੀਤਾ ਗਿਆ ਸੀ, ਦੀ ਜਾਂਚ ਕੀਤੀ ਗਈ ਸੀ।ਉਨ੍ਹਾਂ 'ਚੋਂ 632 ਲਾਸ਼ਾਂ ਦੀ ਅਜੇ ਤਾਈਂ ਸ਼ਨਾਖ਼ਤ ਨਹੀਂ ਹੋ ਸਕੀ। ਇਸ ਮਾਮਲੇ ਦੀ ਗੁੰਝਲਦਾਰ ਸਥਿਤੀ ਇਹ ਹੈ ਕਿ ਪੁਲੀਸ ਨੇ ਵੱਡੀ ਗਿਣਤੀ ਮਾਮਲਿਆਂ 'ਚ ਐਫ.ਆਈ.ਆਰ. ਵੀ ਦਰਜ਼ ਨਹੀਂ ਕੀਤੀ ਜਿਸ ਕਾਰਨ ਮਰਨ ਵਾਲੇ ਦਾ ਹੁਲੀਆ ਭੇਤ ਬਣਿਆ ਹੋਇਆ ਹੈ।

ਪੰਜਾਬ 'ਚ ਅਤਿਵਾਦ ਦੇ ਦੌਰ 'ਚ ਅਣਪਛਾਤੀਆਂ ਲਾਸ਼ਾਂ ਦਾ ਮਾਮਲਾ ਸਭ ਤੋਂ ਪਹਿਲਾਂ ਜਸਵੰਤ ਸਿੰਘ ਖਾਲੜਾ ਨੇ ਚੁਕਿਆ ਸੀ। ਇਹ ਮਾਮਲਾ ਬੇਪਰਦ ਕਰਨ ਕਾਰਣ ਹੀ ਸ੍ਰੀ ਖਾਲੜਾ ਨੂੰ ਵੀ ਆਪਣੀ ਜਾਨ ਤੋਂ ਹੱਥ ਧੋਣੇ ਪਏ ਸਨ।

ਸੀ.ਬੀ.ਆਈ. ਵਲੋਂ ਪੰਜਾਬ ਨੂੰ ਅਣਪਛਾਤੀਆਂ ਲਾਸ਼ਾਂ ਦੀ ਜਿਹੜੀ ਸੂਚੀ ਦਿੱਤੀ ਗਈ ਹੈ ਉਸ ਮੁਤਾਬਕ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲਿਆਂ ਦੇ ਪੁਲੀਸ ਥਾਣਿਆਂ ਝਬਾਲ, ਹਰੀਕੇ, ਸਦਰ ਅਤੇ ਸਿਟੀ ਤਰਨਤਾਰਨ, ਸਰਹਾਲੀ, ਭਿੱਖੀਵਿੰਡ, ਵਲਟੋਹਾ, ਗੋਇੰਦਵਾਲ, ਸਦਰ ਤੇ ਕੋਤਵਾਲੀ ਅੰਮ੍ਰਿਤਸਰ, ਘਰਿੰਡਾ, ਛੇਹਰਟਾ, ਫਤਿਹਗੜ੍ਹ ਚੂੜੀਆਂ, ਸਰਾਏ ਅਮਾਨਤ ਖਾਨ, ਸੀ.ਆਈ.ਏ. ਸਟਾਫ ਅੰਮ੍ਰਿਤਸਰ, ਰਮਦਾਸ, ਡਿਵੀਜ਼ਨ ਬੀ, ਸੀ ਤੇ ਡੀ ਅੰਮ੍ਰਿਤਸਰ ਰਾਜਾ ਸਾਂਸੀ, ਸੁਲਤਾਨਵਿੰਡ, ਮਹਿਤਾ, ਲੋਪੋਕੇ, ਮਜੀਠਾ, ਜੰਡਿਆਲਾ, ਅਜਨਾਲਾ, ਰਮਦਾਸ, ਬਿਆਸ, ਖਿਲਚੀਆਂ ਆਦਿ ਥਾਣਿਆਂ ਦੀ ਪੁਲੀਸ ਨੇ 1984 ਤੋਂ ਲੈ ਕੇ 1993 ਤੱਕ ਜਿਹੜੇ ਵਿਅਕਤੀਆਂ ਦਾ ਸਸਕਾਰ ਕੀਤਾ ਗਿਆ, ਉਨ੍ਹਾਂ 'ਚ 200 ਲਾਸ਼ਾਂ ਬਾਰੇ ਕਿਸੇ ਕਿਸਮ ਦੀ ਕਾਨੂੰਨੀ ਕਾਰਵਾਈ ਅਮਲ 'ਚ ਨਹੀਂ ਲਿਆਂਦੀ।

# ਸਰਨਾ ਦੇ ਬਿਆਨ ਵਿਰੁਧ ਪੰਜਾਬ ਵਿਚ ਦਲਿਤਾਂ ਵਲੋਂ ਪ੍ਰਦਰਸ਼ਨ

ਅੰਮ੍ਰਿਤਸਰ : ਆਸਟ੍ਰੀਆ ਦੇ ਸ਼ਹਿਰ ਵਿਆਨਾ 'ਚ ਹੋਏ ਘਟਨਾਕ੍ਰਮ ਤੋਂ ਬਾਅਦ ਭਗਤ ਰਵਿਦਾਸ ਸਭਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲੈ ਜਾਣ ਦੀ ਅਪੀਲ ਤੋਂ ਬਾਅਦ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮਝੌਤੇ ਦੀ ਗੱਲ ਕੀਤੀ ਜਾ ਰਹੀ ਹੈ, ਪਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਹੀਂ ਹੋਣ ਦੇਵੇਗੀ ਅਤੇ ਵਿਆਨਾ ਕੇਸ ਵਿਚ ਜੇਲ੍ਹ ਵਿਚ ਬੰਦ ਸਿੱਖ ਨੌਜਵਾਨਾਂ ਨੂੰ ਪੂਰੀ ਕਾਨੂੰਨੀ ਅਤੇ ਆਰਥਿਕ ਸਹਾਇਤਾ ਵੀ ਮੁਹੱਈਆ ਕਰਵਾਏਗੀ। ਉਧਰ ਸਰਨਾ ਦੇ ਬਿਆਨ ਤੋਂ ਇਕਦਮ ਬਾਅਦ ਜਲੰਧਰ ਅਤੇ ਕਈ ਹੋਰ ਸ਼ਹਿਰਾਂ ਵਿਚ ਦਲਿਤ ਸੰਗਠਨਾਂ ਨੇ ਸਰਨਾ ਵਿਰੁਧ ਪ੍ਰਦਰਸ਼ਨ ਕੀਤੇ ਅਤੇ ਉਨ੍ਹਾਂ ਦੇ ਪੁਤਲੇ ਵੀ ਫੂਕੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵਿਦੇਸ਼ੀ ਦੌਰੇ ਤੋਂ ਵਾਪਸੀ ਉਪਰੰਤ ਦੱਸਿਆ ਕਿ ਵਿਆਨਾ 'ਚ ਵਾਪਰੀ ਮੰਦਭਾਗੀ ਘਟਨਾ ਦੀ ਸੰਪੂਰਨ ਜਾਂਚ ਉਪਰੰਤ ਇਹ ਗੱਲ ਸਾਹਮਣੇ ਆਈ ਹੈ ਕਿ ਵਿਆਨਾ ਸਥਿਤ ਭਗਤ ਰਵਿਦਾਸ ਨਾਲ ਸਬੰਧਤ ਗੁਰਦੁਆਰਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਹੋ ਰਹੀ ਸੀ।


ਪਰਮਜੀਤ ਸਿੰਘ ਸਰਨਾ

ਉਨ੍ਹਾਂ ਕਿਹਾ ਕਿ ਸਵੈ-ਰੱਖਿਆ ਲਈ ਅਤੇ ਹਾਲਾਤ ਦੇ ਅਨੁਸਾਰ ਨੌਜਵਾਨਾਂ ਨੂੰ ਗੋਲੀਆਂ ਚਲਾਉਣੀਆਂ ਪਈਆਂ, ਜਿਸ ਦੇ ਨਤੀਜੇ ਵਜੋਂ ਸੰਤ ਰਾਮਾਨੰਦ ਦੀ ਮੌਤ ਹੋ ਗਈ ਅਤੇ ਸੰਤ ਨਿਰੰਜਣ ਦਾਸ ਜ਼ਖ਼ਮੀ ਹੋ ਗਏ। ਉਨ੍ਹਾਂ ਦੱਸਿਆ ਕਿ ਉਪਰੋਕਤ ਘਟਨਾ ਦੀ ਆਸਟ੍ਰੀਆ ਪੁਲਿਸ ਵਲੋਂ ਕੀਤੀ ਗਈ ਜਾਂਚ ਸਬੂਤ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਆਨਾ ਦੀ ਜੇਲ੍ਹ ਵਿਚ ਇਨਸਾਫ ਦੀ ਉਡੀਕ ਕਰ ਰਹੇ ਸਿੱਖ ਨੌਜਵਾਨਾਂ ਦਾ ਕੇਸ ਲੜਨ ਲਈ ਵਕੀਲ ਦੀਆਂ ਸੇਵਾਵਾਂ ਲੈ ਰਹੀ ਹੈ। ਸਰਨਾ ਨੇ ਇਹ ਵੀ ਦੱਸਿਆ ਕਿ ਵਿਆਨਾ ਕਾਂਡ ਦੇ ਸਿੱਖ ਨੌਜਵਾਨਾਂ ਦੇ ਕੇਸ ਦੀ ਪੈਰਵੀ ਲਈ ਦਿੱਲੀ ਕਮੇਟੀ ਵਲੋਂ ਲਏ ਗਏ ਫੈਸਲੇ ਉਪਰੰਤ ਇੰਗਲੈਂਡ, ਅਮਰੀਕਾ, ਕੈਨੇਡਾ, ਆਬੂਧਾਬੀ, ਦੁਬਈ ਅਤੇ ਹੋਰ ਮੁਲਕਾਂ ਦੀਆਂ ਸਿੱਖ ਸੰਸਥਾਵਾਂ ਨੇ ਯਕੀਨ ਦਿਵਾਇਆ ਹੈ ਕਿ ਉਹ ਵੀ ਇਸ ਮਾਮਲੇ ਵਿਚ ਹਰ ਸੰਭਵ ਸਹਾਇਤਾ ਦੇਣ ਲਈ ਤਤਪਰ ਹਨ। ਉਨ੍ਹਾਂ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਗੁਰ ਸਿਧਾਂਤਾਂ ਲਈ ਜੂਝਣ ਵਾਲਿਆਂ ਦੀ ਮਦਦ ਲਈ ਅੱਗੇ ਆਵੇ।

ਇਸ ਦੌਰਾਨ ਅਗਲੇ ਹੀ ਦਿਨ ਸਰਨਾ ਵਲੋਂ ਦਿਤੇ ਬਿਆਨ ਤੋਂ ਸਖ਼ਤ ਨਾਰਾਜ਼ ਹੋ ਕੇ ਪੰਜਾਬ ਦੇ ਕਈ ਇਲਾਕਿਆਂ ਵਿਚ ਦਲਿਤਾਂ ਵਲੋਂ ਸ. ਸਰਨਾ ਵਿਰੁਧ ਪ੍ਰਦਰਸ਼ਨ ਕੀਤਾ ਗਿਆ। ਚੇਤੇ ਰਹੇ ਕਿ ਇਕ ਟੀ.ਵੀ. ਚੈਨਲ ਉਤੇ, ਕਥਿਤ ਤੌਰ 'ਤੇ ਇੰਟਰਵਿਊ ਦੌਰਾਨ ਬੀਤੇ ਦਿਨੀਂ ਸ. ਸਰਨਾ ਨੇ ਇਹ ਵੀ ਕਿਹਾ ਸੀ ਜਿਹੜੇ ਬਾਬੇ ਦਾ ਵੀਆਨਾ ਵਿਚ ਕਤਲ ਕੀਤਾ ਗਿਆ, ਉਹ ਪਾਖੰਡੀ ਸੀ। ਇਥੇ ਅੰਬੇਦਕਰ ਸੈਨਾ (ਮੂਲ ਨਿਵਾਸੀ) ਸਣੇ ਕਈ ਦਲਿਤ ਸੰਗਠਨਾਂ ਨੇ ਸ. ਪਰਮਜੀਤ ਸਿੰਘ ਸਰਨਾ ਦਾ ਪੁਤਲਾ ਸਾੜਿਆ ਅਤੇ ਸੜਕਾਂ ਉਤੇ ਪਿੱਟ ਸਿਆਪਾ ਕੀਤਾ। ਸਥਾਨਕ ਕੰਪਨੀ ਬਾਗ਼ ਚੌਕ ਵਿਖੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਅੰਬੇਦਕਰ ਸੈਨਾ ਦੇ ਪ੍ਰਧਾਨ ਹਰਭਜਨ ਸੰਧੂ ਨੇ ਕਿਹਾ ਕਿ ਸਰਨਾ ਅਜਿਹੇ ਬਿਆਨ ਦੇ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਤਾਕ ਵਿਚ ਹੈ। ਉਨ੍ਹਾਂ ਕਿਹਾ ਕਿ ਸਰਨਾ ਇਹ ਸਪੱਸ਼ਟ ਕਰੇ ਕਿ ਉਹ ਕਿਸ ਕਿਸਮ ਦੇ ਅਤਿਵਾਦ ਨੂੰ ਸਮਰਥਨ ਦੇ ਰਿਹਾ ਹੈ?

ਉਨ੍ਹਾਂ ਚੇਤਾਵਨੀ ਦਿਤੀ ਕਿ ਜੇ ਪੰਜਾਬ ਦਾ ਮਾਹੌਲ ਮੁੜ ਖ਼ਰਾਬ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਹੋਵੇਗੀ। ਸ੍ਰੀ ਗੁਰੂ ਰਵੀਦਾਸ ਧਰਮ ਯੁਧ ਮੋਰਚਾ ਵਲੋਂ ਜਾਰੀ ਇਕ ਬਿਆਨ ਵਿਚ ਸੂਬਾ ਕਮੇਟੀ ਮੈਂਬਰ ਡਾ. ਕਮਲਦੇਵ ਜੰਡੂ ਸਿੰਘਾ ਨੇ ਕਿਹਾ ਕਿ ਡੇਰਾ ਸੱਚਖੰਡ ਬੱਲਾਂ ਦੇ ਬਾਬੇ ਨੂੰ ਪਾਖੰਡੀ ਆਖਣ ਵਾਲੇ ਸਰਨਾ ਦੇ ਬਿਆਨ ਨਾਲ ਦਲਿਤਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਸ਼ਾਤਰ ਕਿਸਮ ਦੇ ਆਗੂ ਦੇ ਪਿਛੇ ਨਾ ਲੱਗਣ।

## ਭੜਕਾਊ ਭਾਸ਼ਣ ਦੇਣ 'ਤੇ ਮੁਤਾਲਿਕ ਫਿਰ ਗ੍ਰਿਫ਼ਤਾਰ

**ਮੈਸੂਰ :** ਸ੍ਰੀ ਰਾਮ ਸੈਨਾ ਦੇ ਮੁਖੀ ਪ੍ਰਮੋਦ ਮੁਤਾਲਿਕ ਨੂੰ ਪਿਛਲੇ ਮਹੀਨੇ ਇਥੇ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿਚ ਬੈਲਗਾਮ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਕਥਿਤ ਤੌਰ 'ਤੇ ਭੜਕਾਊ ਭਾਸ਼ਣ ਦੇਣ ਅਤੇ ਸ਼ਹਿਰ ਵਿਚ ਹਿੰਸਾ ਭੜਕਾਉਣ ਲਈ ਬੀਤੇ ਦਿਨੀਂ ਰਾਤ ਵੇਲੇ ਗ੍ਰਿਫ਼ਤਾਰ ਕੀਤਾ ਗਿਆ।

ਯਾਦ ਰਹੇ ਸ਼ਹਿਰ ਵਿਚ 2 ਜੁਲਾਈ ਨੂੰ ਇਕ ਮਦਰੱਸੇ ਨੂੰ ਕਥਿਤ ਤੌਰ 'ਤੇ ਅਪਵਿੱਤਰ ਕੀਤੇ ਜਾਣ ਨੂੰ ਲੈ ਕੇ ਹਿੰਸਾ ਅਤੇ ਫਿਰਕੂ ਸੰਘਰਸ਼ ਭੜਕ ਉੱਠਿਆ ਸੀ, ਜਿਸ ਵਿਚ ਤਿੰਨ ਲੋਕ ਮਾਰੇ ਗਏ ਸਨ। ਇਸ ਦੌਰਾਨ ਸਿਟੀ ਪੁਲਿਸ ਨੇ ਉਦੇਗਿਰੀ ਇਲਾਕੇ ਦੇ ਨਿਵਾਸੀ ਫੈਯਾਜ਼ ਨੂੰ ਕਥਿਤ ਤੌਰ 'ਤੇ ਭੜਕਾਊ ਸਮੱਗਰੀ ਵਾਲੇ ਪੈਂਫਲਟ ਵੰਡਣ ਦੇ ਦੋਸ਼ ਵਿਚ ਹਿਰਾਸਤ 'ਚ ਲਿਆ ਹੈ।


Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659


SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

SUPER TRAVEL
847–676–9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ATTN. HOMEOWNERS !!
Purchase, Refinance, Loan Modification, Conventional, FHA, VA
Full doc / Stated Income, No MI Programs ....
No / Low Closing Cost Option
Low Down Payment (3.5% only)
First Time Homebuyers Get $8,000 Tax Credit
(FHA Program Available only up to December 2009)
Free Consultation Free Pre-qualification
Free Pre-approval
Even Free appraisal
(Reimbursed after the closing)
Please Call 847-933-9404
We speak English, Hindi, Punjabi, Gujarati & Malyalam
Guardian Financial Mortgage, Inc.
An Illinois Residential Mortgagee Licensee MB0005054

Aero Travel & Tours Inc.
8401 N. Crawford Ave #105, Skokie IL 60076
IATAN

A·R·C
Serving The Community Since 1981
Most Economical Fares & Confirmed Seats to Indian, Pakistan, Bangladesh, Europe and Middle East.
Consolidators For All Major Airlines
ਸਸਤੀਆਂ ਟਿਕਟਾਂ ਖਰੀਦਣ ਲਈ ਸਾਨੂੰ ਕਾਲ ਕਰੋ
Toll Free: (800) 679-1328
or (847) 677-2021
e-mail: aerotravel@gmail.com

# "ਸੱਚ-ਝੂਠ" ਦਾ ਨਿਤਾਰਾ ਕਰਨ ਵਾਲੇ ਇਕ ਟੀ.ਵੀ. ਪ੍ਰੋਗਰਾਮ 'ਤੇ ਵਿਵਾਦ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਅਮਰੀਕੀ ਪ੍ਰੋਗਰਾਮ 'ਮੂਮੈਂਟ ਆਫ ਟਰੁੱਥ' ਦੀ ਨਕਲ ਕਰਦਿਆਂ ਸਟਾਰ ਪਲੱਸ ਉਪਰ ਚੱਲਦੇ ਪ੍ਰੋਗਰਾਮ 'ਸੱਚ ਕਾ ਸਾਮਨਾ' ਨੇ ਅੱਜ ਕੱਲ੍ਹ ਮੀਡੀਆ ਅਤੇ ਸਿਆਸੀ ਹਲਕਿਆਂ ਵਿਚ ਕਾਫੀ ਚਰਚਾ ਛੇੜੀ ਹੋਈ ਹੈ। ਕੁਝ ਸਮਾਜਸੇਵੀ ਅਤੇ ਧਾਰਮਿਕ ਸੰਗਠਨ ਇਸ ਪ੍ਰੋਗਰਾਮ ਉਪਰ ਪਾਬੰਦੀ ਦੀ ਮੰਗ ਕਰ ਰਹੇ ਹਨ। ਇਨ੍ਹਾਂ ਸੰਸਥਾਵਾਂ ਦਾ ਆਖਣਾ ਹੈ ਕਿ ਇਹ ਪ੍ਰੋਗਰਾਮ ਲੋਕਾਂ ਦੇ ਪਰਿਵਾਰਾਂ ਅਤੇ ਘਰਾਂ ਵਿਚ ਵੱਡੇ ਕਲੇਸ਼ ਖੜੇ ਕਰ ਰਿਹਾ ਹੈ। ਇਥੋਂ ਤੱਕ ਕਿ ਇਹ ਮਸਲਾ ਪਿਛਲੇ ਦਿਨੀਂ ਸੰਸਦ ਵਿਚ ਵੀ ਉਠਾਇਆ ਗਿਆ ਅਤੇ ਚਰਚਾ ਦਾ ਵਿਸ਼ਾ ਬਣਿਆ।



ਇਸ ਸ਼ੋਅ 'ਚ ਤੁਸੀਂ ਆਪਣੀ ਗੁਪਤ ਸ਼ਖਸੀਅਤ ਦੀਆਂ ਪਰਤਾਂ ਇਕ-ਇਕ ਕਰਕੇ ਆਮ ਲੋਕਾਂ ਸਾਹਮਣੇ ਪੁੱਛੇ ਜਾਣ ਵਾਲੇ 21 ਸਵਾਲਾਂ ਦੇ ਜਵਾਬ ਦੇ ਕੇ ਉਘਾੜ ਸਕਦੇ ਹੋ ਅਤੇ ਇਸ ਹਿੰਮਤ ਦਾ ਤੁਹਾਨੂੰ ਮੁਆਵਜ਼ਾ ਵੀ ਮਿਲੇਗਾ-ਇਕ ਲੱਖ ਰੁਪਏ ਤੋਂ ਇਕ ਕਰੋੜ ਰੁਪਏ ਤਕ।

ਲਾਲਚ ਵਿਚ ਆ ਕੇ ਕੁਝ ਲੋਕ ਅਜਿਹੀ ਹਿੰਮਤ ਕਰ ਬੈਠੇ, ਪਰ ਬਾਅਦ ਵਿਚ ਇਸ ਨਾਲ ਪਰਿਵਾਰਕ ਅਤੇ ਸਮਾਜਿਕ ਨਜ਼ਰੀਏ ਤੋਂ ਉਨ੍ਹਾਂ ਦੀ ਸ਼ਖਸੀਅਤ ਬਿਲਕੁਲ ਬਦਲ ਗਈ। ਇਸ ਪ੍ਰੋਗਰਾਮ ਦੇ ਸੰਚਾਲਕਾਂ ਨੇ ਇਸ ਸ਼ੋਅ ਨੂੰ ਇਕ ਅਮਰੀਕਨ ਟੀ.ਵੀ. ਸ਼ੋਅ 'ਮੂਮੈਂਟ ਆਫ ਟਰੁੱਥ' ਦੀ ਤਰਜ਼ 'ਤੇ ਤਿਆਰ ਕੀਤਾ ਹੈ।

ਹਰ ਸਵਾਲ ਦਾ ਜਵਾਬ ਸੱਚ-ਝੂਠ ਦਾ ਪ੍ਰੀਖਣ ਕਰਨ ਵਾਲੀ ਮਸ਼ੀਨ (ਪਾਲੀਗ੍ਰਾਫ) ਕਰਦੀ ਹੈ। ਹਰੇਕ ਜਵਾਬ ਤੋਂ ਬਾਅਦ ਪਰਦੇ ਦੇ ਪਿਛਿਓਂ ਆਕਾਸ਼ਵਾਣੀ ਵਾਂਗ ਫਰਮਾਨ ਆਉਂਦਾ ਹੈ ਕਿ ਜਵਾਬ ਸੱਚ ਹੈ ਜਾਂ ਝੂਠ।

ਸਾਰੇ ਜਵਾਬ ਸੱਚ ਹੋਣ ਤਾਂ ਇਕ ਕਰੋੜ ਰੁਪਏ ਇਨਾਮ ਮਿਲੇਗਾ। ਵਿਚ-ਵਿਚ ਪੰਜ, ਦਸ ਅਤੇ ਪੱਚੀ ਲੱਖ ਰੁਪਏ ਦੇ ਇਨਾਮਾਂ ਦਾ ਵੀ ਪ੍ਰਬੰਧ ਹੈ। ਜੇ ਕੋਈ ਅਜਿਹੀ ਸਟੇਜ 'ਤੇ ਇਨਾਮ ਲੈ ਕੇ ਜਾਣਾ ਚਾਹੇ ਤਾਂ ਜਾ ਸਕਦਾ ਹੈ ਨਹੀਂ ਤਾਂ ਇਕ ਵੀ ਝੂਠ ਫੜਿਆ ਜਾਵੇ ਤਾਂ ਸਾਰੀ ਕਮਾਈ ਗੁਆਉਣੀ ਪੈਂਦੀ ਹੈ। ਕੰਮ ਕਾਫੀ ਜੋਖਮ ਵਾਲਾ ਹੈ। ਪਿਛਲੀ ਵਾਰ ਇਕ ਵਿਆਹੀ ਹੋਈ ਔਰਤ 'ਹੌਟ ਸੀਟ' 'ਤੇ ਬੈਠੀ ਸੀ ਅਤੇ ਉਸ ਦਾ ਪੂਰਾ ਪਰਿਵਾਰ ਪਤੀ, ਮਾਂ, ਭੈਣ, ਭਰਾ ਸਭ ਉਥੇ ਹੀ ਸਨ। ਕਈ ਬੋਲਡ ਸਵਾਲਾਂ ਦੇ ਜਵਾਬ 'ਸੱਚ' ਦੇਣ ਤੋਂ ਬਾਅਦ ਇਕ ਕਥਿਤ 'ਝੂਠ' ਬੋਲਣ ਲਈ ਉਸ ਔਰਤ ਦੇ ਉਦੋਂ ਤਕ ਕਮਾਏ ਪੰਜ ਲੱਖ ਰੁਪਏ ਵੀ ਮਾਰੇ ਗਏ ਅਤੇ ਉਸ ਨੂੰ ਸ਼ੋਅ ਵੀ ਛੱਡਣਾ ਪਿਆ। ਜਿਸ ਸਵਾਲ ਦਾ ਜਵਾਬ ਉਹ ਠੀਕ ਨਾ ਦੇ ਸਕੀ, ਉਹ ਸੀ- "ਜੇ ਤੁਹਾਨੂੰ ਮੌਕਾ ਮਿਲੇ ਅਤੇ ਤੁਹਾਡਾ ਪਤੀ ਵੀ ਨਾ ਜਾਣ ਸਕੇ ਤਾਂ ਕੀ ਤੁਸੀਂ ਕਿਸੇ ਪਰਾਏ ਮਰਦ ਨਾਲ ਸਬੰਧ ਬਣਾਓਗੇ?"

ਬਹੁਤ ਦੁਚਿੱਤੀ ਤੋਂ ਬਾਅਦ ਉਸ ਔਰਤ ਨੇ ਇਸ ਗੱਲ ਤੋਂ ਇਨਕਾਰ ਕੀਤਾ ਤਾਂ ਮਸ਼ੀਨ ਨੇ ਉਸ ਔਰਤ ਦੇ ਜਵਾਬ ਨੂੰ 'ਝੂਠ' ਕਰਾਰ ਦਿੱਤਾ। ਇਸ ਤੋਂ ਪਹਿਲਾਂ ਇਸੇ ਔਰਤ ਨੇ ਹੋਰਨਾਂ ਸਵਾਲਾਂ ਦੇ ਜਵਾਬ 'ਚ ਇਥੋਂ ਤੱਕ ਮੰਨਿਆ ਸੀ ਕਿ ਕਿਸੇ ਸਮੇਂ ਉਸ ਦੇ ਮਨ ਵਿਚ ਆਪਣੇ ਸ਼ਰਾਬੀ ਪਤੀ ਨੂੰ ਜਾਨੋਂ ਮਾਰ ਦੇਣ ਦਾ ਵਿਚਾਰ ਵੀ ਆਇਆ ਸੀ ਅਤੇ ਇਹ ਵੀ ਕਿ ਉਸ ਦੀ ਸੱਸ ਉਸ ਨੂੰ ਉਸ ਦੀ ਮਾਂ ਨਾਲੋਂ ਜ਼ਿਆਦਾ ਪਿਆਰ ਕਰਦੀ ਹੈ। ਮੈਂ ਸੋਚਦਾ ਹਾਂ ਕਿ ਪਤੀ ਅਤੇ ਮਾਂ ਸਾਹਮਣੇ ਅਜਿਹੀਆਂ ਗੱਲਾਂ ਮੰਨਣ ਦਾ ਕਾਰਨ ਲਾਲਚ ਹੀ ਹੋਵੇਗਾ। ਸ਼ਰੇਆਮ ਇਸ ਤਰ੍ਹਾਂ ਦਾ ਪਛਤਾਵਾ (ਖੁਲਾਸਾ) ਕਰਨ ਵਾਲੀ ਕੋਈ ਹੋਰ ਗੱਲ ਤਾਂ ਹੋ ਨਹੀਂ ਸਕਦੀ।

ਪਛਤਾਵਾ ਕਰਨਾ ਹੋਵੇ ਅਤੇ ਗੁਨਾਹ ਕਬੂਲਣਾ ਹੋਵੇ ਤਾਂ ਮੰਦਰ ਜਾਂ ਚਰਚ ਵਿਚ ਜਾਵੋ, ਟੀ.ਵੀ. ਸ਼ੋਅ 'ਤੇ ਆਉਣ ਦੀ ਕੀ ਲੋੜ ਹੈ? ਖੈਰ! ਉਸ ਵਿਚਾਰੀ ਔਰਤ ਲਈ ਇਹ ਤਜਰਬਾ ਇਕ 'ਗੁਨਾਹੇ ਬੇਲੱਜ਼ਤ' ਵਰਗਾ ਹੀ ਰਿਹਾ। ਇਸੇ ਤਰ੍ਹਾਂ ਇਕ 75 ਸਾਲਾ ਮੁਸਲਿਮ ਬਜ਼ੁਰਗ ਵੀ ਪਾਲੀਗ੍ਰਾਫ ਟੈਸਟ ਦੇ ਸ਼ਿਕਾਰ ਬਣ ਕੇ ਝੂਠ ਫੜੇ ਜਾਣ 'ਤੇ ਆਪਣੇ 25 ਲੱਖ ਰੁਪਏ ਗੁਆ ਕੇ ਸ਼ੋਅ ਛੱਡ ਗਏ। ਆਪਣੇ ਪੂਰੇ ਪਰਿਵਾਰ ਸਾਹਮਣੇ ਉਨ੍ਹਾਂ ਨੇ ਮੰਨਿਆ ਕਿ ਉਹ ਦੇਹ ਵਪਾਰ ਵੀ ਕਰਦੇ ਰਹੇ ਹਨ ਅਤੇ ਆਪਣੀ ਧੀ ਨਾਲੋਂ ਛੋਟੀ ਉਮਰ ਦੀ ਲੜਕੀ ਨਾਲ ਸਰੀਰਕ ਸੰਬੰਧ ਵੀ ਬਣਾ ਚੁੱਕੇ ਹਨ ਅਤੇ ਇਹ ਵੀ ਮੰਨਿਆ ਕਿ ਉਹ ਅਜੇ ਵੀ ਆਪਣੀ 'ਡ੍ਰੀਮ ਗਰਲ' ਦੀ ਉਡੀਕ 'ਚ ਹਨ। ਇਨ੍ਹਾਂ ਸਾਰੀਆਂ ਖਤਰਨਾਕ ਗੱਲਾਂ ਦੇ ਖੁਲਾਸੇ 'ਚ ਪਾਲੀਗ੍ਰਾਫ ਮਸ਼ੀਨ ਨੇ ਉਨ੍ਹਾਂ ਦਾ ਪੂਰਾ ਸਾਥ ਦਿੱਤਾ, ਪਰ ਉਹ ਉਦੋਂ ਮਾਰ ਖਾ ਗਏ ਜਦੋਂ ਇਨ੍ਹਾਂ ਸਾਰੀਆਂ ਹਰਕਤਾਂ ਤੋਂ ਬਾਅਦ ਉਨ੍ਹਾਂ ਨੇ ਆਪਣੇ ਬੱਚਿਆਂ ਦੀ ਪੂਰੀ ਕੇਅਰ ਕਰਨ ਦਾ ਦਾਅਵਾ ਕੀਤਾ। ਇਸ 'ਤੇ ਉਹ ਝੂਠੇ ਕਰਾਰ ਦਿੱਤੇ ਗਏ।

ਅਦਾਲਤ ਵਿਚ ਗਵਾਹੀ ਦੇਣ ਜਾਈਏ ਤਾਂ ਪ੍ਰਮਾਤਮਾ ਦੇ ਨਾਂ ਦੀ ਸਹੁੰ ਚੁੱਕੀ ਜਾਂਦੀ ਹੈ ਕਿ ਅਸੀਂ ਸੱਚ ਬੋਲਾਂਗੇ, ਪਰ ਇਥੇ ਬਿਨਾਂ ਕੁਝ ਅਜਿਹਾ ਕੀਤਿਆਂ ਲੋਕ ਆਪਣੇ ਬੀਤੇ ਸਮੇਂ ਦੇ ਰਾਜ ਸਭ ਦੇ ਸਾਹਮਣੇ ਉਗਲ ਰਹੇ ਹਨ-ਮਾਇਆ ਦੀ ਮਹਿਮਾ ਨਿਆਰੀ ਹੈ। ਪੋਲੀਗ੍ਰਾਫੀ ਜਾਂ ਅਜਿਹੀ ਹੀ ਕੋਈ ਹੋਰ ਮਸ਼ੀਨ ਸੱਚ ਜਾਂ ਝੂਠ ਦਾ ਫੈਸਲਾ ਸੁਣਾਉਣ ਲਈ ਫੂਲ ਪਰੂਫ ਨਹੀਂ, ਪਰ ਵਿਗਿਆਨੀਆਂ ਕੋਲ ਇਸ ਨਾਲੋਂ ਬਿਹਤਰ ਢੰਗ ਹੋਰ ਨਹੀਂ ਹੈ। ਜੇ ਚੋਣ ਕਮਿਸ਼ਨ ਵੀ ਅਜਿਹਾ ਹੀ ਟੈਸਟ ਲੈ ਕੇ ਸਿਆਸਤਦਾਨਾਂ ਨੂੰ ਸਾਡੇ ਭਾਗ-ਵਿਧਾਤਾ ਬਣਨ ਦੇਵੇ ਤਾਂ ਕੀ ਬੁਰਾ ਹੈ? 'ਸੱਚ ਕਾ ਸਾਮਨਾ' ਇਕ ਨਵਾਂ ਦਿਲਚਸਪ ਤਮਾਸ਼ਾ ਹੈ, ਜਿਸ ਵਿਚ ਲੋਕ ਖੁੱਲ੍ਹ ਕੇ ਆਪਣੇ ਨਿਜੀ ਖੁਲਾਸੇ ਕਰ ਰਹੇ ਹਨ। ਇਹ ਕੰਮ ਇੰਨਾ ਸੌਖਾ ਨਹੀਂ, ਆਪਣੇ ਅਕਸ ਨਾਲ ਸਮਝੌਤਾ ਕਰਕੇ ਜਗ ਦਾ ਹਾਸਾ ਬਣਨਾ ਬਹੁਤ ਹਿੰਮਤ ਦਾ ਕੰਮ ਹੈ। ਚਾਹੇ ਇਸ ਵਿਚ ਲਾਲਚ ਵੀ ਹੋਵੇ।

## ਯੂ.ਪੀ. ਦੇ 20 ਜ਼ਿਲ੍ਹੇ ਸੋਕਾ ਪੀੜਤ

**ਲਖਨਊ :** ਉੱਤਰ ਪ੍ਰਦੇਸ਼ ਦੇ ਵਧੇਰੇ ਹਿੱਸਿਆਂ ਵਿਚ ਕਾਫੀ ਵਰਖਾ ਨਾ ਹੋਣ ਕਾਰਨ ਸੂਬਾ ਸਰਕਾਰ ਨੇ ਸਥਿਤੀ ਦਾ ਗੰਭੀਰਤਾ ਨਾਲ ਜਾਇਜ਼ਾ ਲੈਂਦੇ ਹੋਏ ਸੂਬੇ ਦੇ 20 ਜ਼ਿਲ੍ਹਿਆਂ ਨੂੰ ਸੋਕਾ ਪੀੜਤ ਐਲਾਨ ਦਿੱਤਾ। ਸੂਤਰਾਂ ਅਨੁਸਾਰ ਯੂ.ਪੀ. ਦੇ ਮੁੱਖ ਸਕੱਤਰ ਅਤੁਲ ਕੁਮਾਰ ਦੀ ਅਗਵਾਈ ਵਿਚ ਰਾਹਤ ਮੈਨੇਜਮੈਂਟ ਕਮੇਟੀ ਦੀ ਮੀਟਿੰਗ ਤੋਂ ਬਾਅਦ ਜਿਨ੍ਹਾਂ ਜ਼ਿਲ੍ਹਿਆਂ ਵਿਚ ਘੱਟ ਵਰਖਾ ਕਾਰਨ ਖਰੀਫ ਦੀ ਬੀਜਾਈ 50 ਫੀਸਦੀ ਤੋਂ ਘੱਟ ਹੋਈ ਹੈ, ਉਨ੍ਹਾਂ ਜ਼ਿਲ੍ਹਿਆਂ ਨੂੰ ਸੋਕਾ ਪੀੜਤ ਐਲਾਨਣ ਲਈ ਮੁੱਖ ਮੰਤਰੀ ਨੂੰ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਰਾਏਬਰੇਲੀ ਅਤੇ ਬਰੇਲੀ, ਕਨੌਸ, ਮੈਨਪੁਰੀ, ਫਾਰੁਖਾਬਾਦ, ਗਾਜ਼ੀਪੁਰ, ਸੁਲਤਾਨਪੁਰ, ਹਰਦੋਈ, ਹਾਥਰਸ, ਕੁਸ਼ੀਨਗਰ, ਸੰਤ ਕਬੀਰਨਗਰ ਅਤੇ ਕਾਂਸ਼ੀਰਾਮ ਨਗਰ ਵਗੈਰਾ ਸ਼ਾਮਲ ਹਨ।

## ਪੰਜਾਬ-ਹਰਿਆਣਾ ਹਾਈਕੋਰਟ ਵੰਡੀ ਨਹੀਂ ਜਾ ਸਕਦੀ

**ਨਵੀਂ ਦਿੱਲੀ :** ਕੇਂਦਰ ਨੇ ਹਰਿਆਣਾ ਸਰਕਾਰ ਵਲੋਂ ਚੰਡੀਗੜ੍ਹ ਸਥਿਤ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਮੌਜੂਦਾ ਇਮਾਰਤ ਅਤੇ ਪ੍ਰਬੰਧਕੀ ਅਮਲੇ ਦੇ ਦੋ ਹਿੱਸੇ ਕਰਕੇ ਰਾਜ ਲਈ ਵੱਖਰੀ ਹਾਈ ਕੋਰਟ ਬਣਾਉਣ ਦੀ ਤਜਵੀਜ਼ ਰੱਦ ਕਰ ਦਿੱਤੀ ਹੈ। ਕੇਂਦਰੀ ਕਾਨੂੰਨ ਮੰਤਰਾਲੇ ਵਲੋਂ ਇਹ ਪ੍ਰਗਟਾਵਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਵਲੋਂ ਪੇਸ਼ ਵਿਚਾਰ ਦੇ ਮੱਦੇਨਜ਼ਰ ਕੀਤਾ ਗਿਆ ਹੈ। ਫਰੀਦਾਬਾਦ ਤੋਂ ਲੋਕ ਸਭਾ ਮੈਂਬਰ ਅਵਤਾਰ ਸਿੰਘ ਭੰਡਾਣਾ ਵਲੋਂ ਪੁੱਛੇ ਗਏ ਸੁਆਲ ਦੇ ਲਿਖਤੀ ਜਵਾਬ 'ਚ ਕੇਂਦਰੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਇਹ ਜਾਣਕਾਰੀ ਦਿੱਤੀ।

ਹਾਈਕੋਰਟ ਦੇ ਚੀਫ ਜਸਟਿਸ ਅਨੁਸਾਰ ਹਾਈਕੋਰਟ ਦੀ ਵਰਤਮਾਨ ਇਮਾਰਤ ਨੂੰ ਧਿਆਨ 'ਚ ਰੱਖਦੇ ਹੋਏ ਇਸ ਦੇ ਬੁਨਿਆਦੀ ਢਾਂਚੇ, ਪ੍ਰਬੰਧਕੀ ਤੇ ਪ੍ਰਸ਼ਾਸਕੀ ਅਮਲੇ ਨੂੰ ਦੋ ਬਰਾਬਰ ਹਿੱਸਿਆਂ 'ਚ ਵੰਡਣਾ ਸਹੀ ਨਹੀਂ ਹੈ। ਹਰਿਆਣਾ ਚਾਹੇ ਤਾਂ ਵੱਖਰੀ ਹਾਈਕੋਰਟ ਬਣਾ ਸਕਦਾ ਹੈ ਤੇ ਇਹ ਹਾਈਕੋਰਟ ਰਾਜ ਸਰਕਾਰ ਵਲੋਂ ਚੁਣੀ ਥਾਂ 'ਤੇ ਬਣਾਈ ਜਾ ਸਕਦੀ ਹੈ। ਸ੍ਰੀ ਮੋਇਲੀ ਨੇ ਕਿਹਾ ਕਿ ਹਰਿਆਣਾ ਸਰਕਾਰ ਦੀ ਮੌਜੂਦਾ ਇਮਾਰਤ ਤੇ ਸਟਾਫ ਨੂੰ ਦੋ ਹਿੱਸਿਆਂ 'ਚ ਵੰਡਣ ਦੀ ਤਜਵੀਜ਼ ਨੂੰ ਅਮਲੀ ਰੂਪ ਦੇਣਾ ਸੰਭਵ ਨਹੀਂ।

ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ 15 ਜੁਲਾਈ ਨੂੰ ਚੰਡੀਗੜ੍ਹ ਪ੍ਰੈਸ ਕਲੱਬ 'ਚ ਕਿਹਾ ਸੀ ਕਿ ਚੰਡੀਗੜ੍ਹ 'ਚ ਰਾਜ ਦੀ ਵੱਖਰੀ ਹਾਈਕੋਰਟ ਹੋ ਸਕਦੀ ਹੈ, ਕਿਉਂਕਿ ਵੱਖਰੀ ਹਾਈਕੋਰਟ ਸੂਬੇ ਦਾ ਕਾਨੂੰਨੀ ਅਧਿਕਾਰ ਹੈ। ਇਸ ਤੋਂ ਪਹਿਲਾਂ 2005 'ਚ ਹਰਿਆਣਾ ਵਿਧਾਨ ਸਭਾ 'ਚ ਰਾਜ ਲਈ ਵੱਖਰੀ ਹਾਈਕੋਰਟ ਦਾ ਮਤਾ ਪਾਸ ਕੀਤਾ ਗਿਆ ਸੀ। ਉਦੋਂ ਰਾਜ ਨੇ ਸੁਝਾਅ ਦਿੱਤਾ ਸੀ ਕਿ ਮੌਜੂਦਾ ਹਾਈਕੋਰਟ ਦੇ ਦੋ ਹਿੱਸੇ ਕਰਕੇ ਇਕ ਪੰਜਾਬ ਤੇ ਇਕ ਹਰਿਆਣਾ ਨੂੰ ਦਿੱਤਾ ਜਾ ਸਕਦਾ ਹੈ। ਇਸ ਲਈ ਅਮਲੇ ਨੂੰ 60 ਤੋਂ 40 ਦੇ ਅਨੁਪਾਤ 'ਚ ਵੰਡਣ ਦੀ ਤਜਵੀਜ਼ ਵੀ ਰੱਖੀ ਸੀ।

ਦੋਨਾਂ ਰਾਜਾਂ ਦੀ ਸਾਂਝੀ ਹਾਈਕੋਰਟ ਦੀ ਥਾਂ ਹਰਿਆਣਾ ਦੀ ਵੱਖਰੀ ਹਾਈਕੋਰਟ ਦੇ ਮੁੱਦੇ 'ਤੇ ਸ੍ਰੀ ਹੁੱਡਾ ਵਲੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੂੰ ਮਿਲਣ ਬਾਰੇ ਵੀ ਦੱਸਿਆ ਜਾ ਰਿਹਾ ਹੈ।

## ਬਰਤਾਨੀਆ ਸਰਕਾਰ ਨੇ ਬੋਗਸ ਕਾਲਜ ਬੰਦ ਕੀਤੇ

**ਜਲੰਧਰ :** ਪੰਜਾਬ ਵਿਚ ਆਈਲੈਟਸ ਸਕੈਂਡਲ ਦਾ ਭਾਂਡਾ ਭੱਜਣ ਪਿੱਛੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਆਧਾਰ 'ਤੇ ਬਰਤਾਨੀਆ ਭੇਜਣ ਵਾਲੇ ਜਾਅਲੀ ਟਰੈਵਲ ਏਜੰਟਾਂ ਨੂੰ ਇਕ ਹੋਰ ਝਟਕਾ ਲੱਗਾ ਹੈ। ਬਰਤਾਨੀਆ ਦੀ ਗ੍ਰਹਿ ਮਾਮਲਿਆਂ ਬਾਰੇ ਕਮੇਟੀ ਵਲੋਂ ਪੜ੍ਹਾਈ ਦੇ ਬਹਾਨੇ ਏਸ਼ੀਆਈ ਲੋਕਾਂ ਨੂੰ ਧੋਖੇ ਨਾਲ ਬਰਤਾਨੀਆ ਸੱਦਣ ਵਾਲੇ ਲਗਭਗ 300 ਕਾਲਜਾਂ ਦੀ ਮਾਨਤਾ ਨੂੰ ਰੱਦ ਕਰ ਦਿੱਤਾ ਗਿਆ ਹੈ।

ਇਸ ਸੰਬੰਧੀ ਪ੍ਰਗਟਾਵਾ ਬਰਤਾਨੀਆ ਦੇ ਇਕ ਨਿਊਜ਼ ਚੈਨਲ ਵਲੋਂ ਦੇਸ਼ ਦੀ ਗ੍ਰਹਿ ਮਾਮਲਿਆਂ ਬਾਰੇ ਬਣੀ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਕੀਤਾ ਹੈ। ਇਨਾ ਹੀ ਨਹੀਂ, ਬਰਤਾਨੀਆ ਆਉਣ ਵਾਲੇ ਵਿਦਿਆਰਥੀਆਂ ਲਈ ਹੁਣ ਹੋਰ ਸਖਤੀ ਕਰਦਿਆਂ ਵਿਦੇਸ਼ਾਂ ਵਿਚ ਵਿਦਿਆਰਥੀ ਦਾਖ਼ਲ ਕਰਵਾਉਣ ਵਾਲੇ ਲਗਭਗ 2400 ਕਾਲਜਾਂ ਦੀ ਮਾਨਤਾ ਵੀ ਵਾਪਸ ਲੈ ਲਈ ਗਈ ਹੈ। ਮੰਨਿਆ ਜਾਂਦਾ ਹੈ ਕਿ ਜਿਹੜੇ 300 ਬੋਗਸ ਕਾਲਜ ਬੰਦ ਹੋਏ ਹਨ, ਉਨ੍ਹਾਂ ਵਿਚ ਇਨ੍ਹਾਂ ਆਈਲੈਟਸ ਦੇ ਵਿਦਿਆਰਥੀਆਂ ਨੂੰ ਦਾਖਲ ਕੀਤਾ ਜਾ ਰਿਹਾ ਸੀ।

ਬਰਤਾਨੀਆ ਸਰਕਾਰ ਵਲੋਂ ਅਚਾਨਕ ਲਏ ਗਏ ਇਸ ਫੈਸਲੇ ਪਿੱਛੋਂ ਪੰਜਾਬ ਵਿਚ ਭੜਥੂ ਮਚਣ ਦੀ ਸੰਭਾਵਨਾ ਹੈ, ਕਿਉਂਕਿ ਬਿਨਾਂ ਆਈਲੈਟਸ ਦੇ ਬਰਤਾਨੀਆ ਜਾਣ ਵਾਲੇ ਲੋਕਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ ਅਤੇ ਉਹ ਲੱਖਾਂ ਰੁਪਏ ਦੀ ਫੀਸ ਜਮ੍ਹਾਂ ਕਰਵਾ ਚੁੱਕੇ ਹਨ।

ਇਥੇ ਇਹ ਗੱਲ ਦੱਸਣਯੋਗ ਹੈ ਕਿ ਬੀਤੇ ਦਿਨੀਂ ਆਈਲੈਟਸ ਟੈਸਟ ਵਿਚ ਧੋਖੇਬਾਜ਼ੀ ਦਾ ਖੁਲਾਸਾ ਹੋਣ ਤੋਂ ਬਾਅਦ ਟ੍ਰੈਵਲ ਕਾਰੋਬਾਰ ਨਾਲ ਜੁੜੇ ਹੋਏ ਲੋਕਾਂ ਨੇ ਬਰਤਾਨੀਆ ਜਾਣ ਦੇ ਨਿਯਮਾਂ ਦਾ ਲਾਭ ਉਠਾਉਂਦਿਆਂ ਬਿਨਾ ਆਈਲੈਟਸ ਦੇ ਹੀ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਦਾ ਧੰਦਾ ਸ਼ੁਰੂ ਕਰ ਦਿੱਤਾ ਸੀ। ਇਸ ਵੱਡੇ ਘਾਲੇਮਾਲੇ ਦਾ ਖੁਲਾਸਾ ਬੀਤੀ 21 ਜੁਲਾਈ ਨੂੰ ਉਦੋਂ ਹੋਇਆ ਜਦੋਂ ਉਕਤ ਨਿਊਜ਼ ਚੈਨਲ ਨੇ 300 ਬੋਗਸ ਕਾਲਜਾਂ ਦੇ ਬੰਦ ਹੋਣ ਦੀ ਗੱਲ ਕਹੀ। ਖ਼ਬਰਾਂ ਮੁਤਾਬਕ 80 ਫੀਸਦੀ ਹੋਰ ਕਾਲਜਾਂ ਨੂੰ ਵੀ ਤਸਦੀਕ ਕਰਨ ਦੇ ਨੋਟਿਸ ਜਾਰੀ ਕੀਤੇ ਗਏ ਹਨ। ਚੈਨਲ ਦੀਆਂ ਖ਼ਬਰਾਂ ਮੁਤਾਬਕ ਏਸ਼ੀਆਈ ਲੋਕ ਧੋਖੇ ਨਾਲ ਵੀਜ਼ਾ ਲੈ ਕੇ ਬਰਤਾਨੀਆ ਵਿਚ ਪੜ੍ਹਨ ਲਈ ਨਹੀਂ, ਸਗੋਂ ਕੰਮ ਕਰਨ ਲਈ ਆਉਂਦੇ ਹਨ।

ਹੁਣ ਸਿਰਫ 1600 ਕਾਲਜ ਹੀ ਵਿਦੇਸ਼ਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਬੁਲਾ ਸਕਦੇ ਹਨ। ਮੰਨਿਆ ਜਾਂਦਾ ਹੈ ਕਿ ਬਰਤਾਨੀਆ ਵਿਚ ਜਿਹੜੇ ਕਾਲਜ ਬੰਦ ਹੋਏ ਹਨ ਜਾਂ ਬੰਦ ਹੋਣ ਵਾਲੇ ਹਨ, ਇਹ ਉਹੀ ਕਾਲਜ ਹਨ, ਜਿਨ੍ਹਾਂ ਵਿਚ ਬਿਨਾ ਆਈਲੈਟਸ ਦੇ ਹੀ ਵਿਦਿਆਰਥੀਆਂ ਨੂੰ ਦਾਖ਼ਲ ਕੀਤਾ ਜਾ ਰਿਹਾ ਸੀ। ਬੰਦ ਹੋ ਚੁੱਕੇ ਕਾਲਜਾਂ ਵਿਚ ਫੀਸਾਂ ਵਜੋਂ ਜਮ੍ਹਾਂ ਲੱਖਾਂ ਰੁਪਏ ਡੁੱਬ ਜਾਣ ਦਾ ਡਰ ਬਣ ਗਿਆ ਹੈ।

## ਸਿੱਧੂ ਭਾਜਪਾ ਨਾਲ ਤੋੜ ਵਿਛੋੜੇ ਲਈ ਤਿਆਰ?

**ਚੰਡੀਗੜ੍ਹ :** ਸਿੱਧੂ-ਛੀਨਾ ਵਿਵਾਦ ਤੋਂ ਲਗਦਾ ਹੈ ਕਿ ਦੋਵੇਂ ਧਿਰਾਂ ਕਟਾ, ਕਟੀ ਲਈ ਤਿਆਰ ਹਨ। ਗੇਂਦ ਹੁਣ ਬੀ.ਜੇ.ਪੀ. ਹਾਈ ਕਮਾਂਡ ਦੇ ਪਾਲੇ 'ਚ ਹੈ। ਅੰਮ੍ਰਿਤਸਰ ਸੀਟ ਤੋਂ ਐਮ.ਪੀ. ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਨੇ ਦਸਿਆ ਕਿ ਉਸ ਦੇ ਪਤੀ ਨੇ ਪਿਛਲੇ 10 ਦਿਨਾਂ ਤੋਂ ਲੋਕ ਸਭਾ ਬੈਠਕਾਂ 'ਚ ਜਾਣ ਤੋਂ ਇਨਕਾਰ ਕੀਤਾ ਹੋਇਆ ਹੈ।



ਨਵਜੋਤ ਕੌਰ ਸਿੱਧੂ

ਜਦੋਂ ਤਕ ਫੈਸਲਾ ਉਨ੍ਹਾਂ ਦੇ ਹੱਕ 'ਚ ਨਹੀਂ ਹੋ ਜਾਂਦਾ ਤਾਂ ਉਹ ਆਪਣਾ ਫੈਸਲਾ ਵਾਪਸ ਨਹੀਂ ਲੈਣਗੇ।

ਡਾ. ਕੌਰ ਨੇ ਦਸਿਆ ਕਿ ਹਾਈ ਕਮਾਂਡ ਦੇ ਨੇਤਾਵਾਂ ਲਾਲ ਕ੍ਰਿਸ਼ਨ ਅਡਵਾਨੀ, ਅਰੁਣ ਜੇਤਲੀ ਅਤੇ ਹੋਰਨਾਂ ਨੇ ਸਿੱਧੂ ਨੂੰ ਤਿੰਨ ਦਿਨ ਤਕ ਇੰਤਜ਼ਾਰ ਕਰਨ ਲਈ ਕਿਹਾ ਸੀ। ਉਸ ਨਾਲ ਲਗਾਤਾਰ ਰਾਬਤਾ ਕਾਇਮ ਕੀਤਾ ਹੋਇਆ ਹੈ। ਜੇ ਕੋਈ ਹੱਲ ਨਾ ਨਿਕਲਿਆ ਤਾਂ ਸਿੱਧੂ ਸਿਆਸਤ ਛੱਡ ਤਕ ਜਾ ਸਕਦੇ ਹਨ। ਇਹ ਪੁੱਛੇ ਜਾਣ 'ਤੇ ਕਿ ਬੀ.ਜੇ.ਪੀ. ਛੱਡਣ ਮਗਰੋਂ ਕਿਹੜੀ ਪਾਰਟੀ 'ਚ ਜਾਣ ਦਾ ਇਰਾਦਾ ਹੈ, ਦੇ ਜਵਾਬ 'ਚ ਡਾ. ਨਵਜੋਤ ਕੌਰ ਨੇ ਦਸਿਆ ਕਿ ਉਨ੍ਹਾਂ ਦੇ ਪਤੀ ਸਿਆਸਤ ਛੱਡਣ ਮਗਰੋਂ ਕਿਸੇ ਹੋਰ ਪਾਰਟੀ 'ਚ ਨਹੀਂ ਜਾਣਗੇ ਸਗੋਂ ਟੀ.ਵੀ. ਸੀਰੀਅਲ ਬਣਾਉਣ 'ਚ ਮਸ਼ਰੂਫ ਹੋ ਜਾਣਗੇ।

ਉਨ੍ਹਾਂ ਕਿਹਾ ਕਿ ਐਮ.ਪੀ. ਵਿਕਾਸ ਫੰਡ ਤੋਂ ਇਲਾਵਾ ਦਾਨੀ ਸੱਜਣਾਂ ਤੋਂ ਇਕੱਠਾ ਕੀਤਾ ਢਾਈ ਕਰੋੜ ਰੁਪਇਆ ਪਵਿੱਤਰ ਨਗਰੀ ਦੇ ਵਾਤਾਵਰਣ ਸੁਧਾਰ ਉਤੇ ਲਾਇਆ ਜਾਵੇਗਾ ਅਤੇ ਗੈਰ ਸਰਕਾਰੀ ਏਜੰਸੀ ਸਥਾਪਤ ਕਰ ਕੇ ਭਲਾਈ ਦੇ ਕੰਮ ਕਰਨ ਉਤੇ ਜ਼ੋਰ ਲਾਇਆ ਜਾਵੇਗਾ।

ਦਿੱਲੀ ਸਥਿਤ ਨਵਜੋਤ ਸਿੱਧੂ ਦੇ ਦੋਵੇਂ ਫੋਨ ਨੰਬਰ ਵਾਰ-ਵਾਰ ਬੰਦ ਆਉਣ 'ਤੇ ਡਾ. ਨਵਜੋਤ ਕੌਰ ਨੇ ਦਸਿਆ ਕਿ ਉਨ੍ਹਾਂ ਦੇ ਜੀਵਨ ਸਾਥੀ ਕਿਸੇ ਵੀ ਕਿਸਮ ਦੀ ਹਉਮੈ ਦੇ ਧਾਰਨੀ ਨਹੀਂ ਹਨ ਪਰ ਉਨ੍ਹਾਂ ਨੂੰ ਇਸ ਗੱਲ ਦਾ ਰੋਸਾ ਜ਼ਰੂਰ ਹੈ ਕਿ ਪਾਰਟੀ ਨੇ ਉਸ ਨਾਲ ਵਫਾ ਨਹੀਂ ਕੀਤੀ।

ਗੈਸ ਅਤੇ ਗਰੌਸਰੀ ਸਟੋਰ
ਲੀਜ਼ ਲਈ ਉਪਲਬਧ ਹੈ
ਸਪੋਕੇਨ (ਵਾਸ਼ਿੰਗਟਨ) ਵਿਚ
ਹਾਈਵੇਅ ਲੋਕੇਸ਼ਨ
ਅੰਦਰ ਦੀ ਸੇਲ 50,000
ਗੈਸ 40,000-50,000
ਇਸ ਤੋਂ ਇਲਾਵਾ ਕਾਰ ਵਾਸ਼, ਲਾਂਡਰੀ, ਤਿੰਨ
ਅਪਾਰਟਮੈਂਟ ਅਤੇ ਪੀਜ਼ਾ ਸ਼ਾਪ ਦੀ ਆਮਦਨ ਵੱਖਰੀ
Deposit $ 50,000 + Inventory
ਸੰਪਰਕ ਕਰੋ:
509-998-6035
509-924-1077

# ਕੈਂਬ੍ਰਿਜ ਅਤੇ ਸ਼੍ਰੋਮਣੀ ਕਮੇਟੀ ਵਿਚਾਲੇ ਸਮਝੌਤਾ

**ਲੰਡਨ :** ਕੈਂਬ੍ਰਿਜ ਯੂਨੀਵਰਸਿਟੀ ਨੇ ਪਹਿਲੀ ਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਇਕ ਸਮਝੌਤੇ ’ਤੇ ਦਸਤਖ਼ਤ ਕੀਤੇ ਹਨ, ਜਿਸ ਤਹਿਤ ਪੰਜ ਹੁਸ਼ਿਆਰ ਸਿੱਖ ਵਿਦਿਆਰਥੀਆਂ ਨੂੰ ਮਾਸਟਰਜ਼ ਜਾਂ ਪੀ.ਐਚ.ਡੀ. ਦੀ ਪੜ੍ਹਾਈ ਲਈ ਸਕਾਲਰਸ਼ਿਪ ਦਿੱਤੀ ਜਾਵੇਗੀ। ਇਸ ਸਮਝੌਤੇ ਉਪਰ ‘ਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਐਲੀਸਨ ਰਿਚਰਡ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਕੈਂਬ੍ਰਿਜ ਕਾਮਨਵੈਲਥ ਟਰਸਟ ਦੇ ਡਾਇਰੈਕਟਰ ਮਾਈਕਲ ਓਸੂਲੀਵਾਨ ਨੇ ਦਸਤਖ਼ਤ ਕੀਤੇ। ਇਸ ਸਮਝੌਤਾ ਤਹਿਤ ਪੰਜ ਸਿੱਖ ਵਿਦਿਆਰਥੀ ਅਜਿਹੇ ਵਿਸ਼ਿਆਂ ‘ਚ ਕੈਂਬ੍ਰਿਜ ‘ਵਰਸਿਟੀ ‘ਚ ਮਾਸਟਰਜ਼ ਜਾਂ ਪੀ.ਐਚ.ਡੀ. ਦੀ ਪੜ੍ਹਾਈ ਕਰ ਸਕਣਗੇ, ਜੋ ਪੰਜਾਬ ‘ਚ ਉੱਚ ਸਿੱਖਿਆ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਪ੍ਰਸੰਗਕ ਹਨ। ਸਮਝੌਤੇ ‘ਤੇ ਦਸਤਖਤ ਕਰਨ ਤੋਂ ਪਹਿਲਾਂ ਕੈਂਬ੍ਰਿਜ ਤੇ ਬਰਤਾਨੀਆ ਦੇ ਹੋਰ ਖੇਤਰਾਂ ਤੋਂ ਆਏ ਸਿੱਖਾਂ ਨੇ ਟ੍ਰਿਨਿਟੀ ਹਾਲ ਵਿਚ ਸਹਿਜ ਪਾਠ, ਸ਼ਬਦ ਕੀਰਤਨ ਤੇ ਭੋਗ ਮਗਰੋਂ ਅਰਦਾਸ ‘ਚ ਹਿੱਸਾ ਲਿਆ।

ਯੂਨੀਵਰਸਿਟੀ ਦੇ 800 ਸਾਲਾ ਇਤਿਹਾਸ ‘ਚ ਇਹ ਪਹਿਲੀ ਵਾਰ ਹੈ, ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਇਸ ‘ਵਰਸਿਟੀ ਵਿਚ ਲੈ ਕੇ ਪੁੱਜੇ। ਉਪ ਕੁਲਪਤੀ ਨੇ ਕਿਹਾ ਕਿ ਉਹ ਨਵੇਂ ਸਿੱਖ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਉਤਸੁਕ ਹਨ। ਉਨ੍ਹਾਂ ਕਿਹਾ, “ਗੁਰੂ ਗ੍ਰੰਥ ਸਾਹਿਬ ਦਾ ‘ਵਰਸਿਟੀ ‘ਚ ਆਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ।”

ਇਸ ਮੌਕੇ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਯੂਨੀਵਰਸਿਟੀ ਦੇ 800 ਸਾਲਾਂ ਦੀ ਸਫ਼ਲਤਾ ‘ਤੇ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਇਸ ਸੰਸਥਾ ਨੇ ਅਜਿਹੇ ਬੁੱਧੀਜੀਵੀ ਤੇ ਆਗੂ ਪੈਦਾ ਕੀਤੇ ਹਨ, ਜਿਨ੍ਹਾਂ ਨੇ ਦੁਨੀਆ ਦਾ ਮੂੰਹ ਮੱਥਾ ਸੰਵਾਰਿਆ ਹੈ।




*ਸ਼੍ਰੋਮਣੀ ਗੁ. ਪ੍ਰੰ. ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਕੈਂਬ੍ਰਿਜ ਕਾਮਨਵੈਲਥ ਟਰੱਸਟ ਦੇ ਡਾਇਰੈਕਟਰ ਮਾਈਕਲ ਓਸੂਲੀਵਾਨ ਜੋਸਫ ਲੁਧਿਆਣਾ ਵਿਖੇ ਇਕ ਮੀਟਿੰਗ ਦੌਰਾਨ।*

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਟੋਰਾਂਟੋ ਅਤੇ ਵੈਨਕੂਵਰ ਸਥਿਤ ਉੱਚ ਵਿਦਿਅਕ ਸੰਸਥਾਵਾਂ ਨਾਲ ਵੀ ਸਮਝੌਤੇ ਕਰੇਗੀ, ਜਿਸ ਦੇ ਲਈ ਐਜੂਕੇਸ਼ਨ ਦੇ ਡਾਇਰੈਕਟਰ ਗੁਰਮੋਹਨ ਸਿੰਘ ਵਾਲੀਆ ਨੂੰ ਭੇਜਿਆ ਗਿਆ ਹੈ। ਜਥੇਦਾਰ ਮੱਕੜ 23 ਜੁਲਾਈ ਨੂੰ ਵਿਦੇਸ਼ੀ ਦੌਰੇ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਪੁੱਜੇ ਸਨ।

ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਖੁਸ਼ੀ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਕੈਂਬ੍ਰਿਜ ਯੂਨੀਵਰਸਿਟੀ, ਜੋ ਦੁਨੀਆ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਹੈ, ‘ਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੈ। 22 ਜੁਲਾਈ ਨੂੰ ਯੂਨੀਵਰਸਿਟੀ ‘ਚ ਪੂਰਾ ਮਾਹੌਲ ਗੁਰਮਤਿ ਵਾਲਾ ਸੀ।

ਇਸ ਮੌਕੇ ਸਿੱਖ ਸੰਗਤਾਂ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਇਸ ਮੌਕੇ ਕੀਰਤਨ ਦਾ ਵੀ ਆਨੰਦ ਲਿਆ ਗਿਆ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਮਝੌਤੇ ਅਨੁਸਾਰ ਪੰਜ ਹੋਣਹਾਰ ਸਿੱਖ ਵਿਦਿਆਰਥੀਆਂ ਨੂੰ ਹਾਇਰ ਐਜੂਕੇਸ਼ਨ ਦਿੱਤੀ ਜਾਵੇਗੀ। ਤਿੰਨ ਬੱਚੇ ਪੀ.ਐਚ.ਡੀ. ਅਤੇ 2 ਬੱਚੇ ਐਮ.ਫਿਲ ਕਰਨਗੇ, ਇਸ ਦਾ ਸਾਰਾ ਖਰਚਾ ਸ਼੍ਰੋਮਣੀ ਕਮੇਟੀ ਉਠਾਏਗੀ। ਜਥੇ. ਮੱਕੜ ਨੇ ਕਿਹਾ ਕਿ ਇਹ ਸਮਝੌਤਾ 2010 ਵਿਚ ਲਾਗੂ ਹੋ ਜਾਵੇਗਾ।

# ਵਹੁਟੀ ਨੂੰ ਲੈਣ ਗਿਆ ਨੌਜਵਾਨ ਪੇਂਡੂਆਂ ਨੇ ਵੱਢ ਘੱਤਿਆ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜੀਂਦ :** ਸ਼ਹਿਰ ਜੀਂਦ ‘ਚ ਆਪਣੇ ਤੋਂ ਹੇਠਲੀ ਜਾਤ ਦੀ ਕੁੜੀ ਨਾਲ ਵਿਆਹ ਕਰਨ ਵਾਲੇ ਨੌਜਵਾਨ ਦੀ ਕੁੜੀ ਦੇ ਪਿੰਡ ਵਾਸੀਆਂ ਨੇ ਪੁਲਿਸ ਦੀ ਮੌਜੂਦਗੀ ਵਿਚ ਗਲਾ ਕੱਟ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਬੀਤੀ 23-24 ਜੁਲਾਈ ਦੀ ਰਾਤ ਜੀਂਦ ਨੇੜਲੇ ਪਿੰਡ ਸਿੰਘਵਾਲ ‘ਚ ਉਸ ਸਮੇਂ ਵਾਪਰੀ, ਜਦੋਂ ਨੌਜਵਾਨ ਵੇਦਪਾਲ (21) ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਵਾਰੰਟ ਅਫ਼ਸਰ ਅਤੇ ਹਰਿਆਣਾ ਪੁਲਿਸ ਦੇ 15 ਜਵਾਨਾਂ ਦੇ ਨਾਲ ਆਪਣੀ ਪਤਨੀ ਸੋਨੀਆ ਨੂੰ ਵਾਪਸ ਲੈਣ ਪਿੰਡ ਪਹੁੰਚਿਆ।

ਜ਼ਿਲ੍ਹਾ ਪੁਲਿਸ ਮੁਖੀ ਸਤੀਸ਼ ਬਾਲਣ ਨੇ ਦੱਸਿਆ ਕਿ 4 ਮਹੀਨੇ ਪਹਿਲਾਂ ਆਪਣੇ ਹੀ ਗੋਤ ਦੀ ਲੜਕੀ ਨਾਲ ਵਿਆਹ ਕਰਵਾਉਣ ਵਾਲੇ ਵੇਦਪਾਲ ਦੇ ਆਉਣ ਦੀ ਖ਼ਬਰ ਮਿਲਦਿਆਂ ਹੀ ਪਿੰਡ ਦੇ ਕਰੀਬ 400 ਵਿਅਕਤੀਆਂ ਨੇ ਵਾਰੰਟ ਅਫ਼ਸਰ ਸੂਰਜ ਭਾਨ ਅਤੇ ਪੁਲਿਸ ਦੇ ਜਵਾਨਾਂ ‘ਤੇ ਹਮਲਾ ਕਰ ਦਿੱਤਾ। ਇਹ ਵਿਅਕਤੀ ਵੱਖ-ਵੱਖ ਵਾਹਨਾਂ ‘ਤੇ ਸਵਾਰ ਸਨ। ਸ੍ਰੀ ਬਾਲਣ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੇ ਜਦੋਂ ਸ੍ਰੀ ਭਾਨ ਨੂੰ ਉਨ੍ਹਾਂ ਦੀ ਗੱਡੀ ਵਿਚੋਂ ਬਾਹਰ ਖਿੱਚਣਾ ਚਾਹਿਆ ਤਾਂ ਵੇਦਪਾਲ ਹਨੇਰੇ ਦਾ ਫਾਇਦਾ ਉਠਾ ਕੇ ਉਥੋਂ ਭੱਜਣ ਦਾ ਯਤਨ ਕਰਨ ਲੱਗਾ। ਇਸੇ ਦੌਰਾਨ ਉਹ ਅਚਾਨਕ ਗੁੱਸੇ ਵਿਚ ਆਈ ਭੀੜ ਦੇ ਧੱਕੇ ਚੜ੍ਹ ਗਿਆ, ਜਿਨ੍ਹਾਂ ਨੇ ਉਸ ਦੀ ਗਲਾ ਕੱਟ ਕੇ ਹੱਤਿਆ ਕਰ ਦਿੱਤੀ।

ਉਨ੍ਹਾਂ ਦੱਸਿਆ ਕਿ ਲੜਕੀ ਦੇ ਪਰਿਵਾਰਕ ਮੈਂਬਰਾਂ ਅਤੇ ਅਣਪਛਾਤੇ ਪਿੰਡ ਵਾਸੀਆਂ ਖਿਲਾਫ ਧਾਰਾ 302 ਸਮੇਤ ਵੱਖ-ਵਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਇਨ੍ਹਾਂ ਵਿਚੋਂ ਕੁਝ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਨੇ ਵੇਦਪਾਲ ਦੀ ਲਾਸ਼ ਨੂੰ ਸੜਕ ‘ਤੇ ਰੱਖ ਦਿੱਤਾ ਸੀ, ਜਿਸ ਨੂੰ ਪੁਲਿਸ ਨੇ ਉਥੋਂ ਚੁੱਕਿਆ ਅਤੇ ਪਿੰਡ ਦੀ ਸਥਿਤੀ ਕਾਬੂ ਹੇਠ ਹੈ। ਸ੍ਰੀ ਬਾਲਣ ਨੇ ਦੱਸਿਆ ਕਿ ਵੇਦਪਾਲ ਅਤੇ ਸੋਨੀਆ ਦੇ ਵਿਆਹ ਤੋਂ ਬਾਅਦ ਸੋਨੀਆ ਦੇ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਗੈਰ-ਕਾਨੂੰਨੀ ਢੰਗ ਨਾਲ ਘਰ ਵਿਚ ਰੱਖਿਆ ਹੋਇਆ ਸੀ। ਘਟਨਾ ਤੋਂ ਬਾਅਦ ਵਾਰੰਟ ਅਫ਼ਸਰ ਸੂਰਜ ਭਾਨ ਨੂੰ ਪੁਲਿਸ ਦੇ ਜਵਾਨ ਨਰਵਾਣਾ ਲੈ ਗਏ। ਜ਼ਿਕਰਯੋਗ ਹੈ ਕਿ ਝੱਜਰ ਵਿਚ ਹਾਲ ਹੀ ‘ਚ ਹੋਏ ਗੋਤ ਵਿਵਾਦ ਤੋਂ ਬਾਅਦ ਇਹ ਉਸੇ ਤਰ੍ਹਾਂ ਦੀ ਦੂਜੀ ਘਟਨਾ ਹੈ। ਦੱਸਣਾ ਬਣਦਾ ਹੈ ਕਿ ਇਸ ਤਰ੍ਹਾਂ ਦੇ ਮਾਮਲੇ ਹਰਿਆਣਾ ਵਿਚ ਲਗਾਤਾਰ ਵਧਦੇ ਜਾ ਰਹੇ ਹਨ। ਇਹ ਪਹਿਲੀ ਵਾਰ ਨਹੀਂ ਕਿ ਹਰਿਆਣਾ ‘ਚ ਕਿਸੇ ਖਾਪ ਪੰਚਾਇਤ ਨੇ ਇਕ ਮੁੰਡੇ ਅਤੇ ਕੁੜੀ ਦੇ ਵਰਜਿਤ ਗੋਤਾਂ ‘ਚ ਵਿਆਹ ਕਰਨ ਤੋਂ ਬਾਅਦ ਉਨ੍ਹਾਂ ਖਿਲਾਫ ਬਹੁਤ ਹੀ ਸਖ਼ਤ ਤੇ ਗੈਰ-ਮਨੁੱਖੀ ਫ਼ਤਵਾ ਦਾਗਿਆ ਹੋਵੇ। ਝੱਜਰ ਜ਼ਿਲ੍ਹੇ ਦੇ ਧਰਾਣਾ ਪਿੰਡ ਦੇ ਗਹਿਲਾਵਤ ਗੋਤ ਦੇ ਇਕ ਲੜਕੇ ਰਵਿੰਦਰ ਨੇ ਪਾਣੀਪਤ ਜ਼ਿਲ੍ਹੇ ਦੇ ਪਿੰਡ ਸਿਵਾਹ ਦੀ ਕਾਦੀਆਂ ਗੋਤ ਦੀ ਕੁੜੀ ਸ਼ਿਲਪਾ ਨਾਲ ਵਿਆਹ ਕਰ ਲਿਆ ਸੀ।

ਧਰਾਣਾ ਪਿੰਡ ਦੇ ਆਸ-ਪਾਸ ਇਕ ਦਰਜਨ ਪਿੰਡ ਕਾਦੀਆਂ ਗੋਤ ਦੇ ਹਨ। ਇਸ ਇਲਾਕੇ ‘ਚ ਪੁਰਾਣੇ ਜ਼ਮਾਨੇ ਤੋਂ ਗਹਿਲਾਵਤ ਤੇ ਕਾਦੀਆਂ ਗੋਤਾਂ ‘ਚ ਵਿਆਹ ਵਰਜਿਤ ਕੀਤੇ ਹੋਏ ਹਨ।

ਗੋਤ ਆਧਾਰਤ ਕਈ ਕਈ ਪਿੰਡਾਂ ਦੀਆਂ ਖਾਪ ਪੰਚਾਇਤਾਂ ਅਜਿਹੇ ਮੱਧਕਾਲੀਨ ਰੀਤੀ ਰਿਵਾਜ਼ਾਂ ਦੀ ਪਾਲਣਾ ‘ਤੇ ਅੱਖ ਰੱਖਦੀਆਂ ਹਨ। ਜਦੋਂ ਵੀ ਕੋਈ ਮਾਮਲਾ ਇਕੋ ਗੋਤ ‘ਚ ਜਾਂ ਦੋ ਵਰਜਿਤ ਗੋਤਾਂ ‘ਚ ਵਿਆਹ ਦਾ ਸਾਹਮਣਾ ਆਉਂਦਾ ਹੈ ਤਾਂ ਖਾਪ ਪੰਚਾਇਤਾਂ ਬੜੀ ਬਰਾਬਰਤਾ ਨਾਲ ਗਤੀਸ਼ੀਲ ਹੋ ਜਾਂਦੀਆਂ ਹਨ। ਆਮ ਤੌਰ ‘ਤੇ ਉਨ੍ਹਾਂ ਦਾ ਫ਼ਤਵਾ ਵਿਆਹ ਤੁੜਵਾਉਣ ਦਾ ਹੁੰਦਾ ਹੈ। ਜੇਕਰ ਸਬੰਧਤ ਪਰਿਵਾਰ ਕੋਈ ਉਜਰ ਕਰਦੇ ਹਨ ਤਾਂ ਉਨ੍ਹਾਂ ਨੂੰ ਪਿੰਡਾਂ ‘ਚੋਂ ਕੱਢ ਦਿੱਤਾ ਜਾਂਦਾ ਹੈ। ਕਈ ਵਾਰ ਅਜਿਹੇ ਸਮੇਂ ਵਧੇਰੇ ਤਲਖੀ ਪੈਦਾ ਹੋ ਜਾਂਦੀ ਹੈ ਤਾਂ ਫਿਰ ਖ਼ੂਨ ਤੱਕ ਹੋ ਜਾਂਦੇ ਹਨ। ਗੋਤਾਂ ਦੀਆਂ ਇਹ ਖਾਪ ਪੰਚਾਇਤਾਂ ਮੱਧਕਾਲੀਨ ਯੂਰਪ ‘ਚ ਧਾਰਮਿਕ ਅਦਾਲਤਾਂ ਦੀ ਤਰ੍ਹਾਂ ਕੰਮ ਕਰਦੀਆਂ ਹਨ।

ਕਈ ਵਾਰ ਅਦਾਲਤਾਂ ਨੇ ਰਾਜ ਸਰਕਾਰ ਦੇ ਸਬੰਧਤ ਜ਼ਿਲ੍ਹਾ ਮੁਖੀਆਂ ਨੂੰ ਅਜਿਹੇ ਕੇਸਾਂ ‘ਚ ਸੁਰੱਖਿਆ ਦੇਣ ਲਈ ਆਦੇਸ਼ ਦਿੱਤੇ ਹਨ। ਪਰ ਹਰਿਆਣਾ ਪ੍ਰਸ਼ਾਸਨ ਤੇ ਪੁਲਿਸ ਵੀ ਇਸ ਵਰਤਾਰੇ ਦੇ ਵਿਰੁਧ ਚੱਜ ਨਾਲ ਕਾਰਵਾਈ ਨਹੀਂ ਕਰਦੇ। ਬਹੁਤ ਸਾਰੇ ਪ੍ਰਸ਼ਾਸਨਿਕ ਅਧਿਕਾਰੀ ਤੇ ਪੁਲਿਸਕਰਮੀ ਖ਼ੁਦ ਇਨ੍ਹਾਂ ਖਾਪ ਪੰਚਾਇਤਾਂ ਦੇ ਸਮਰਥਕ ਨਜ਼ਰ ਆਉਂਦੇ ਹਨ। ਸਿੱਟੇ ਵਜੋਂ ਪ੍ਰਸ਼ਾਸਨ ਪੀੜਤ ਪਰਿਵਾਰਾਂ ਨੂੰ ਲੋੜੀਂਦੀ ਸੁਰੱਖਿਆ ਪ੍ਰਦਾਨ ਕਰਨ ਦੇ ਅਸਮਰਥ ਹੋ ਜਾਂਦਾ ਹੈ। ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਜਾਂ ਤਾਂ ਇਹ ਵਿਆਹ ਤੋੜ ਦਿੱਤਾ ਜਾਂਦਾ ਹੈ ਜਾਂ ਫ਼ਿਰ ਸਬੰਧਤ ਪਰਿਵਾਰਾਂ ਨੂੰ “ਦੇਸ਼ ਨਿਕਾਲਾ” ਦੇ ਦਿੱਤਾ ਜਾਂਦਾ ਹੈ।

SIDHU & ASSOCIATES REALTY
COMMERCIAL REAL ESTATE

GAS STATION, HOTEL, LIQUER STORE
RESIDENTIAL REAL ESTATE IN ILLINOIS

ਗੈਸ ਸਟੇਸ਼ਨ, ਮੋਟਲ, ਹੋਟਲ, ਲਿੱਕਰ ਸਟੋਰ ਅਤੇ ਹੋਰ ਵਪਾਰਕ ਪ੍ਰਾਪਰਟੀ ਖਰੀਦਣ/ ਵੇਚਣ ਲਈ ਸੰਪਰਕ ਕਰੋ



ਬਲਜੀਤ ਸਿੱਧੂ

Baljit (BJ) Sidhu, Broker
Cell: 630-862-0941
Fax: 630-499-7533
sidhu-realty@hotmail.com

Indian Restaurant
For Sale
In Milwaukee, WI
ਭਾਰਤੀ ਰੈਸਟੋਰੈਂਟ ਵਿਕਾਊ ਹੈ
10 years in business high profit.

Excellent Location — ਵਧੀਆ ਲੋਕੇਸ਼ਨ
Low Rent — ਘੱਟ ਰੈਂਟ
Long Lease — ਲੰਮੀ ਲੀਜ਼
99 Seats — 99 ਸੀਟਾਂ

Full Bar License

For More Info. Call
Vicky Vasudeva: 414-688-4197
Sony: 414-526-2026

# ਪੰਜਾਬ ਟਾਈਮਜ਼

ਸਨਿਚਰਵਾਰ, 1 ਅਗਸਤ, 2009


*ਹੁਕਮਰਾਨਾਂ ਦੇ ਔਗੁਣਾਂ ਪ੍ਰਤੀ ਹਮਦਰਦੀ ਰੱਖਣੀ ਦੇਸ਼ ਭਗਤੀ ਨੂੰ ਦਾਗ ਹੈ।-ਮਹਾਤਮਾ ਗਾਂਧੀ*

## ਸੰਪਾਦਕੀ

## ਭਾਰਤ-ਪਾਕਿ ਸਬੰਧ ਪੁਰਾਣੀ ਲੀਹੇ

ਹਾਲ ਹੀ ਵਿਚ ਮਿਸਰ ਵਿਚ ਹੋਈ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਮੀਟਿੰਗ ਤੋਂ ਬਾਅਦ ਦੋਨੋਂ ਮੁਲਕਾਂ ਵਿਚਕਾਰ ਜਿਹੜੀ ਮੁੜ ਅਮਨ ਵਾਰਤਾ ਦੇ ਲੀਹੇ ਪੈ ਜਾਣ ਦੀ ਆਸ ਬੱਝੀ ਸੀ, ਉਸ ਨੂੰ ਕੁਝ ਦਿਨਾਂ ਬਾਅਦ ਹੀ ਝਟਕਾ ਲੱਗ ਗਿਆ ਹੈ। ਯਾਦ ਰਹੇ ਮਿਸਰ ਦੇ ਸ਼ਹਿਰ ਸ਼ਰਮ ਅਲ ਸ਼ੇਖ ਵਿਖੇ ਗੁੱਟ ਨਿਰਲੇਪ ਮੁਲਕਾਂ ਦੀ ਕਾਨਫਰੰਸ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਵਿਚਕਾਰ ਜੋ ਗੱਲਬਾਤ ਹੋਈ ਸੀ, ਉਸ ਵਿਚ ਦੋਨਾਂ ਧਿਰਾਂ ਨੇ ਮੁੰਬਈ ਦੇ ਅਤਿਵਾਦੀ ਹਮਲਿਆਂ ਦੇ ਦੋਸ਼ੀਆਂ ਵਿਰੁਧ ਕਾਰਵਾਈ ਵਾਲੇ ਮਾਮਲੇ ਨੂੰ ਪਾਸੇ ਰੱਖ ਕੇ ਆਪਸੀ ਗੱਲਬਾਤ ਅੱਗੇ ਤੋਰਨ ਦਾ ਅਹਿਦ ਕੀਤਾ ਸੀ। ਦੋਨਾਂ ਪ੍ਰਧਾਨ ਮੰਤਰੀਆਂ ਦੀ ਇਸ ਮੁਲਾਕਾਤ ਤੋਂ ਬਾਅਦ ਸਾਂਝੇ ਐਲਾਨਨਾਮੇ ਦੇ ਜਾਰੀ ਹੋਣ ਦੇ ਨਾਲ ਹੀ ਭਾਰਤੀ ਮੀਡੀਏ ਵਿਚ ਇਹ ਵਾਵੇਲਾ ਖੜਾ ਹੋ ਗਿਆ ਕਿ ਯੂ.ਪੀ.ਏ. ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਅਮਰੀਕੀ ਦਬਾਅ ਅੱਗੇ ਝੁਕਦਿਆਂ ਹੀ ਪਾਕਿਸਤਾਨ ਦੀ ਮੁੰਬਈ ਹਮਲੇ ਦੇ ਦੋਸ਼ੀਆਂ ਵਿਰੁਧ ਕਾਰਵਾਈ ਤੋਂ ਪਿੱਛਾ ਛੁਡਾਉਣ ਦੀ ਮੰਗ ਸਵੀਕਾਰ ਕੀਤੀ ਗਈ ਹੈ। ਮੀਡੀਏ ਵਿਚ ਇਸ ਕਿਸਮ ਦਾ ਵਿਰੋਧ ਉੱਠਣ ਤੋਂ ਪਿੱਛੋਂ ਇਹ ਮਸਲਾ ਪਾਰਲੀਮੈਂਟ ਵਿਚ ਵੀ ਉੱਠਿਆ, ਜਿਸ ਵਿਚ ਭਾਰਤੀ ਜਨਤਾ ਪਾਰਟੀ ਸਮੇਤ ਸਮੁੱਚੀ ਵਿਰੋਧੀ ਧਿਰ ਨੇ ਕੇਂਦਰ ਸਰਕਾਰ ਉੱਪਰ ਦੋਸ਼ ਲਾਇਆ ਕਿ ਉਸ ਨੇ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਪਾਕਿਸਤਾਨ ਦਾ ਨਾਜਾਇਜ਼ ਪੱਖ ਸਵੀਕਾਰ ਕਰ ਲਿਆ ਹੈ। ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਨੇ ਪਾਰਲੀਮੈਂਟ ਵਿਚੋਂ ਇਸ ਮੁੱਦੇ ਉੱਪਰ ਵਾਕਆਊਟ ਵੀ ਕੀਤਾ। ਪ੍ਰਧਾਨ ਮੰਤਰੀ ਉੱਪਰ ਦੇਸ਼ ਨਾਲ ਗੱਦਾਰੀ ਕਰਨ ਦੇ ਦੋਸ਼ ਵੀ ਲੱਗੇ। ਇਸ ਤੋਂ ਇਲਾਵਾ ਦੇਸ਼ ਦੀਆਂ ਖੱਬੇਪੱਖੀ ਪਾਰਟੀਆਂ ਨੇ ਵੀ ਅਮਰੀਕਾ ਅੱਗੇ ਝੁਕਣ ਅਤੇ ਭਾਰਤ ਦੇ ਹਿੱਤ ਨਜ਼ਰਅੰਦਾਜ਼ ਕਰਨ ਦੇ ਦੋਸ਼ ਕੇਂਦਰ ਦੀ ਯੂ.ਪੀ.ਏ. ਸਰਕਾਰ ਉੱਪਰ ਲਗਾਏ। ਇਸੇ ਸੰਦਰਭ ਵਿਚ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੀ ਭਾਰਤ ਯਾਤਰਾ ਨੂੰ ਵੇਖਿਆ ਜਾ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰੀ ਨਾਲ ਹੋਏ ਰੱਖਿਆ ਸਮਝੌਤੇ ਦੇ ਮਾਮਲੇ ਵਿਚ ਵੀ ਸਵਾਲ ਉਠਾਏ ਗਏ ਹਨ ਅਤੇ ਭਾਰਤ ਵਲੋਂ ਰੱਖਿਆ ਸਬੰਧੀ ਸਾਜ਼ੋ-ਸਾਮਾਨ ਦੀ ਕੌਮਾਂਤਰੀ ਦੇਖ-ਰੇਖ ਸਵੀਕਾਰ ਕਰਨ ਦੀ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ।

ਜਿਥੋਂ ਤੱਕ ਭਾਰਤ ਅਤੇ ਪਾਕਿਸਤਾਨ ਦਾ ਸਵਾਲ ਹੈ, ਇਹ ਦੋਨੋਂ ਮੁਲਕ ਇਕ ਪਾਸੇ ਤਾਂ ਅਮਰੀਕੀ ਜੀ ਹਜ਼ੂਰੀ ਕਰਨ ਨੂੰ ਤਰਜੀਹ ਦੇ ਰਹੇ ਹਨ ਅਤੇ ਦੂਜੇ ਪਾਸੇ ਇਕ ਦੂਜੇ ਖਿਲਾਫ ਬੰਦੂਕਾਂ ਬੀੜਨ ਵਿਚ ਰੁਝੇ ਹੋਏ ਹਨ। ਭਾਰਤ ਅਤੇ ਪਾਕਿਸਤਾਨ ਵਿਚਕਾਰ ਅਮਨ ਵਾਰਤਾਵਾਂ ਦਾ ਸਿਲਸਿਲਾ ਅਸਲ ਵਿਚ ਕੌਮਾਂਤਰੀ ਦਬਾਅ ਦਾ ਸਿੱਟਾ ਹੀ ਹੈ। ਅੰਤਰਰਾਸ਼ਟਰੀ ਦਬਾਅ ਅਧੀਨ ਹੀ ਦੋਨੋਂ ਮੁਲਕ ਆਪਸ ਵਿਚ ਗੱਲਬਾਤ ਦੇ ਰਾਹ ਪੈਂਦੇ ਹਨ ਅਤੇ ਅੰਤਰਰਾਸ਼ਟਰੀ ਦਬਾਅ ਦੀ ਅਣਹੋਂਦ ਵਿਚ ਆਪਸੀ ਝਗੜੇ ਨੂੰ ਤਰਜੀਹ ਦਿੰਦੇ ਹਨ। ਜਦੋਂ ਕਿਸੇ ਕੌਮਾਂਤਰੀ ਮੰਚਾਂ ਉੱਪਰ ਦੋਨਾਂ ਮੁਲਕਾਂ ਦੇ ਆਗੂਆਂ ਨੂੰ ਬੋਲਣਾ ਪੈਂਦਾ ਹੈ ਤਾਂ ਆਪਸ ਵਿਚ ਸਹਿਚਾਰ ਦੀ ਭਾਸ਼ਾ ਭਾਰੂ ਹੋ ਜਾਂਦੀ ਹੈ, ਪਰ ਜਦੋਂ ਇਹ ਲੀਡਰ ਆਪੋ ਆਪਣੇ ਘਰੀਂ ਪਰਤਦੇ ਹਨ ਤਾਂ ਮੁੜ ਟਕਰਾਅ ਦੀਆਂ ਗੱਲਾਂ ਕਰਨ ਲੱਗਦੇ ਹਨ। ਅਜਿਹਾ ਕੁਝ ਹੀ ਮਿਸਰ ਵਿਚ ਹੋਈ ਗੁੱਟ ਨਿਰਲੇਪ ਮੁਲਕਾਂ ਦੀ ਕਾਨਫਰੰਸ ਅਤੇ ਅਮਰੀਕੀ ਵਿਦੇਸ਼ ਮੰਤਰੀ ਦੀ ਭਾਰਤ ਫੇਰੀ ਤੋਂ ਬਾਅਦ ਵਾਪਰ ਰਿਹਾ ਹੈ। ਉਂਝ ਅਮਰੀਕਾ ਦੀ ਨਜ਼ਰ ਵਿਚ ਭਾਰਤੀ ਨਾਗਰਿਕਾਂ ਅਤੇ ਆਗੂਆਂ ਦੀ ਕਦਰ ਕਿਸ ਪੱਧਰ ਦੀ ਹੈ, ਇਹ ਸਾਬਕਾ ਰਾਸ਼ਟਰਪਤੀ ਸ੍ਰੀ ਏ.ਪੀ.ਜੇ. ਅਬਦੁਲ ਕਲਾਮ ਦੀ ਇਕ ਹਵਾਈ ਕੰਪਨੀ ਵਲੋਂ ਕੀਤੀ ਗਈ ਜਾਂਚ ਪੜਤਾਲ ਤੋਂ ਹੀ ਸਮਝਿਆ ਜਾ ਸਕਦਾ ਹੈ। ਇਸ ਮਾਮਲੇ ਨੂੰ ਲੈ ਕੇ ਭਾਵੇਂ ਹੁਣ ਕਾਫੀ ਵਿਵਾਦ ਖੜ੍ਹਾ ਹੋਇਆ ਹੈ ਅਤੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਅਮਰੀਕੀ ਹਵਾਈ ਕੰਪਨੀ ਨੇ ਅਬਦੁਲ ਕਲਾਮ ਤੋਂ ਮੁਆਫੀ ਮੰਗ ਲਈ ਹੈ, ਪਰ ਨਾਲ ਹੀ ਅਮਰੀਕਾ ਦੇ ਟਰਾਂਸਪੋਰਟ ਸੁਰੱਖਿਆ ਪ੍ਰਸ਼ਾਸਨ ਨੇ ਇਹ ਬਿਆਨ ਵੀ ਦੇ ਦਿੱਤਾ ਹੈ ਕਿ ਡਾ. ਕਲਾਮ ਦੀ ਤਲਾਸ਼ੀ ਅਮਰੀਕਾ ਦੀਆਂ ਸੁਰੱਖਿਆ ਲੋੜਾਂ ਦੇ ਮੱਦੇਨਜ਼ਰ ਲਈ ਗਈ ਸੀ। ਅਮਰੀਕੀ ਟਰਾਂਸਪੋਰਟ ਸੁਰੱਖਿਆ ਪ੍ਰਸ਼ਾਸਨ ਵਲੋਂ ਜਾਰੀ ਇਸ ਬਿਆਨ ਤੋਂ ਬਾਅਦ ਕਾਂਗਰਸ, ਭਾਜਪਾ ਤੇ ਖੱਬੇ-ਪੱਖੀਆਂ ਦੇ ਕੁਝ ਉੱਚ ਪੱਧਰ ਦੇ ਆਗੂਆਂ ਨੇ ਅਮਰੀਕਾ ਦੀ ਆਲੋਚਨਾ ਕੀਤੀ ਹੈ, ਪਰ ਇਸ ਰੌਲ਼ੇ-ਰੱਪੇ ਦੇ ਜਲਦੀ ਹੀ ਵਿਸਰ ਜਾਣ ਦੇ ਆਸਾਰ ਹਨ। ਅਜਿਹਾ ਬੀਤੇ ਵਿਚ ਵੀ ਹੁੰਦਾ ਰਿਹਾ ਹੈ। ਐਨ.ਡੀ.ਏ. ਸਰਕਾਰ ਵੇਲੇ ਦੇਸ਼ ਦੇ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਨਾਲ ਵੀ ਅਜਿਹਾ ਵਾਪਰਿਆ ਸੀ। ਉਨ੍ਹਾਂ ਕੰਨੋ ਕੰਨ ਧੁਹ ਨਹੀਂ ਸੀ ਕੱਢੀ। ਅਜਿਹਾ ਹੀ ਹੁਣ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਵਲੋਂ ਕੀਤਾ ਗਿਆ।

ਅਸਲ ਵਿਚ ਇਹ ਸਾਰੇ ਘਟਨਾਕ੍ਰਮ ਇਕ ਮਹਾਸ਼ਕਤੀ ਅਤੇ ਵਿਕਾਸਸ਼ੀਲ ਮੁਲਕਾਂ ਦੇ ਆਪਸ ਵਿਚ ਗੈਰ ਬਰਾਬਰੀ ਵਾਲੇ ਸਬੰਧਾਂ ਨੂੰ ਹੀ ਨਸ਼ਰ ਕਰਦੇ ਹਨ। ਜਦੋਂ ਅਮਰੀਕੀ ਆਗੂ ਭਾਰਤ ਆਉਂਦੇ ਹਨ ਤਾਂ ਭਾਰਤੀ ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਹੱਥਾਂ ਉੱਪਰ ਚੁੱਕਿਆ ਜਾਂਦਾ ਹੈ, ਪਰ ਜਦੋਂ ਭਾਰਤੀ ਲੀਡਰ ਉਨ੍ਹਾਂ ਦੇ ਜਹਾਜ਼ ਵੀ ਚੜ੍ਹਦੇ ਹਨ ਤਾਂ ਉਨ੍ਹਾਂ ਦੀਆਂ ਤਲਾਸ਼ੀਆਂ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਪਰ ਇਹੋ ਤੀਜੀ ਦੁਨੀਆਂ ਦੇ ਵਿਕਾਸਸ਼ੀਲ ਮੁਲਕ ਜਦੋਂ ਆਪਸ ਵਿਚ ਇਕ ਦੂਜੇ ਨਾਲ ਵਿਚਰਦੇ ਹਨ ਤਾਂ ਘਟੀਆ ਦਰਜੇ ਦੇ ਸ਼ਰੀਕ ਬਣ ਜਾਂਦੇ ਹਨ। ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਦੇ ਹਿੱਤ ਇਸ ਗੱਲ ਵਿਚ ਹਨ ਕਿ ਸਰਹੱਦਾਂ ਕੁਝ ਢਿੱਲੀਆਂ ਹੋਣ ਅਤੇ ਦੋਨਾਂ ਮੁਲਕਾਂ ਵਿਚਕਾਰ ਕਾਰੋਬਾਰ ਤੇਜ਼ ਹੋਵੇ, ਲੋਕਾਂ ਦੇ ਆਰਥਿਕ ਰੁਜ਼ਗਾਰ ਸਬੰਧੀ ਵਿੱਦਿਅਕ ਅਤੇ ਸਿਹਤ ਨਾਲ ਸਬੰਧਤ ਮਸਲੇ ਹੱਲ ਹੋਣ। ਇਹ ਮਸਲੇ ਦੋਨਾਂ ਦੇਸ਼ਾਂ ਦੇ ਆਮ ਲੋਕਾਂ ਦੇ ਮਸਲੇ ਹਨ। ਜਦੋਂ ਕਿ ਦੋਨਾਂ ਹੀ ਮੁਲਕਾਂ ਦੇ ਹਾਕਮਾਂ ਨੇ ਵਿਕਸਿਤ ਮੁਲਕਾਂ ਦੀ ਚਾਕਰੀ ਕਰਕੇ ਚੌਧਰ ਮਾਣਨੀ ਹੈ ਅਤੇ ਚੰਮ ਦੀਆਂ ਚਲਾਉਣੀਆਂ ਹਨ। ਇਸ ਮਕਸਦ ਲਈ ਉਨ੍ਹਾਂ ਨੂੰ ਦੋਨਾਂ ਮੁਲਕਾਂ ਦੇ ਲੋਕਾਂ ਨੂੰ ਲੜਾਉਣਾ ਵੀ ਪੈਂਦਾ ਹੈ। ਸਾਰੀ ਸਥਿਤੀ 'ਚੋਂ ਬਾਹਰ ਆਉਣ ਲਈ ਦੱਖਣ ਏਸ਼ੀਆਈ ਟਕਰਾਅ ਦੀ ਥਾਂ ਸਹਿਯੋਗ ਵਲ ਅੱਗੇ ਤੁਰਨ ਦੀ ਲੋੜ ਹੈ। ਇਸੇ ਲਈ ਆਪਸੀ ਅਮਨ ਵਾਰਤਾਵਾਂ ਭਾਵੇਂ ਉਹ ਕਿਸੇ ਵੀ ਹਾਲਤ ਵਿਚ ਹੋਣ, ਜਾਰੀ ਰੱਖੀਆਂ ਜਾਣੀਆਂ ਜ਼ਰੂਰੀ ਹਨ। ਖਾਸ ਕਰਕੇ ਦੋਨਾਂ ਮੁਲਕਾਂ ਦੇ ਲੋਕਾਂ ਦੀ ਆਵਾਜਾਈ ਵਧੇਰੇ ਸਾਹਿਲ ਬਣਾਈ ਜਾਣੀ ਚਾਹੀਦੀ ਹੈ। ਕਥਿਤ ਅਤਿਵਾਦ ਨੂੰ ਵੀ ਇਹੋ ਠੱਲ੍ਹ ਪਾਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਸੀਂ ਹਾਂ 'ਪੁਤਲਾ-ਸਾੜੂ' ਰੰਗਰੂਟ!*

ਨਵਾਂ ਬੂਟਾ ਨਹੀਂ ਇਕ ਵੀ ਲਾਉਣ ਜੋਗੇ,
ਹਰੇ ਭਰੇ ਹੋਏ ਬਾਗ ਉਜਾੜਦੇ ਹਾਂ।
ਸਾਨੂੰ ਅਮਨ ਅਮਾਨ ਨਹੀਂ ਰਾਸ ਆਉਂਦਾ,
ਰਹਿੰਦੇ ਕਲਹ-ਕਲੇਸ਼ ਹੀ ਤਾੜਦੇ ਹਾਂ।
ਲੂਹ ਕੇ ਸੰਪਤੀ ਦੇਸ਼ ਦੀ ਦਿਨੇ ਦੀਵੀਂ,
ਕਿਸਮਤ ਆਪਣੀ ਨਾਲੇ ਹੀ ਸਾੜਦੇ ਹਾਂ।
ਭਲੇ ਬੁਰੇ ਦੀ ਪਰਖ ਨਾ ਕਦੇ ਕਰੀਏ,
'ਮੁਰਦਾਬਾਦ' ਕਹਿ ਕਹਿ ਸੰਘ ਪਾੜਦੇ ਹਾਂ।
ਵਾਂਗ ਗਿੱਦੜਾਂ ਭੱਜ ਕੇ ਘਰੇ ਵੜੀਏ,
ਪਹਿਲਾਂ ਸ਼ੇਰ ਦੇ ਵਾਂਗ ਦਹਾੜਦੇ ਹਾਂ।
ਸਾਨੂੰ ਮਿਲੇ ਇਸ਼ਾਰਾ ਜਦ 'ਉਤਲਿਆਂ' ਦਾ,
ਪੁਤਲੇ ਵਿਚ ਬਾਜ਼ਾਰ ਦੇ ਸਾੜਦੇ ਹਾਂ।

## ਵਿਕਸਿਤ ਦੇਸ਼ਾਂ ਵਲੋਂ ਵਧਾਇਆ ਫੌਜੀ ਖਰਚ?

ਡਾ. ਅਜੀਤਪਾਲ ਸਿੰਘ

ਇਕ ਪਾਸੇ ਵਿਸ਼ਵੀਕਰਨ ਰਾਹੀਂ ਸਾਰੀ ਦੁਨੀਆਂ ਦੇ ਅਰਥਚਾਰੇ ਨੂੰ ਇਕ ਹੀ ਛਤਰੀ ਹੇਠ ਲਿਆ ਕੇ ਲੁੱਟਣ ਦੀ ਯੋਜਨਾ ਚੱਲ ਰਹੀ ਹੈ ਤਾਂ ਦੂਜੇ ਪਾਸੇ ਫੌਜੀ ਖਰਚੇ ਵਧਾ ਕੇ ਸਭ ਤਾਕਤਵਰ ਤੇ ਅਤਿ ਆਧੁਨਿਕ ਫੌਜੀ ਸਮਰੱਥਾ ਵਿਕਸਤ ਕਰ ਲੈਣ ਦੀ ਦੌੜ 'ਚ ਲੱਗੇ ਹੋਏ ਹਨ। ਭਾਰਤ ਵਲੋਂ ਹਾਲ ਹੀ ਵਿਚ ਆਪਣੇ ਆਮ ਬਜਟ ਦੌਰਾਨ ਰੱਖਿਆ ਬਜਟ ਵਿਚ ਭਾਰੀ ਵਾਧਾ ਕੀਤਾ ਗਿਆ ਹੈ। ਦੇਸ਼ ਦੇ ਵਿਕਾਸ ਦੀਆਂ ਲੋੜਾਂ ਦੇ ਨੱਦੇਨਜ਼ਰ ਇਹ ਵਾਧਾ ਅਨਿਆਪੂਰਨ ਵਿਖਾਈ ਦਿੰਦਾ ਹੈ।

ਸਟਾਕ ਹੋਮ ਦੇ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਨੇ ਜੂਨ 2008 ਵਿਚ ਇਹ ਖੁਲਾਸਾ ਕੀਤਾ ਸੀ ਕਿ ਪਿਛਲੇ 10 ਸਾਲਾਂ ਦੌਰਾਨ ਦੁਨੀਆਂ ਦਾ ਸੈਨਿਕ ਖਰਚ 45 ਫੀਸਦੀ ਵਧਿਆ ਹੈ। ਅੱਜ ਪੂਰੀ ਦੁਨੀਆਂ 'ਚ ਜਿੰਨਾ ਫੌਜੀ ਖਰਚਾ ਹੁੰਦਾ ਹੈ, ਉਸ ਦਾ ਅੱਧਾ ਇਕੱਲਾ ਅਮਰੀਕਾ ਖਰਚ ਕਰਦਾ ਹੈ। 2007 ਵਿਚ ਹਥਿਆਰ ਤੇ ਹੋਰ ਫੌਜੀ ਖਰਚ ਦੀ ਮਦ 'ਚ 1339 ਅਰਬ ਡਾਲਰ ਖਰਚਾ ਕੀਤਾ ਗਿਆ, ਜੋ ਪੂਰੀ ਦੁਨੀਆਂ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 2.5 ਫੀਸਦੀ ਬੈਠਦਾ ਹੈ। ਇਹ ਖਰਚਾ ਜੇ ਦੁਨੀਆਂ ਭਰ ਦੀ 6.6 ਅਰਬ ਆਬਾਦੀ 'ਤੇ ਬਰਾਬਰ ਵੰਡ ਦੇਈਏ ਤਾਂ ਪ੍ਰਤੀ ਵਿਅਕਤੀ 202 ਅਰਬ ਡਾਲਰ ਬੈਠੇਗਾ, ਜਦ ਕਿ ਕਈ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਇਸ ਤੋਂ ਘੱਟ ਹੈ। ਇਸ ਪੂਰੇ ਖਰਚ 'ਚ ਅਮਰੀਕਾ ਦਾ ਹਿੱਸਾ 547 ਅਰਬ ਡਾਲਰ ਹੈ, ਜੋ ਸਭ ਤੋਂ ਜ਼ਿਆਦਾ ਹੈ। ਉਸ ਪਿੱਛੋਂ ਕ੍ਰਮਵਾਰ ਬ੍ਰਿਟੇਨ, ਚੀਨ, ਫਰਾਂਸ ਤੇ ਜਾਪਾਨ ਦਾ ਨੰਬਰ ਆਉਂਦਾ ਹੈ। ਜਿਨ੍ਹਾਂ ਦਾ ਕੁਲ ਖਰਚ 'ਚ ਹਿੱਸਾ ਸਿਰਫ 4 ਤੋਂ 5 ਫੀਸਦੀ ਵਿਚਕਾਰ ਹੈ।

*ਪੂੰਜੀਵਾਦੀ ਪਾਪਾਂ ਦਾ ਸਿੱਟਾ ਹੋਣ ਦੇ ਬਾਵਜੂਦ ਅਤਿਵਾਦ ਤੋਂ ਸਾਮਰਾਜੀਆਂ ਨੂੰ ਵੀ ਫਾਇਦਾ ਮਿਲ ਰਿਹਾ ਹੈ। ਉਨ੍ਹਾਂ ਦੇਸ਼ਾਂ ਦੀਆਂ ਹਥਿਆਰ ਨਿਰਮਾਤਾ ਕੰਪਨੀਆਂ ਅਤਿਵਾਦੀਆਂ 'ਤੇ ਸਰਕਾਰ ਦੋਵਾਂ ਨੂੰ ਹੀ ਹਥਿਆਰ ਵੇਚ ਕੇ ਅਥਾਹ ਮੁਨਾਫਾ ਬਟੋਰ ਰਹੀਆਂ ਹਨ। ਦੁਨੀਆਂ ਭਰ 'ਚ ਹਥਿਆਰ ਬਣਾਉਣ ਵਾਲੀਆਂ 100 ਵੱਡੀਆਂ ਕੰਪਨੀਆਂ ਦੀ ਵਿਕਰੀ 2006 'ਚ 315 ਅਰਬ ਡਾਲਰ ਸੀ, ਜੋ ਪਿਛਲੇ ਸਾਲ ਦੀ ਤੁਲਨਾ ਵਿਚ 6 ਫੀਸਦੀ ਵਧ ਸੀ।*

1990 ਤੋਂ 2007 ਵਿਚ ਪੂਰਬੀ ਯੂਰਪ ਦਾ ਫੌਜੀ ਖਰਚ 162 ਫੀਸਦੀ ਵਧਿਆ ਹੈ, ਉੱਤਰੀ ਅਮਰੀਕਾ ਵਿਚ 11 ਸਤੰਬਰ ਦੀ ਘਟਨਾ ਪਿੱਛੋਂ ਸੈਨਿਕ ਖਰਚ 65 ਫੀਸਦੀ ਵਧਿਆ, ਜਿਸ ਦਾ 59 ਫੀਸਦੀ ਇਕੱਲੇ ਅਮਰੀਕਾ ਦਾ ਹਿੱਸਾ ਸੀ। 2007 ਵਿਚ ਅਮਰੀਕਾ ਨੇ ਫੌਜੀ ਖਰਚ ਵਿਚ ਜਿੰਨਾ ਵਾਧਾ ਕੀਤਾ, ਉਹ ਦੂਜੀ ਵਿਸ਼ਵ ਸੰਸਾਰ ਜੰਗ ਪਿੱਛੋਂ ਸਭ ਤੋਂ ਵਧ ਵਾਧਾ ਸੀ। ਪਿਛਲੇ ਦਹਾਕੇ ਫੌਜੀ ਖਰਚ ਵਿਚ ਪੱਛਮੀ ਏਸ਼ੀਆ 'ਚ 51 ਫੀਸਦੀ, ਦੱਖਣੀ ਏਸ਼ੀਆ 'ਚ 51 ਫੀਸਦੀ, ਸੈਂਟਰਲ ਅਮਰੀਕਾ 'ਚ 19 ਫੀਸਦੀ ਅਤੇ ਪੱਛਮੀ ਯੂਰਪ 'ਚ 6 ਫੀਸਦੀ ਵਾਧਾ ਕੀਤਾ ਗਿਆ। ਚੀਨ ਦਾ ਫੌਜੀ ਖਰਚ ਪਿਛਲੇ ਤਿੰਨ ਸਾਲਾਂ 'ਚ ਤਿੰਨ ਗੁਣਾਂ ਹੋ ਗਿਆ ਹੈ। ਆਖਰ ਇਸ ਤਰ੍ਹਾਂ ਬੇਤਹਾਸ਼ਾ ਫੌਜੀ ਖਰਚ ਤੇ ਹਥਿਆਰਾਂ ਦਾ ਜ਼ਖੀਰਾ ਵਧਣ ਪਿੱਛੇ ਕਾਰਨ ਕੀ ਹੈ? ਅਮਰੀਕੀ ਚੜ੍ਹਤ ਦੇ ਸਾਹਮਣੇ ਕੋਈ ਸਿੱਧੀ ਚੁਣੌਤੀ ਵੀ ਵਿਖਾਈ ਨਹੀਂ ਦਿੰਦੀ। ਕਿਧਰੇ ਜਥੇਬੰਦਕ ਤੇ ਵਿਆਪਕ ਵਿਰੋਧ ਨਹੀਂ ਹੈ।

ਫਿਰ ਵੀ ਇਹ ਖਰਚ ਏਨਾ ਭਿਅੰਕਰ ਕਿਉਂ ਹੈ? ਦਰਅਸਲ ਅਮਰੀਕਾ ਜਿਸ ਨਵੀਂ ਸੰਸਾਰਕ ਵਿਵਸਥਾ ਦਾ ਆਗੂ ਹੈ, ਉਸ 'ਚ ਮਿਹਨਤ ਦੀ ਲੁੱਟ ਦਾ ਪ੍ਰਵਾਹ ਮੁਨਾਫੇ ਵਜੋਂ ਹੇਠਾਂ ਤੋਂ ਉੱਪਰ ਵਲ ਜਾਂਦਾ ਹੈ। ਜੋ ਦੇਸ਼ ਇਸ ਵਿਵਸਥਾ ਦੇ ਜਿਸ ਪਾਇਦਾਨ 'ਤੇ ਖੜੇ ਹਨ, ਉਨ੍ਹਾਂ ਨੂੰ ਉਸ ਦੇ ਅਨੁਰੂਪ ਸ਼ੋਸ਼ਣ ਦੇ ਮਾਲ 'ਚੋਂ ਹਿੱਸਾ ਮਿਲਦਾ ਹੈ। ਅਮਰੀਕਾ ਤੇ ਹੋਰ ਸਾਮਰਾਜੀ ਦੇਸ਼ ਆਪਣੀ ਇਸ ਹੈਸੀਅਤ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਸ਼ੋਸ਼ਣ ਦਾ ਕਾਰੋਬਾਰ ਭਲਾਂ ਹੀ ਆਰਥਿਕ ਹੈਸੀਅਤ-ਪੂੰਜੀ ਤੇ ਤਕਨੀਕ ਨਾਲ ਤੈਅ ਹੁੰਦਾ ਹੈ ਪਰ ਰਾਜਸੀ ਮਨਸੂਬਿਆਂ ਨੂੰ ਬੇਰੋਕ ਟੋਕ ਅੱਗੇ ਵਧਾਉਣ ਲਈ ਫੌਜੀ ਸਮਰੱਥਾ ਵੀ ਜ਼ਰੂਰੀ ਹੈ। ਦੁਨੀਆਂ ਦਾ ਆਗੂ ਬਣੇ ਰਹਿਣ ਲਈ ਜ਼ਰੂਰੀ ਹੈ ਕਿ ਅਮਰੀਕਾ ਦੀ ਫੌਜੀ ਤਾਕਤ ਸਾਰੇ ਦੇਸ਼ਾਂ ਤੋਂ ਕਾਫੀ ਵਧ ਹੋਵੇ। ਇਸ ਲਈ ਅਮਰੀਕੀ ਆਪਣੀ ਆਰਥਿਕ ਸਮਰੱਥਾ ਦੇ ਨਾਲ ਨਾਲ ਫੌਜੀ ਯੋਗਤਾ ਵੀ ਪਹਿਲੇ ਨੰਬਰ 'ਤੇ ਰੱਖਣਾ ਚਾਹੁੰਦੇ ਹਨ।

90ਵਿਆਂ ਤੋਂ ਪਿੱਛੋਂ ਦੀ ਦੁਨੀਆਂ 'ਚ ਕੁਝ ਦੇਸ਼ਾਂ ਦੀ ਅਰਥ ਵਿਵਸਥਾ ਤੇਜ਼ੀ ਨਾਲ ਵਿਕਸਤ ਹੋਈ, ਜਿਸ ਨਾਲ ਇਕ ਨਵਾਂ ਸ਼ਕਤੀ ਸੰਤੁਲਨ ਉਭਰਨ ਲੱਗਿਆ ਹੈ। ਸਾਮਰਾਜੀ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਅਥਾਹ ਮੁਨਾਫਾ ਬਟੋਰਨ ਦੇ ਲਾਲਚ ਵਿਚ ਵੱਡੇ ਪੈਮਾਨੇ 'ਤੇ ਬੇਕਾਰੀ ਤੇ ਕੰਗਾਲੀ ਦੇ ਸਾਮਰਾਜ ਦਾ ਵਿਸਥਾਰ ਕਰ ਰਹੀਆਂ ਹਨ। ਇਹੀ ਕਾਰਨ ਹੈ ਕਿ ਕਿਧਰੇ ਵੀ ਅਚਾਨਕ ਦੰਗੇ ਭੜਕ ਉਠਦੇ ਹਨ ਅਤੇ ਬੇਕਾਬੂ ਹੋ ਜਾਂਦੇ ਹਨ।

ਇਨ੍ਹਾਂ ਨਾਲ ਨਿਪਟਣ ਲਈ ਹਰ ਦੇਸ਼ ਆਪਣੀ ਫੌਜੀ ਤਾਕਤ 'ਤੇ ਭਰੋਸਾ ਕਰਦਾ ਹੈ। ਬੇਹਿਸਾਬ ਸਾਮਰਾਜੀ ਸ਼ੋਸ਼ਣ ਤੇ ਮੁਨਾਫਾਖੋਰੀ ਅੱਜ ਦੁਨੀਆਂ ਭਰ ਵਿਚ ਗਰੀਬੀ ਤੇ ਅਮੀਰੀ ਵਿਚਕਾਰ ਹੋਰ ਚੌੜੀ ਖਾਈ ਤਿਆਰ ਕਰ ਰਹੀ ਹੈ। ਇਸ ਦੇ ਚੱਲਦਿਆਂ ਵਿਕਾਸ ਦੇ ਘੇਰੇ ਤੋਂ ਬਾਹਰ ਪਏ ਲੋਕਾਂ 'ਚ ਜੋ ਅਸੰਤੁਸ਼ਟੀ ਤੇ ਗੁੱਸਾ ਸੁਲਗ ਰਿਹਾ ਹੈ, ਉਹ ਕਿਸੇ ਜਮਹੂਰੀ ਜਨ ਉਭਾਰ ਨਾ ਹੋਣ ਦੀ ਸੂਰਤ ਵਿਚ ਅਤਿਵਾਦੀ ਕਾਰਵਾਈ ਦੇ ਰੂਪ ਵਿਚ ਫੁੱਟ ਰਿਹਾ ਹੈ। ਪੂੰਜੀਵਾਦੀ ਪਾਪਾਂ ਦਾ ਸਿੱਟਾ ਹੋਣ ਦੇ ਬਾਵਜੂਦ ਅਤਿਵਾਦ ਤੋਂ ਸਾਮਰਾਜੀਆਂ ਨੂੰ ਵੀ ਫਾਇਦਾ ਮਿਲ ਰਿਹਾ ਹੈ। ਉਨ੍ਹਾਂ ਦੇਸ਼ਾਂ ਦੀਆਂ ਹਥਿਆਰ ਨਿਰਮਾਤਾ ਕੰਪਨੀਆਂ ਅਤਿਵਾਦੀਆਂ 'ਤੇ ਸਰਕਾਰ ਦੋਵਾਂ ਨੂੰ ਹੀ ਹਥਿਆਰ ਵੇਚ ਕੇ ਅਥਾਹ ਮੁਨਾਫਾ ਬਟੋਰ ਰਹੀਆਂ ਹਨ। ਦੁਨੀਆਂ ਭਰ 'ਚ ਹਥਿਆਰ ਬਣਾਉਣ ਵਾਲੀਆਂ 100 ਵੱਡੀਆਂ ਕੰਪਨੀਆਂ ਦੀ ਵਿਕਰੀ 2006 'ਚ 315 ਅਰਬ ਡਾਲਰ ਸੀ, ਜੋ ਪਿਛਲੇ ਸਾਲ ਦੀ ਤੁਲਨਾ ਵਿਚ 6 ਫੀਸਦੀ ਵਧ ਸੀ। ਇਨ੍ਹਾਂ ਕੰਪਨੀਆਂ 'ਚ 63 ਅਮਰੀਕਾ ਤੇ ਪੱਛਮੀ ਯੂਰਪ ਦੀਆਂ ਹਨ, ਜਿਨ੍ਹਾਂ ਦਾ ਕੁੱਲ ਵਿਕਰੀ 'ਚ ਹਿੱਸਾ 292 ਅਰਬ ਡਾਲਰ ਯਾਨੀ 93 ਫੀਸਦੀ ਸੀ।

ਅੱਜ ਜਿਸ ਤਰ੍ਹਾਂ ਵੱਖ-ਵੱਖ ਦੇਸ਼ਾਂ ਦੀਆਂ ਹਾਕਮ ਜਮਾਤਾਂ ਆਪਣੀ ਜਨਤਾ ਤੋਂ ਕੱਟੀਆਂ ਜਾ ਚੁੱਕੀਆਂ ਹਨ ਤੇ ਲੋਕ ਦੁਸ਼ਮਣ ਬਣ ਗਈਆਂ ਹਨ ਉਸ ਤਰ੍ਹਾਂ ਸਾਮਰਾਜੀ ਦੇਸ਼ਾਂ ਨੇ ਵੀ ਅਣਗਿਣਤ ਦੁਸ਼ਮਣ ਪੈਦਾ ਕਰ ਲਏ ਹਨ। ਇਸ ਦੇ ਚੱਲਦਿਆਂ ਵੀ ਦੁਨੀਆਂ ਭਰ 'ਚ ਫੌਜੀ ਖਰਚ ਲਗਾਤਾਰ ਵਧਦਾ ਜਾ ਰਿਹਾ ਹੈ।

ਹਥਿਆਰਬੰਦ ਝੜਪਾਂ, ਬਹੁਪੱਖੀ ਸ਼ਾਂਤੀ ਮੁਹਿੰਮ ਤੇ ਕੱਚਾ ਮਾਲ ਅਤੇ ਕੁਦਰਤੀ ਸਰੋਤਾਂ 'ਤੇ ਕਬਜ਼ੇਦਾਰੀ ਲਈ ਵੀ ਸੈਨਿਕ ਖਰਚ ਵਧਾਏ ਜਾ ਰਹੇ ਹਨ। 2005 ਵਾਂਗ 2006 ਵਿਚ ਵੀ ਦੁਨੀਆਂ ਭਰ 'ਚ 14 ਹਥਿਆਰਬੰਦ ਲੜਾਈਆਂ ਹੋਈਆਂ। ਡਾਰਫਰ (ਸੂਡਾਨ), ਅਫਗਾਨਿਸਤਾਨ ਤੇ ਇਰਾਕ ਵਿਚ ਲੋਕ ਜਾਂ ਤਾਂ ਆਪਸ ਵਿਚ ਲੜ ਰਹੇ ਹਨ ਜਾਂ ਸਾਮਰਾਜੀਆਂ ਵਲੋਂ ਲੜਾਏ ਜਾ ਰਹੇ ਹਨ। ਅਜਿਹੀ ਸਥਿਤੀ ਵਿਚ ਹਥਿਆਰਾਂ ਤੇ ਫੌਜੀ ਖਰਚਿਆਂ 'ਚ ਵਾਧੇ ਦਾ ਬਹਾਨਾ ਮਿਲ ਜਾਂਦਾ ਹੈ। ਕੁੱਲ ਮਿਲਾ ਕੇ ਇਸ ਪਿੱਛੇ ਇਹ ਸਾਮਰਾਜੀ ਵਿਵਸਥਾ ਹੀ ਹੈ, ਜੋ ਵਿਸ਼ਵ ਸ਼ਾਂਤੀ ਦੀ ਦੁਸ਼ਮਣ ਹੈ।

## 22 ਸਾਲ ਮਗਰੋਂ ਜੰਮੂ 'ਚ ਰਾਤ ਦੀ ਜ਼ਿੰਦਗੀ ਸ਼ੁਰੂ

ਕਦੀ ਜੰਮੂ ਵਿਚ ਨੌ ਵਜੇ ਤੋਂ ਬਾਅਦ ਸੜਕਾਂ ਸੁੰਨੀਆਂ ਹੋ ਜਾਂਦੀਆਂ ਸਨ। ਲੰਮਾ ਸਮਾਂ ਲੋਕਾਂ ਨੇ ਅਜਿਹੇ ਹੀ ਹਾਲਾਤ ਦਾ ਸਾਹਮਣਾ ਕੀਤਾ, ਪਰ ਹੁਣ ਜੰਮੂ ਬਦਲਿਆ ਬਦਲਿਆ ਲੱਗ ਰਿਹਾ ਹੈ। ਰਾਤ ਤੱਕ ਲੋਕ ਦੋਸਤਾਂ ਨਾਲ ਘੁੰਮ ਸਕਦੇ ਹਨ, ਪਾਰਟੀ ਕਰ ਸਕਦੇ ਹਨ ਅਤੇ ਪਿਛਲੇ ਕੁਝ ਦਿਨਾਂ ਤੋਂ ਰਾਤ ਦਾ ਸ਼ੋਅ ਵੀ ਚਲ ਰਿਹਾ ਹੈ। ਜੀ ਹਾਂ, 22 ਸਾਲ ਬਾਅਦ ਜੰਮੂ ਸ਼ਹਿਰ ਵਿਚ ਨਾਈਟ ਲਾਈਫ ਇਕ ਵਾਰੀ ਫਿਰ ਸ਼ੁਰੂ ਹੋ ਗਈ ਹੈ। ਦੋ ਥਿਏਟਰਾਂ ਵਿਚ 9 ਤੋਂ 12 ਦੇ ਸ਼ੋਅ ਸ਼ੁਰੂ ਹੋ ਗਏ ਹਨ। ਕਈ ਕਲੱਬ ਅਤੇ ਰੈਸਟੋਰੈਂਟ ਵੀ ਦੇਰ ਰਾਤ ਤੱਕ ਖੁੱਲ੍ਹੇ ਰਹਿੰਦੇ ਹਨ। ਕੁਝ ਦੁਕਾਨਾਂ ਵੀ ਦੇਰ ਰਾਤ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ। 22 ਸਾਲ ਦੇ ਅਤਿਵਾਦ ਦੇ ਦੌਰ ਵਿਚ ਜੰਮੂ ਦੇ ਲੋਕ ਭੁੱਲ ਗਏ ਕਿ ਨਾਈਟ ਲਾਈਫ ਨਾਂ ਦੀ ਕੋਈ ਚੀਜ਼ ਵੀ ਹੁੰਦੀ ਹੈ। ਹਾਲੇ ਪਿਛਲੇ ਸਾਲ ਤੱਕ ਵੀ ਸ਼ਹਿਰ ਵਿਚ ਸ਼ਾਮ ਨੌਂ ਵਜੇ ਤੱਕ ਸੰਨਾਟਾ ਛਾਇਆ ਰਹਿੰਦਾ ਸੀ। ਹੁਣ ਪਹਿਲੀ ਵਾਰੀ ਅਜਿਹਾ ਹੋਇਆ ਹੈ ਕਿ ਸ਼ਹਿਰ ਵਿਚ ਨਾਈਟ ਲਾਈਫ ਨਜ਼ਰ ਆਉਣ ਲੱਗੀ ਹੈ।

ਦੋ ਥਿਏਟਰਾਂ ਇੰਦਰਾ ਅਤੇ ਕੇ.ਸੀ. ਵਿਚ ਫਿਲਹਾਲ ਨਾਈਟ ਸ਼ੋਅ ਸ਼ੁਰੂ ਕੀਤੇ ਗਏ ਹਨ। ਹੌਲੀ ਹੌਲੀ ਬਾਕੀ ਥਿਏਟਰਾਂ ਵਿਚ ਵੀ ਸ਼ੁਰੂ ਹੋਣਗੇ। ਮੁੱਖ ਬਾਜ਼ਾਰ ਵਿਚ ਆਈਸਕ੍ਰੀਮ ਦਾ ਕੰਮ ਕਰਨ ਵਾਲੇ ਵਿਜੇ ਗੁਪਤਾ ਦਾ ਕਹਿਣਾ ਹੈ ਕਿ ਅਜਿਹੀ ਰੌਣਕ ਇਸੇ ਗਰਮੀਆਂ ਵਿਚ ਦੇਖੀ ਹੈ। ਲੋਕ ਰਾਤ 11 ਵਜੇ ਵੀ ਆਈਸਕ੍ਰੀਮ ਖਾਣ ਆਉਂਦੇ ਹਨ। ਗੁਪਤਾ ਮੁਤਾਬਕ ਇਸ ਤੋਂ ਸਾਬਤ ਹੁੰਦਾ ਹੈ ਕਿ ਹੁਣ ਅਮਨ ਕਾਇਮ ਹੋ ਚੁੱਕਾ ਹੈ ਅਤੇ ਸ਼ਹਿਰ ਨੂੰ ਦੇਸ਼ ਦੇ ਹੋਰ ਸ਼ਹਿਰਾਂ ਵਾਂਗ ਹੀ ਚੱਲਣ ਦੇਣਾ ਚਾਹੀਦਾ ਹੈ।

ਇਸ ਵਿਚ ਪ੍ਰਸ਼ਾਸਨ ਇਸ ਗੱਲ ਦੀ ਸੰਭਾਵਨਾ ਵੀ ਤਲਾਸ਼ ਕਰ ਰਿਹਾ ਹੈ ਕਿ ਕੀ ਸ਼ਹਿਰ ਵਿਚ ਨਾਈਟ ਬਾਜ਼ਾਰ ਵੀ ਸ਼ੁਰੂ ਕੀਤਾ ਜਾ ਸਕਦਾ ਹੈ ਜਾਂ ਨਹੀਂ। ਕਈ ਸੰਸਥਾਵਾਂ ਨਾਈਟ ਬਾਜ਼ਾਰ ਦੀ ਮੰਗ ਕਰ ਰਹੀਆਂ ਹਨ। ਕਸ਼ਮੀਰ ਵਿਚ ਹਾਲਾਂਕਿ ਨਾਈਟ-ਲਾਈਫ ਦਾ ਮਾਹੌਲ ਨਹੀਂ ਹੈ, ਪਰ ਸਮੇਂ ਦੇ ਨਾਲ ਘਾਟੀ ਦੀ ਤਿਆਰੀ ਹੋ ਰਹੀ ਹੈ। ਸ੍ਰੀਨਗਰ ਦੀ ਸ਼ਾਨ ਕਹੇ ਜਾਣ ਵਾਲੇ ਸਿਟੀ ਵਿਊ ਰੈਸਟੋਰੈਂਟ ਨੂੰ ਸੈਰ ਸਪਾਟਾ ਵਿਭਾਗ ਨੇ ਦੁਬਾਰਾ ਸ਼ੁਰੂ ਕਰ ਦਿੱਤਾ ਹੈ।

ਇਹ ਵੀ 22 ਸਾਲ ਬਾਅਦ ਹੋਇਆ ਹੈ। ਸਿਟੀ ਵਿਊ ਅਜਿਹਾ ਰੈਸਟੋਰੈਂਟ ਹੈ ਜਿਥੋਂ ਡੱਲ ਝੀਲ ਸਮੇਤ ਘਾਟੀ ਦਾ ਸ਼ਾਨਦਾਰ ਨਜ਼ਾਰਾ ਦਿਸਦਾ ਹੈ। ਅਤਿਵਾਦ ਨੇ ਅਜਿਹੀਆਂ ਕਈ ਮਹੱਤਵਪੂਰਨ ਥਾਵਾਂ ਨੂੰ ਖੰਡਰਾਂ ਵਿਚ ਤਬਦੀਲ ਕਰ ਦਿੱਤਾ ਸੀ, ਜਿਹੜੀਆਂ ਕਦੀ ਸ਼ਹਿਰ ਦੀ ਸ਼ਾਨ ਹੁੰਦੀਆਂ ਸਨ। ਵਾਰੀ-ਵਾਰੀ ਇਨ੍ਹਾਂ ਸਾਰਿਆਂ ਨੂੰ ਦੁਬਾਰਾ ਖੜ੍ਹਾ ਕੀਤਾ ਜਾ ਰਿਹਾ ਹੈ। ਕਸ਼ਮੀਰ ਵਿਚ ਯਾਤਰੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਟੂਰਿਜ਼ਮ ਵਿਭਾਗ ਨੂੰ ਉਮੀਦ ਹੈ ਕਿ ਇਸ ਵਾਰੀ ਘਾਟੀ ਵਿਚ ਯਾਤਰੀਆਂ ਦੀ ਗਿਣਤੀ 7 ਲੱਖ ਤੱਕ ਪਹੁੰਚੇਗੀ। ਪਿਛਲੇ ਸਾਲ ਕਰੀਬ 5 ਲੱਖ ਯਾਤਰੀ ਆਏ ਸਨ।

# ਦੋਨਾਂ ਦੇਸ਼ਾਂ ਦੇ ਲੋਕਾਂ ਵਿਚਲੇ ਆਪਸੀ ਸੰਬੰਧ ਹੀ ਹਕੂਮਤਾਂ ਨੂੰ ਬਦਲ ਸਕਦੇ

**ਬੀਨਾ ਸਰਵਰ**

ਚੌਦਾਂ ਅਤੇ ਪੰਦਰਾਂ ਜੁਲਾਈ 2009 ਨੂੰ ਮਿਸਰ ਵਿਚ ਹੋਏ ਗੁੱਟ-ਨਿਰਲੇਪ ਸਿਖਰ ਸਮਾਗਮ ਦੇ ਗਲਿਆਰਿਆਂ ਵਿਚ ਪਾਕਿਸਤਾਨ ਅਤੇ ਭਾਰਤ ਦੇ ਪ੍ਰਧਾਨ ਮੰਤਰੀਆਂ ਅਤੇ ਵਿਦੇਸ਼ ਸਕੱਤਰਾਂ ਦੀਆਂ ਹੋਈਆਂ ਮਿਲਣੀਆਂ ਮੁੜ ਇਹ ਆਸਾਂ ਜਗਾਉਂਦੀਆਂ ਹਨ ਕਿ ਸੰਗਠਤ ਵਾਰਤਾ ਪ੍ਰਕਿਰਿਆ ਪੁਨਰ-ਜੀਵਤ ਹੋ ਸਕੇਗੀ, ਜਿਹੜੀ ਕਿ 26 ਨਵੰਬਰ 2008 ਵਾਲੇ ਦਿਨ ਮੁੰਬਈ ਵਿਚ ਹੋਏ ਹਮਲਿਆਂ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਭਾਰਤ ਪਾਕਿਸਤਾਨ ਉਤੇ ਇਲਜ਼ਾਮ ਲਗਾਉਂਦਾ ਹੈ ਕਿ ਦਹਿਸ਼ਤਵਾਦ ਨੂੰ ਨੱਥ ਪਾਉਣ ਲਈ ਉਹ ਕਾਫੀ ਕੁਝ ਨਹੀਂ ਕਰ ਰਿਹਾ। ਇਸ ਦੇ ਜਵਾਬ ਵਿਚ ਪਾਕਿਸਤਾਨ ਭਾਰਤ ਉਤੇ ਇਲਜ਼ਾਮ ਲਗਾਉਂਦਾ ਹੈ ਕਿ ਉਹ ਸ਼ਹਾਦਤਾਂ ਅਤੇ ਦਸਤਾਵੇਜ਼ਾਂ ਦੇ ਉਲੇਖ ਨੂੰ ਸਾਂਝਿਆਂ ਕਰਨ ਬਾਰੇ ਮਿਲਵਰਤਨ ਨਹੀਂ ਕਰ ਰਿਹਾ।

ਮੁੰਬਈ ਹਮਲੇ, ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਵਲੋਂ 'ਹਿੰਦੋਸਤਾਨ ਟਾਈਮਜ਼ ਲੀਡਰਸ਼ਿਪ ਸਿਖਰ ਮਿਲਣੀ' ਲਈ ਇਸਲਾਮਾਬਾਦ ਤੋਂ ਸੈਟੇਲਾਈਟ ਸੰਪਰਕ ਰਾਹੀਂ 22 ਨਵੰਬਰ ਨੂੰ ਦਿੱਤੇ ਉਸ ਭਾਸ਼ਣ ਤੋਂ ਐਨ ਚਾਰ ਦਿਨ ਬਾਅਦ ਹੋਏ ਸਨ, ਜਿਸ ਵਿਚ ਪਾਕਿਸਤਾਨ ਦੇ ਕਿਸੇ ਮੁਖੀ ਨੇ ਇਹ ਪਹਿਲੀ ਵਾਰ ਵਾਅਦਾ ਕੀਤਾ ਸੀ ਕਿ ਭਾਰਤ ਵਿਰੁਧ ਪ੍ਰਮਾਣੂ ਹਮਲੇ ਵਿਚ ਉਹ ਪਹਿਲ ਨਹੀਂ ਕਰਨਗੇ ਅਤੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਸੀ ਕਿ ਇਕ ਸਾਂਝਾ ਦੱਖਣ ਏਸ਼ੀਆਈ ਆਰਥਿਕ ਗੁੱਟ ਬਣਨਾ ਚਾਹੀਦਾ ਹੈ ਅਤੇ ਇਕ ਪਾਸਪੋਰਟ-ਮੁਕਤ ਲਚਕਦਾਰ ਹਿੰਦ-ਪਾਕਿ ਵੀਜ਼ਾ ਪ੍ਰਬੰਧ ਵੀ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਹ ਤਾਂ ਇਕ ਆਮ ਹੀ ਜਾਣੀ-ਪਛਾਣੀ ਪ੍ਰੰਪਰਾ ਹੈ ਕਿ ਜਦੋਂ ਵੀ ਕੋਈ ਨੇਕ-ਨੀਅਤੀ ਦਾ ਇਸ਼ਾਰਾ ਮਿਲਦਾ ਹੈ, ਉਸ ਤੋਂ ਐਨ ਬਾਅਦ ਹਿੰਸਾ ਦੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਜਦੋਂ ਬੱਸ ਯਾਤਰਾ ਹੋਈ ਤਾਂ ਕਾਰਗਿਲ ਵਾਪਰ ਗਿਆ, ਜੇ ਅਮਨ ਵਾਰਤਾਵਾਂ ਆਰੰਭ ਹੋਈਆਂ ਤਾਂ ਸਮਝੌਤਾ ਐਕਸਪ੍ਰੈਸ ਵਿਚ ਧਮਾਕਾ ਹੋ ਗਿਆ ਅਤੇ ਇੰਜ ਹੀ ਅਮਨ ਦੇ ਸੰਕੇਤ ਮਿਲਣ ਉਤੇ ਮੁੰਬਈ ਹਮਲੇ ਹੋ ਗਏ ਸਨ। ਮੁੱਖ ਸਵਾਲ ਇਹ ਹੈ ਕਿ ਲਾਭ ਇਸ ਦਾ ਕਿਸ ਨੇ ਉਠਾਇਆ? ਯਕੀਨਨ ਹੀ ਇਹ ਸਾਧਾਰਨ ਲੋਕ ਨਹੀਂ ਹਨ, ਸਗੋਂ ਇਕ ਸੱਜਾ-ਪੱਖ ਹੈ, ਸੁਰੱਖਿਆ ਪ੍ਰਬੰਧ ਹੈ, ਫ਼ੌਜੀ ਸਥਾਪਤੀਆਂ ਹਨ ਜਾਂ ਦੋਵਾਂ ਪਾਸਿਆਂ ਦੀਆਂ ਹਥਿਆਰਾਂ ਦਾ ਕਾਰੋਬਾਰ ਕਰਨ ਵਾਲੀਆਂ ਲਾਬੀਆਂ ਹਨ। ਕਰਾਚੀ ਵਿਚ ਹੁਣੇ ਜਿਹੇ ਨਿਰਮਲਾ ਦੇਸਪਾਂਡੇ (ਦੀਦੀ), ਜੋ ਕਿ ਇਕ ਸ਼ਾਂਤੀ ਕਾਰਜਕਰਤਾ ਸੀ ਤੇ ਜਿਸ ਦੀ ਮਈ 2008 ਵਿਚ ਮੌਤ ਹੋ ਗਈ ਸੀ, ਨੂੰ ਸਨਮਾਨਤ ਕਰਨ ਲਈ ਕੀਤੇ ਗਏ ਸੈਮੀਨਾਰ ਵਿਚ ਸਰੋਤਿਆਂ ਵਿਚੋਂ ਬਹੁਤੀਆਂ ਦੂਰ-ਦੁਰਾਡੇ ਦੀਆਂ ਬਸਤੀਆਂ ਦੀਆਂ ਗਰੀਬ ਔਰਤਾਂ ਸਨ, ਜਿਨ੍ਹਾਂ ਨੂੰ ਭਾਈਚਾਰਾ ਆਧਾਰਤ ਕਾਰਜਕਰਤਾ ਇਥੇ ਲਿਆਏ ਸਨ। ਸਿਰਕੱਢ ਲੇਖਕਾਂ, ਸਿਆਸੀ ਨੇਤਾਵਾਂ ਅਤੇ ਕਾਰਕੁੰਨਾਂ, ਜਿਨ੍ਹਾਂ ਨੇ ਇਸ ਸੈਮੀਨਾਰ ਨੂੰ ਸੰਬੋਧਨ ਕੀਤਾ, ਵਿਚ ਤਿੰਨ ਭਾਰਤੀ ਡੈਲੀਗੇਟ ਵੀ ਸਨ। (ਬਾਕੀ ਦੋ ਜਣਿਆਂ ਦਾ ਵੀਜ਼ਾ ਅਜੇ ਪ੍ਰਵਾਨਗੀ ਦੀ ਪ੍ਰਕਿਰਿਆ ਵਿਚ ਹੀ ਅਟਕਿਆ ਹੋਇਆ ਸੀ।)

ਮੁਮਤਾਜ਼, ਜੋ ਕਿ ਇਕ ਪਸ਼ਤੂਨ ਮਾਂ ਸੀ, ਜਿਸ ਨੂੰ ਛੇ ਸਾਲਾਂ ਦਾ ਇਕ ਬੱਚਾ ਵਾਰ-ਵਾਰ ਪ੍ਰੇਸ਼ਾਨ ਕਰ ਰਿਹਾ ਸੀ, ਨੇ ਕਿਹਾ ਕਿ ਉਸ ਦਾ ਪਤੀ ਇਕ ਦਿਹਾੜੀਦਾਰ ਮਜ਼ਦੂਰ ਹੈ, ਜਿਹੜਾ ਕਿ ਉਸ ਦਿਨ ਕੰਮ ਉਤੇ ਗਿਆ ਹੋਇਆ ਸੀ। ਸੱਚੀ ਗੱਲ ਤਾਂ ਇਹ ਹੈ ਕਿ ਉਸ ਨੇ ਕਿਹਾ ਕਿ ਉਸ ਨੂੰ ਸੈਮੀਨਾਰ ਵਿਚੋਂ ਕੁਝ ਪ੍ਰਾਪਤ ਹੋਵੇਗਾ, ਜਿਵੇਂ ਕਿ ਖਾਣਾ ਆਦਿ (ਜਿਹੜਾ ਕਿ ਅੰਤ ਵਿਚ ਪ੍ਰੋਸਿਆ ਗਿਆ)। ਉਸ ਨੇ ਸਕੂਲ ਦੀਆਂ ਅੱਠ ਜਮਾਤਾਂ ਪਾਸ ਕੀਤੀਆਂ ਹੋਈਆਂ ਸਨ ਅਤੇ ਇਹ ਉਸ ਦੀਆਂ ਚਮਕੀਲੀਆਂ ਅੱਖਾਂ ਵਿਚੋਂ ਨਜ਼ਰ ਆਉਂਦਾ ਸੀ। ਉਹ ਅਜਿਹੇ ਹੀ ਇਕ ਸਮਾਗਮ ਵਿਚ ਬੀਤੇ ਵਿਚ ਵੀ ਸ਼ਾਮਲ ਹੋਈ ਸੀ। ਇਸ ਸਮਾਗਮ ਬਾਰੇ ਉਹ ਕੀ ਸੋਚਦੀ ਸੀ, ਇਸ ਬਾਰੇ ਉਸ ਨੇ ਕਿਹਾ, "ਤੁਸੀਂ ਜੋ ਕੁਝ ਕਹਿ ਰਹੇ ਹੋ, ਮੈਂ ਉਸ ਨੂੰ ਬਹੁਤਾ ਤਾਂ ਸਮਝ ਨਹੀਂ ਪਾ ਰਹੀ, ਪ੍ਰੰਤੂ ਮੈਨੂੰ ਇਹ ਸਮਝ ਜ਼ਰੂਰ ਆ ਰਿਹਾ ਹੈ ਕਿ ਤੁਸੀਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਅਮਨ ਚਾਹੁੰਦੇ ਹੋ। ਸਾਨੂੰ ਆਪਣੇ ਗਵਾਂਢੀਆਂ ਨਾਲ ਸ਼ਾਂਤੀਪੂਰਵਕ ਰਹਿਣਾ ਚਾਹੀਦਾ ਹੈ। ਸ਼ਾਇਦ ਫਿਰ ਸਾਡੀ ਕਿਸਮਤ ਸੰਵਰ ਸਕੇ। ਅਸੀਂ ਸਾਰੇ ਇਹ ਚਾਹੁੰਦੇ ਹਾਂ।"

ਜੈਪੁਰ ਆਧਾਰਤ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਕਵਿਤਾ ਸ੍ਰੀਵਾਸਤਵਾ ਇਕ ਠੋਸ ਏਜੰਡਾ ਲੈ ਕੇ ਆਈ ਸੀ, ਜਿਸ ਦਾ ਉਦੇਸ਼ ਸੀ, ਉਨ੍ਹਾਂ ਪੰਜ ਭਾਰਤੀ ਕੈਦੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ, ਜਿਹੜੇ 1991 ਤੋਂ ਪਾਕਿਸਤਾਨੀ ਜੇਲ੍ਹਾਂ ਵਿਚ ਡੱਕੇ ਹੋਏ ਹਨ।

ਉਸ ਦਾ ਕਹਿਣਾ ਸੀ, "ਉਨ੍ਹਾਂ ਵਿਚੋਂ ਕੇਵਲ ਦੋ ਦਾ ਹੀ ਆਪਣੇ ਪਰਿਵਾਰਾਂ ਨਾਲ ਸੰਪਰਕ ਹੈ, ਸਾਨੂੰ ਨਹੀਂ ਪਤਾ ਕਿ ਬਾਕੀ ਦੇ ਤਿੰਨ ਜ਼ਿੰਦਾ ਵੀ ਹਨ ਕਿ ਨਹੀਂ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਨੂੰ ਵੀਜ਼ਾ ਮਿਲ ਗਿਆ ਹੈ, ਉਨ੍ਹਾਂ ਦੇ ਪਰਿਵਾਰ ਦਿਨ ਭਰ ਦਾ ਪੈਂਡਾ ਕਰਕੇ ਮੈਨੂੰ ਮਿਲਣ ਆਏ। ਆਪਣੀਆਂ ਅੱਖਾਂ ਵਿਚ ਹੰਝੂ ਭਰ ਕੇ ਉਨ੍ਹਾਂ ਮੈਨੂੰ ਬੇਨਤੀ ਕੀਤੀ ਕਿ ਜੋ ਵੀ ਮੈਨੂੰ ਜਾਣਕਾਰੀ ਉਨ੍ਹਾਂ ਬਾਰੇ ਮਿਲ ਸਕੇ, ਮੈਂ ਲੈ ਕੇ ਆਂਵਾ।"

ਕੁਮਾਰੀ ਕਵਿਤਾ ਨੇ ਰਣਛੋੜ ਲਾਈਨਜ਼ ਵਿਚ ਇਕ ਸ਼ਾਮ ਸਿਲਵਾਤ ਭਾਈਚਾਰੇ ਦੀਆਂ ਕੁਝ ਔਰਤਾਂ ਨਾਲ ਬਤੀਤ ਕੀਤੀ, ਜਿਨ੍ਹਾਂ ਦਾ ਸੰਬੰਧ ਰਾਜਸਥਾਨ ਦੇ ਅਜਿਹੇ ਪਰਿਵਾਰਾਂ ਨਾਲ ਸੀ, ਜਿਹੜੇ ਸਰਹੱਦ ਦੇ ਦੋਵੀਂ ਪਾਸੀਂ ਵੱਸਦੇ ਸਨ। ਯੂਥ ਪ੍ਰੋਗਰੈਸਿਵ ਕੌਂਸਲ ਦਾ ਸ਼ਕੀਲ ਸਿਲਵਾਤ, ਜਿਸ ਨੇ ਇਸ ਮੀਟਿੰਗ ਦਾ ਪ੍ਰਬੰਧ ਕਰਨ ਵਿਚ ਸਹਾਇਤਾ ਕੀਤੀ ਸੀ, ਕਹਿੰਦਾ ਹੈ ਕਿ "ਆਪਸੀ ਸੰਪਰਕ ਵਧਾਉਣ ਲਈ ਅਜਿਹੀਆਂ ਫੇਰੀਆਂ ਮਹੱਤਵਪੂਰਨ ਹਨ। ਆਖਰਕਾਰ ਅਸੀਂ ਇਕੋ ਖਿੱਤੇ ਦੇ ਵਸਨੀਕ ਹਾਂ। ਸਾਨੂੰ ਆਪਸ ਵਿਚ ਮਿਲਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।"

ਮੈਨੂੰ ਯਾਦ ਹੈ ਇੰਜੀਨੀਅਰਿੰਗ ਦਾ ਉਹ ਵਿਦਿਆਰਥੀ, ਜਿਸ ਨਾਲ ਮੈਂ 1995 ਵਿਚ 'ਆਊਟ ਲੁੱਕ' ਦੇ ਪਹਿਲੇ ਅੰਕ ਲਈ ਇੰਟਰਵਿਊ ਕੀਤੀ ਸੀ, ਉਸ ਨੂੰ ਭਾਰਤ ਦੀ ਕਸ਼ਮੀਰੀ ਨੀਤੀ ਨਾਲ ਨਫ਼ਰਤ ਸੀ ਅਤੇ ਉਹ ਭਾਰਤ ਵਿਚ ਬਣੀਆਂ ਜੀਨਾਂ ਨਹੀਂ ਸੀ ਪਹਿਨਦਾ, ਪ੍ਰੰਤੂ ਉਸ ਦਾ ਵਿਸ਼ਵਾਸ ਸੀ ਕਿ ਭਾਰਤ ਅਤੇ ਪਾਕਿਸਤਾਨ ਨੂੰ ਆਪਸ ਵਿਚ ਆਰਥਿਕ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਬਿਨਾ ਸ਼ੱਕ ਭਾਵੇਂ ਉਹ ਆਪਣੀਆਂ ਵੱਖਰੀਆਂ ਪਛਾਣਾਂ ਕਾਇਮ ਰੱਖਣ।

ਕਲਕੱਤੇ ਦੀ ਇਕ ਵਿਦਿਆਰਥਣ, ਜਿਸ ਨੇ ਨਿਰਮਲਾ ਦੇਸਪਾਂਡੇ ਨਾਲ 2000 ਵਿਚ ਇਕ ਇਸਤਰੀ ਅਮਨ ਬੱਸ ਵਿਚ ਕਾਰਗਿਲ ਦੇ ਭੇੜ ਤੋਂ ਬਾਅਦ ਲਾਹੌਰ ਦੀ ਯਾਤਰਾ ਕੀਤੀ ਸੀ, ਉਸ ਦੇ ਮਨ ਉੱਪਰ ਨਾ ਤਾਂ ਵੰਡ ਦਾ ਕੋਈ ਬੋਝ ਸੀ ਅਤੇ ਨਾ ਹੀ ਪਾਕਿਸਤਾਨ ਨਾਲ ਸੰਬੰਧਾਂ ਦਾ। ਇਸ ਦੇ ਬਾਵਜੂਦ ਪਾਕਿਸਤਾਨ ਪਹੁੰਚਣ ਉਤੇ ਜਜ਼ਬਾਤ ਨੇ ਉਸ ਨੂੰ ਘੇਰ ਲਿਆ ਸੀ। ਉਸ ਨੇ ਇਕ ਇੰਜੀਨੀਅਰਿੰਗ ਵਿਦਿਆਰਥੀ ਨਾਲ ਦੋਸਤੀ ਪਾ ਲਈ, ਜਿਹੜਾ ਕਿ ਗਰੁਪ ਨਾਲ ਵਾਲੰਟੀਅਰ ਵਜੋਂ ਕੇਵਲ ਸ਼ੌਕੀਆ ਤੌਰ 'ਤੇ ਹੀ ਕੰਮ ਕਰ ਰਿਹਾ ਸੀ। (ਉਹ ਕਦੇ ਵੀ ਕਿਸੇ ਭਾਰਤੀ ਨੂੰ ਨਹੀਂ ਸੀ ਮਿਲਿਆ, ਪ੍ਰੰਤੂ ਉਹ ਭਾਰਤ ਅਤੇ ਭਾਰਤੀਆਂ ਨੂੰ ਨਫ਼ਰਤ ਕਰਦਾ ਸੀ।) ਉਸ ਨੇ ਮੈਨੂੰ ਦੱਸਿਆ ਕਿ ਸਰਕਾਰੀ ਨੀਤੀਆਂ ਨਾਲ ਅਸਹਿਮਤ ਹੋਣ ਦੇ ਬਾਵਜੂਦ ਹੁਣ ਘੱਟੋ-ਘੱਟ ਅਸੀਂ ਆਪਣੀਆਂ ਅਸਹਿਮਤੀਆਂ ਬਾਰੇ ਗੱਲ ਤਾਂ ਕਰ ਸਕਦੇ ਹਾਂ। ਪਾਕਿਸਤਾਨੀ ਅਤੇ ਭਾਰਤੀ ਨੌਜਵਾਨ ਉਦੋਂ ਜ਼ਾਰ-ਜ਼ਾਰ ਰੋਏ, ਜਦੋਂ ਤਿੰਨ ਦਿਨ ਬਾਅਦ ਉਨ੍ਹਾਂ ਨੇ ਇਕ ਦੂਜੇ ਨੂੰ ਅਲਵਿਦਾ ਕਹੀ।

ਅੰਦਰੂਨੀ ਗੜਬੜਾਂ ਅਤੇ ਧਾਰਮਿਕ ਖਾੜਕੂਵਾਦ, ਗਰੀਬੀ ਅਤੇ ਭਾਰੀ ਫੌਜੀ ਖ਼ਰਚਿਆਂ ਵਿਚ ਉਲਝੇ ਦੋਵਾਂ ਹੀ ਪ੍ਰਮਾਣੂ ਸ਼ਸਤਰਾਂ ਨਾਲ ਲੈਸ ਗਵਾਂਢੀਆਂ ਲਈ ਖ਼ਤਰੇ ਬਹੁਤ ਵੱਡੇ ਹਨ, ਕਿਉਂਕਿ ਇਹ ਸਭ ਕੁਝ ਸਿੱਧੇ ਤੌਰ ਉਤੇ ਅਤੇ ਨਾਂਹ-ਵਾਚਕ ਢੰਗ ਨਾਲ ਉਨ੍ਹਾਂ ਦੇ ਵਿਕਾਸ ਨੂੰ ਪ੍ਰਭਾਵਤ ਕਰ ਰਿਹਾ ਹੈ। ਜਨਾਬ ਜ਼ਰਦਾਰੀ ਦੀ ਦੱਖਣ ਏਸ਼ੀਆਈ ਬਲਾਕ ਬਣਾਉਣ ਅਤੇ ਵੀਜ਼ਾ ਰੋਕਾਂ ਢਿੱਲੀਆਂ ਕਰਨ ਦੀ ਗੱਲ ਕਿਸੇ ਖਲਾਅ ਵਿਚੋਂ ਤਾਂ ਪੈਦਾ ਨਹੀਂ ਹੋਈ, ਕਿਉਂਕਿ ਅਮਨ ਕਾਰਜਕਰਤਾ ਸਾਲਾਂ ਤੋਂ ਅਜਿਹੇ ਵਿਚਾਰ ਪੇਸ਼ ਕਰਦੇ ਆ ਰਹੇ ਹਨ। ਭਾਰਤੀ ਯਾਤਰੀਆਂ ਨੇ ਇਸ ਗੱਲ ਵਿਚ ਹੋਰ ਵਾਧਾ ਕੀਤਾ, ਜਦੋਂ ਉਨ੍ਹਾਂ ਇਹ ਕਿਹਾ ਕਿ ਪ੍ਰੈੱਸ ਕਲੱਬਾਂ ਨੂੰ ਆਪਸ ਵਿਚ ਜੋੜ ਦਿੱਤਾ ਜਾਵੇ ਅਤੇ ਭਾਰਤੀਆਂ ਅਤੇ ਪਾਕਿਸਤਾਨੀਆਂ ਨੂੰ ਦੋਹਰੀ ਨਾਗਰਿਕਤਾ ਪ੍ਰਦਾਨ ਕਰ ਦਿੱਤੀ ਜਾਵੇ (ਮੇਰੇ ਉਤੇ ਵਿਸ਼ਵਾਸ ਕਰੋ, ਬਹੁਤ ਸਾਰੇ ਇਹ ਲੈ ਲੈਣਗੇ)। ਲਖਨਊ ਦੇ ਸੰਜੀਵ ਪਾਂਡੇ, ਜਿਸ ਨੇ ਕਿ ਐਵਾਰਡ ਜਿੱਤਿਆ ਸੀ ਅਤੇ ਜਿਹੜਾ ਇਕ ਸਮਾਜਿਕ ਕਾਰਜਕਰਤਾ ਸੀ, ਨੇ ਇਹ ਗੱਲ ਜ਼ੋਰ ਦੇ ਕੇ ਕਹੀ ਸੀ। ਇਹ ਵਿਚਾਰ ਸਮੇਂ ਤੋਂ ਕੁਝ ਅਗੇਤੇ ਹੋ ਸਕਦੇ ਹਨ ਅਤੇ ਅਜਿਹਾ ਹੀ ਤਾਂ ਸੀ ਪਾਕਿਸਤਾਨ-ਭਾਰਤ ਅਮਨ ਅਤੇ ਜਮਹੂਰੀ ਫੋਰਮ ਦਾ ਵਿਚਾਰ, ਜਿਹੜਾ ਕਿ ਪਹਿਲਾਂ-ਪਹਿਲ 1994 ਵਿਚ ਪੇਸ਼ ਕੀਤਾ ਗਿਆ ਸੀ ਕਿ ਕਸ਼ਮੀਰ ਪਾਕਿਸਤਾਨ ਅਤੇ ਭਾਰਤ ਦਰਮਿਆਨ ਕੇਵਲ ਇਕ ਇਲਾਕਾਈ ਝਗੜਾ ਹੀ ਨਹੀਂ ਹੈ, ਸਗੋਂ ਇਹ ਮਾਮਲਾ ਕਸ਼ਮੀਰੀ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਚਾਹਤਾਂ ਦਾ ਹੈ। ਕਸ਼ਮੀਰੀਆਂ ਨੂੰ ਉਨ੍ਹਾਂ ਦੇ ਭਵਿੱਖ ਬਾਰੇ ਹੋਣ ਵਾਲੀਆਂ ਵਾਰਤਾਵਾਂ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਹ ਘੜਤਾਲ ਹੁਣ ਸਿਆਸੀ ਬਹਿਸ ਵਿਚ ਡੂੰਘੀ ਧੱਸ ਗਈ ਹੈ।

ਜਦੋਂ ਸ੍ਰੀ ਪਾਂਡੇ ਅਤੇ ਹੋਰ ਲੋਕਾਂ ਨੇ 2005 ਵਿਚ ਦਿੱਲੀ ਤੋਂ ਮੁਲਤਾਨ ਤੱਕ ਇਕ ਅਮਨ ਮਾਰਚ ਵਿਚ ਹਿੱਸਾ ਲਿਆ ਸੀ ਤਾਂ ਰਸਤੇ ਵਿਚ ਪੇਂਡੂਆਂ ਨੇ ਉਨ੍ਹਾਂ ਦਾ ਪੁਰਜ਼ੋਰ ਸਵਾਗਤ ਕੀਤਾ ਸੀ। ਹਾਲਾਂਕਿ ਸ਼ਹਿਰ ਆਧਾਰਤ ਮੀਡੀਏ ਨੇ ਇਸ ਨੂੰ ਪੇਂਡੂਆਂ ਦੀ ਸਰਗਰਮੀ ਕਹਿ ਕੇ ਅੱਖੋਂ ਪਰੋਖੇ ਹੀ ਕਰ ਦਿੱਤਾ ਸੀ, ਪਰ ਪੇਂਡੂਆਂ ਨੇ ਉਨ੍ਹਾਂ ਦੀਆਂ ਮੰਗਾਂ ਦੀ ਹਮਾਇਤ ਕੀਤੀ ਸੀ। ਪਹਿਲੀ ਮੰਗ ਇਹ ਸੀ ਕਿ ਸਾਰੀਆਂ ਸਮੱਸਿਆਵਾਂ ਗੱਲਬਾਤ ਰਾਹੀਂ ਹੱਲ ਕਰੋ। ਦੂਜੀ, ਹਥਿਆਰਾਂ ਦੀ ਦੌੜ ਖ਼ਤਮ ਕਰੋ ਅਤੇ ਫੌਜਾਂ ਨੂੰ ਸਰਹੱਦਾਂ ਤੋਂ ਹਟਾਓ ਅਤੇ ਤੀਜੀ, ਵੀਜ਼ਾ ਪਾਬੰਦੀਆਂ ਖ਼ਤਮ ਕਰੋ। ਸ੍ਰੀ ਪਾਂਡੇ ਚੇਤੇ ਕਰਦਿਆਂ ਕਹਿੰਦੇ ਹਨ ਕਿ ਇਕ ਸਾਈਕਲ ਸਵਾਰ ਖਲੋ ਗਿਆ ਅਤੇ ਕਹਿਣ ਲੱਗਾ, "ਤੀਜੀ ਮੰਗ ਨੂੰ ਪਹਿਲੀ ਬਣਾ ਦਿਉ। ਜਦੋਂ ਇਹ ਪੂਰੀ ਹੋ ਗਈ ਤਾਂ ਬਾਕੀ ਦੀਆਂ ਆਪੇ ਹੀ ਹੱਲ ਹੋ ਜਾਣਗੀਆਂ।"

ਭਾਰਤੀ ਡੈਲੀਗੇਟ ਹੁਣ ਤੀਬਰਤਾ ਦੀ ਇਕ ਨਵੀਂ ਸੋਚ ਨਾਲ ਵਾਪਸ ਗਏ ਕਿ ਪਾਕਿਸਤਾਨੀ ਭਾਰਤ ਨਾਲ ਅਮਨ ਦੀ ਲੋੜ ਮਹਿਸੂਸ ਕਰਦੇ ਹਨ। ਉਹ ਇਹ ਲੋੜ ਵੀ ਮਹਿਸੂਸ ਕਰਦੇ ਹਨ ਕਿ ਆਪਣੇ ਦੇਸ਼ ਵਿਚਲੀ ਪ੍ਰਚੱਲਤ ਸੋਚ ਦੇ ਉਲਟ ਜਾ ਕੇ ਭਾਰਤ ਸਰਕਾਰ ਨੂੰ ਇਸ ਪਾਸੇ ਧੱਕਿਆ ਜਾਵੇ ਕਿ ਉਹ ਪਾਕਿਸਤਾਨ ਸਰਕਾਰ ਨੂੰ ਕਾਰਵਾਈ ਕਰਨ ਲਈ ਦਬਾਅ ਪਾਉਣ ਤੋਂ ਅੱਗੇ ਵਧੇ।

*ਇਹ ਵੀ ਗਨੀਮਤ ਹੀ ਸਮਝੋ ਕਿ ਦੇਸ਼ ਦੀ ਰਾਜਧਾਨੀ ਨੂੰ ਅਜੇ ਵੀ ਸ੍ਰੀਧਰਨ ਜਿਹੇ ਭਰੋਸੇਮੰਦ ਕਾਬਿਲ ਇੰਜੀਨੀਅਰਾਂ ਦੀ ਕਮਾਨ ਮਿਲੀ ਹੋਈ ਹੈ, ਨਹੀਂ ਤਾਂ ਮੈਟਰੋ ਦਾ ਵੱਕਾਰ ਕਦੋਂ ਦਾ ਮਿੱਟੀ 'ਚ ਮਿਲ ਗਿਆ ਹੁੰਦਾ, ਪਰ ਇਹ ਕੌੜਾ ਸੱਚ ਹੈ ਕਿ ਇੰਨੇ ਵੱਡੇ ਸੰਚਾਲਨ 'ਚ ਹਰ ਗੱਲ ਦੀ ਨਿਗਰਾਨੀ ਕਰ ਸਕਣਾ ਇਕੱਲੇ ਮੁਖੀ ਦੇ ਵੱਸ ਦੀ ਗੱਲ ਨਹੀਂ ਹੈ। ਕਿਸੇ ਵੀ ਸੰਸਥਾ ਦਾ ਮੁਖੀ ਖ਼ੁਦ ਬਹੁਤ ਸਾਰੇ ਕੰਮਾਂ 'ਚ ਸ਼ਾਮਲ ਵੀ ਨਹੀਂ ਹੁੰਦਾ ਹੈ ਤੇ ਕਈ ਫੈਸਲੇ ਉਸ ਨੂੰ ਆਪਣੇ ਸਹਿਯੋਗੀਆਂ 'ਤੇ ਛੱਡ ਦੇਣ ਕਾਰਨ ਉਨ੍ਹਾਂ 'ਤੇ ਭਰੋਸਾ ਵੀ ਕਰਨਾ ਪੈਂਦਾ ਹੈ। ਪਰ ਦਿੱਲੀ ਵਾਲੇ ਕਿਉਂਕਿ ਈ. ਸ੍ਰੀਧਰਨ ਦਾ ਮਤਲਬ-ਬੇਜੋੜ, ਬੇਦਾਗ ਤੇ ਭਰੋਸੇਮੰਦ ਤੋਂ ਲੈਂਦੇ ਹਨ, ਇਸ ਲਈ ਮੈਟਰੋ ਰੇਲ ਸਿਸਟਮ ਦੀ ਕਾਰਜਕੁਸ਼ਲਤਾ ਨੂੰ ਲੈ ਕੇ ਦਿਨ-ਬ-ਦਿਨ ਉਸ ਦੇ ਸਾਫ਼-ਸੁਥਰੇ ਅਕਸ ਨੂੰ ਲੱਗ ਰਹੀ ਢਾਅ ਨੇ ਇਥੋਂ ਦੇ ਬਾਸ਼ਿੰਦਿਆਂ ਨੂੰ ਨਿਰਾਸ਼ ਕਰ ਦਿੱਤਾ ਹੈ।*

# ਕਾਹਲ ਤੋਂ ਬਿਨਾਂ ਵੀ ਕਈ ਕਾਰਨ ਨੇ ਦਿੱਲੀ ਮੈਟਰੋ ਹਾਦਸਿਆਂ ਦੇ


**ਦਰਸ਼ਨ ਸਿੰਘ ਹਰਵਿੰਦਰ**

ਜਿਉਂ-ਜਿਉਂ ਅਗਲੇ ਵਰ੍ਹੇ ਅਕਤੂਬਰ 'ਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਨੇੜੇ ਆਉਂਦੀਆਂ ਜਾ ਰਹੀਆਂ ਹਨ, ਤਿਉਂ-ਤਿਉਂ ਇਸ ਨਾਲ ਸੰਬੰਧਤ ਕੰਮਾਂ ਨੂੰ ਸਮੇਂ ਸਿਰ ਨਿਬੇੜਨ ਦੀ ਵਧਦੀ ਜਾ ਰਹੀ ਆਪਾ-ਧਾਪੀ ਦਾ ਸ਼ਿਕਾਰ ਹੋਣ ਤੋਂ ਦਿੱਲੀ ਮੈਟਰੋ ਵੀ ਬਚ ਨਹੀਂ ਸਕੀ। ਪਿਛਲੇ ਸਾਲ ਪੂਰਬੀ ਦਿੱਲੀ ਦੇ ਵਿਕਾਸ ਮਾਰਗ 'ਤੇ ਮੈਟਰੋ ਰੇਲ ਦੀ ਨਿਰਮਾਣ ਪ੍ਰਕਿਰਿਆ ਦੌਰਾਨ ਹੋਏ ਇਕ ਵੱਡੇ ਹਾਦਸੇ ਨੂੰ ਅਜੇ ਸਾਲ ਵੀ ਨਹੀਂ ਸੀ ਬੀਤਿਆ ਕਿ ਹੁਣ ਦੱਖਣੀ ਦਿੱਲੀ ਦੇ ਜਮਰੂਦਪੁਰ ਇਲਾਕੇ 'ਚ ਉਹੋ ਜਿਹਾ ਹੀ ਹਾਦਸਾ ਹੋ ਗਿਆ।


ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਕਿ ਹਿੰਦੁਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਕਾਰਜਕਾਲ ਦੌਰਾਨ ਦਿੱਲੀ 'ਚ ਸ਼ੁਰੂ ਹੋਏ ਇਸ ਮੈਟਰੋ ਰੇਲ ਪ੍ਰਾਜੈਕਟ, ਜਿਸ ਦਾ ਸਿਹਰਾ ਬਾਅਦ 'ਚ ਦਿੱਲੀ ਤੇ ਕੇਂਦਰ ਦੀਆਂ ਕਾਂਗਰਸੀ ਸਰਕਾਰਾਂ ਆਪਣੇ ਸਿਰ ਬੰਨ੍ਹੀ ਆ ਰਹੀਆਂ ਹਨ, ਦੀ ਕਾਰਜਸ਼ੈਲੀ 'ਤੇ ਵੀ ਬਦਨਾਮੀ ਦਾ ਗ੍ਰਹਿਣ ਲੱਗਣਾ ਸ਼ੁਰੂ ਹੋ ਗਿਆ ਹੈ।

ਸੌਖੇ ਸ਼ਬਦਾਂ 'ਚ ਦਿੱਲੀ ਮੈਟਰੋ ਵੀ ਉਸ ਰਸਮ ਦੀ ਭੇਟ ਚੜ੍ਹ ਗਈ ਹੈ, ਜਿਸ 'ਤੇ ਸਾਡੇ ਦੇਸ਼ ਦੇ ਜ਼ਿਆਦਾਤਰ ਅਦਾਰੇ ਬਹੁਤ ਪਹਿਲਾਂ ਹੀ ਜੰਮੇ ਹੋਏ ਹਨ, ਭਾਵ ਦੂਜੀਆਂ ਸੰਸਥਾਵਾਂ ਵਾਂਗ ਹੁਣ ਇਥੇ ਵੀ ਸਮਝੌਤੇ ਹੋਣ ਲੱਗ ਪਏ ਹਨ, ਪਰ ਆਪਣੀ ਜ਼ਮੀਰ ਮਾਰ ਕੇ ਇਹ ਸਮਝੌਤੇ ਕਿਉਂ ਤੇ ਕਿੰਨੇ ਦਬਾਅ ਹੇਠ ਹੋ ਰਹੇ ਹਨ, ਇਹ ਖੋਜ ਦਾ ਵਿਸ਼ਾ ਹੈ?

ਇਹ ਵੀ ਗਨੀਮਤ ਹੀ ਸਮਝੋ ਕਿ ਦੇਸ਼ ਦੀ ਰਾਜਧਾਨੀ ਨੂੰ ਅਜੇ ਵੀ ਸ੍ਰੀਧਰਨ ਜਿਹੇ ਭਰੋਸੇਮੰਦ ਕਾਬਿਲ ਇੰਜੀਨੀਅਰਾਂ ਦੀ ਕਮਾਨ ਮਿਲੀ ਹੋਈ ਹੈ, ਨਹੀਂ ਤਾਂ ਮੈਟਰੋ ਦਾ ਵੱਕਾਰ ਕਦੋਂ ਦਾ ਮਿੱਟੀ 'ਚ ਮਿਲ ਗਿਆ ਹੁੰਦਾ, ਪਰ ਇਹ ਕੌੜਾ ਸੱਚ ਹੈ ਕਿ ਇੰਨੇ ਵੱਡੇ ਸੰਚਾਲਨ 'ਚ ਹਰ ਗੱਲ ਦੀ ਨਿਗਰਾਨੀ ਕਰ ਸਕਣਾ ਇਕੱਲੇ ਮੁਖੀ ਦੇ ਵੱਸ ਦੀ ਗੱਲ ਨਹੀਂ ਹੈ। ਕਿਸੇ ਵੀ ਸੰਸਥਾ ਦਾ ਮੁਖੀ ਖ਼ੁਦ ਬਹੁਤ ਸਾਰੇ ਕੰਮਾਂ 'ਚ ਸ਼ਾਮਲ ਵੀ ਨਹੀਂ ਹੁੰਦਾ ਹੈ ਤੇ ਕਈ ਫੈਸਲੇ ਉਸ ਨੂੰ ਆਪਣੇ ਸਹਿਯੋਗੀਆਂ 'ਤੇ ਛੱਡ ਦੇਣ ਕਾਰਨ ਉਨ੍ਹਾਂ 'ਤੇ ਭਰੋਸਾ ਵੀ ਕਰਨਾ ਪੈਂਦਾ ਹੈ। ਪਰ ਦਿੱਲੀ ਵਾਲੇ ਕਿਉਂਕਿ ਈ. ਸ੍ਰੀਧਰਨ ਦਾ ਮਤਲਬ-ਬੇਜੋੜ, ਬੇਦਾਗ ਤੇ ਭਰੋਸੇਮੰਦ ਤੋਂ ਲੈਂਦੇ ਹਨ, ਇਸ ਲਈ ਮੈਟਰੋ ਰੇਲ ਸਿਸਟਮ ਦੀ ਕਾਰਜਕੁਸ਼ਲਤਾ ਨੂੰ ਲੈ ਕੇ ਦਿਨ-ਬ-ਦਿਨ ਉਸ ਦੇ ਸਾਫ਼-ਸੁਥਰੇ ਅਕਸ ਨੂੰ ਲੱਗ ਰਹੀ ਢਾਅ ਨੇ ਇਥੋਂ ਦੇ ਬਾਸ਼ਿੰਦਿਆਂ ਨੂੰ ਨਿਰਾਸ਼ ਕਰ ਦਿੱਤਾ ਹੈ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਮੈਟਰੋ ਦੇ ਦੂਜੇ ਪੜਾਅ ਨੂੰ ਪੂਰਾ ਕਰਨ ਦਾ ਦਬਾਅ ਵਧਿਆ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਸੁਰੱਖਿਆ ਪੈਮਾਨਿਆਂ ਨਾਲ ਕੋਈ ਸਮਝੌਤਾ ਕੀਤਾ ਜਾਵੇ।



ਲੋਕ ਸਭਾ 'ਚ ਪਿਛਲੇ ਹਫ਼ਤੇ ਪੇਸ਼ ਕੀਤੀ ਗਈ 'ਕੈਗ' ਰਿਪੋਰਟ 'ਚ ਵੀ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਸਾਫ ਇਲਜ਼ਾਮ ਲਾਇਆ ਗਿਆ ਹੈ ਕਿ ਮੈਟਰੋ ਨੇ ਸਮੇਂ ਤੋਂ ਪਹਿਲਾਂ ਕੰਮ ਪੂਰਾ ਕਰਨ ਦਾ ਤਮਗਾ ਲੈਣ ਲਈ ਕਈ ਜ਼ਰੂਰੀ ਟੈਸਟ ਹੀ ਨਹੀਂ ਕੀਤੇ। ਕਿਉਂਕਿ ਮੈਟਰੋ ਦੇ ਪ੍ਰਾਜੈਕਟ ਮਿੱਥੇ ਸਮੇਂ ਤੋਂ ਪਛੜ ਰਹੇ ਸਨ, ਇਸ ਲਈ ਮੈਟਰੋ ਨੇ ਠੇਕੇਦਾਰਾਂ ਦੇ ਕਹਿਣ 'ਤੇ ਕੁਆਲਟੀ ਕੰਟਰੋਲ 'ਚ ਕੁਤਾਹੀ ਵਰਤੀ ਅਤੇ ਟੈਸਟਿੰਗ ਦੇ ਜੋ ਪੈਮਾਨੇ ਤੈਅ ਹਨ, ਉਨ੍ਹਾਂ ਨੂੰ ਘਟਾਇਆ ਗਿਆ। ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰੋ. ਵਿਜੇ ਕੁਮਾਰ ਮਲਹੋਤਰਾ ਦਾ ਤਾਂ ਇਥੋਂ ਤੱਕ ਇਲਜ਼ਾਮ ਹੈ ਕਿ ਸ਼ਹਿਰੀ ਵਿਕਾਸ ਮੰਤਰੀ ਨੇ ਜਮਰੂਦਪੁਰ ਮੈਟਰੋ ਹਾਦਸੇ ਤੋਂ ਬਾਅਦ ਪਾਰਲੀਮੈਂਟ ਵਿਚ ਦਿੱਤੇ ਬਿਆਨ ਰਾਹੀਂ ਸਦਨ ਨੂੰ ਭਰੋਸਾ ਦਿੱਤਾ ਸੀ ਕਿ ਮੈਟਰੋ ਨਿਰਮਾਣ 'ਚ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ, ਪਰ ਉਨ੍ਹਾਂ ਦੇ ਵਿਭਾਗ ਕੋਲ 'ਕੈਗ' ਦੀ ਰਿਪੋਰਟ ਪਹਿਲਾਂ ਹੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਉਸ ਨੂੰ ਪੇਸ਼ ਨਾ ਕਰਕੇ ਸਦਨ ਨੂੰ ਗੁੰਮਰਾਹ ਕੀਤਾ।



ਈ. ਸ੍ਰੀਧਰਨ

ਰਿਪੋਰਟ 'ਚ ਮੈਟਰੋ ਨਿਰਮਾਣ ਲਈ ਮੰਗੇ ਗਏ ਟੈਂਡਰਾਂ ਦੀ ਪ੍ਰਕਿਰਿਆ, ਮੁਲਾਂਕਣ, ਮੈਟਰੋ ਦੇ ਡਿਜ਼ਾਈਨ, ਜ਼ਮੀਨ ਤੇ ਦੂਜੇ ਵਸੀਲਿਆਂ ਦੇ ਪ੍ਰਯੋਗ 'ਤੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਮੈਟਰੋ ਠੇਕਿਆਂ ਦਾ ਪ੍ਰਬੰਧ ਤੇ ਨਿਰਮਾਣ ਕਾਰਜਾਂ 'ਚ ਕੁਆਲਟੀ ਦੀ ਜਾਂਚ, ਮੈਟਰੋ ਨੂੰ ਕਿਸੇ ਵੀ ਪ੍ਰਸ਼ਾਸਨਿਕ ਮੰਤਰਾਲੇ ਦੇ ਸਿੱਧੇ ਕੰਟਰੋਲ 'ਚ ਨਾ ਰੱਖਣ, ਕੰਪਨੀ ਦੇ ਨਿਰਦੇਸ਼ਨ ਬੋਰਡ 'ਤੇ ਵੀ ਕੋਈ ਆਜ਼ਾਦ ਨਿਰਦੇਸ਼ਨ ਨਾ ਹੋਣਾ ਆਦਿ ਵੀ 'ਕੈਗ' ਦੇ ਘੇਰੇ 'ਚ ਹਨ। ਜਮਰੂਦਪੁਰ ਲਾਗੇ ਹੁਣੇ-ਹੁਣੇ ਹੋਏ ਮੈਟਰੋ ਹਾਦਸੇ ਨੂੰ ਜਲਦਬਾਜ਼ੀ, ਲਾਪ੍ਰਵਾਹੀ ਜਾਂ ਤਕਨੀਕੀ ਨੁਕਸ ਮੰਨਿਆ ਜਾ ਰਿਹਾ ਹੈ, ਪਰ ਲਗਾਤਾਰ ਦੋ ਦਿਨ ਹੋਏ ਇਨ੍ਹਾਂ ਹਾਦਸਿਆਂ ਪਿੱਛੇ ਇਸ ਪਿੰਡ ਵਾਲੇ ਆਸਥਾ ਨਾਲ ਜੁੜੇ ਹੋਣ ਕਾਰਨ ਪਿੱਪਲ ਦੇ ਦਰੱਖ਼ਤ ਨੂੰ ਕੱਟੇ ਜਾਣ ਦਾ ਪ੍ਰਕੋਪ ਮੰਨਦੇ ਹਨ।

ਅਸਲ 'ਚ ਜਮਰੂਦਪੁਰ ਪਿੰਡ 'ਚ ਮੁੱਖ ਸੜਕ ਦੇ ਕਿਨਾਰੇ ਹੀ ਕਈ ਦਹਾਕੇ ਪੁਰਾਣਾ ਪਿੱਪਲ ਸੀ, ਪਰ ਨਿਰਮਾਣ ਕਾਰਜ ਦੌਰਾਨ ਉਸ ਨੂੰ ਉਖਾੜ ਦਿੱਤਾ ਗਿਆ। ਲੋਕ ਇਸ 'ਤੇ ਜਲ ਚੜ੍ਹਾਉਣ ਤੋਂ ਇਲਾਵਾ ਦੀਵਾ ਵੀ ਜਗਾਉਂਦੇ ਸਨ, ਜਦਕਿ ਔਰਤਾਂ ਪਿੱਪਲ 'ਤੇ ਮਨੋ-ਕਾਮਨਾ ਪੂਰੀ ਹੋਣ ਦੀ ਇੱਛਾ ਨੂੰ ਲੈ ਕੇ ਕਲਾਵਾ ਬੰਨ੍ਹਦੀਆਂ ਸਨ। ਇਹੋ ਵਜ੍ਹਾ ਹੈ ਕਿ ਹਾਦਸਿਆਂ ਤੋਂ ਬਾਅਦ ਪਿੱਪਲ ਨੂੰ ਕੱਟੇ ਜਾਣ ਕਾਰਨ ਰਹਿ-ਰਹਿ ਕੇ ਪ੍ਰਗਟਾਏ ਜਾ ਰਹੇ ਅਫਸੋਸ ਦੌਰਾਨ ਇਸ ਥਾਂ 'ਤੇ ਬਾਕਾਇਦਾ ਵਿਧੀਪੂਰਵਕ ਤਰੀਕੇ ਨਾਲ ਹਵਨ ਕਰਵਾਏ ਜਾ ਰਹੇ ਹਨ। ਸਾਡੇ ਮੁਲਕ ਦੀ ਇਹ ਬਦਕਿਸਮਤੀ ਹੈ ਕਿ ਵੱਡੇ ਤੋਂ ਵੱਡੇ ਪ੍ਰਾਜੈਕਟਾਂ ਨੂੰ ਜਿਸ ਜੋਸ਼-ਖਰੋਸ਼ ਨਾਲ ਸ਼ੁਰੂ ਕਰਕੇ ਉਨ੍ਹਾਂ 'ਚ ਹਰ ਪੱਧਰ 'ਤੇ ਜਿਹੋ ਜਿਹੀ ਇਮਾਨਦਾਰੀ ਵਿਖਾਈ ਜਾਂਦੀ ਹੈ, ਕੁਝ ਸਮਾਂ ਬੀਤਣ ਮਗਰੋਂ ਜੋਸ਼ ਤੇ ਇਮਾਨਦਾਰੀ ਦੋਨੋਂ ਪ੍ਰਾਜੈਕਟ 'ਚੋਂ ਗਾਇਬ ਹੋ ਜਾਂਦੇ ਹਨ। ਖ਼ੈਰ! ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਲਈ ਨਾ ਸਿਰਫ ਤੈਅ ਸਮੇਂ 'ਤੇ ਪ੍ਰਾਜੈਕਟ ਪੂਰਾ ਕਰਨ ਦੀ ਚੁਣੌਤੀ ਹੈ, ਸਗੋਂ ਉਸ ਨੇ ਇਹ ਵੀ ਯਕੀਨੀ ਬਣਾਉਣਾ ਹੈ ਕਿ ਨਿਰਮਾਣ ਕਾਰਜ ਹਾਦਸਾ-ਰਹਿਤ ਅਤੇ ਬੇਦਾਗ ਹੋਣ ਤੇ ਸੁਰੱਖਿਆ ਪੈਮਾਨਿਆਂ ਦੀ ਪਾਲਣ ਤੇ ਮਾਨੀਟਰਿੰਗ ਵੀ ਬਿਨਾ ਕਿਸੇ ਦਬਾਅ ਦੇ ਹੋਵੇ। ਆਖਿਰ ਮੈਟਰੋ ਪ੍ਰਾਜੈਕਟ ਨੇ ਉਸ ਦੀ ਕੁਸ਼ਲਤਾ ਜਾਂ ਭਰੋਸੇਮੰਦੀ ਨੂੰ ਹੀ ਨਹੀਂ, ਸਗੋਂ ਦਿੱਲੀ ਮੈਟਰੋ ਦੀ ਸਵਾਰੀ ਕਰਦੇ ਸਮੇਂ ਦਿੱਲੀ ਵਾਸੀਆਂ ਦਾ ਇਹ ਭਰੋਸਾ ਵੀ ਬਰਕਰਾਰ ਰੱਖਣਾ ਹੈ ਕਿ ਆਮ ਤੌਰ 'ਤੇ ਇਸ ਵਿਚ ਹਾਦਸਾ ਹੋ ਹੀ ਨਹੀਂ ਸਕਦਾ। ਉਂਝ ਵੀ ਲੋੜ ਹੁਣ ਮੈਟਰੋ ਹਾਦਸਿਆਂ ਤੋਂ ਸਬਕ ਸਿੱਖਣ ਦੀ ਹੈ।

# ਆਪੇ ਫਾਥੜੀਏ ਤੈਨੂੰ ਕੌਣ ਛਡਾਵੇ?

**ਇਕ ਦਿਨ ਇਹ ਮਹਾਤਮਾ ਨੂੰ ਬੜੀ ਆਜਜ਼ੀ ਨਾਲ ਕਹਿਣ ਲੱਗਿਆ ਕਿ ਮਹਾਰਾਜ ਮੈਂ ਬਹੁਤ ਸਾਰਾ ਧਨ ਕਮਾਉਣਾ ਚਾਹੁੰਦਾ ਹਾਂ। ਮੇਰੀ ਇੱਛਾ ਹੈ ਕਿ ਮੇਰੇ ਘਰ ਵਿਚ ਸੋਨੇ ਚਾਂਦੀ ਦੀਆਂ ਮੋਹਰਾਂ ਨਾਲ ਬੋਰੀਆਂ ਭਰੀਆਂ ਪਈਆਂ ਹੋਣ! ਆਪ ਜੀ ਤਾਂ ਸਰਬ-ਕਲਾ ਸਮਰੱਥ ਹੋ। ਮੈਨੂੰ ਦੱਸੋ ਕਿ ਮੈਂ ਕਿਹੜੀ ਦਿਸ਼ਾ ਵਲ ਜਾਵਾਂ, ਜਿੱਥੇ ਮੇਰੀ ਇਹ ਦਿਲੀ ਤਮੰਨਾ ਪੂਰੀ ਹੋ ਜਾਏ? ਕ੍ਰਿਪਾ ਕਰਕੇ ਮੈਨੂੰ ਉਸ ਦਿਸ਼ਾ ਦਾ ਇਸ਼ਾਰਾ ਕਰ ਦਿਉ। ਰੱਜੇ-ਪੁੱਜੇ ਸੇਠ ਵਲੋਂ ਭੁੱਖ ਖਿਲਾਰਨ ਵਾਲੀ ਇਹ ਅਨੋਖੀ ਮੰਗ ਸੁਣ ਕੇ ਮੁਨੀ ਮਹਾਰਾਜ ਸੋਚੀਂ ਪੈ ਗਏ-ਕਿ ਇਹ ਬੰਦਾ ਬਾਹਰੋਂ ਭਾਵੇਂ ਰੱਜਿਆ-ਪੁੱਜਿਆ ਦਿਖਾਈ ਦੇ ਰਿਹਾ ਹੈ, ਪਰ 'ਅੰਦਰ' ਇਹਦਾ ਭੁੱਖ ਨਾਲ ਵਿਆਕੁਲ ਹੋਇਆ ਪਿਐ।**

ਅੰਗਰੇਜ਼ੀ ਦੇ ਕਵੀ ਵਰਡਜ਼ਵਰਥ ਦੀ ਇਕ ਕਵਿਤਾ 'ਰਿਵਰ ਆਫ਼ ਦਾ ਡੀ' ਦਸਵੀਂ ਜਮਾਤ ਦੀ 'ਇੰਗਲਿਸ਼ ਪੋਇਮਜ਼' ਕਿਤਾਬ ਵਿਚ ਪੜ੍ਹਦੇ ਹੁੰਦੇ ਸਾਂ। ਇਸ ਕਵਿਤਾ ਵਿਚ ਦਰਿਆ ਕੰਢੇ ਆਟਾ ਪੀਹਣ ਲਈ ਘਰਾਟ ਚਲਾਉਣ ਵਾਲੇ ਇਕ ਗਰੀਬ ਕਾਮੇ ਦਾ ਮਸਤੀ ਭਰਿਆ ਜੀਵਨ ਬਿਆਨਿਆ ਗਿਆ ਹੈ। ਸਹਿਜ ਸਾਦਗੀ ਨਾਲ ਜ਼ਿੰਦਗੀ ਬਿਤਾ ਰਿਹਾ ਇਹ ਕਾਮਾ ਹਮੇਸ਼ਾ ਹਸੂੰ-ਹਸੂੰ ਕਰਦਾ ਰਹਿੰਦਾ ਅਤੇ ਕਿਰਤ-ਵਿਰਤ ਕਰਦਿਆਂ ਹੋਇਆਂ ਕਦੇ ਉਦਾਸ ਜਾਂ ਗੁੱਸੇ 'ਚ ਨਹੀਂ ਸੀ ਆਉਂਦਾ। ਦਿਨ ਢਲੇ ਸ਼ਾਮਾਂ ਵੇਲੇ ਜਦੋਂ ਪੰਛੀ-ਜਨੌਰ ਕੋਲ ਵਗਦੇ ਦਰਿਆ ਦੇ ਝੰਗ-ਬੇਲਿਆਂ 'ਚੋਂ ਆਪਣੇ ਆਲ੍ਹਣਿਆਂ ਵਲ ਉਡਾਰੀਆਂ ਮਾਰਦੇ ਤਾਂ ਇਹ ਵੀ ਖੁਮਾਰੀ 'ਚ ਆਇਆ ਕੋਈ ਨਾ ਕੋਈ ਲੋਕ ਗੀਤ ਛੋਹ ਲੈਂਦਾ। ਉਧਰ ਸੂਰਜ ਅਸਤ ਹੋ ਰਿਹਾ ਹੁੰਦਾ ਤੇ ਇਧਰ ਘਰਾਟ ਵਾਲੇ ਕਾਮੇ ਦੀ ਖਾਨਾਬਦੋਸ਼ਾਂ ਵਰਗੀ ਲਲਕਣੀ ਆਵਾਜ਼, ਮਟਮੈਲੇ ਹੋਏ ਖਲਾਅ ਵਿਚ ਲਰਜ਼ਦੀ। ਬਿਨਾ ਕਿਸੇ ਗਿਲੇ ਸ਼ਿਕਵੇ ਦੇ ਉਹ ਅਲਬੇਲਾ ਕਾਮਾ, ਅਨੰਦਮਈ ਜੀਵਨ ਗੁਜ਼ਾਰ ਰਿਹਾ ਸੀ।

ਦਰਿਆਉਂ ਆਰ-ਪਾਰ ਜਾਣ ਵਾਲਾ ਕੋਈ ਨਵਾਬ-ਜ਼ਾਦਾ ਜਦੋਂ ਵੀ ਇਧਰੋਂ ਗੁਜ਼ਰਦਾ ਤਾਂ ਉਹ ਉਸ ਗਰੀਬ ਕਾਮੇ ਦੇ ਮਸਤ-ਵਿਹਾਰ ਤੋਂ ਹੈਰਾਨ ਹੁੰਦਾ ਕਿ ਇਹ ਛੱਪਰੀ ਵਿਚ ਰਹਿਣ ਵਾਲਾ ਮਜ਼ਦੂਰ ਹਮੇਸ਼ਾ ਢੋਲੇ ਦੀਆਂ ਲਾਉਂਦਾ ਰਹਿੰਦਾ ਹੈ, ਜਦਕਿ ਮੇਰੇ ਪਾਸ ਧਨ-ਦੌਲਤ ਜ਼ਮੀਨ ਜਾਇਦਾਦ ਹੋਣ ਦੇ ਬਾਵਜੂਦ, ਹਮੇਸ਼ਾ ਚਿੰਤਾ ਫਿਕਰ ਮੈਨੂੰ ਵੱਢ-ਵੱਢ ਖਾਈ ਜਾਂਦੇ ਨੇ। ਮੇਰੇ ਬੁੱਲ੍ਹਾਂ 'ਤੇ ਕਦੇ ਕੋਈ ਨਗਮਾ ਨਹੀਂ ਆਉਂਦਾ! ਇਸ ਮਸਤ ਮੌਲੇ ਦੀ ਬੇ-ਫਿਕਰੀ ਦਾ ਕੀ ਰਾਜ਼ ਹੋਵੇਗਾ? ਇਕ ਸ਼ਾਮ ਨਵਾਬ-ਜ਼ਾਦਾ ਘਰਾਟ ਚਲਾਉਣ ਵਾਲੇ ਕੋਲ ਜਾ ਕੇ ਆਪਣੇ ਮਨ ਦੀ ਸ਼ੰਕਾ ਜ਼ਾਹਰ ਕਰਦਾ ਹੈ। ਅੱਗਿਉਂ ਉਹ ਕਾਮਾ ਮੁਸਕਰਾਉਂਦਿਆਂ ਹੋਇਆਂ, ਚੱਕੀ ਕੋਲ ਪਈ ਆਟੇ ਦੀ ਛੋਟੀ ਜਿਹੀ ਗਠੜੀ ਵਲ ਇਸ਼ਾਰਾ ਕਰਦਿਆਂ ਕਹਿੰਦਾ ਹੈ, "ਜਨਾਬ, ਮੇਰੀ ਮਸਤੀ ਦਾ ਰਾਜ਼ ਇਸ ਗਠੜੀ ਵਿਚ ਹੀ ਹੈ!" ਨਵਾਬਜ਼ਾਦਾ ਹੈਰਾਨ ਜਿਹਾ ਹੁੰਦਿਆਂ ਦੋ-ਢਾਈ ਸੇਰ ਆਟੇ ਵਾਲੀ ਗਠੜੀ ਵਲ ਗਹੁ ਨਾਲ ਤੱਕਦਾ ਹੈ। ਗਰੀਬ ਕਾਮਾ, ਤਫਸੀਲ ਨਾਲ ਉਹਦਾ ਸ਼ੰਕਾ ਨਵਿਰਤ ਕਰਦਾ ਹੈ-

"ਘਰਾਟ ਚਲਾ ਕੇ ਲੋਕਾਂ ਦੇ ਦਾਣੇ ਪੀਸਣੇ ਮੇਰਾ ਰੁਜ਼ਗਾਰ ਹੈ। ਕਿਰਤ ਕਰਦਿਆਂ ਮੈਂ ਉਜਰਤ ਵਜੋਂ ਦੋ ਦੋ ਚਾਰ ਚਾਰ ਮੁੱਠਾਂ ਆਟੇ ਦੀਆਂ ਇਸ ਗਠੜੀ ਵਿਚ ਪਾਉਂਦਾ ਰਹਿੰਦਾ ਹਾਂ। ਦਿਨ ਭਰ ਦਾ ਕੰਮ ਮੁਕਾਉਣ ਬਾਅਦ ਮੈਂ ਕਦੇ ਇਹ ਨਹੀਂ ਦੇਖਦਾ ਕਿ ਗਠੜੀ ਵਿਚ ਆਟਾ ਕਿੰਨਾ ਕੁ ਹੋ ਗਿਆ ਹੈ? ਮੈਨੂੰ ਆਪਣੀ ਗਠੜੀ 'ਹੋਰ ਵੱਡੀ ਕਰਨ' ਦੀ ਚਿੰਤਾ ਨਹੀਂ ਹੁੰਦੀ।...ਇਹੀ ਮੇਰੀ ਮਸਤੀ ਦਾ ਰਾਜ਼ ਹੈ!"

ਉਦੋਂ ਅਸੀਂ 'ਬਾਪੂ ਬਾਪੂ ਕਹਿੰਦੇ ਸਾਂ ਬੜੇ ਖੁਸ਼ ਰਹਿੰਦੇ ਸਾਂ' ਵਾਲੀ ਸਟੇਜ 'ਤੇ ਸਾਂ, ਸਾਨੂੰ ਉਕਤ ਕਵਿਤਾ ਦਾ 'ਰਹੱਸ' ਸਮਝ ਨਹੀਂ ਸੀ ਆਉਂਦਾ। ਹੁਣ ਜਦ 'ਰਾਗ-ਰੰਗ' ਸਭ ਭੁੱਲ ਗਏ ਹਨ ਅਤੇ 'ਲੂਣ-ਤੇਲ-ਲੱਕੜੀਆਂ' ਨਾਲ ਸਿੱਧਾ ਵਾਹ ਪਿਆ ਹੋਇਆ ਹੈ ਤਾਂ 'ਰਿਵਰ ਆਫ਼ ਦਾ ਡੀ' ਦੀ ਯਾਦ ਆਉਂਦੀ ਹੈ। ਅਸੀਂ ਸਾਰਿਆਂ ਨੇ ਆਪਣੀ ਆਪਣੀ ਗਠੜੀ ਨੂੰ 'ਹੋਰ ਵੱਡੀ' ਕਰਨ ਦੇ ਯਤਨਾਂ ਵਿਚ ਦਿਨ ਰਾਤ 'ਰੇਸਾਂ' ਲਾਈਆਂ ਹੋਈਆਂ ਨੇ। ਚਲੋ 'ਲਾਹੇ ਕਾਰਨ ਆਇਆ ਜੱਗ' ਅਨੁਸਾਰ ਗਠੜੀ 'ਹੋਰ ਵੱਡੀ' ਕਰਨ ਨੂੰ ਉੱਦਮ ਦੇ ਨਾਂ ਹੇਠ ਕੱਜਿਆ ਜਾ ਸਕਦਾ ਹੈ। ਪ੍ਰੰਤੂ ਜਦੋਂ ਸਾਡੇ 'ਤੇ ਆਪਣੀ ਗਠੜੀ 'ਸਾਰਿਆਂ ਤੋਂ ਵੱਡੀ' ਬਣਾਉਣ ਦਾ ਭੂਤ ਸਵਾਰ ਹੁੰਦਾ ਹੈ, ਫੇਰ ਲਾਲਚੀ ਕੁੱਤਾ ਸਾਡੇ 'ਤੇ ਸਵਾਰ ਹੁੰਦਾ ਹੈ। ਫੇਰ ਸਾਡੀ ਹਾਲਤ 'ਭੱਖ-ਅਭੱਖ ਸਭ ਖਾਇ' ਵਾਲੀ ਬਣ ਜਾਂਦੀ ਹੈ। ਇਕ ਪ੍ਰਵਾਸੀ ਅਖ਼ਬਾਰ ਵਿਚ ਛਪੀ ਖ਼ਬਰ ਮੁਤਾਬਕ ਪੰਜਾਬ ਦੀ 35 ਕੁ ਸਾਲ ਉਮਰ ਵਾਲੀ ਇਕ ਬੀਬੀ ਦਾ ਸਰਕਾਰੀ ਸਰਵਿਸ ਕਰ ਰਿਹਾ ਪਤੀ ਕਿਸੇ ਹਾਦਸੇ ਵਿਚ ਪੂਰਾ ਹੋ ਗਿਆ। ਸਕੂਲ ਪੜ੍ਹਦੇ ਦੋ ਲੜਕਿਆਂ ਦੀ ਮਾਂ ਇਸ ਅਭਾਗਣ ਬੀਬੀ ਨੂੰ ਸਰਕਾਰੀ ਨਿਯਮਾਂ ਅਨੁਸਾਰ ਪਤੀ ਵਾਲੀ ਜੌਬ ਮਿਲ ਗਈ। ਮੰਦੇ ਭਾਗਾਂ ਨੂੰ ਉਸਦਾ ਸੰਪਰਕ, ਦੋ ਪਤਨੀਆਂ ਹਜ਼ਮ ਕਰ ਚੁੱਕੇ 65 ਸਾਲਾ ਕੈਨੇਡੀਅਨ ਨਾਲ ਹੋ ਗਿਆ। ਵਿਦੇਸ਼ ਦਾ ਲਾਲਚ ਜਾਗ ਪਿਆ। ਪਤੀ ਦੀ ਜਗ੍ਹਾ ਮਿਲੀ ਹੋਈ ਜੌਬ ਛੱਡ ਕੇ ਤਥਾ-ਕਥਿਤ ਸੁਨਹਿਰੇ ਭਵਿੱਖ ਦੀ ਆਸ ਵਿਚ ਇਹ ਬੀਬੀ ਕੈਨੇਡੀਅਨ ਬੁੱਢੇ ਨਾਲ ਵਿਆਹ ਕਰਵਾ ਕੇ ਦੋਹਾਂ ਪੁੱਤਰਾਂ ਸਮੇਤ ਕੈਨੇਡਾ ਆ ਗਈ। ਲਾਲਚਾਂ ਅਧੀਨ ਬੰਨ੍ਹੇ ਗਏ ਅਜਿਹੇ 'ਨਰਤ' ਕਿੰਨੇ ਕੁ ਦਿਨ ਕੱਢਦੇ ਹਨ? ਨਵੇਂ ਨਵੇਂ ਬਣੇ ਇਸ 'ਪਰਿਵਾਰ' ਦਾ ਆਪਸੀ ਕਲਹ-ਕਲੇਸ਼ ਇੱਥੋਂ ਤੱਕ ਵਧ ਗਿਆ ਕਿ ਧੱਕੇ ਨਾਲ 'ਬਾਪ' ਬਣਾਏ ਗਏ ਬੁੱਢੇ ਦੈਂਤ ਨੇ ਤਿੰਨਾਂ ਜਣਿਆਂ (ਦੋਵੇਂ ਮੁੰਡੇ ਤੇ ਉਨ੍ਹਾਂ ਦੀ ਪੈਂਤੀ ਸਾਲਾ ਮਾਂ) ਦੀ ਅਲਖ ਮੁਕਾਉਣ ਲਈ ਗੋਲੀ ਚਲਾ ਦਿੱਤੀ। ਅਖ਼ਬਾਰੀ ਸੂਚਨਾਵਾਂ ਮੁਤਾਬਕ ਦੋਵੇਂ ਲੜਕੇ ਤਾਂ ਥਾਏਂ ਢੇਰੀ ਹੋ ਗਏ ਅਤੇ ਉਨ੍ਹਾਂ ਦੀ ਮਾਂ ਹਸਪਤਾਲ ਵਿਚ ਦਾਖਲ ਹੈ। ਕੈਨੇਡਾ ਦੇ ਲਾਲਚ ਨੇ ਸੋਹਣੇ ਸੁਨੱਖੇ ਦੋ ਪੁੱਤ ਡੀਕ ਲਏ! ਕੀ ਇਸ ਅਭਾਗਣ ਬੀਬੀ ਨੂੰ ਉਹ ਸਮਾਂ ਮੁੜ ਪ੍ਰਾਪਤ ਹੋ ਸਕੇਗਾ, ਜਦ ਇਹ ਆਪਣੇ ਪਤੀ ਦੀ ਨਿਸ਼ਾਨੀ ਦੋ ਪੁੱਤਰਾਂ ਸਮੇਤ ਗੁਜ਼ਾਰੇ ਜੋਗੀ ਨੌਕਰੀ ਕਰਕੇ ਜੀਵਨ ਨਿਰਬਾਹ ਚਲਾ ਰਹੀ ਸੀ?

ਜਿਸ ਕੌਮ ਨੇ ਵਿਦੇਸ਼ਾਂ 'ਚ 'ਸੈੱਟ' ਹੋਣ ਦਾ ਇਕੋ ਇਕ ਨਿਸ਼ਾਨਾ ਮਿੱਥ ਲਿਆ ਹੋਵੇ ਅਤੇ ਇਸ ਦੀ ਪ੍ਰਾਪਤੀ ਲਈ ਆਪਣਾ ਧਰਮ-ਈਮਾਨ, ਇੱਜ਼ਤ ਅਣਖ, ਸਮਾਜੀ ਰਵਾਇਤਾਂ ਅਤੇ ਸਾਰੀਆਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਣ ਲਈ ਕਾਹਲੀ ਪਈ ਹੋਈ ਹੋਵੇ, ਉਸ ਕੌਮ ਦੇ ਲੋਕਾਂ ਉੱਪਰ ਕੋਈ ਉਪਦੇਸ਼, ਕਿਸੇ ਤਰ੍ਹਾਂ ਦਾ ਪ੍ਰਚਾਰ ਭੋਰਾ ਅਸਰ ਨਹੀਂ ਕਰ ਸਕਦਾ। ਜਦ ਕਦੇ ਦੇਸ਼-ਵਿਦੇਸ਼ ਵਿਚ ਉਤਲੇ ਹਾਦਸੇ ਵਰਗਾ ਕੋਈ ਕਹਿਰ ਵਰਤ ਜਾਂਦਾ ਹੈ ਤਾਂ ਉਸ ਨੂੰ 'ਰੱਬ ਦੇ ਭਾਣੇ' ਦਾ ਨਾਂ ਦੇ ਕੇ ਲਾਲਚੀ ਕੁੱਤਾ-ਬਿਰਤੀ ਨੂੰ ਕੱਜ ਦਿੱਤਾ ਜਾਂਦਾ ਹੈ। ਅਸੂਲਾਂ ਅਤੇ ਅਮਲਾਂ ਦੇ ਵਿਚਕਾਰਲੇ ਗੈਪ ਨੂੰ, ਜਿਵੇਂ ਆਪਾਂ ਕੰਨ-ਰਸ ਭਰਪੂਰ ਕਥਾ-ਕਹਾਣੀਆਂ ਨਾਲ ਭਰ ਲਈਦਾ ਹੈ। ਲਉ ਇਸੇ ਮਾਰਗ 'ਤੇ ਚੱਲਦਿਆਂ ਲਾਲਚੀ ਸੁਭਾਅ ਦੀ ਵਿਆਖਿਆ ਕਰਦੀ ਇਕ ਨੀਤੀ ਕਥਾ ਸੁਣ ਲਉ-

ਬਾਦਸ਼ਾਹੀ ਠਾਠ ਨਾਲ ਜ਼ਿੰਦਗੀ ਗੁਜ਼ਾਰ ਰਿਹਾ ਕੋਈ ਸੇਠ, ਇਕ ਰਿਸ਼ੀ-ਮੁਨੀ ਦਾ ਸ਼ਰਧਾਲੂ ਬਣ ਗਿਆ। ਘਰ ਵਿਚ ਭਾਵੇਂ ਹਰ ਤਰ੍ਹਾਂ ਦੀਆਂ ਲਹਿਰਾਂ-ਬਹਿਰਾਂ ਲੱਗੀਆਂ ਹੋਈਆਂ ਸਨ, ਪਰ ਫਿਰ ਵੀ ਜਦੋਂ ਇਹ ਸੇਠ ਆਪਣੇ ਗੁਰੂ ਕੋਲ ਜਾਂਦਾ, ਹਮੇਸ਼ਾ ਕੋਈ ਨਾ ਕੋਈ ਮੰਗ ਲੈ ਕੇ ਹੀ ਜਾਂਦਾ। ਸਭ ਕੁਝ ਹੁੰਦਿਆਂ-ਸੁੰਦਿਆਂ ਤੜਫੂੰ-ਤੜਫੂੰ ਕਰਦਾ ਰਹਿੰਦਾ। ਜਿਹੜੀਆਂ ਚੀਜ਼ਾਂ ਇਸ ਨੇ ਕਦੇ ਵੀ ਵਰਤਣੀਆਂ ਨਹੀਂ ਸਨ ਹੁੰਦੀਆਂ, ਉਹ ਵੀ ਰਿਸ਼ੀ ਕੋਲੋਂ ਮੰਗਣ ਲੱਗ ਪੈਂਦਾ।

ਇਕ ਦਿਨ ਇਹ ਮਹਾਤਮਾ ਨੂੰ ਬੜੀ ਆਜਜ਼ੀ ਨਾਲ ਕਹਿਣ ਲੱਗਿਆ ਕਿ ਮਹਾਰਾਜ ਮੈਂ ਬਹੁਤ ਸਾਰਾ ਧਨ ਕਮਾਉਣਾ ਚਾਹੁੰਦਾ ਹਾਂ। ਮੇਰੀ ਇੱਛਾ ਹੈ ਕਿ ਮੇਰੇ ਘਰ ਵਿਚ ਸੋਨੇ ਚਾਂਦੀ ਦੀਆਂ ਮੋਹਰਾਂ ਨਾਲ ਬੋਰੀਆਂ ਭਰੀਆਂ ਪਈਆਂ ਹੋਣ! ਆਪ ਜੀ ਤਾਂ ਸਰਬ-ਕਲਾ ਸਮਰੱਥ ਹੋ। ਮੈਨੂੰ ਦੱਸੋ ਕਿ ਮੈਂ ਕਿਹੜੀ ਦਿਸ਼ਾ ਵਲ ਜਾਵਾਂ, ਜਿੱਥੇ ਮੇਰੀ ਇਹ ਦਿਲੀ ਤਮੰਨਾ ਪੂਰੀ ਹੋ ਜਾਏ? ਕ੍ਰਿਪਾ ਕਰਕੇ ਮੈਨੂੰ ਉਸ ਦਿਸ਼ਾ ਦਾ ਇਸ਼ਾਰਾ ਕਰ ਦਿਉ?

ਰੱਜੇ-ਪੁੱਜੇ ਸੇਠ ਵਲੋਂ ਭੁੱਖ ਖਿਲਾਰਨ ਵਾਲੀ ਇਹ ਅਨੋਖੀ ਮੰਗ ਸੁਣ ਕੇ ਮੁਨੀ ਮਹਾਰਾਜ ਸੋਚੀਂ ਪੈ ਗਏ ਕਿ ਇਹ ਬੰਦਾ ਬਾਹਰੋਂ ਭਾਵੇਂ ਰੱਜਿਆ-ਪੁੱਜਿਆ ਦਿਖਾਈ ਦੇ ਰਿਹਾ ਹੈ, ਪਰ 'ਅੰਦਰ' ਇਹਦਾ ਭੁੱਖ ਨਾਲ ਵਿਆਕੁਲ ਹੋਇਆ ਪਿਐ। ਇਸ ਦੀ ਤ੍ਰਿਸ਼ਨਾ ਨੇ ਬੁਰੀ ਤਰ੍ਹਾਂ ਮੂੰਹ ਅੱਡਿਆ ਹੋਇਆ ਹੈ। ਗੰਭੀਰਤਾ ਨਾਲ ਕੁਝ ਸੋਚ-ਵਿਚਾਰ ਕੇ ਰਿਸ਼ੀ ਆਪਣੇ ਸ਼ਰਧਾਲੂ ਸੇਠ ਨੂੰ ਆਖਣ ਲੱਗਾ-"ਭਗਤਾ, ਮੈਂ ਦਿੱਬ-ਦ੍ਰਿਸ਼ਟੀ ਨਾਲ ਦੇਖ-ਵਿਚਾਰ ਕਰ ਲਈ ਹੈ। ਤੇਰੇ ਲਈ ਦੱਖਣ ਵਾਲੀ ਇਕ ਦਿਸ਼ਾ ਨੂੰ ਛੱਡ ਕੇ, ਬਾਕੀ ਦੀਆਂ ਤਿੰਨੋਂ ਦਿਸ਼ਾਵਾਂ ਪੂਰੀਆਂ ਭਾਗਸ਼ਾਲੀ ਹਨ। ਬੱਸ ਇਕ ਦੱਖਣ ਵਲ ਨੂੰ ਨਾ ਜਾਵੀਂ। ਹੋਰ ਜਿੱਧਰ ਮਰਜੀ ਚਲਾ ਜਾਹ, ਤੇਰੀਆਂ ਮਨੋਕਾਮਨਾਵਾਂ ਸਭ ਪੂਰੀਆਂ ਹੋਣਗੀਆਂ!"

ਮਹਾਤਮਾ ਦੇ ਇਹ ਵਚਨ ਸੁਣ ਕੇ, ਲਾਲਚ ਅਤੇ ਤ੍ਰਿਸ਼ਨਾ ਨਾਲ ਅੰਨ੍ਹਾ ਹੋਇਆ ਸੇਠ, ਪੁੱਠੀ ਸੋਚ ਸੋਚਣ ਲੱਗਾ-ਕਿ ਮੁਨੀ ਜੀ ਮਹਾਰਾਜ ਨੇ ਮੈਨੂੰ ਦੱਖਣ ਦੀ ਦਿਸ਼ਾ ਵਲ ਜਾਣ ਤੋਂ ਕਿਉਂ ਵਰਜਿਆ ਹੋਵੇਗਾ?...ਹੋਵੇ ਨਾ ਤਾਂ ਧਨ-ਦੌਲਤ ਇਧਰ ਹੀ ਜ਼ਿਆਦਾ ਹੋਵੇ?...ਇਸ ਨੇ ਮੈਨੂੰ ਐਵੇਂ ਹੀ ਮਨ੍ਹਾਂ ਕਰ ਦਿੱਤਾ ਹੋਵੇ? ਐਸੀਆਂ ਗਿਣਤੀਆਂ-ਮਿਣਤੀਆਂ 'ਚ ਪਏ ਸੇਠ ਨੇ, ਰਿਸ਼ੀ ਵਲੋਂ ਦੱਸੀਆਂ ਗਈਆਂ ਭਾਗਸ਼ਾਲੀ ਤਿੰਨ ਦਿਸ਼ਾਵਾਂ ਛੱਡ ਕੇ ਵਰਜਿਤ ਦੱਸੀ ਗਈ ਦੱਖਣ ਦਿਸ਼ਾ ਵਲ ਜਾਣ ਦਾ ਫੈਸਲਾ ਕਰ ਲਿਆ।

ਘੋੜੇ 'ਤੇ ਕਈ ਦਿਨ ਸਫਰ ਕਰਦਿਆਂ ਉਹ ਕਿਸੇ ਐਸੀ ਥਾਂ ਪਹੁੰਚ ਗਿਆ, ਜਿੱਥੇ ਇਕਾਂਤ ਵਿਚ ਇਕ ਬੰਦਾ ਚੱਕੀ ਪੀਹੀ ਜਾ ਰਿਹਾ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਬਿਨਾ ਰੁਕੇ ਉਹ ਬੰਦਾ ਵਾਹੋ-ਦਾਹੀ ਚੱਕੀ ਘੁਮਾਈ ਜਾਂਦਾ ਸੀ ਅਤੇ ਆਲੇ ਦੁਆਲੇ ਸੋਨੇ-ਚਾਂਦੀ ਦੀਆਂ ਮੋਹਰਾਂ ਦੇ ਢੇਰ ਲੱਗੇ ਪਏ ਸਨ, ਜੋ ਕਿ ਚੱਕੀ ਦੇ ਚੱਲਦੇ ਪੁੜਾਂ ਵਿਚੋਂ ਨਿਕਲੀ ਜਾ ਰਹੀਆਂ ਸਨ। ਲਿਸ਼ਕਾਂ ਮਾਰਦੀਆਂ ਮੋਹਰਾਂ ਦੇ ਢੇਰ ਦੇਖ ਕੇ, ਸੇਠ ਨੂੰ ਇਸ ਪੱਖੋਂ ਬਹੁਤ ਪ੍ਰਸੰਨਤਾ ਹੋਈ ਕਿ ਉਸ ਨੇ ਦੱਖਣ ਵਲ ਆਉਣ ਦਾ ਸਹੀ ਫੈਸਲਾ ਹੀ ਕੀਤਾ ਸੀ! ਘੋੜਾ ਲਾਗਲੇ ਦਰਖਤ ਨਾਲ ਬੰਨ੍ਹ ਕੇ ਉਹ ਚੱਕੀ ਪੀਹ ਰਹੇ ਬੰਦੇ ਕੋਲ ਜਾ ਖੜ੍ਹਾ ਹੋਇਆ।

"ਸੱਜਣਾ, ਤੂੰ ਚੱਕੀ ਕਿਉਂ ਚਲਾਈ ਜਾ ਰਿਹੈਂ?" ਸੇਠ ਨੇ ਉਸ ਚੱਕੀ ਵਾਲੇ ਬੰਦੇ ਨੂੰ ਪੁੱਛਿਆ।


"ਦਿਸਦਾ ਨਹੀਂ?...ਮੋਹਰਾਂ ਬਣਾ ਰਿਹਾ ਹਾਂ!"

"ਇਹ ਮੋਹਰਾਂ ਦੇ ਢੇਰ ਸਾਰੇ ਤੇਰੇ ਈ ਨੇ?"

"ਹਾਂ, ਮੈਂ ਹੀ ਇਨ੍ਹਾਂ ਦਾ ਮਾਲਕ ਹਾਂ!" ਲਗਾਤਾਰ ਚੱਕੀ ਚਲਾਈ ਜਾ ਰਹੇ ਬੰਦੇ ਨੇ ਬਿਨਾ ਰੁਕਿਆਂ ਹੀ ਜਵਾਬ ਦਿੱਤਾ। ਨਵੀਆਂ ਨਕੋਰ ਮੋਹਰਾਂ ਦੀ ਚਕਾਚੌਂਧ ਤੱਕ ਕੇ ਖੀਵਾ ਹੁੰਦਾ ਹੋਇਆ ਸੇਠ, ਬੜੀ ਹਲੀਮੀ ਨਾਲ ਚੱਕੀ ਚਲਾ ਰਹੇ ਬੰਦੇ ਨੂੰ ਕਹਿਣ ਲੱਗਾ-

"ਭਰਾ ਜੀ, ਜੇ ਮੈਨੂੰ ਇਜਾਜ਼ਤ ਦੇਵੇਂ ਤਾਂ ਮੈਂ ਵੀ ਦੋ ਘੜੀਆਂ ਚੱਕੀ ਚਲਾ ਕੇ ਆਪਣੇ ਲਈ ਕੁੱਝ ਮੋਹਰਾਂ ਬਣਾ ਲਵਾਂ?-ਤੂੰ ਥੋੜਾ ਅਰਾਮ ਕਰ ਲੈ!"

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਲਗਾਤਾਰ ਸਿਰ ਸੁੱਟ ਕੇ, ਇਕੋ ਸਾਹੇ ਚੱਕੀ ਚਲਾਈ ਜਾ ਰਿਹਾ ਬੰਦਾ ਕਹਿੰਦਾ ਕਿ ਜੀ ਸਦਕੇ ਬਣਾ ਲੈ, ਪਰ ਮੈਂ ਪਲ ਭਰ ਵੀ ਰੁਕ ਨਹੀਂ ਸਕਦਾ, ਬੱਸ ਇਸੇ ਤਰ੍ਹਾਂ ਘੁੰਮਦੀ ਚੱਕੀ ਦਾ ਹੱਥਾ ਮੈਥੋਂ ਫਟਾ ਫਟ ਫੜ ਲੈ! ਚਾਈਂ ਚਾਈਂ ਅੱਗੇ ਹੋ ਕੇ ਸੇਠ ਨੇ ਉਸ ਬੰਦੇ ਪਾਸੋਂ ਹੱਥਾ ਫੜ ਲਿਆ। ਪਹਿਲਾਂ ਵਾਂਗ ਹੀ ਚੱਕੀ ਘੁੰਮੀ ਜਾ ਰਹੀ ਸੀ ਚਮਕਾਂ ਮਾਰਦੀਆਂ ਮੋਹਰਾਂ ਆਸੇ ਪਾਸੇ ਨੂੰ ਟਨਕ-ਟਨਕ ਕਰਦੀਆਂ ਡਿਗੀ ਜਾ ਰਹੀਆਂ ਸਨ। ਮੋਹਰਾਂ ਵਲ ਦੇਖ ਕੇ ਸੇਠ ਦੇ ਦਿਲ 'ਚ ਕੁਤ-ਕੁਤਾਰੀਆਂ ਨਿਕਲਣ ਲੱਗੀਆਂ। ਉਹਦੇ ਕੋਲੋਂ ਚਾਅ ਸਾਂਭੇ ਨਹੀਂ ਸਨ ਜਾ ਰਹੇ! ਪਰ ਉਸ ਨੂੰ ਹੱਥਾ ਫੜਦਿਆਂ ਹੀ ਇੰਜ ਮਹਿਸੂਸ ਹੋਇਆ ਜਿਵੇਂ ਉਸ ਦਾ ਹੱਥ, ਪੱਕਾ ਹੀ ਚੱਕੀ ਦੇ ਹੱਥੇ ਨਾਲ ਜੁੜ ਗਿਆ ਹੁੰਦਾ ਹੈ! ਸੱਚ ਮੁੱਚ ਜਦੋਂ ਉਸ ਨੇ ਸਹਿਵਨ ਹੀ ਆਪਣੇ ਦੂਜੇ ਹੱਥ ਨਾਲ, ਹੱਥਾਂ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਅਜਿਹਾ ਕਰ ਹੀ ਨਾ ਸਕਿਆ! ਇਸ ਦਾ ਕਾਰਨ ਜਾਨਣ ਲਈ ਜਦੋਂ ਸੇਠ ਨੇ ਪਹਿਲੇ ਬੰਦੇ ਪਾਸੋਂ ਕੁਝ ਪੁੱਛਣ ਲਈ ਇਕ ਪਾਸੇ ਨੂੰ ਸਿਰ ਘੁਮਾਇਆ, ਤਾਂ ਉਸ ਨੇ ਦੇਖਿਆ ਕਿ ਉਹ ਤਾਂ ਸੇਠ ਦਾ ਘੋੜਾ ਖੋਲ੍ਹ ਕੇ ਉਹਦੇ 'ਤੇ ਪਲਾਕੀ ਮਾਰੀ ਬੈਠਾ ਹੈ! ਥੋੜਾ ਝੁੰਜਲਾ ਕੇ ਸੇਠ ਨੇ ਉਸ ਬੰਦੇ ਨੂੰ ਪੁੱਛਿਆ ਕਿ ਭਰਾਵਾ ਇਹ ਚੱਕੀ ਖੜ੍ਹੀ ਕਰਨ ਦਾ ਢੰਗ ਤਾਂ ਦੱਸ ਦੇਹ, ਤਾਂ ਕਿ ਮੈਂ ਆਪਣੀਆਂ ਮੋਹਰਾਂ ਚੁੱਕ ਕੇ ਵਾਪਸ ਜਾ ਸਕਾਂ? ਘੋੜੇ ਨੂੰ ਅੱਡੀ ਲਾਉਂਦਿਆਂ ਉਹ ਬੰਦਾ ਇੰਜ ਬੋਲਿਆ-

"ਸੇਠ ਜੀ, ਇਹ ਲਾਲਚ ਦੀ ਚੱਕੀ ਹੈ, ਜੋ ਕਦੇ ਰੁਕ ਨਹੀਂ ਸਕਦੀ...ਮੈਂ ਵੀ ਕਈ ਵਰ੍ਹੇ ਪਹਿਲਾਂ ਤੇਰੇ ਵਾਂਗ ਲਾਲਚ ਦਾ ਪੱਟਿਆ, ਆਪਣੇ ਗੁਰੂ ਦੀ ਹੁਕਮ-ਅਦੂਲੀ ਕਰਕੇ, ਇਹ ਚੱਕੀ ਚਲਾਉਣ ਆ ਲੱਗਾ ਸਾਂ...ਮੈਥੋਂ ਵੀ ਵੱਡਾ ਲੋਭੀ ਹੁਣ ਤੂੰ ਆ ਗਿਐਂ...ਤੂੰ ਮੇਰੀ ਬੰਦ-ਖਲਾਸੀ ਕਰਾ 'ਤੀ...ਤੂੰ ਉਡੀਕ ਕਰ! ਸ਼ਾਇਦ ਤੈਥੋਂ ਵੀ ਕੋਈ ਵੱਡਾ ਲਾਲਚੀ ਆ ਜਾਏ!! ਉਦੋਂ ਤੱਕ ਲੱਗਾ ਰਹੁ...ਰਹੀ ਗੱਲ ਮੋਹਰਾਂ ਚੁੱਕ ਕੇ ਵਾਪਸ ਜਾਣ ਦੀ...ਇਹ ਗੱਲ ਦਿਲੋਂ ਕੱਢ ਦੇਈਂ ਭਰਾਵਾ...ਇਹ ਸਭ 'ਮਹਾਂ-ਮੋਹਣੀ ਮਾਇਆ' ਦੀ ਖੇਡ ਹੈ, ਇਹਦੇ ਵਿਚ ਤੇਰੇ-ਮੇਰੇ ਵਰਗੇ ਉਹੀ ਫਸਣਗੇ, ਜਿਹੜੇ ਆਪਣੇ ਇਸ਼ਟ ਦੇ ਹੁਕਮ ਦੀ ਅਵੱਗਿਆ ਕਰਕੇ, ਮਨ ਮਰਜੀ ਨਾਲ ਇਧਰ ਨੂੰ ਤੁਰਨਗੇ...!" ਇਹ ਸ਼ਬਦ ਕਹਿ ਕੇ ਉਹ ਬੰਦਾ ਉੱਥੋਂ ਉਡੰਤਰ ਹੋ ਗਿਆ।

ਜੰਗਲ ਦਾ ਆਜ਼ਾਦੀ ਭਰਿਆ ਮਾਹੌਲ ਛੱਡ ਕੇ ਬਾਂਦਰ ਤੇ ਬਾਂਦਰੀ, ਪਿੰਡ-ਪਿੰਡ ਸ਼ਹਿਰ-ਸ਼ਹਿਰ ਕਿਉਂ ਮੰਗਦੇ ਫਿਰਦੇ ਹਨ? ਮਦਾਰੀ ਦੇ ਇਸ਼ਾਰਿਆਂ 'ਤੇ ਇਨ੍ਹਾਂ ਵਲੋਂ ਬਾਂਦਰ ਟਪੂਸੀਆਂ ਮਾਰਨ ਪਿੱਛੇ ਵੀ ਲੋਭ-ਲਿੰਬੜੀ ਕਹਾਣੀ ਖੜ੍ਹੀ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਜ਼ਿਕਰ ਕੀਤਾ ਹੈ- 'ਜਿਉ ਕਪਿ ਕੇ ਕਰ ਮੁਸਟ ਚਨਨ ਕੀ ਲੁਬਧ ਨਾ ਤਿਆਗ ਦਯੋ॥'- ਕੁੱਜਿਆਂ ਵਿਚ ਮੁੱਠ ਮੁੱਠ ਭੁੱਜੇ ਛੋਲਿਆਂ ਦੀ ਪਾ ਕੇ ਸ਼ਿਕਾਰੀ ਲੋਕ ਇਨ੍ਹਾਂ ਨੂੰ ਜੰਗਲ ਵਿਚ ਜਾ ਕੇ ਦਰੱਖਤਾਂ ਦੇ ਤਣਿਆਂ ਨਾਲ ਬੰਨ੍ਹ ਦਿੰਦੇ ਹਨ। ਬਾਂਦਰ ਬਾਂਦਰੀਆਂ ਕੁੱਜੇ ਵਿਚ ਹੱਥ ਪਾ ਕੇ ਛੋਲਿਆਂ ਦੀ ਮੁੱਠ ਵੱਟ ਲੈਂਦੇ ਹਨ। ਕੁੱਜੇ ਦਾ ਗਲਵਾਂ ਇੰਨਾ ਕੁ ਤੰਗ ਹੁੰਦਾ ਹੈ ਕਿ ਜਿਸ ਵਿਚ ਬਾਂਦਰ ਦਾ ਹੱਥ ਪੈ ਜਾਂਦਾ ਹੈ, ਪਰ ਮੀਚੀ ਹੋਈ ਮੁੱਠ ਨਹੀਂ ਨਿਕਲਦੀ। ਵਿਚਾਰੇ ਬਾਂਦਰ ਛੋਲਿਆਂ ਦੀ ਮੁੱਠ ਪਿੱਛੇ, ਸਾਰੀ ਉਮਰ ਮਦਾਰੀ ਦੇ ਗੁਲਾਮ ਬਣ ਜਾਂਦੇ ਹਨ। ਸ਼ਿਕਾਰੀ ਦੇ ਬੰਨ੍ਹੇ ਹੋਏ ਕਿਸੇ ਕੁੱਜੇ ਵਿਚ ਹੱਥ ਫਸਾਈ ਖੜੀ, ਭੁੱਖ ਨਾਲ ਵਿਆਕੁਲ ਹੋ ਰਹੀ ਕਿਸੇ ਬਾਂਦਰੀ ਦੀ ਤਰਸਯੋਗ ਹਾਲਤ ਦੇਖ ਕੇ ਹੀ ਕਿਸੇ ਨੇ ਕਿਹਾ ਹੋਵੇਗਾ-

'ਆਪੇ ਫਾਥੜੀਏ ਤੈਨੂੰ ਕੌਣ ਛਡਾਵੇ?'

# ਮੰਨ ਲਓ ਅਮਰੀਕੀਓ ਅਸੀਂ ਤੁਹਾਥੋਂ ਅੱਗੇ ਹਾਂ

**-ਪ੍ਰਮੋਦ ਤਾਂਬਟ**

ਅਖੀਰ ਇਹ ਗੱਲ ਸਾਬਤ ਹੋ ਗਈ ਕਿ ਅਸੀਂ ਭਾਰਤੀ ਦੁਨੀਆਂ ਵਿਚ ਸਰਵਸ਼੍ਰੇਸ਼ਠ ਹਾਂ। ਸਾਡੀਆਂ ਯੋਗਤਾਵਾਂ ਅੱਗੇ ਦੁਨੀਆਂ ਦਾ ਸਭ ਤੋਂ ਤਾਕਤਵਰ ਮੁਲਕ ਅਮਰੀਕਾ ਵੀ ਕਿਤੇ ਟਿਕਦਾ ਨਹੀਂ ਹੈ। ਵਿਸ਼ਵ ਸ਼ਕਤੀ ਦੇ ਰਾਸ਼ਟਰਪਤੀ ਬਰਾਕ ਓਬਾਮਾ ਦਾ ਇਕ ਮਾਮੂਲੀ ਜਿਹਾ ਫਰਜ਼ੀ ਜਨਮ ਪ੍ਰਮਾਣ ਪੱਤਰ ਤਮਾਮ ਤਕਨੀਕੀ ਕੌਸ਼ਲ, ਉੱਨਤ ਕਾਰਜਪ੍ਰਣਾਲੀ, ਅਥਾਹ ਧਨ-ਦੌਲਤ ਅਤੇ ਤਾਕਤ ਦੇ ਬਾਵਜੂਦ ਕੁਸ਼ਲਤਾ ਨਾਲ ਕਿਤੇ ਛੁਪਾਇਆ ਨਹੀਂ ਜਾ ਸਕਿਆ। ਲਾਹਨਤ ਹੈ ਅਜਿਹੀ ਅਪਰਪੱਕਤਾ 'ਤੇ। ਹੁਣ ਦੱਸੋ ਭਲਾ, ਅਜਿਹੇ ਵਿਚ ਕੌਣ ਰੋਕ ਸਕਦਾ ਹੈ ਸਾਨੂੰ ਇਹ ਕਹਿਣ ਤੋਂ ਕਿ ਅਮਰੀਕਾ ਨੂੰ ਸਾਡੇ ਤੋਂ ਹਾਲੇ ਵੀ ਬਹੁਤ ਕੁਝ ਸਿੱਖਣ ਦੀ ਜ਼ਰੂਰਤ ਹੈ।

ਸਰਕਾਰੀ ਦਫਤਰਾਂ ਦੇ ਨੇੜੇ-ਤੇੜੇ ਚੱਪੇ-ਚੱਪੇ 'ਤੇ ਫੈਲੇ ਸਾਡੇ ਫਰਜ਼ੀਕਰਨ ਮਾਹਿਰ ਇਸ ਮਾਮਲੇ ਵਿਚ ਅਮਰੀਕਾ ਦੇ ਮਾਹਿਰਾਂ ਤੋਂ ਕਈ ਕਦਮ ਅੱਗੇ ਹਨ। ਉਨ੍ਹਾਂ ਅਮਰੀਕੀ ਅਨਾੜੀਆਂ ਨੂੰ ਬਿਨਾ ਨਾਂਹ-ਨੁਕਰ ਦੇ ਸਾਡੇ ਮਾਹਿਰਾਂ ਸਾਹਮਣੇ ਪਾਣੀ ਭਰ ਲੈਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਫਰਜ਼ੀ ਕਾਗਜ਼ਾਤ ਅਸੀਂ ਇੰਨੀ ਕੁਸ਼ਲਤਾ ਨਾਲ ਬਣਾਉਂਦੇ ਹਾਂ ਕਿ ਕੋਈ ਨਕਲੀ ਸਾਬਤ ਕਰ ਦੇਵੇ ਤਾਂ ਅਸੀਂ ਆਪਣੀਆਂ ਮੁੱਛਾਂ ਮੁਨਾ ਲਈਏ। ਅਸਲੀ ਨੂੰ ਤਾਂ ਨਕਲੀ ਸਾਬਤ ਕੀਤਾ ਜਾ ਸਕਦਾ ਹੈ, ਪਰ ਨਕਲੀ ਨੂੰ ਨਕਲੀ ਸਾਬਤ ਕਰਨ ਦੀ ਹਿੰਮਤ ਕਿਸੇ ਮਾਂ ਦੇ ਲਾਲ ਵਿਚ ਨਹੀਂ ਹੈ। ਫਰਜ਼ੀ ਮਾਰਕਸ਼ੀਟ, ਜਾਤੀ ਪ੍ਰਮਾਣ ਪੱਤਰ, ਜ਼ਮੀਨ-ਮਕਾਨ ਦੀ ਰਜਿਸਟਰੀ, ਤਮਾਮ ਲਾਇਸੈਂਸ, ਪਰਮਿਟ, ਇੱਥੋਂ ਤੱਕ ਕਿ ਪਾਸਪੋਰਟ, ਵੀਜ਼ੇ ਤੱਕ ਸਾਡੇ ਚਤਰ ਚਤੇਰੇ ਇੰਨੀ ਖੂਬਸੂਰਤੀ ਨਾਲ ਬਣਾਉਂਦੇ ਹਨ ਕਿ ਚੰਗੇ-ਚੰਗੇ ਮਾਹਿਰ ਚਕਰਾ ਜਾਣ। ਤੇਲਗੀ ਨੂੰ ਦੇਖੋ, ਸਾਲਾਂ ਤੱਕ ਫਰਜ਼ੀ ਅਸਟਾਮ ਛਾਪ-ਛਾਪ ਕੇ ਬਾਕਾਇਦਾ ਸਰਕਾਰ ਨੂੰ ਚੂਨਾ ਲਗਾਉਂਦਾ ਰਿਹਾ, ਪਰ ਮਜ਼ਾਲ ਹੈ ਕਿ ਕਲਾ ਦੇ ਮਾਮਲੇ ਵਿਚ ਕਿਸੇ ਨੂੰ ਕੋਈ ਕੋਰ-ਕਸਰ ਨਜ਼ਰ ਆਈ ਹੋਵੇ। ਓਬਾਮਾ ਦੇ ਆਦਮੀ ਤਾਂ ਚਾਰ ਲਾਈਨਾਂ ਦਾ ਫਰਜ਼ੀ ਜਨਮ ਪ੍ਰਮਾਣ ਪੱਤਰ ਢੰਗ ਨਾਲ ਨਹੀਂ ਬਣਾ ਸਕੇ। ਇਸ ਨਾਲੋਂ ਤਾਂ ਇਕ ਵਾਰੀ ਇੱਥੇ ਆ ਜਾਂਦੇ ਅਤੇ ਅਸਲੀ ਨਮੂਨਾ ਦਿਖਾ ਦਿੰਦੇ, ਨਕਲਾਂ ਦਾ ਤਾਂ ਸਾਡੇ ਕਾਰੀਗਰ ਢੇਰ ਲਾ ਦਿੰਦੇ। ਹੋਰ ਵੀ ਕੋਈ ਪ੍ਰਮਾਣ ਪੱਤਰ ਚਾਹੁੰਦੇ ਹੋ ਤਾਂ ਉਹ ਵੀ ਮਿੰਟਾਂ ਵਿਚ ਉਪਲਬਧ ਕਰਾ ਦਿੱਤਾ ਜਾਂਦਾ। ਇੱਥੇ ਤਾਂ ਸਿਰਫ ਦਲਾਲੀ ਦਾ ਸਵਾਲ ਹੈ। ਅਸਲੀ ਨੋਟਾਂ ਦੀ ਦਲਾਲੀ ਮਿਲੀ ਕਿ ਸਾਡੇ ਦਲਾਲ ਭਰਾ ਜ਼ਮੀਨ-ਅਸਮਾਨ ਦੇ ਮੇਲ ਮਿਲਾ ਦੇਣ। ਅਬੂ-ਮੋਨਿਕਾ ਦਾ ਪਾਸਪੋਰਟ ਦੇਖੋ, ਮਜ਼ੇ ਨਾਲ ਘੁੰਮ-ਫਿਰ ਆਏ, ਤਦ ਕਿਤੇ ਜਾ ਕੇ ਫੜੇ ਗਏ। ਹੁਣ ਉਸ ਨੂੰ ਨਕਲੀ ਸਾਬਤ ਕਰਨਾ ਭਾਰੀ ਪੈ ਰਿਹਾ ਹੈ। ਫਰਜ਼ੀ ਨੋਟਾਂ ਦੀ ਛਪਾਈ ਕਿੰਨੀ ਕੁਸ਼ਲਤਾ ਨਾਲ ਚੱਲ ਰਹੀ ਹੈ, ਅਸਲੀ-ਨਕਲੀ ਦਾ ਭੇਦ, ਰੋਜ਼ ਨੋਟਾਂ ਵਿਚ ਖੇਡਣ ਵਾਲੇ ਤਾਂ ਕੀ, ਭਗਵਾਨ ਵੀ ਨਹੀਂ ਫੜ ਪਾ ਰਿਹਾ। ਲੋਕ ਚੜ੍ਹਾਵੇ ਵਿਚ ਨਕਲੀ ਨੋਟ ਪਾ ਜਾਂਦੇ ਹਨ, ਨਾ ਪਾਉਣ ਵਾਲਾ ਫੜਿਆ ਜਾਂਦਾ ਹੈ, ਨਾ ਕੱਢਣ ਵਾਲਾ, ਨਾ ਖੁਦ ਭਗਵਾਨ। ਉਥੇ ਇੰਨੀ ਵੱਡੀ ਹਸਤੀ ਦਾ ਇਕ ਮਾਮੂਲੀ ਫਰਜ਼ੀ ਸਰਟੀਫਿਕੇਟ ਚੁਟਕੀ ਵਜਾ ਕੇ ਫੜ ਲਿਆ ਗਿਆ ਅਤੇ ਸਾਡੇ ਇੱਥੇ ਤਾਂ ਜਿੰਨੀਆਂ ਮਰਜ਼ੀ ਚੁਟਕੀਆਂ ਵਜਾਓ, ਨਹੀਂ ਫੜ ਸਕਦੇ। ਲਾਹਨਤ ਹੈ ਅਜਿਹੇ ਕੱਚੇ ਕੰਮ 'ਤੇ। ਇਸ ਤੋਂ ਚੰਗਾ ਤਾਂ ਸਾਡੀ ਸੇਵਾ ਲੈਂਦੇ। ਕਦੀ ਸ਼ਿਕਾਇਤ ਦਾ ਮੌਕਾ ਨਹੀਂ ਮਿਲਣਾ ਸੀ।

ਸੁਣਿਆ ਹੈ ਓਬਾਮਾ ਦੇ ਮੰਤਰੀ ਮੰਡਲ ਵਿਚ ਕਈ ਭਾਰਤੀ ਮੂਲ ਦੇ ਅਮਰੀਕੀ ਸ਼ਾਮਲ ਹਨ। ਇਕ ਅੱਧ ਭਾਰਤੀ ਮੂਲ ਦਾ ਭਾਰਤੀ ਫਰਜ਼ੀਕਰਨ ਮਾਹਿਰ ਇੱਥੋਂ ਬੁਲਾ ਲੈਂਦੇ, ਪੂਰਾ ਵ੍ਹਾਈਟ ਹਾਊਸ ਉਸ ਦੇ ਹਵਾਲੇ ਕਰ ਦਿੰਦੇ। ਕੋਈ ਕਿਸੇ ਕਾਗਜ਼ 'ਤੇ ਉਂਗਲ ਨਹੀਂ ਚੁੱਕ ਸਕਦਾ ਸੀ। ਹੋਰ ਵੀ ਕਈ ਮਾਹਿਰ ਹਨ ਸਾਡੇ ਇੱਥੇ, ਜਿੰਦਾਂ ਨਕਲੀ ਖਾਦ ਪਦਾਰਥ ਅਤੇ ਦੂਜੇ ਸਮਾਨਾਂ ਦੀ ਹੂ-ਬ-ਹੂ ਨਕਲ ਪੇਸ਼ ਕਰਨ ਵਾਲੇ ਪ੍ਰਤਿਭਾਸ਼ਾਲੀ ਮੁਨਸ਼ੀ। ਚਾਹੁੰਦੇ ਤਾਂ ਅਮਰੀਕੀ, ਉਤਪਾਦਨ ਵਿਵਸਥਾ ਸੁਧਾਰਨ ਲਈ ਉਨ੍ਹਾਂ ਦਾ ਸਹਿਯੋਗ ਲੈ ਸਕਦੇ ਸਨ।

ਹੁਣ ਵੀ ਮੌਕਾ ਹੈ, ਕੁਝ ਹੋਰ ਕਾਲਾ-ਪੀਲਾ ਕਰ ਰੱਖਿਆ ਹੋਵੇ ਤਾਂ ਸਾਡੇ ਮਾਹਿਰਾਂ ਦੀ ਸਲਾਹ ਲਓ। ਮਾਮੂਲੀ ਮਿਹਨਤਾਨੇ ਵਿਚ ਉਹ ਸਾਰਾ ਫਰਜ਼ੀਵਾੜਾ ਅਸਲ ਵਿਚ ਬਦਲ ਦੇਣਗੇ। ਸਾਡੀ ਸਲਾਹ ਮੰਨ ਲਓ ਅਤੇ ਕਿਸੇ ਹੋਰ ਮਾਮਲੇ ਵਿਚ ਨਹੀਂ ਤਾਂ ਘੱਟੋ-ਘੱਟ ਫਰਜ਼ੀਕਰਨ ਦੇ ਮਾਮਲੇ ਵਿਚ ਤਾਂ ਸਾਡੀ ਕੁਸ਼ਲਤਾ ਸਵੀਕਾਰ ਕਰੋ। ਮੰਨ ਲਓ ਕਿ ਸਾਡੇ ਸਾਹਮਣੇ ਤੁਸੀਂ ਹਾਲੇ ਬੱਚੇ ਹੋ।

## ਪਟਨਾ ਵਿਚ ਔਰਤ ਦੇ ਸ਼ਰੇਆਮ ਕੱਪੜੇ ਫਾੜੇ

**ਨਵੀਂ ਦਿੱਲੀ :** ਪਿਛਲੇ ਦਿਨੀਂ ਬਿਹਾਰ ਦੇ ਸ਼ਹਿਰ ਪਟਨਾ ਵਿਖੇ ਸ਼ਰੇਆਮ ਇਕ ਔਰਤ ਦੇ ਕਪੜੇ ਫਾੜਨ ਦੀ ਘਟਨਾ ਵਾਪਰੀ। ਇਸ ਘਟਨਾ 'ਤੇ ਹੈਰਾਨੀ ਪ੍ਰਗਟ ਕਰਦਿਆਂ ਕੌਮੀ ਮਹਿਲਾ ਕਮਿਸ਼ਨ ਨੇ ਬਿਹਾਰ ਸਰਕਾਰ ਤੋਂ ਰਿਪੋਰਟ ਮੰਗੀ ਹੈ ਅਤੇ ਮੁੱਖ ਮੰਤਰੀ ਨੀਤਿਸ਼ ਕੁਮਾਰ ਨੂੰ ਕਿਹਾ ਹੈ ਕਿ ਮੁੜ ਤੋਂ ਅਜਿਹੀਆਂ ਘਟਨਾਵਾਂ ਨਾ ਹੋਣ। ਉਧਰ ਬਿਹਾਰ ਦੇ ਮੁੱਖ ਮੰਤਰੀ ਨੀਤਿਸ਼ ਕੁਮਾਰ ਨੇ ਮਾਮਲੇ ਦੀ ਜਾਂਚ ਲਈ ਸੂਬੇ ਦੇ ਪੁਲਿਸ ਮੁਖੀ ਡੀ.ਐਮ. ਗੌਤਮ ਨੂੰ ਆਦੇਸ਼ ਦਿਤੇ ਹਨ। ਸੂਬੇ ਦੀ ਵਿਧਾਨ ਸਭਾ ਵਿਚ ਵੀ ਮਾਮਲੇ ਨੂੰ ਲੈ ਕੇ ਹੰਗਾਮਾ ਹੋਇਆ ਅਤੇ ਵਿਰੋਧੀ ਧਿਰ ਨੇ ਇਸ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ।

ਕੌਮੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਗਿਰਜਾ ਵਿਆਸ ਨੇ ਕਿਹਾ ਕਿ ਉਹ ਟੀ.ਵੀ. 'ਤੇ ਹਾਦਸੇ ਦੀਆਂ ਤਸਵੀਰਾਂ ਵੇਖ ਕੇ ਦੰਗ ਰਹਿ ਗਈ, ਜਿਸ ਵਿਚ ਸ਼ਰੇਆਮ ਇਕ 22 ਸਾਲ ਦੀ ਔਰਤ ਦੇ ਕਪੜੇ ਫਾੜੇ ਜਾ ਰਹੇ ਸਨ। ਪੁਲਿਸ ਨੇ ਅਪਣੀ ਸਫਾਈ ਦਿੰਦਿਆਂ ਕਿਹਾ ਸੀ ਕਿ ਝਾਰਖੰਡ ਦੇ ਜਸੀਦੀਹ ਦੀ ਰਹਿਣ ਵਾਲੀ ਇਹ ਔਰਤ ਦੇਹ ਵਪਾਰ ਦਾ ਧੰਦਾ ਕਰਦੀ ਸੀ ਅਤੇ ਰਾਕੇਸ਼ ਨਾਂ ਦੇ ਵਿਅਕਤੀ ਨਾਲ ਪੈਸੇ ਦੇ ਲੈਣ-ਦੇਣ ਦੇ ਮਾਮਲੇ 'ਤੇ ਉਸ ਦਾ ਝਗੜਾ ਹੋਇਆ। ਉਸ ਨੇ ਰਾਕੇਸ਼ ਦਾ ਮੋਬਾਈਲ ਖੋਹ ਕੇ ਹੋਰ ਪੈਸਿਆਂ ਦੀ ਮੰਗ ਕੀਤੀ, ਜਿਸ ਮਗਰੋਂ ਰਾਕੇਸ਼ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ ਕਿ ਉਸ ਦਾ ਮੋਬਾਈਲ ਚੋਰੀ ਹੋ ਗਿਆ। ਦੱਸਣਯੋਗ ਹੈ ਕਿ ਘਟਨਾ ਸਮੇਂ ਪੁਲਿਸ ਵਾਲੇ ਵੀ ਮੌਜੂਦ ਸਨ, ਜੋ ਚੁੱਪ ਚਾਪ ਇਕ ਪਾਸੇ ਖੜੇ ਸਭ ਕੁਝ ਵੇਖ ਰਹੇ ਸਨ। ਬਿਹਾਰ ਦੇ ਵਧੀਕ ਪੁਲਿਸ ਮੁਖੀ ਐਚ. ਨੀਲ ਮਨੀ ਨੇ ਕਿਹਾ ਕਿ ਖੇਤਰ ਦੇ ਇੰਚਾਰਜ ਸ਼ਿਵ ਨਾਥ ਸਿੰਘ ਨੂੰ ਮੁਅੱਤਲ ਕਰ ਦਿਤਾ ਗਿਆ ਹੈ ਅਤੇ ਰਾਕੇਸ਼ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਵਲੋਂ ਉਸ ਔਰਤ ਅਤੇ ਹੋਰਨਾਂ ਦੇ ਬਿਆਨ ਦੇ ਆਧਾਰ 'ਤੇ ਰਾਕੇਸ਼ ਵਿਰੁਧ ਮਾਮਲਾ ਦਰਜ ਕੀਤਾ ਗਿਆ ਹੈ।

ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਸੂਬੇ ਦੇ ਮੁੱਖ ਮੰਤਰੀ ਨੀਤਿਸ਼ ਕੁਮਾਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਸ ਘਟਨਾ ਨਾਲ ਉਨ੍ਹਾਂ ਵਲੋਂ ਬਿਹਾਰ ਨੂੰ ਬਦਲ ਦੇਣ ਦੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ। ਮੁੱਖ ਮੰਤਰੀ ਸਿਰਫ ਜਾਂਚ ਕਰਵਾਏ ਜਾਣ ਦੀ ਗੱਲ ਕਰ ਰਹੇ ਹਨ, ਅਜਿਹੀ ਘਟਨਾ ਦੀ ਜਾਂਚ ਕਰਵਾਏ ਜਾਣ ਦੀ ਲੋੜ ਹੈ?

## ਅਮਰੀਕਾ ਵਲੋਂ ਕੈਨੇਡੀਆਈ ਸਿਹਤ ਸੇਵਾਵਾਂ ਨੂੰ ਨਿੰਦਣਵਾਲੀ ਇਸ਼ਤਿਹਾਰਬਾਜ਼ੀ

**ਟਰਾਂਟੋ :** ਕੈਨੇਡਾ ਦੇ ਸੂਬੇ ਉਨਟਾਰੀਓ ਦੀ ਇਕ ਔਰਤ ਨੂੰ ਪਿੱਛੇ ਜਿਹੇ ਦਿਮਾਗੀ ਬਿਮਾਰੀ ਦਾ ਇਲਾਜ ਕਰਵਾਉਣ ਲਈ ਅਮਰੀਕਾ ਜਾਣਾ ਪਿਆ ਸੀ। ਇਸ ਔਰਤ ਨੂੰ ਆਧਾਰ ਬਣਾ ਕੇ ਅਮਰੀਕੀ ਸਿਹਤ ਵਿਭਾਗ ਲਈ ਇਕ ਪੋਸਟਰ ਪ੍ਰਚਾਰ ਕਰ ਰਿਹਾ ਹੈ ਕਿ ਜੇਕਰ ਉਹ ਕੈਨੇਡਾ ਵਿਚ ਰਹਿੰਦੀ ਤਾਂ ਉਹ ਮਰ ਗਈ ਹੁੰਦੀ। ਸ਼ੋਨਾ ਹੋਮਲੈਸ ਨਾਂ ਦੀ ਇਹ ਔਰਤ ਵਾਟਰਡਾਊਨ, ਉਨਟਾਰੀਓ ਦੀ ਰਹਿਣ ਵਾਲੀ ਹੈ, ਜਿਸ ਨੇ ਹਾਲ ਹੀ ਵਿਚ ਕੈਨੇਡਾ ਦੇ ਡਾਕਟਰਾਂ ਦੀ ਸਲਾਹ ਉਤੇ ਆਪਣਾ ਇਲਾਜ ਅਮਰੀਕਾ ਵਿਚ ਕਰਵਾਇਆ ਹੈ।

ਉਸ ਨੇ ਆਪਣਾ ਘਰ ਗਹਿਣੇ ਰੱਖਿਆ ਅਤੇ ਇਲਾਜ ਲਈ 10 ਲੱਖ ਡਾਲਰ ਦਾ ਪ੍ਰਬੰਧ ਕੀਤਾ। ਇਸ ਵੇਲੇ ਅਮਰੀਕਾ ਵਿਚ ਉਸ ਦਾ ਇਲਾਜ ਚੱਲ ਰਿਹਾ ਹੈ, ਪਰ ਇਸ ਤੋਂ ਪਹਿਲਾਂ ਕਿ ਉਹ ਪੂਰੀ ਤਰ੍ਹਾਂ ਠੀਕ ਹੋਵੇ, ਉਸ ਬਾਰੇ ਪੋਸਟਰ ਛਾਪ ਕੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਅਮਰੀਕੀ ਸਿਹਤ ਸਿਸਟਮ ਕੈਨੇਡਾ ਤੋਂ ਬਿਹਤਰ ਹੈ।

ਇਸ ਇਸ਼ਤਿਹਾਰੀ ਮੁਹਿੰਮ ਲਈ ਅਮਰੀਕਾ ਦੇ ਸਾਰੇ ਪੰਜਾਹ ਰਾਜਾਂ ਤੋਂ ਲੋਕਾਂ ਦੇ ਵਿਚਾਰ ਲਏ ਗਏ ਹਨ ਅਤੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਕੈਨੇਡਾ ਵਿਚ ਇਲਾਜ ਲਈ ਲੰਮਾ ਇੰਤਜ਼ਾਰ ਕਰਨਾ ਪੈਂਦਾ ਹੈ, ਜਦਕਿ ਅਮਰੀਕਾ ਵਿਚ ਅਜਿਹਾ ਕੁਝ ਵੀ ਨਹੀਂ ਹੈ।

## ਪੱਛਮੀ ਮੁਲਕਾਂ 'ਚ ਵੀ ਜਵਾਨ ਕੁੜੀਆਂ ਦੇ ਹੁੰਦੇ ਨੇ ਕਤਲ

**ਟਰਾਂਟੋ :** ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਦੁਨੀਆ ਭਰ ਵਿਚ ਹਰ ਸਾਲ ਪੰਜ ਹਜ਼ਾਰ ਕੁੜੀਆਂ ਜਾਂ ਔਰਤਾਂ ਅਣਖ ਖਾਤਰ ਕਤਲ ਹੁੰਦੀਆਂ ਹਨ। ਇਹ ਮਾਮਲਾ ਹੁਣ ਕੈਨੇਡਾ ਵਿਚ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ।

ਕੈਨੇਡਾ 'ਚ ਇਨ੍ਹਾਂ 'ਚੋਂ ਕੋਈ ਦਰਜਨ ਤੋਂ ਵਧ ਮੌਤਾਂ ਇਸੇ ਵਜ੍ਹਾ ਨਾਲ ਹੋਈਆਂ ਦੱਸੀਆਂ ਗਈਆਂ ਹਨ। ਇਥੋਂ ਦੀ ਇਕ ਯੂਨੀਵਰਸਿਟੀ ਦੇ ਮਨੋਵਿਗਿਆਨੀ ਅਮੀਨ ਮੁਹੰਮਦ ਅਨੁਸਾਰ ਇਹ ਸਭ ਮੌਤਾਂ ਪਿਛਲੇ ਦਹਾਕੇ ਦੌਰਾਨ ਹੋਈਆਂ ਹਨ ਅਤੇ ਇਨ੍ਹਾਂ 'ਚ ਹੋ ਰਿਹਾ ਵਾਧਾ ਚਿੰਤਾਜਨਕ ਹੈ। ਹਾਲ ਹੀ ਵਿਚ ਟਰਾਂਟੋ ਤੋਂ ਕੁਝ ਮੀਲ ਦੂਰ ਕਿੰਗਸਟਨ ਸ਼ਹਿਰ ਨੇੜੇ ਨਹਿਰ 'ਚ ਕਾਰ ਸਣੇ ਡੁੱਬ ਮਰੀਆਂ ਤਿੰਨ ਭੈਣਾਂ ਦੇ ਮਾਮਲੇ ਨੇ ਬਹਿਸ ਛੇੜ ਦਿੱਤੀ ਹੈ।

ਇਹ ਮਾਮਲਾ ਅਜੇ ਪੁਲਿਸ ਦੀ ਜਾਂਚ ਅਧੀਨ ਹੈ। ਵੇਖਣ ਨੂੰ ਇਹ ਹਾਦਸਾ ਜਾਪਦਾ ਹੈ, ਪਰ ਪੁਲਿਸ ਦਾ ਮੰਨਣਾ ਹੈ ਕਿ ਇਹ ਅਣਖ ਕਾਰਨ ਕੀਤਾ ਕਾਰਾ ਹੈ। ਪੁਲਿਸ ਨੇ ਇਨ੍ਹਾਂ ਮ੍ਰਿਤਕ ਕੁੜੀਆਂ ਦੇ ਮਾਪਿਆਂ ਅਤੇ ਭਰਾ ਨੂੰ ਪਹਿਲੇ ਦਰਜੇ ਦੇ ਕਤਲ ਦੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਹੈ।

ਪੁਲਿਸ ਦੇ 13 ਮੈਂਬਰੀ ਜਾਂਚ ਦਸਤੇ ਦੇ ਇਕ ਅਧਿਕਾਰੀ ਨੇ ਇਹ ਖੁਲਾਸਾ ਕੀਤਾ ਸੀ ਕਿ ਇਸ ਪਰਿਵਾਰ ਦੀ ਇਕ ਰਿਸ਼ਤੇਦਾਰ ਨੇ ਈ-ਮੇਲ ਰਾਹੀਂ ਕੁੜੀਆਂ ਦੀ ਮੌਤ ਨੂੰ ਅਣਖ ਨਾਲ ਜੋੜਿਆ ਹੈ। ਅਣਖ ਦੀ ਭੇਟ ਚੜ੍ਹਦੀਆਂ ਔਰਤਾਂ ਦੇ ਹੱਕ 'ਚ ਬੋਲਦੀ ਇਕ ਅੰਤਰਰਾਸ਼ਟਰੀ ਸੰਸਥਾ ਦੀ ਬਾਨੀ ਡਾਇਨਾ ਨੈਮੀ ਅਨੁਸਾਰ, ਔਰਤ ਦਾ ਕਿਸੇ ਮਰਦ ਨਾਲ ਬੋਲਚਾਲ, ਕੁੜੀ ਦਾ ਬੁਆਏ ਫਰੈਂਡ ਹੋਣਾ, ਮੇਕਅੱਪ, ਪਹਿਰਾਵਾ ਅਤੇ ਕਈ ਵਾਰ ਤਲਾਕ ਲੈਣ ਦੇ ਮਾਮਲੇ ਵੀ ਅਜਿਹੇ ਕਤਲਾਂ ਦਾ ਕਾਰਨ ਬਣਦੇ ਹਨ। ਉਸ ਅਨੁਸਾਰ ਪਰਵਾਸੀ ਮਾਪਿਆਂ ਦੇ ਬੱਚੇ ਜਦੋਂ ਪੱਛਮੀ ਮੁਲਕਾਂ 'ਚ ਵਿਚਰਦੇ ਹਨ ਤਾਂ ਉਨ੍ਹਾਂ ਨੂੰ ਬਣਿਆ ਬਣਾਇਆ ਖੁੱਲ੍ਹਾ ਮਾਹੌਲ ਮਿਲ ਜਾਂਦਾ ਹੈ ਅਤੇ ਇਹੀ ਉਨ੍ਹਾਂ ਦੇ ਘਰਾਂ 'ਚ ਕਲੇਸ਼ ਖੜ੍ਹਾ ਕਰ ਜਾਂਦਾ। ਕਈ ਵਾਰ ਗੱਲ ਕਤਲ ਤੱਕ ਵੀ ਪਹੁੰਚ ਜਾਂਦੀ ਹੈ। ਉਸਨੇ ਕਿਹਾ ਕਿ ਕਿਸੇ ਹੋਰ ਮੁਲਕ 'ਚ ਜਾਣ ਵੇਲੇ ਲੋਕ ਆਪਣਾ ਕੱਪੜਾ ਲੱਤਾ ਤਾਂ ਪਿੱਛੇ ਛੱਡ ਜਾਂਦੇ ਹਨ ਪਰ ਆਪਣੀਆਂ ਰਹੁ ਰੀਤਾਂ, ਸੰਸਕਾਰ ਅਤੇ ਧਰਮ ਆਦਿ ਨਾਲ ਬੰਨ੍ਹੀ ਰੱਖਦੇ ਹਨ। ਮਾਪੇ ਆਪਣੇ ਬੱਚਿਆਂ ਨੂੰ ਉਨ੍ਹਾਂ ਰਹੁ ਰੀਤਾਂ 'ਚ ਢਲਣ ਲਈ ਕਹਿੰਦੇ ਹਨ, ਜੋ ਬੱਚਿਆਂ ਨੇ ਵੇਖੀਆਂ ਹੀ ਨਹੀਂ ਹੁੰਦੀਆਂ। ਪਰ ਮਾਪੇ ਆਪ ਉਨ੍ਹਾਂ ਵਾਂਗ ਬਦਲਣ ਨੂੰ ਤਿਆਰ ਨਹੀਂ ਹੁੰਦੇ ਅਤੇ ਮਾਮਲਾ ਇਥੋਂ ਹੀ ਵਿਗੜਦਾ ਹੈ।

ਕੈਨੇਡਾ 'ਚ ਪਹਿਲਾਂ ਪਹਿਲ ਅਣਖ ਲਈ ਕਤਲ, (ਆਨਰ ਕਿਲਿੰਗ) ਦਾ ਕੇਸ 2000 ਵਿਚ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਉਦੋਂ ਸਾਹਮਣੇ ਆਇਆ ਸੀ, ਜਦੋਂ ਪੰਜਾਬਣ ਕੁੜੀ ਜਸਵਿੰਦਰ ਸਿੱਧੂ ਨੂੰ ਪੰਜਾਬ 'ਚ ਹੀ ਕਿਸੇ ਮੁੰਡੇ ਨਾਲ ਮਨਮਰਜ਼ੀ ਨਾਲ ਵਿਆਹ ਕਰਵਾਉਣ 'ਤੇ ਉਸ ਦੇ ਮਾਪਿਆਂ ਨੇ ਸੁਪਾਰੀ ਦੇ ਕੇ ਕਤਲ ਕਰਵਾ ਦਿੱਤਾ ਸੀ। ਇਸੇ ਤਰ੍ਹਾਂ 2003 'ਚ ਵੈਨਕੂਵਰ ਵਾਲੇ ਪਾਸੇ ਹੀ 17 ਸਾਲਾਂ ਦੀ ਅਮਨਦੀਪ ਅਟਵਾਲ ਨੂੰ ਉਸ ਦੇ ਪਿਤਾ ਨੇ ਚਾਕੂ ਮਾਰ ਕੇ ਕਤਲ ਕੀਤਾ ਸੀ। ਅਟਵਾਲ ਦੀ ਕਿਸੇ ਮੁੰਡੇ ਨਾਲ ਦੋਸਤੀ ਘਰਦਿਆਂ ਨੂੰ ਗਵਾਰਾ ਨਹੀਂ ਸੀ।

ਬਰੈਂਪਟਨ (ਟਰਾਂਟੋ) ਦੀ 16 ਸਾਲਾ ਮੁਸਲਿਮ ਕੁੜੀ ਅਕਸਾ ਪਰਵੇਜ਼ ਨੂੰ ਵੀ 2007 'ਚ ਅਜਿਹੇ ਹਾਲਾਤਾਂ 'ਚ ਕਤਲ ਕਰਨ ਦੇ ਕੇਸ 'ਚ ਉਸ ਦਾ ਪਿਤਾ ਅਤੇ ਭਰਾ ਅਜੇ ਵੀ ਸਲਾਖਾਂ ਪਿੱਛੇ ਹਨ। ਘਰਦਿਆਂ ਦੀ ਰਜ਼ਾ 'ਚ ਰਹਿ ਕੇ ਹਿਜ਼ਾਬ ਅਤੇ ਢੰਗ ਦੇ ਕੱਪੜੇ ਨਾ ਪਾਉਣਾ ਉਸ ਦੀ ਮੌਤ ਦਾ ਕਾਰਨ ਬਣ ਗਏ ਸਨ।

ਇਸੇ ਮਈ 'ਚ ਅਟਾਵਾ ਦੇ ਇਕ ਮੁਸਲਿਮ ਵਿਅਕਤੀ ਨੂੰ ਆਪਣੀ 20 ਸਾਲਾ ਭੈਣ ਖਤੀਰਾ ਸਿੱਦੀਕੀ ਨੂੰ ਕਤਲ ਕਰਨ ਲਈ ਉਮਰ ਕੈਦ ਦੀ ਸਜ਼ਾ ਹੋਈ ਸੀ। ਬਰੈਂਪਟਨ ਦੀ ਅਮਨਦੀਪ ਢਿੱਲੋਂ ਨਾਲ ਵੀ ਇਹੀ ਵਾਪਰਿਆ। ਉਸ ਨੂੰ 2009 ਦਾ ਸੂਰਜ ਨਸੀਬ ਨਹੀਂ ਹੋਇਆ। ਉਸ ਦੇ ਸਹੁਰੇ 'ਤੇ ਇਹ ਕਤਲ ਕੇਸ ਪਾਇਆ ਗਿਆ ਸੀ। ਇਸੇ ਲੰਘੀ 22 ਜੁਲਾਈ ਨੂੰ ਮਾਂਟਰੀਆਲ ਦੇ ਅਫਗਾਨੀ ਮੂਲ ਦੇ 56 ਸਾਲਾ ਮੁਹੰਮਦ ਸਫੀਆ ਅਤੇ ਉਸਦੀ 39 ਸਾਲਾ ਪਤਨੀ ਅਤੇ ਪੁਤਰ ਨੂੰ ਆਪਣੀਆਂ ਤਿੰਨ ਕੁੜੀਆਂ ਮਾਰਨ ਦੇ ਦੋਸ਼ 'ਚ ਫੜਿਆ ਗਿਆ ਸੀ। ਪੁਲਿਸ ਮੰਨਦੀ ਹੈ ਕਿ ਇਹ ਕਤਲ ਸੋਚੀ ਸਮਝੀ ਸਕੀਮ ਦਾ ਸਿੱਟਾ ਹੈ।

## ਟਰਾਂਟੋ 'ਚ ਹਰ ਪਾਸੇ ਕੂੜਾ ਹੀ ਕੂੜਾ ਖਿਲਰਿਆ

**ਟਰਾਂਟੋ :** ਆਪਣੇ ਸਭ ਤੋਂ ਉਚੇ ਸੀ.ਐਨ. ਟਾਵਰ ਕਰਕੇ ਮਸ਼ਹੂਰ ਇਹ ਸ਼ਹਿਰ ਇਨ੍ਹੀਂ ਦਿਨੀਂ ਕੂੜੇ ਦੇ ਢੇਰਾਂ 'ਚ ਘਿਰਿਆ ਹੋਇਆ ਹੈ।

ਇਸ ਸ਼ਹਿਰ ਦੇ ਨਗਰਪਾਲਿਕਾ ਕਾਮਿਆਂ ਦੀ ਹੜਤਾਲ ਨੂੰ ਮਹੀਨਾ ਬੀਤ ਗਿਆ ਹੈ, ਇਸੇ ਕਰਕੇ ਕਈ ਸਥਾਨਕ ਅੰਗਰੇਜ਼ੀ ਚੈਨਲ ਡਰਟੀ ਥਰਟੀ ਦੀਆਂ ਹੈਡਲਾਈਨਾਂ ਵਿਖਾ ਰਹੇ ਹਨ। ਪੰਜਵੇਂ ਹਫਤੇ 'ਚ ਦਾਖਲ ਹੋ ਚੁੱਕੀ ਇਸ ਹੜਤਾਲ ਕਾਰਨ ਸਾਰਾ ਸ਼ਹਿਰ ਬਦਬੂ ਮਾਰਨ ਲੱਗ ਪਿਆ ਹੈ, ਇਸ ਕਰਕੇ ਲੋਕਾਂ ਦਾ ਸਾਹ ਲੈਣਾ ਅਤੇ ਖਾਣਾ ਪੀਣਾ ਦੁੱਭਰ ਹੋਇਆ ਪਿਆ ਹੈ। ਸਿਹਤ ਅਧਿਕਾਰੀਆਂ ਨੇ ਇਨ੍ਹਾਂ ਕੂੜੇ ਦੇ ਢੇਰਾਂ 'ਤੇ ਬੀਮਾਰੀ ਫੈਲਣ ਦੇ ਡਰ ਕਾਰਨ ਕੀਟਨਾਸ਼ਕ ਸਪਰੇਅ ਕਰਵਾਈ ਹੈ।

22 ਜੂਨ ਤੋਂ ਟਰਾਂਟੋ ਦੀ ਨਗਰਪਾਲਿਕਾ ਦੇ 30 ਹਜ਼ਾਰ ਮੁਲਾਜ਼ਮ ਆਪਣੀਆਂ ਤਨਖਾਹ ਅਤੇ ਛੁੱਟੀਆਂ ਦੀ ਮੰਗ ਕਰਕੇ ਹੜਤਾਲ 'ਤੇ ਹਨ ਅਤੇ ਇਹ ਗੱਲਬਾਤ ਕਿਸੇ ਸਿਰੇ ਨਹੀਂ ਲੱਗੀ।

ਉਧਰ ਰਿਹਾਇਸ਼ੀ ਇਲਾਕਿਆਂ ਤੋਂ ਇਲਾਵਾ ਦੁਕਾਨਦਾਰਾਂ ਦੀ ਸਭ ਤੋਂ ਮਾੜੀ ਹਾਲਤ ਹੈ। ਖਾਸ ਕਰਕੇ ਰੈਸਟੋਰੈਂਟਾਂ 'ਚ ਹਰ ਰੋਜ਼ ਮਣਾਂ ਮੂੰਹੀ ਕੂੜਾ ਇਕੱਠਾ ਹੋ ਜਾਂਦਾ ਹੈ ਅਤੇ ਉਹਨਾਂ ਲਈ ਇਸ ਨੂੰ ਸਾਂਭਣਾ ਮੁਹਾਲ ਹੋਇਆ ਪਿਆ ਹੈ। ਇਕ ਰੈਸਟੋਰੈਂਟ ਦੇ ਮਾਲਕ ਨੂੰ ਕੂੜਾ ਚੁਕਾਉਣ ਲਈ ਸੈਂਕੜੇ ਡਾਲਰ ਇਕ ਪ੍ਰਾਈਵੇਟ ਠੇਕੇਦਾਰ ਨੂੰ ਦੇਣੇ ਪੈ ਰਹੇ ਹਨ। ਹੜਤਾਲੀ ਮੁਲਾਜ਼ਮ ਅਤੇ ਉਨ੍ਹਾਂ ਦੀ ਯੂਨੀਅਨ ਕਹਿ ਰਹੀ ਹੈ ਕਿ ਉਹ ਕਿਸੇ ਹਾਲਤ 'ਚ ਝੁਕਣਗੇ ਨਹੀਂ। ਉਨ੍ਹਾਂ ਅਨੁਸਾਰ ਜੇਕਰ ਨਗਰ ਪਾਲਿਕਾ ਅੱਗ ਬੁਝਾਉਣ ਵਾਲਿਆਂ ਅਤੇ ਪੁਲਿਸ ਮੁਲਾਜ਼ਮਾਂ ਦੀ ਹਰ ਮੰਗ ਪੂਰੀ ਕਰ ਸਕਦੀ ਹੈ ਤਾਂ ਉਨ੍ਹਾਂ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ।

ਸ਼ਹਿਰ ਦੇ ਮੇਅਰ ਡੇਵਿਡ ਮਿਲਰ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਬਜਟ ਨਹੀਂ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



PUNJAB AUTO WERKS

Akal Transport Corp

1930 W. Hubbard St., Chicago, IL

For Excellent Auto Body Work, Taxi Cab Leasing, 24 Hours Towing, Complete Auto Repair of Domestic & Foreign Cars

ਅਮਰੀਕਨ ਅਤੇ ਇੰਪੋਰਟਡ ਕਾਰਾਂ ਦੀ ਰਿਪੇਅਰ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਬ ਭਾਅ ਉਤੇ ਕਰਦੇ ਹਾਂ



ਟੈਕਸੀ ਕੈਬ ਵੀ ਲੀਜ਼ 'ਤੇ ਦਿੰਦੇ ਹਾਂ

Call
Gurcharn Singh Jhaj
Jaidev Singh Bhattal
Sukhraj Singh Takhar

Tel. 312-243-3344, 312-243-2255

Fax: 312-243-2277

# ਗੁਣਾਚੌਰ ਤੋਂ ਕੈਨੇਡਾ ਤੱਕ ਪਹੁੰਚਿਆ ਗੀਤਕਾਰ ਜਸਵੀਰ ਗੁਣਾਚੌਰੀਆ

**ਇਕਬਾਲ ਜੱਬੋਵਾਲੀਆ**

ਪੰਜਾਬੀ ਵਿਰਸਾ ਬਹੁਤ ਅਮੀਰ ਵਿਰਸਾ ਹੈ। ਇਸ ਨੂੰ ਜਿਉਂਦਿਆਂ ਰੱਖਣ ਲਈ ਹਰ ਇਕ ਲਿਖਾਰੀ ਜਾਂ ਗੀਤਕਾਰ ਨੇ ਬੜੀ ਸੂਝ-ਬੂਝ ਨਾਲ ਹਿੱਸਾ ਪਾਇਆ ਹੈ। ਜੇ ਗੀਤਕਾਰੀ ਦੀ ਗੱਲ ਕਰੀਏ ਤਾਂ ਨੰਦ ਲਾਲ ਨੂਰਪੁਰੀ, ਚਰਨ ਸਿੰਘ ਸਫ਼ਰੀ, ਪਾਲ ਮਜਾਰੇ ਵਾਲਾ, ਗੁਰਦੇਵ ਸਿੰਘ ਮਾਨ, ਸਨਮੁੱਖ ਆਜ਼ਾਦ, ਬਾਬੂ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਦੇਵ ਥਰੀਕਿਆਂਵਾਲਾ ਅਤੇ ਸ਼ਮਸ਼ੇਰ ਸੰਧੂ ਤੋਂ ਲੈ ਕੇ ਜਸਵੀਰ ਗੁਣਾਚੌਰੀਏ ਵਰਗੇ ਧੜੱਲੇਦਾਰ ਗੀਤਕਾਰ ਪੰਜਾਬੀਆਂ ਦੀਆਂ ਝੋਲੀਆਂ ਭਰਦੇ ਆ ਰਹੇ ਹਨ।

ਗੀਤਾਂ ਦੇ ਵਣਜਾਰੇ ਜਸਵੀਰ ਨੇ ਨਵਾਂ ਸ਼ਹਿਰ ਦੇ ਪ੍ਰਸਿੱਧ ਪਿੰਡ ਗੁਣਾਚੌਰ ਵਿਚ ਜਨਮ ਲੈ ਕੇ ਆਪਣੀ ਕਲਮ ਦੀ ਸਾਰੀ ਦੁਨੀਆਂ 'ਚ ਧਾਂਕ ਜਮਾਈ। ਪੰਜਾਬੀ ਭਾਈਚਾਰੇ ਦੀ ਸੇਵਾ ਕਰਦਾ ਹੋਇਆ ਇਹ ਨੌਜਵਾਨ ਅੱਜ ਕੈਨੇਡਾ ਰਹਿੰਦਾ ਹੈ ਅਤੇ ਆਪਣੇ ਸ਼ੌਕ ਨੂੰ ਬਰਕਰਾਰ ਰੱਖ ਰਿਹਾ ਹੈ। ਉਸ ਨੇ ਹਮੇਸ਼ਾ ਹੀ ਕੁਝ ਨਾ ਕੁਝ ਵੱਖਰਾ ਲਿਖਣ ਦੀ ਕੋਸ਼ਿਸ਼ ਕੀਤੀ।

ਪਿਤਾ ਦਿਲਾਵਰ ਸਿੰਘ ਅਤੇ ਮਾਤਾ ਦਰਸ਼ਨ ਕੌਰ ਦੇ ਘਰ ਨੂੰ ਭਾਗ ਲਾਉਣ ਵਾਲੇ ਜਸਵੀਰ ਦਾ ਮੁੱਢਲੀ ਪੜ੍ਹਾਈ ਤੋਂ ਲੈ ਕੇ ਬੀ.ਏ. ਤੱਕ ਕਰਨ ਦੇ ਨਾਲ ਨਾਲ ਗੀਤ ਲਿਖਣ ਦਾ ਸ਼ੌਕ ਵੀ ਚਲਦਾ ਰਿਹਾ। ਜਸਵੀਰ ਦੇ ਦੱਸਣ ਅਨੁਸਾਰ ਉਸ ਦਾ ਕੋਈ ਉਸਤਾਦ ਨਹੀਂ ਹੈ। ਗੀਤਕਾਰੀ ਉਸ ਨੂੰ ਪ੍ਰਮਾਤਮਾ ਵਲੋਂ ਭੇਂਟ ਕੀਤਾ ਗਿਆ ਤੋਹਫਾ ਹੈ। ਗੀਤਕਾਰ ਸ਼ਮਸ਼ੇਰ ਸੰਧੂ ਉਸ ਦਾ ਪ੍ਰੇਰਨਾ ਸ੍ਰੋਤ ਅਤੇ ਵਧੀਆ ਦੋਸਤ ਹੈ। ਪੁਰਾਣੇ ਗੀਤਕਾਰ ਪਾਲ ਮਜਾਰੇ ਵਾਲੇ ਬਾਰੇ ਵੀ ਉਸ ਦੇ ਦਿਲ ਵਿਚ ਬਹੁਤ ਇੱਜਤ-ਮਾਣ ਹੈ।

ਪਿੰਡ ਗੁਣਾਚੌਰ ਨੂੰ ਮਾਣ ਹੈ, ਜਿਥੇ ਮਹਾਂਪੁਰਸ਼ਾਂ ਦੇ ਨਾਂ 'ਤੇ ਰਾਜਾ ਸਾਹਿਬ ਕਲੱਬ ਚਲ ਰਿਹਾ ਹੈ। ਇਸ ਕਲੱਬ ਨੇ ਉਲੰਪੀਅਨ ਜਸਵੀਰ ਸਿੰਘ ਕਰਨਾਣਾ ਵਰਗੇ ਵੇਟ ਲਿਫਟਰ ਪੈਦਾ ਕੀਤੇ ਹਨ। ਬੀ.ਸੀ. ਦਾ 'ਸਟਰੌਂਗ ਮੈਨ' ਪਾਵਰ ਲਿਫਟਰ ਪੈਂਟਾ ਗੁਣਾਚੌਰੀਆ, ਉਲੰਪੀਅਨ ਹਾਕੀ ਖਿਡਾਰੀ ਸੁਰਿੰਦਰ ਸਿੰਘ ਸੋਢੀ, ਅਥਲੀਟ ਸਵ. ਹਰੀ ਸਿੰਘ ਅਤੇ ਬਲਦੇਵ ਮਾਨ ਵਰਗੇ ਖਿਡਾਰੀਆਂ ਦੇ ਸੇਵਾਦਾਰਾਂ ਨੇ ਇਸ ਪਿੰਡ 'ਚ ਜਨਮ ਲਿਆ। ਢਾਡੀ ਦੀਦਾਰ ਸਿੰਘ ਰਟੈਂਡਾ ਨੇ ਜ਼ਿੰਦਗੀ ਦੀਆਂ ਆਖਰੀ ਛਾਵਾਂ ਇਸ ਪਿੰਡ 'ਚ ਲਈਆਂ। ਸ਼ਮਸ਼ੇਰ ਸੰਧੂ ਦੇ ਬੱਚਿਆਂ ਦੇ ਇਸ ਪਿੰਡ 'ਚ ਨਾਨਕੇ ਹਨ।

ਜਸਵੀਰ ਨੇ ਸਭ ਤੋਂ ਪਹਿਲੀ ਕੈਸਿਟ 'ਪੱਟ 'ਤੇ ਸ਼ੌਕੀਨ



ਜਸਬੀਰ ਗੁਣਾਚੌਰੀਆ

ਗੱਭਰੂ' ਕੁਲਵੀਰ ਚੰਡੀਗੜ੍ਹੀਏ ਦੀ ਆਵਾਜ਼ ਵਿਚ 1988 'ਚ ਰਿਕਾਰਡ ਕਰਵਾਈ। ਉਸ ਤੋਂ ਬਾਅਦ ਦੂਜੀ ਕੈਸਿਟ ਸੁਖਵਿੰਦਰ ਪੰਛੀ ਦੀ 'ਛੱਲੇ ਮੁੰਦੀਆਂ' ਵਿਚ 'ਪਾਵੇ ਨੱਚ ਨੱਚ ਗਿੱਧੇ 'ਚ ਧਮਾਲ' 1989 'ਚ ਰਿਕਾਰਡ ਹੋਈ। 1990 'ਚ ਤੀਜੀ ਕੈਸਿਟ ਸਰਦੂਲ ਸਿਕੰਦਰ ਦੀ ਆਵਾਜ਼ 'ਚ 'ਤੁਰ ਗਈ ਜਹਾਜ਼ ਚੜ੍ਹ ਕੇ' ਕੱਢੀ ਗਈ। ਇਸ ਗੀਤ ਨੇ ਚਾਰੇ ਪਾਸੇ ਗੀਤਕਾਰੀ ਦੇ ਝੰਡੇ ਗੱਡੇ। ਉਸ ਤੋਂ ਬਾਅਦ ਚੱਲ ਸੋ ਚੱਲ ਗੀਤਾਂ ਦੀ ਰਚਨਾ ਹੁੰਦੀ ਗਈ।

ਆਪਣੇ ਸ਼ੌਕ ਨੂੰ ਬਰਕਰਾਰ ਰੱਖਦਾ ਹੋਇਆ ਜਸਵੀਰ 1993 'ਚ ਕੈਨੇਡਾ ਆ ਗਿਆ। ਕੈਨੇਡਾ ਆ ਕੇ ਵੀ ਉਸ ਨੇ ਗੀਤ ਲਿਖੇ ਤੇ ਕੁਝ ਸ਼ੌਕੀਆ ਤੌਰ 'ਤੇ ਗਾਏ ਵੀ ਪਰ ਅਸਲੀ ਸ਼ੌਕ ਗੀਤ ਲਿਖਣ ਦਾ ਰਿਹਾ। ਇਹ ਸ਼ੌਕ ਅੱਜ ਤੱਕ ਚਲਦਾ ਹੋਇਆ, ਗੀਤਾਂ ਨੂੰ ਨਵੇਂ-ਨਵੇਕਲੇ ਢੰਗ ਨਾਲ ਘੜ੍ਹ ਕੇ ਪੰਜਾਬੀਆਂ ਦੀ ਝੋਲੀ ਭਰੀ ਜਾ ਰਿਹਾ ਹੈ।

ਚਾਰ ਸੌ ਤੋਂ ਵਧ ਗੀਤਾਂ ਦੇ ਰਚੈਤੇ ਜਸਵੀਰ ਨੇ ਤਿੰਨ ਕਿਤਾਬਾਂ ਛਪਵਾਈਆਂ। ਪਹਿਲੀ 'ਤੁਰ ਗਈ ਜਹਾਜ਼ ਚੜ੍ਹ ਕੇ', ਦੂਜੀ 'ਚਰਖੀ ਯਾਦਾਂ ਦੀ' ਤੇ ਤੀਜੀ 'ਮਿੱਠੀਏ ਜਬਾਨ ਦੀਏ।' ਇਸ ਤੋਂ ਇਲਾਵਾ ਹਾਲੇ ਹੋਰ ਵੀ ਬਹੁਤ ਕੁਝ ਲਿਖਿਆ ਪਿਆ ਹੈ, ਜੋ ਹਾਲੇ ਛਪਣਾ ਹੈ। ਜਸਵੀਰ ਦੇ ਲਿਖੇ ਹੋਏ ਗੀਤ ਸਾਰੇ ਟਾਪ ਕਲਾਕਾਰਾਂ-ਗੁਰਦਾਸ ਮਾਨ, ਗਿੱਲ ਹਰਦੀਪ, ਮਨਮੋਹਨ ਵਾਰਿਸ, ਸਰਬਜੀਤ ਚੀਮਾ, ਹਰਭਜਨ ਮਾਨ, ਸਰਦੂਲ ਸਿਕੰਦਰ, ਸਤਵਿੰਦਰ ਬਿੱਟੀ, ਗੋਲਡਨ ਸਟਾਰ ਮਲਕੀਤ ਸਿੰਘ ਯੂ.ਕੇ., ਅਮਰ ਨੂਰੀ, ਦੁਰਗਾ ਰੰਗੀਲਾ, ਜੈਜ਼ੀ ਬੈਂਸ, ਸਵ. ਸੁਰਜੀਤ ਬਿੰਦਰਖੀਆ, ਕੇ.ਐਸ. ਮੱਖਣ, ਨਛੱਤਰ ਗਿੱਲ, ਕਲੇਰ ਕੰਠ, ਨਰਿੰਦਰ ਮਾਵੀ, ਸਵ. ਦਿਲਸ਼ਾਦ ਅਖ਼ਤਰ, ਹਰਭਜਨ ਸ਼ੇਰਾ, ਮਾਸਟਰ ਸਲੀਮ, ਸੁਖਜਿੰਦਰ ਸ਼ਿੰਦਾ, ਇੰਦਰਜੀਤ ਨਿੱਕੂ, ਹਰਿੰਦਰ ਹੁੰਦਲ, ਬਲਵਿੰਦਰ ਸਫ਼ਰੀ, ਫਿਰੋਜ ਖ਼ਾਨ ਅਤੇ ਮਿਸ ਪੂਜਾ ਵਰਗਿਆਂ ਨੇ ਗਾ ਕੇ ਮਾਣ ਮਹਿਸੂਸ ਕੀਤਾ।

ਇਹਨਾਂ ਗੀਤਾਂ ਤੋਂ ਇਲਾਵਾ ਪੰਜਾਬੀ ਫਿਲਮਾਂ ਵਾਸਤੇ ਵੀ ਗੀਤ ਲਿਖੇ ਜਿਵੇਂ ਸ਼ਹੀਦ ਊਧਮ ਸਿੰਘ, ਲਾਲੀ, ਇਸ਼ਕ ਨਾ ਪੁੱਛੇ ਜਾਤ, ਜਿੱਦ ਜੱਟਾਂ ਦੀ ਬਗੈਰਾ ਬਗੈਰਾ...।

ਮਲਕਾ ਜੋਤੀ ਦੀ ਆਵਾਜ਼ 'ਚ ਜਸਵੀਰ ਦੇ ਲਿਖੇ ਗੀਤਾਂ ਦੀ ਰਿਕਾਰਡਿੰਗ ਭਾਰਤ ਵਿਚ ਚਲ ਰਹੀ ਹੈ। ਗੀਤਕਾਰ ਗੁਰਮਿੰਦਰ ਕੈਡੋਂਵਾਲ ਉਸ ਦਾ ਸ਼ਗਿਰਦ ਹੈ। ਜਸਵੀਰ ਅੱਜ ਕੈਨੇਡਾ ਦੇ ਸ਼ਹਿਰ ਵੈਨਕੂਵਰ ਰਹਿੰਦਾ ਹੈ ਅਤੇ ਆਪਣੀ ਜੀਵਨ ਸਾਥਣ ਅਤੇ ਦੋ ਬੇਟਿਆਂ ਮਨਜੋਵਨ ਰਾਏ ਅਤੇ ਗੁਰਜਸ਼ਨ ਰਾਏ ਨਾਲ ਖ਼ੁਸ਼ੀ ਭਰਿਆ ਜੀਵਨ ਬਸਰ ਕਰ ਰਿਹਾ ਹੈ।

## ਮਕਲਾਊਡ ਸਿੱਖ ਫ਼ਲਸਫ਼ੇ ਦਾ ਵਿਦਵਾਨ ਨਹੀਂ ਸਿੱਖੀ ਦਾ ਦੁਸ਼ਮਣ ਸੀ: ਡਾ. ਦਿਲਗੀਰ

**ਚੰਡੀਗੜ੍ਹ:** ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਨੇ 'ਈਸਾਈ ਪ੍ਰਚਾਰਕ' ਮਕਲਾਊਡ ਦੀ ਮੌਤ ਸਬੰਧੀ ਛਪੀਆਂ ਖ਼ਬਰਾਂ 'ਤੇ ਹੈਰਾਨੀ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਬੜੀ ਅਜੀਬ ਗੱਲ ਹੈ ਕਿ ਕੁਝ ਲੋਕ ਉਸ ਨੂੰ ਸਿੱਖ ਫ਼ਲਸਫ਼ੇ ਜਾਂ ਫ਼ਿਲਾਸਫ਼ੀ ਦਾ ਵਿਦਵਾਨ ਸਾਬਿਤ ਕਰਨ ਦੀ ਨਾਜਾਇਜ਼ ਕੋਸ਼ਿਸ਼ ਰਹੇ ਹਨ। ਦਰਅਸਲ ਮਕਲਾਊਡ ਸਿੱਖ ਫ਼ਲਸਫ਼ੇ ਜਾਂ ਇਤਿਹਾਸ ਦਾ ਵਿਦਵਾਨ ਨਹੀਂ ਬਲਕਿ ਸਿੱਖ ਫ਼ਿਲਾਸਫ਼ੀ ਤੇ ਤਵਾਰੀਖ਼ ਨੂੰ ਵਿਗਾੜਨ ਵਾਲੇ ਸਾਜ਼ਸ਼ੀ ਟੋਲੇ ਦਾ ਮੁਖੀ ਸੀ। ਇਹ ਕਹਿਣਾ ਕਿ ਬਟਾਲੇ ਵਿਚ ਈਸਾਈ ਪ੍ਰਚਾਰਕ ਵਜੋਂ ਕੰਮ ਕਰਦਿਆਂ ਉਸ ਨੂੰ ਸਿੱਖੀ ਵਿਚ ਦਿਲਚਸਪੀ ਹੋ ਗਈ ਸੀ, ਨਿਰਾ ਝੂਠ ਤੇ ਗੁਮਰਾਹਕੁੰਨ ਪ੍ਰਚਾਰ ਹੈ। ਮਕਲਾਊਡ ਨੂੰ ਸਿੱਖੀ ਵਿਚ ਜ਼ਰਾ ਮਾਸਾ ਵੀ ਦਿਲਚਸਪੀ ਨਹੀਂ ਸੀ, ਉਸ ਦੀ ਤਾਂ ਈਸਾਈ ਹਾਕਮਾਂ ਵੱਲੋਂ ਡਿਊਟੀ ਲੱਗੀ ਸੀ ਕਿ ਉਹ ਸਿੱਖ ਧਰਮ ਬਾਰੇ ਲਿਖ ਕੇ ਇਸ ਬਾਰੇ ਉਲਝਣਾਂ ਖੜ੍ਹੀਆਂ ਕਰੇ ਅਤੇ ਸਿੱਖਾਂ ਨੂੰ ਈਸਾਈਅਤ ਵਲ ਮੋੜੇ।

ਡਾ. ਦਿਲਗੀਰ ਨੇ ਹੋਰ ਕਿਹਾ ਕਿ ਮਕਲਾਊਡ ਨੇ ਸਿੱਖ ਫ਼ਲਸਫ਼ੇ ਨੂੰ ਸਿਰਫ਼ ਵਿਗਾੜਿਆ ਹੀ ਨਹੀਂ ਬਲਕਿ ਆਪਣੇ ਚੇਲਿਆਂ ਦੀ ਇਕ ਕਤਾਰ ਵੀ ਖੜੀ ਕੀਤੀ ਜਿਸ ਵਿਚ ਹਰਜੋਤ ਓਬਰਾਏ, ਪਿਸ਼ੌਰਾ ਸਿੰਘ, ਗੁਰਿੰਦਰ ਮਾਨ ਤੇ ਮਗਰੋਂ ਨਿੱਕੀ ਗੁਨਿੰਦਰ ਕੌਰ ਵਰਗੇ ਸਿੱਖ ਪਰਿਵਾਰਾਂ ਵਿਚ ਜੰਮੇ ਲੋਕ ਵੀ ਸਨ ਤੇ ਲਊ ਫ਼ੀਨਕ ਵਰਗੇ ਵੀ ਜੋ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਨੌਕਰੀਆਂ ਹਾਸਿਲ ਕਰਨ ਵਾਸਤੇ ਪੰਥ ਦੀ ਪਿੱਠ ਵਿਚ ਛੁਰਾ ਮਾਰਨ ਵਾਸਤੇ ਹਰ ਦਮ ਤਿਆਰ ਸਨ। ਮਕਲਾਊਡ ਦਾ ਸਾਥ ਦੇਣ ਵਾਲਿਆਂ ਵਿਚ ਡਾ. ਜੇ.ਐਸ. ਗਰੇਵਾਲ, ਸੁਰਜੀਤ ਹਾਂਸ, ਆਈ.ਜੇ.ਸਿੰਘ (ਨਿਊ ਯਾਰਕ), ਦਰਸ਼ਨ ਸਿੰਘ ਤਾਤਲਾ (ਇੰਗਲੈਂਡ), ਮਹਿੰਦਰ ਸਿੰਘ (ਦਿੱਲੀ) ਤੇ ਹੋਰ ਵੀ ਕਈ ਸਨ ਜੋ ਕਥਿਤ ਤੌਰ ਉਤੇ ਉਸ ਤੋਂ ਲਾਭ ਲੈਣ ਵਾਸਤੇ ਉਸ ਦੇ ਚੇਲੇ ਜਾਂ ਸਾਥੀ ਬਣ ਗਏ ਸਨ। ਇਸ ਗਰੁੱਪ ਨੂੰ "ਐਂਟੀ ਸਿੱਖ ਸਕੂਲ" ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਫ਼ਿਰਕੂ ਹਿੰਦੂ, ਰਾਅ ਅਤੇ ਸਾਰੇ ਈਸਾਈ ਅਦਾਰੇ ਮਕਲਾਊਡ ਦੀ ਰੱਜ ਕੇ ਮਦਦ ਕਰਿਆ ਕਰਦੇ ਸਨ ਤੇ ਭਾਰਤ ਸਰਕਾਰ ਦੀ ਤਾਂ ਹਦਾਇਤ ਹੈ ਕਿ ਉਸ ਦੀਆਂ ਤੇ ਉਸ ਦੇ ਚੇਲਿਆਂ ਦੀਆਂ ਕਿਤਾਬਾਂ ਨੂੰ ਹਰ ਲਾਇਬਰੇਰੀ ਜ਼ਰੂਰ ਖ਼ਰੀਦੇ। ਇਸ ਮਕਸਦ ਵਾਸਤੇ ਸਰਕਾਰ ਉਚੇਚੀ ਗਰਟ ਵੀ ਦਿਆਂ ਕਰਦੀ ਸੀ। ਡਾ. ਦਿਲਗੀਰ ਨੇ ਕਿਹਾ ਕਿ ਸਾਨੂੰ ਮਕਲਾਊਡ ਦੀ ਮੌਤ 'ਤੇ ਨਾ ਖ਼ੁਸ਼ੀ ਹੈ ਨਾ ਗ਼ਮ। ਉਂਵ ਜੰਮਣਾ ਮਰਨਾ ਵਾਹਿਗੁਰੂ ਦੇ ਹੱਥ ਹੈ।





*Fairfax VA* *July 31, 2009*
*Call:Jay-703-980-6203 Or*
*Nisha-571-212-1855*
*Philadelphia PA* *August 01, 2009*
*Call:Jay-703-980-6203*
*Open August 08, 2009*
*Open August 09, 2009*
*Spokane WA Call Nagra 509-994-7844*
*And Seattle WA August 16, 2009*
*(1:00pm to 7:00pm-Kabaddi Mela )*
*Call:Channa Alamgeer-206-478-7744*
*Bakersfield CA August 22, 2009*
*Los Vages NV August 23, 2009*

**Show In USA In August 2009**
**Call- Satti:916-410-9741**

# North West Indiana Punjabi Women Association

ਮਾਣ ਨਾਲ ਪੇਸ਼ ਕਰਦੀ ਹੈ

# ਤੀਆਂ ਦਾ ਮੇਲਾ

8 ਅਗਸਤ 2009 (ਸਨਿਚਰਵਾਰ)
ਸਮਾਂ:ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ

**Serbian American Hall**
8700 Taft St
Merrillville, IN 46410
219-769-4375

Tickets $50 & $25

12 ਸਾਲ ਤੋਂ ਘੱਟ ਉਮਰ ਦੇ ਬੱਚੇ ਫਰੀ

**Men Not Allowed**

Live DJ

ਬਰੇਕਫਾਸਟ ਤੇ ਲੰਚ ਦਾ ਪ੍ਰਬੰਧ ਹੋਵੇਗਾ



ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ
ਮੈਂ ਨ੍ਹੀਂ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ

**Grand Sponsor:Balwinder Kaur-Gagan Petroleum 708-444-7973**

For Any Other Info Please Contact


Harjit Kaur 219-242-5768, Rupinder Kaur 219-793-9446, Ravinder Kaur Sidhu 219-662-5833

# ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ (ਡੈਲਸ)

## ਵਿਸਾਖੀ ਮੇਲੇ ਵਿਚ ਹਿੱਸਾ ਲੈਣ ਵਾਲੇ ਕਲਾਕਾਰਾਂ ਤੇ ਸਪਾਂਸਰਾਂ ਦਾ ਸਨਮਾਨ:ਤਸਵੀਰਾਂ ਦੀ ਜ਼ੁਬਾਨੀ

















ਵਿਸਾਖੀ ਮੇਲੇ ਦੇ ਮੁੱਖ ਮਹਿਮਾਨ ਸਨ ਹਰਦਮ ਸਿੰਘ ਆਜ਼ਾਦ (ਹਿਊਸਟਨ), ਗਰੈਂਡ ਸਪਾਂਸਰ-ਸ. ਗੁਰਸੇਵਕ ਸਿੰਘ, ਪਲਾਟੀਨਮ ਸਪਾਂਸਰ-ਸੋਨੀ ਭੁੱਲਰ, ਦਿਓਲ ਤੇ ਜੱਜ ਕਾਰਪੋਰੇਸ਼ਨ, ਗੋਲਡ ਸਪਾਂਸਰ-ਨਾਇਬ ਵਿਰਦੀ, ਹਰਜੀਤ ਢੇਸੀ, ਅਮਰੀਕ ਸਿੰਘ ਸ਼ੇਰਾ ਤੇ ਭਰਾ, ਸਿਲਵਰ ਸਪਾਂਸਰ-ਮਹਾਰਾਜਾ ਰੈਸਟੋਰੈਂਟ, ਰਾਇਲ ਸਵੀਟਸ, ਤਾਜ ਮਹਿਲ, ਮਸਿਆਣਾ ਕਾਰਪੋਰੇਸ਼ਨ, ਬਹਾਦਰ ਸਹੋਤਾ, ਅਜਮੇਰ ਮੱਟੂ, ਟੋਨੀ ਸੰਧੂ, ਵਿਕਰਮ ਸਿੰਘ, ਚੰਨੀ ਘੜੂੰਏਂ ਵਾਲਾ, ਗੁਰਿੰਦਰ ਸਿੰਘ, ਜਸਵੰਤ ਖਹਿਰਾ , ਮੀਡੀਆ ਸਪਾਂਸਰ-ਫਨ ਏਸ਼ੀਆ

ਹਰਦੀਪ ਸਿੰਘ ਗੁਰਨਾ, ਰਾਜਾ ਸਿੰਘ, ਗੁਰਸ਼ਰਨ ਸਿੰਘ ਬਗਲੀ ਅਤੇ ਹਰਜੀਤ ਸਿੰਘ ਢੇਸੀ ਨੇ ਸਮੂਹ ਕਲਾਕਾਰਾਂ ਅਤੇ ਸਪਾਂਸਰਾਂ ਦਾ ਜਥੇਬੰਦੀ ਵਲੋਂ ਧੰਨਵਾਦ ਕੀਤਾ।

*Sponsored Page*



# SRS Cultural & Sports Committee of Indiana

*Proudly Presents*



# ਪੰਜਾਬੀ ਖੇਡ ਮੇਲਾ-2009

*2nd Annual Healthier Community Fun Fair*

**Sunday, August 30, 2009**
9:00 AM-6:00 PM


**Crown Point Gurudwara Sahib, Indiana**
10005 Colorado St., Crown Point, IN 46307

**Admission is Free**

Complimentary Breakfast & Punjabi Lunch







Team Sports: Kabaddi ਕਬੱਡੀ, Volleyball (Shooting) ਵਾਲੀਬਾਲ, Soccer, ਫੁੱਟਵਾਲ, Basketball ਬਾਸਕਟਬਾਲ, Kho-Kho, Athletics, Shot-Put, Fun Games, Tug of War, Musical Chair, Turban Tying

Sponsors Are Welcome

Trophies, Medals for 1st & 2nd Place Winning Teams & Individual.

Semi Final Tournament on Friday & Saturday August, 28, 29 2009, 9:00 am to 5:00pm only at Gurudwara Sahib Crown Point, 10005 Colorado St., Crown Point, IN 46307

Food Booths, Arts & Crafts, Punjabi Religious Music, A Colorful Family Picnic Style Community Event to Share Punjabi Culture, Performing Arts and Sports. Vendors. Registration: Teams registration fee is $15 per team. Out of City/State team's register by August 02, 2009 & their registration is free & will get $150 travelling gas expense. Individual sports registration fee is $2.00 per person per event. Register by August 09, 2009, 1:00 pm by e-mail at palia292002@yahoo.com

**For More Info. Call**

Gurinder Singh Gill 219-880-6163
Surinder Singh Palia 219-256-9426
Mandeep S. Bhura 708-655-3274
Amarbir Sidhu 219-613-6147
Bhupinder Kaur 219-662-0439
Sukhminder Singh 219-608-0031
Parminder S. Pinda 630-825-5288

Jasbir S. Palia 219-924-5250
Jaspal S. Multani 219-613-1011
Kuldip S. Lang 219-713-0771
Sikander Singh 219-775-0313
Harjit Kaur 219-242-5768
Makhan S. Gill 815-441-1495
Sukhdeep S Deepa 317-513-5114

Jaspal S. Dhaliwal 219-670-3854
S.S. Virk 219-898-0930
Jaspal Ghotra 765-337-5151
Surjit Singh Gilgian 708-205-5235
Teja Singh 219-263-3868
Satwinder Satta 219-313-3025
Nidhan Singh 646-403-5640

## SRS Cultural & Sports Committee

10005 Colorado St., Crown Point, IN 46307, Ph:219-736-0457

# ਨਾਨਕਸਰ ਸੰਪ੍ਰਦਾ ਦੇ ਮਹਾਂਪੁਰਖਾਂ ਵਲੋਂ ਅਮਰੀਕਾ-ਕੈਨੇਡਾ 'ਚ ਸਿੱਖੀ ਪ੍ਰਚਾਰ

**ਲੈਨਸਿੰਗ, ਮਿਸ਼ੀਗਨ:** ਨਾਨਕਸਰ ਸੰਪ੍ਰਦਾ ਦੇ ਮਹਾਂਪੁਰਖ ਸੰਤ ਬਾਬਾ ਗੇਜਾ ਸਿੰਘ ਜੀ ਨਾਨਕਸਰ ਅਤੇ ਬਾਬਾ ਭਾਗ ਸਿੰਘ ਨਾਨਕਸਰ ਇਨ੍ਹੀਂ ਦਿਨੀਂ ਸਿੱਖੀ ਦੇ ਪ੍ਰਚਾਰ ਲਈ ਅਮਰੀਕਾ ਅਤੇ ਕੈਨੇਡਾ ਦੇ ਦੌਰੇ 'ਤੇ ਹਨ। ਇਸੇ ਦੌਰੇ ਦੌਰਾਨ ਉਹ ਪਿਛਲੇ ਦਿਨੀਂ ਮਿਸ਼ੀਗਨ ਵਿਚ ਲੈਨਸਿੰਗ ਪਹੁੰਚੇ।

ਬਾਬਾ ਗੇਜਾ ਸਿੰਘ ਜੀ ਅਤੇ ਉਨ੍ਹਾਂ ਦੇ ਸੇਵਾਦਾਰ ਬਾਬਾ ਭਾਗ ਸਿੰਘ 16 ਜੂਨ ਨੂੰ ਅਮਰੀਕਾ ਪਹੁੰਚੇ ਸਨ। ਅਮਰੀਕਾ ਵਿਚ ਲਾਸ ਏਂਜਲਸ ਅਤੇ ਫਰਿਜ਼ਨੋ ਵਿਚ ਸਿੱਖੀ ਪ੍ਰਚਾਰ ਤੋਂ ਬਾਅਦ ਉਹ ਕੈਨੇਡਾ ਵਿਚ ਵੈਨਕੂਵਰ, ਕੈਲਗਰੀ, ਮਾਂਟਰੀਅਲ ਅਤੇ ਟੋਰਾਂਟੋ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਸ਼ਿਕਾਗੋ ਪਹੁੰਚੇ। ਮਹਾਂਪੁਰਖਾਂ ਨੇ ਸੰਗਤ ਨੂੰ ਗੁਰੂ ਦੇ ਲੜ ਲੱਗਣ ਅਤੇ ਗੁਰਮਤਿ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਣਾ ਕੀਤੀ। ਸ਼ਿਕਾਗੋ ਤੋਂ ਬਾਅਦ ਉਹ ਇੰਡੀਆਨਾ ਵਿਚ ਸਾਊਥਬੈਂਡ ਪਹੁੰਚੇ ਅਤੇ ਉਥੋਂ ਇਥੇ ਗੁਰਜਿੰਦਰ ਸਿੰਘ ਡਿੰਪਲ ਦੇ ਗ੍ਰਹਿ ਪਹੁੰਚੇ ਜਿਥੇ ਸੰਗਤਾਂ ਨੇ ਬਾਬਾ ਜੀ ਦਾ ਭਾਰੀ ਉਤਸ਼ਾਹ ਨਾਲ ਸਵਾਗਤ ਕੀਤਾ। ਸ਼ਹਿਰ ਦੇ ਮੇਅਰ ਵਰਗ ਬਰੂਨੋ ਨੇ ਬਾਬਾ ਜੀ ਦਾ ਸ਼ਹਿਰ ਵਲੋਂ ਸਰਕਾਰੀ ਸਨਮਾਨ ਨਾਲ ਆਦਰ ਮਾਨ ਕੀਤਾ ਅਤੇ ਬਾਬਾ ਜੀ ਨੇ ਮੇਅਰ ਨੂੰ ਸਿਰੋਪਾਓ ਨਾਲ ਨਿਵਾਜਿਆ। ਇਸ ਮੌਕੇ ਸ਼ਹਿਰ ਦੇ ਪਤਵੰਤੇ ਸੱਜਣ ਬਲਬੀਰ ਸਿੰਘ ਲੰਮੇ, ਬਲਬੀਰ ਸਿੰਘ ਹਬੀਬਵਾਲ, ਲਾਡੀ ਮੁਲਤਾਨੀ, ਬਲਵਿੰਦਰ ਸਿੰਘ ਸੱਲਾਂ, ਕੁਲਦੀਪ ਸਿੰਘ ਸੱਲਾਂ, ਕੁਲਬੀਰ ਸਿੰਘ ਜੱਬੋ, ਅਜੇ ਬਡਵਾਲ, ਕਰਨੈਲ ਸਿੰਘ ਰੋਮੀ, ਜਰਨੈਲ ਸਿੰਘ ਪੱਪੀ ਮਿਆਣੀ, ਕਰਨਬੀਰ ਸਿੰਘ ਮਿਆਣੀ, ਸ਼ੈਲੀ ਜੈਕਸਨ, ਕੁਲਵੰਤ ਸਿੰਘ ਭੱਦਾਸ ਬਾਬਾ ਜੀ ਦੇ ਸਨਮਾਨ ਵਾਸਤੇ ਉਚੇਚੇ ਪਹੁੰਚੇ ਹੋਏ ਸਨ।

ਬਾਅਦ ਵਿਚ ਨਾਨਕਸਰ ਸੰਪ੍ਰਦਾ ਦੇ ਇਹ ਮਹਾਂਪੁਰਖ ਮਿਸ਼ੀਗਨ ਦੇ ਸ਼ਹਿਰਾਂ ਬੈਟਲ ਕਰੀਕ, ਫਲਿੰਟ, ਸਾਗੀਨਾਅ ਵਿਚ ਵੱਖ ਵੱਖ ਗੁਰਮੁਖਾਂ ਤੋਂ ਇਲਾਵਾ ਪ੍ਰੇਮ ਸਿੰਘ ਜ਼ਹੂਰਾ, ਸਵਰਨ ਸਿੰਘ ਜ਼ਹੂਰਾ, ਕਰਨੈਲ ਸਿੰਘ ਰੋਮੀ ਦੇ ਘਰ ਵੀ ਚਰਨ ਪਾਉਣ ਗਏ। 23 ਜੁਲਾਈ ਨੂੰ ਉਹ ਸ. ਗੁਰਦੇਵ ਸਿੰਘ ਜੱਬੋ ਦੇ ਘਰ ਤੋਂ ਨਿਊ ਯਾਰਕ ਲਈ ਰਵਾਨਾ ਹੋਏ। ਉਥੇ ਉਹ 10 ਅਗਸਤ ਤੱਕ ਸਿੱਖੀ ਪ੍ਰਚਾਰ ਕਰਨਗੇ।

ਬਾਬਾ ਗੇਜਾ ਸਿੰਘ ਜੀ ਨਾਨਕਸਰ ਵਾਲਿਆਂ ਨਾਲ ਸੰਪਰਕ ਫੋਨ 818-271-0853 ਰਾਹੀਂ ਕੀਤਾ ਜਾ ਸਕਦਾ ਹੈ।

















*Sponsored Page*

# ASHYANA BANQUETS

*Have your once-in-a-lifetime event truly unforgettable at Chicagoland's newest, extremely magnificent Banquet facility spreading*

***Over 40,000 Square Feet***
***Capacity 1000***

1620 75TH STREET, DOWNERS GROVE, IL 60516
**TEL: 630-964-7090** FAX 630-964-7097
www.ashyanabanquets.com

Exquisitely designed multiple luxurious ballrooms - High ceilings and beautiful crystal chandeliers - Free standing with spacious lobby and unlimited car parking



**Corporate conference & Convention facilities:**
State-of-the-art equipment • Hi-Fi-sound system • Presentation screens

**• Wedding • Receptions • Anniversaries • Graduations**
**• Baby Showers • Birthdays • Business & Corporate events**

Reserve your next event. Tel: **(630) 964-7090**
Contact **Surinder Jain (847) 322-1285**

**Convenient location:** ½ mile East of 355 at Exit 75th St., Close to all highway, including 88, 55, 294, and 355.

## SHIKARA RESTAURANT

## Authentic Indian Cuisine

1620 75th Street, Downers Grove, IL 60516
**Tel: 630-964-1720 • Fax 630-964-7097**
( In **ASHYANA Banquets** Building, Next to Toys R Us )




## Viceroy of India

AUTHENTIC INDIAN CUISINE
www.viceroyofindia.com

LOCATION

**CHICAGO**
**BANQUET - 200 •• RESTAURANT - 250**
2518 W. Devon Avenue, Chicago, IL 60659
**Tel: 773 743 4100 • Fax: 773 743 8673**

**LOMBARD**
**BANQUET - 300 •• RESTAURANT - 150**
19W 555 Roosevelt Road, Lombard, IL 60148
**Tel: 630 627 4411 • Fax: 630 627 4165**



# ਭਾਰਤ ਵਲੋਂ ਕਾਰਗਿਲ ਦੇ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ ਅਰਪਿਤ

**ਨਵੀਂ ਦਿੱਲੀ :** ਕਾਰਗਿਲ ਜਿੱਤ ਦੀ 10ਵੀਂ ਵਰ੍ਹੇਗੰਢ ਮੌਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਜੰਗ 'ਚ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਹ ਪਹਿਲਾ ਮੌਕਾ ਹੈ ਜਦੋਂ ਯੂ.ਪੀ.ਏ. ਦੀ ਅਗਵਾਈ ਵਾਲੀ ਸਿਆਸੀ ਲੀਡਰਸ਼ਿਪ ਨੇ ਅਜਿਹੇ ਸਮਾਰੋਹ ਵਿਚ ਹਿੱਸਾ ਲਿਆ। ਅਮਰ ਜਵਾਨ ਜਯੋਤੀ 'ਤੇ ਰੱਖੇ ਸ਼ੁਭਾਅ ਰਜਿਸਟਰ ਵਿਚ ਪ੍ਰਧਾਨ ਮੰਤਰੀ ਨੇ ਲਿਖਿਆ ਕਿ ਉਹ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਪੂਰੇ ਦੇਸ਼ ਨਾਲ ਮਿਲ ਕੇ ਸ਼ਰਧਾਂਜਲੀ ਦੇ ਰਹੇ ਹਨ, ਜਿਨ੍ਹਾਂ ਨੇ ਭਾਰਤ ਦੀ ਅਖੰਡਤਾ ਅਤੇ ਪ੍ਰਭੂਸੱਤਾ ਲਈ ਆਪਣਾ ਜੀਵਨ ਕੁਰਬਾਨ ਕੀਤਾ। ਉਨ੍ਹਾਂ ਅੱਗੇ ਲਿਖਿਆ ਕਿ ਦੇਸ਼ ਦੇ ਵੀਰ ਸ਼ਹੀਦ ਅਧਿਕਾਰੀਆਂ ਅਤੇ ਜਵਾਨਾਂ ਨੂੰ ਸੱਚੀ ਸ਼ਰਧਾਂਜਲੀ ਅਸੀਂ ਉਦੋਂ ਹੀ ਦੇ ਸਕਦੇ ਹਾਂ, ਜੇਕਰ ਅਸੀਂ ਕੌਮ ਦੇ ਨਿਰਮਾਣ ਅਤੇ ਆਪਣੀ ਦੇਸ਼ ਦੀ ਅਖੰਡਤਾ ਅਤੇ ਪ੍ਰਭੂਸੱਤਾ ਦੀ ਸੁਰੱਖਿਆ ਲਈ ਆਪਣੇ ਆਪ ਨੂੰ ਸਮਰਪਿਤ ਕਰੀਏ। ਜ਼ਿਕਰਯੋਗ ਹੈ ਕਿ 1999 ਵਿਚ ਐਨ.ਡੀ.ਏ. ਸਰਕਾਰ ਵੇਲੇ ਪਾਕਿਸਤਾਨੀ ਫੌਜਾਂ ਨੇ ਕਾਰਗਿਲ ਦੀਆਂ ਪਹਾੜੀਆਂ 'ਤੇ ਆਪਣਾ ਕਬਜ਼ਾ ਜਮਾ ਲਿਆ ਸੀ, ਜਿਨ੍ਹਾਂ 'ਤੇ ਮੁੜ ਕਬਜ਼ਾ ਕਰਨ ਲਈ ਭਾਰਤੀ ਫੌਜਾਂ ਨੂੰ ਲਗਭਗ 2 ਮਹੀਨੇ ਆਪਣਾ ਖੂਨ ਵਹਾਉਣਾ ਪਿਆ। ਇਸ ਜੰਗ ਦੌਰਾਨ ਘੱਟੋ-ਘੱਟ 533 ਜਵਾਨ ਅਤੇ ਅਧਿਕਾਰੀਆਂ ਨੇ ਕੁਰਬਾਨੀ ਦਿੱਤੀ। ਇਨ੍ਹਾਂ ਚੋਟੀਆਂ ਤੋਂ ਦੁਸ਼ਮਣਾਂ ਨੂੰ ਭਜਾਉਣ ਲਈ ਹਵਾਈ ਫੌਜ ਨੇ ਲੜਾਈ ਵਿਚ ਅਪ੍ਰੇਸ਼ਨ ਸਫੈਦ ਸਾਗਰ ਚਲਾਇਆ ਸੀ। ਇਸ ਲੜਾਈ ਵਿਚ ਹਵਾਈ ਫੌਜ ਦੇ 2 ਮਿਗ-27 ਅਤੇ ਇਕ ਐਮ.ਆਈ.-17 ਹੈਲੀਕਾਪਟਰਾਂ ਨੂੰ ਨੁਕਸਾਨ ਪਹੁੰਚਿਆ ਸੀ। ਕਾਰਗਿਲ ਜਿੱਤ ਦੀ 10ਵੀਂ ਵਰ੍ਹੇਗੰਢ 'ਤੇ ਫੌਜ ਕਾਰਗਿਲ ਅਤੇ ਦਰਾਸ ਸੈਕਟਰ 'ਚ ਕਈ ਸਮਾਰੋਹ ਕਰਵਾ ਰਹੀ ਹੈ। ਇਨ੍ਹਾਂ ਸਮਾਰੋਹਾਂ 'ਚ ਕਾਰਗਿਲ ਦੀ ਲੜਾਈ ਵਿਚ ਹਿਸਾ ਲੈਣ ਵਾਲੇ ਅਧਿਕਾਰੀ, ਸ਼ੌਰਿਆ ਪੁਰਸਕਾਰ ਜੇਤੂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਫੌਜ ਦੇ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ। ਇਸ ਸਮਾਰੋਹ ਵਿਚ ਪ੍ਰਧਾਨ ਮੰਤਰੀ ਦੇ ਨਾਲ ਰੱਖਿਆ ਮੰਤਰੀ ਏ.ਕੇ. ਐਂਟੋਨੀ, ਜਲ ਸੈਨਾ ਮੁਖੀ ਐਡਮਿਰਲ ਸੁਰੇਸ਼ ਮਹਿਤਾ, ਫੌਜ ਦੇ ਉਪ ਮੁਖੀ ਲੈਫਟੀਨੈਂਟ ਜਨਰਲ ਐਨ ਥੰਬੀਦੁਰਾਏ ਅਤੇ ਹਵਾਈ ਫੌਜ ਦੇ ਏਅਰ ਮਾਰਸ਼ਲ ਪੀ.ਕੇ. ਬਾਖੋਰਾ ਮੌਜੂਦ ਸਨ।



*ਚੰਡੀਗੜ੍ਹ ਦੇ ਜੰਗੀ ਸ਼ਹੀਦਾਂ ਦੀ ਯਾਦ 'ਚ ਬਣੇ ਮੈਮੋਰੀਅਲ ਵਿਖੇ ਮੋਮਬੱਤੀਆਂ ਜਗਾ ਕੇ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਲੋਕ।*

# ਪ੍ਰਮਾਣੂ ਪਣਡੁੱਬੀ ਦੀ ਮਾਲਕ ਬਣੀ ਭਾਰਤੀ ਸਮੁੰਦਰੀ ਫੌਜ

**ਵਿਸ਼ਾਖਾਪਟਨਮ :** ਭਾਰਤ ਨੇ ਇਤਿਹਾਸ ਵਿਚ ਇਕ ਮੀਲ ਪੱਥਰ ਤੈਅ ਕਰਦਿਆਂ ਲੰਘੀ 26 ਜੁਲਾਈ ਨੂੰ ਪਹਿਲੀ ਪ੍ਰਮਾਣੂ ਸ਼ਕਤੀ ਸੰਪੰਨ ਪਣਡੁੱਬੀ ਆਈ.ਐਨ.ਐਸ. ਅਰਿਹੰਤ ਸਮੁੰਦਰੀ ਫੌਜ ਹਵਾਲੇ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਸਾਡਾ ਮਕਸਦ ਕਿਸੇ 'ਤੇ ਹਮਲਾ ਕਰਨਾ ਜਾਂ ਡਰਾਉਣਾ-ਧਮਕਾਉਣਾ ਨਹੀਂ, ਪਰ ਭਾਰਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਜਿਹੇ ਕਦਮ ਚੁੱਕਣ ਦਾ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਸਮੁੰਦਰ ਦੀ ਵਧ ਰਹੀ ਮਹੱਤਤਾ ਤੇ ਭਾਰਤ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਬਦਲਦੇ ਹਾਲਾਤ ਅਨੁਸਾਰ ਸਾਨੂੰ ਅਜਿਹੇ ਹਥਿਆਰ ਤਿਆਰ ਕਰਨੇ ਪੈਣਗੇ। ਜਲ ਸੈਨਾ ਕੋਲ ਇਸ ਸਬੰਧੀ ਵੱਡੀ ਜ਼ਿੰਮੇਵਾਰੀ ਹੈ।

ਡਾ. ਸਿੰਘ ਨੇ ਕਿਹਾ ਕਿ ਸਾਡਾ ਕੋਈ ਹਮਲਾਕੁੰਨ ਇਰਾਦਾ ਨਹੀਂ ਹੈ ਅਤੇ ਨਾ ਹੀ ਅਸੀਂ ਕਿਸੇ ਨੂੰ ਡਰਾਉਣਾ ਚਾਹੁੰਦੇ ਹਾਂ। ਅਸੀਂ ਆਪਣੇ ਖੇਤਰ ਵਿਚ ਅਜਿਹਾ ਮਾਹੌਲ ਚਾਹੁੰਦੇ ਹਾਂ, ਜਿਹੜਾ ਸ਼ਾਂਤੀਪੂਰਨ ਵਿਕਾਸ ਲਿਆਉਣ ਦੇ ਅਨੁਕੂਲ ਹੋਵੇ ਅਤੇ ਸਾਡੀਆਂ ਕਦਰਾਂ-ਕੀਮਤਾਂ ਦੀ ਰੱਖਿਆ ਹੋ ਸਕੇ। ਉਨ੍ਹਾਂ ਕਿਹਾ ਕਿ ਸਾਡੇ ਲਈ ਇਹ ਜ਼ਰੂਰੀ ਹੈ ਕਿ ਦੇਸ਼ ਦੀ ਰੱਖਿਆ ਅਤੇ ਦੁਨੀਆ ਵਿਚ ਹੋ ਰਹੀ ਤਕਨੀਕੀ ਉਨਤੀ ਦੇ ਨਾਲ ਅਜਿਹੇ ਕਦਮ ਉਠਾਏ ਜਾਣ। ਡਾ. ਸਿੰਘ ਨੇ ਦੇਸ਼ ਦੀਆਂ ਰੱਖਿਆ ਤਿਆਰੀਆਂ ਵਿਚ ਇਤਿਹਾਸਕ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੋਗਰਾਮ ਨਾਲ ਜੁੜੇ ਹਰੇਕ ਵਿਅਕਤੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਦਾ ਮਾਹੌਲ ਦੇਸ਼ ਵਿਚ ਮੌਜੂਦ ਤਕਨੀਕੀ ਨਿਪੁੰਨਤਾ ਅਤੇ ਸਾਡੇ ਸਾਧਨਾਂ ਅਤੇ ਵਿਕਾਸ ਸੰਗਠਨਾਂ ਦੀ ਸਮਰੱਥਾ ਪ੍ਰਗਟ ਕਰਦਾ ਹੈ।

ਉਨ੍ਹਾਂ ਕਿਹਾ ਕਿ ਪਣਡੁੱਬੀ ਦਾ ਨਿਰਮਾਣ ਚੁਣੌਤੀ ਭਰਿਆ ਕੰਮ ਸੀ ਅਤੇ ਆਪਣੀ ਪਹਿਲੀ ਪਣਡੁੱਬੀ ਵਿਕਸਤ ਕਰਨਾ ਦੇਸ਼ ਦੀ ਖਾਸ ਪ੍ਰਾਪਤੀ ਹੈ ਅਤੇ ਅਸੀਂ ਉਨ੍ਹਾਂ ਪੰਜ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੋ ਗਏ ਹਾਂ, ਜਿਨ੍ਹਾਂ ਕੋਲ ਪ੍ਰਮਾਣੂ ਸ਼ਕਤੀ ਸੰਪੰਨ ਪਣਡੁੱਬੀ ਬਣਾਉਣ ਦੀ ਸਮਰੱਥਾ ਹੈ। ਇਸ ਪਣਡੁੱਬੀ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਦੋ ਸਾਲ ਬਾਅਦ ਕੰਮਕਾਜ ਸ਼ੁਰੂ ਕਰੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਲਈ ਅੱਗੇ ਵੀ ਹੋਰ ਬਹੁਤ ਸਾਰੇ ਕੰਮ ਪਏ ਹਨ।


*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ*

ਇਸ ਨੂੰ ਬੰਗਾਲ ਦੀ ਖਾੜੀ ਵਿਚ ਦੋ ਸਾਲਾਂ ਲਈ ਛੱਡਿਆ ਜਾਵੇਗਾ। ਵਾਇਸ ਐਡਮਿਰਲ (ਸੇਵਾ ਮੁਕਤ) ਏ.ਕੇ. ਸਿੰਘ ਦਾ ਕਹਿਣਾ ਹੈ ਕਿ ਅਸਲ ਕੰਮ ਹੁਣ ਸ਼ੁਰੂ ਹੋਣਗੇ, ਜਦਕਿ ਸਾਬਕਾ ਜਲ ਸੈਨਾ ਮੁਖੀ ਐਡਮਿਰਲ ਅਰੁਣ ਪ੍ਰਕਾਸ਼ ਦਾ ਕਹਿਣਾ ਹੈ ਕਿ ਅਸਲੀ ਕੰਮ ਇਹ ਵੇਖਣਾ ਹੋਵੇਗਾ ਕਿ ਰੀਐਕਟਰ ਬਿਨਾਂ ਰੁਕਾਵਟ ਚੱਲਣ, ਇਸ ਲਈ ਇੰਜੀਨੀਅਰਾਂ ਅਤੇ ਵਿਗਿਆਨੀਆਂ ਨੂੰ ਅਜਿਹੇ ਬਹੁਤ ਕੰਮ ਕਰਨੇ ਹੋਣਗੇ। ਐਡਵਾਂਸਡ ਟੈਕਨਾਲੋਜੀ ਵੈਸਲ (ਏ.ਟੀ.ਵੀ.) ਨਾਮਕ ਕੂਟ ਨਾਂ ਵਾਲੀ ਇਹ ਪਣਡੁੱਬੀ ਸਾਗਰਿਕਾ (ਕੇ-15) ਮਿਜ਼ਾਇਲ ਨਾਲ ਲੈਸ ਹੋਵੇਗੀ, ਜਿਸ ਦੀ ਮਾਰੂ ਸਮਰਥਾ 715 ਕਿਲੋਮੀਟਰ ਹੈ। ਇਹ ਸਮੁੰਦਰ ਵਿਚ ਅੱਧੇ ਕਿਲੋਮੀਟਰ ਦੀ ਡੂੰਘਾਈ ਜਾਂ ਉਸ ਤੋਂ ਵਧ ਡੂੰਘਾਈ ਵਿਚ ਰਹਿ ਕੇ ਸਮੁੰਦਰ ਦੇ ਅੰਦਰ ਤੋਂ ਮਿਜ਼ਾਇਲ ਚਲਾਉਣ ਦੇ ਸਮਰੱਥ ਹੈ। 6 ਹਜ਼ਾਰ ਟਨ ਦੀ ਪਣਡੁੱਬੀ ਵਿਚ 85 ਮੈਗਾਵਾਟ ਸਮਰਥਾ ਦਾ ਪ੍ਰਮਾਣੂ ਰੀਐਕਟਰ ਹੈ ਅਤੇ ਇਸ ਦੇ ਲੇਬਲ 'ਤੇ ਗਤੀ 12 ਤੋਂ 15 ਨਾਟਸ ਅਤੇ ਪਾਣੀ 'ਚ ਗਤੀ 24 ਨਾਟਸ ਤੱਕ ਜਾ ਸਕਦੀ ਹੈ। ਇਸ ਪਣਡੁੱਬੀ ਵਿਚ 95 ਵਿਅਕਤੀ ਸਵਾਰ ਹੋਣਗੇ ਅਤੇ ਇਹ ਤਾਰਪੀਡੋ ਅਤੇ 12 ਬੈਲਿਸਟਿਕ ਮਿਜ਼ਾਇਲਾਂ ਸਮੇਤ ਹੋਰਨਾਂ ਮਿਜ਼ਾਇਲਾਂ ਨਾਲ ਲੈਸ ਹੋਵੇਗੀ। ਇਸੇ ਸ਼੍ਰੇਣੀਆਂ ਦੀਆਂ ਚਾਰ ਹੋਰ ਪਣਡੁੱਬੀਆਂ ਲਈ ਪਹਿਲਾਂ ਹੀ ਸਰਕਾਰ ਦੀ ਮਨਜ਼ੂਰੀ ਮਿਲ ਚੁੱਕੀ ਹੈ। ਆਉਣ ਵਾਲੇ ਸਾਲਾਂ ਵਿਚ ਇਨ੍ਹਾਂ ਨੂੰ ਜਲ ਸੈਨਾ ਦੀ ਪਾਣੀ ਦੇ ਅੰਦਰ ਮਾਰੂ ਸਮਰੱਥਾ ਦੇ ਇਜ਼ਾਫ਼ੇ ਲਈ ਸ਼ਾਮਲ ਕੀਤਾ ਜਾਵੇਗਾ।

ਪਣਡੁੱਬੀ ਦੇ ਨਿਰਮਾਣ ਵਿਚ ਜਨਤਕ ਅਤੇ ਨਿੱਜੀ ਹਿੱਸੇਦਾਰੀ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਹ ਇਸ ਗੱਲ 'ਤੇ ਖਾਸ ਤੌਰ 'ਤੇ ਖੁਸ਼ ਹਨ ਕਿ ਇਹ ਪਣਡੁੱਬੀ ਜਨਤਕ ਅਤੇ ਨਿੱਜੀ ਹਿੱਸੇਦਾਰੀ ਦਾ ਸਾਰਥਕ ਨਤੀਜਾ ਹੈ। ਮਾਸਕੋ ਤੋਂ ਮਿਲੇ ਸਹਿਯੋਗ ਦੀ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਰੂਸੀ ਮਿੱਤਰਾਂ ਦੀ ਸ਼ਲਾਘਾ ਕਰਨਾ ਚਾਹੁੰਣਗੇ, ਜਿਨ੍ਹਾਂ ਨੇ ਇਸ ਦਿਸ਼ਾ ਵਿਚ ਸਾਨੂੰ ਸਹਿਯੋਗ ਦਿੱਤਾ, ਜਿਹੜਾ ਭਾਰਤ ਅਤੇ ਰੂਸ ਦੇ ਫੌਜੀ ਸਹਿਯੋਗ ਨੂੰ ਦਰਸਾਉਂਦਾ ਹੈ। ਇਸ ਮੌਕੇ ਡਾ. ਸਿੰਘ ਦੀ ਪਤਨੀ ਸ੍ਰੀਮਤੀ ਗੁਰਸ਼ਰਨ ਕੌਰ ਨੇ ਨਾਰੀਅਲ ਤੋੜਨ ਦੀ ਰਸਮ ਅਦਾ ਕੀਤੀ।

# ਕਾਰਗਿਲ ਕਾਰਨ ਹੀ ਭਾਰਤ ਨੇ ਗੱਲਬਾਤ ਸ਼ੁਰੂ ਕੀਤੀ-ਮੁਸ਼ੱਰਫ

**ਇਸਲਾਮਾਬਾਦ :** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਵਿਵਾਦਗ੍ਰਸਤ ਕਾਰਗਿਲ ਮੁਹਿੰਮ ਨੂੰ ਵੱਡੀ ਸਫ਼ਲਤਾ ਕਰਾਰ ਦਿੰਦਿਆਂ ਕਿਹਾ ਕਿ ਕਸ਼ਮੀਰ ਦੇ ਸੰਦਰਭ 'ਚ ਇਸ ਕਾਰਵਾਈ ਦਾ ਭਾਰਤ ਦੇ ਰਵੱਈਏ 'ਤੇ ਵੱਡਾ ਅਸਰ ਪਿਆ ਸੀ। ਇਕ ਭਾਰਤੀ ਨਿੱਜੀ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਜਨਾਬ ਮੁਸ਼ੱਰਫ ਨੇ ਕਿਹਾ ਕਿ ਕਾਰਗਿਲ ਕਾਰਨ ਹੀ ਭਾਰਤ ਨੇ ਪਾਕਿ ਨਾਲ ਗੱਲਬਾਤ ਸ਼ੁਰੂ ਕੀਤੀ। ਇਸ ਦੇ ਨਾਲ ਹੀ ਮੁਸ਼ੱਰਫ ਨੇ ਦੇਸ਼ ਦੇ ਮੁੱਖ ਜੱਜ ਨੂੰ ਬਰਖਾਸਤ ਕਰਨ ਦੇ ਫ਼ੈਸਲੇ ਨੂੰ ਵੀ ਪੂਰੀ ਤਰ੍ਹਾਂ ਸੰਵਿਧਾਨਕ ਤੇ ਜਾਇਜ਼ ਠਹਿਰਾਇਆ। ਜਨਾਬ ਮੁਸ਼ੱਰਫ਼ ਨੇ ਕਿਹਾ ਕਿ ਭਾਵੇਂ ਇਸ ਫ਼ੈਸਲੇ ਨਾਲ ਪਾਕਿਸਤਾਨ 'ਚ ਅਸਥਿਰਤਾ ਫੈਲ ਗਈ ਸੀ, ਪਰ ਇਹ ਫ਼ੈਸਲਾ ਪੂਰੀ ਤਰ੍ਹਾਂ ਸੰਵਿਧਾਨਕ ਸੀ। ਜਨਾਬ ਮੁਸ਼ੱਰਫ ਨੇ ਕਿਹਾ ਕਿ ਕਾਨੂੰਨ ਮੰਤਰਾਲੇ ਤੇ ਪ੍ਰਧਾਨ ਮੰਤਰੀ ਨੇ ਇਹ ਮਾਮਲਾ ਉਨ੍ਹਾਂ ਕੋਲ ਭੇਜਿਆ ਸੀ। ਇਸ ਲਈ ਇਸ ਫ਼ੈਸਲੇ ਨੂੰ ਲਾਗੂ ਕਰਨਾ ਉਨ੍ਹਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਸੀ। ਸਾਬਕਾ ਰਾਸ਼ਟਰਪਤੀ ਨੇ ਹੁਣ ਵੀ ਇਸ ਫ਼ੈਸਲੇ 'ਤੇ ਕਾਇਮ ਰਹਿਣ ਦੀ ਗੱਲ ਕਹੀ।

ਗੱਲਬਾਤ ਦੌਰਾਨ ਜਦੋਂ ਜਨਾਬ ਮੁਸ਼ੱਰਫ ਤੋਂ ਪੁੱਛਿਆ ਗਿਆ ਕਿ ਜੇਕਰ ਉਨ੍ਹਾਂ ਨੂੰ ਮੁੜ ਇਸ ਤਰ੍ਹਾਂ ਦੀ ਕਾਰਵਾਈ ਨੂੰ ਅੰਜਾਮ ਦੇਣ ਦਾ ਮੌਕਾ ਮਿਲੇ ਤਾਂ ਉਹ ਕੀ ਕਰਨਗੇ ਤਾਂ ਉਨ੍ਹਾਂ ਇਸ ਸਬੰਧੀ


*ਪ੍ਰਵੇਜ਼ ਮੁਸ਼ੱਰਫ*

ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਗੱਲਬਾਤ ਦੌਰਾਨ ਜਨਾਬ ਮੁਸ਼ੱਰਫ਼ ਨੇ ਕਿਹਾ ਕਿ ਕਾਰਗਿਲ ਕਾਰਨ ਹੀ ਭਾਰਤ ਕਸ਼ਮੀਰ ਮਸਲੇ ਦਾ ਗੱਲਬਾਤ ਰਾਹੀਂ ਹੱਲ ਕੱਢਣ ਵਾਸਤੇ ਸਹਿਮਤ ਹੋਇਆ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਭਾਰਤ ਗੱਲਬਾਤ ਕਰਨ ਲਈ ਤਿਆਰ ਨਹੀਂ ਸੀ। ਵਿਵਾਦਗ੍ਰਸਤ ਕਾਰਗਿਲ ਮੁਹਿੰਮ ਦਾ ਜ਼ਬਰਦਸਤ ਬਚਾਅ ਕਰਦਿਆਂ ਮੁਸ਼ੱਰਫ ਨੇ ਕਿਹਾ ਕਿ ਇਸ ਤੋਂ ਪਹਿਲਾਂ ਕਸ਼ਮੀਰ ਮੁੱਦੇ 'ਤੇ ਕੋਈ ਚਰਚਾ ਨਹੀਂ ਹੋ ਸਕਦੀ ਸੀ। ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਵਿਚ ਵੀ ਸਾਡੀਆਂ ਗੱਲਾਂ ਨੂੰ ਕੋਈ ਤਵੱਜੋਂ ਨਹੀਂ ਦਿੱਤੀ ਜਾਂਦੀ। ਪਾਕਿਸਤਾਨ ਦੇ ਸਾਬਕਾ ਫੌਜ ਮੁਖੀ ਨੇ ਕਾਰਗਿਲ ਹਮਲੇ 'ਚ ਪਾਕਿਸਤਾਨੀ ਫੌਜ ਦੀ ਰਾਵਲਪਿੰਡੀ ਕਾਰਪਸ ਤੇ ਫੋਰਸ ਕਮਾਂਡ ਉਤਰੀ ਏਰੀਆ ਦੀ ਸ਼ਮੂਲੀਅਤ ਵੀ ਕਬੂਲੀ। ਜਦੋਂ ਕਿ ਇਸ ਤੋਂ ਪਹਿਲਾਂ ਹਮੇਸ਼ਾ ਹੀ ਕਿਹਾ ਜਾਂਦਾ ਸੀ ਕਿ ਕਾਰਗਿਲ ਨੂੰ ਅੰਜਾਮ ਕਥਿਤ ਸੁਤੰਤਰਤਾ ਸੰਗਰਾਮੀਆਂ ਨੇ ਦਿੱਤਾ ਹੈ ਅਤੇ ਇਸ ਵਿਚ ਪਾਕਿ ਫੌਜ ਸ਼ਾਮਲ ਨਹੀਂ ਹੈ।

ਜ਼ਿਕਰਯੋਗ ਹੈ ਕਿ ਮੁਸ਼ੱਰਫ ਨੇ ਆਪਣੀ ਕਿਤਾਬ ਲਾਈਨ ਆਫ਼ ਫਾਇਰ 'ਚ ਲਿਖਿਆ ਹੈ ਕਿ ਇਹ ਸੁਰੱਖਿਆ ਏਜੰਸੀਆਂ ਮੁੱਖ ਨਹੀਂ ਸਨ, ਸਗੋਂ ਮੁੱਖ ਭੂਮਿਕਾ ਕਿਸੇ ਹੋਰ ਨੇ ਨਿਭਾਈ ਸੀ। ਉਨ੍ਹਾਂ ਕਿਹਾ ਕਿ ਕਾਰਗਿਲ ਯੁੱਧ ਕਾਰਨ ਹੀ ਸਾਨੂੰ ਪਤਾ ਲੱਗਿਆ ਸੀ ਕਿ ਭਾਰਤੀ ਸੁਰੱਖਿਆ ਏਜੰਸੀਆਂ ਸਾਡੇ ਮੁਕਾਬਲੇ ਕਿੰਨੀਆਂ ਸਮਰੱਥ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨੀ ਫੌਜ ਭਾਰਤੀ ਫੌਜ ਦੇ ਕਿਸੇ ਵੀ ਹਮਲੇ ਦਾ ਜਵਾਬ ਦੇਣ ਲਈ ਤਿਆਰ ਸੀ। ਜਨਾਬ ਮੁਸ਼ੱਰਫ ਨੇ ਇਹ ਵੀ ਕਿਹਾ ਕਿ ਉਸ ਸਮੇਂ ਭਾਰਤੀ ਫੌਜ ਕਮਜ਼ੋਰ ਸਥਿਤੀ 'ਚ ਨਜ਼ਰ ਆ ਰਹੀ ਸੀ।

ਯੁੱਧਬੰਦੀ ਸਬੰਧੀ ਫ਼ੈਸਲਾ ਨਵਾਜ਼ ਸ਼ਰੀਫ਼ 'ਤੇ ਛੱਡਣ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਜਨਾਬ ਮੁਸ਼ੱਰਫ ਨੇ ਕਿਹਾ ਕਿ ਇਕ ਤਾਂ ਉਸ ਸਮੇਂ ਪਾਕਿ ਫੌਜ ਦੀ ਜ਼ਮੀਨੀ ਹਾਲਤ ਠੀਕ ਨਹੀਂ ਸੀ, ਦੂਜੇ ਪਾਸੇ ਕੌਮਾਂਤਰੀ ਤਾਕਤਾਂ ਦਾ ਵੱਡਾ ਦਬਾਅ ਸੀ। ਉਨ੍ਹਾਂ ਕਿਹਾ ਕਿ ਕੌਮਾਂਤਰੀ ਤਾਕਤਾਂ ਲੜਾਈ ਰੋਕਣ ਲਈ ਪਾਕਿਸਤਾਨ 'ਤੇ ਦਬਾਅ ਬਣਾ ਰਹੀਆਂ ਸਨ। ਉਨ੍ਹਾਂ ਕਿਹਾ ਕਿ ਇਸ ਸਮੇਂ ਘਰੇਲੂ ਸਿਆਸੀ ਦਬਾਅ ਵੀ ਸੀ। ਹਾਲਾਂਕਿ ਉਸ ਦਬਾਅ ਨੂੰ ਸਹਿਣ ਲਈ ਸਿਆਸੀ ਹਾਲਤ ਉਚਿਤ ਸਨ। ਇਸ ਲਈ ਮੈਂ ਸਿਰਫ਼ ਫੌਜ ਦੀ ਗੱਲ ਕਰਨ ਦਾ ਫ਼ੈਸਲਾ ਕੀਤਾ।

# ਬੂਟਾ ਸਿੰਘ ਦੀ ਪੰਜਾਬ ਸਰਕਾਰ ਨੂੰ ਝਾੜ ਕਿਉਂ?

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਕੇਂਦਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਬੂਟਾ ਸਿੰਘ ਨੇ ਆਪਣੇ ਦੌਰੇ ਦੌਰਾਨ ਹਿਮਾਚਲ ਸਰਕਾਰ ਨੂੰ ਮੁਲਾਜ਼ਮਾਂ ਦੀ ਭਰਤੀ ਤੇ ਤਰੱਕੀ 'ਚ ਰਾਖਵੇਂਕਰਨ ਦਾ ਰੋਸਟਰ ਪੂਰੀ ਤਰ੍ਹਾਂ ਲਾਗੂ ਨਾ ਕਰਨ 'ਤੇ ਸਖ਼ਤ ਝਾੜ ਪਾਈ। ਉਨ੍ਹਾਂ ਦਾ ਕਹਿਣਾ ਸੀ ਕਿ ਸੂਬੇ ਵਿਚ ਸਰਕਾਰੀ ਭਰਤੀ ਅਤੇ ਤਰੱਕੀਆਂ 'ਚ 12 ਤੋਂ 15 ਫੀਸਦੀ ਤਕ ਹੀ ਰਾਖਵਾਂਕਰਨ ਰੱਖਿਆ ਹੋਇਆ ਹੈ ਤੇ ਉਸ ਨੂੰ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਨੇ ਰਾਜ ਸਰਕਾਰ ਦੇ ਉੱਚ ਪ੍ਰਸ਼ਾਸਨ ਨੂੰ ਸ਼ੀਸ਼ਾ ਦਿਖਾਉਂਦਿਆਂ ਇਹ ਤੱਥ ਜ਼ਾਹਿਰ ਕੀਤਾ ਕਿ ਰਾਜ ਸਰਕਾਰ ਦੇ ਮੁਲਾਜ਼ਮਾਂ ਵਿਚ ਅਨੁਸੂਚਿਤ ਜਾਤਾਂ ਦੇ ਮੁਲਾਜ਼ਮਾਂ ਦੀ ਗਿਣਤੀ 9 ਤੋਂ 11 ਫੀਸਦੀ ਹੈ, ਜਦਕਿ ਅਨੁਸੂਚਿਤ ਜਾਤਾਂ ਲਈ ਰਾਖਵਾਂਕਰਨ 25 ਫੀਸਦੀ ਹੋਣਾ ਚਾਹੀਦਾ ਹੈ। ਬੂਟਾ ਸਿੰਘ ਦੀ ਇਹ ਟਿੱਪਣੀ ਰਾਜ ਸਰਕਾਰ ਦੇ ਪ੍ਰਸ਼ਾਸਨ 'ਤੇ ਕੀਤੀ ਗਈ ਟਿੱਪਣੀ ਹੈ, ਜੋ ਸਾਧਾਰਨ ਕੰਮ ਕਰਨ ਲਈ ਵੀ ਕਾਇਦੇ-ਕਾਨੂੰਨ ਦੇ ਨਾਂ ਹੇਠ ਕੰਮ 'ਚ ਰੋੜੇ ਅਟਕਾਉਂਦਾ ਰਹਿੰਦਾ ਹੈ, ਪਰ ਖ਼ੁਦ ਸੰਵਿਧਾਨਕ ਵਿਵਸਥਾਵਾਂ ਨੂੰ ਵੀ ਲਾਗੂ ਨਹੀਂ ਕਰਦਾ।


*ਬੂਟਾ ਸਿੰਘ*

ਇਸ ਦਾ ਸਿੱਧਾ ਅਸਰ ਚੁਣੀਆਂ ਹੋਈਆਂ ਸਰਕਾਰਾਂ ਦੀ ਹਰਮਨਪਿਆਰਤਾ 'ਤੇ ਪੈਂਦਾ ਹੈ, ਜਿਸ ਨੂੰ ਸੱਤਾ 'ਚ ਬੈਠੇ ਲੋਕਾਂ ਦੇ ਨੁਮਾਇੰਦੇ ਸੱਤਾ ਦੇ ਨਸ਼ੇ 'ਚ ਉਦੋਂ ਨਹੀਂ ਸਮਝਦੇ, ਪਰ ਸੱਤਾ ਤੋਂ ਬਾਹਰ ਹੋਣ 'ਤੇ ਲੋਕਾਂ ਨੂੰ ਹਰ ਵਾਰ ਇਨਾ ਜ਼ਰੂਰ ਕਹਿੰਦੇ ਹਨ ਕਿ ਅਗਲੀ ਵਾਰੀ ਸੱਤਾ 'ਚ ਆਉਣ 'ਤੇ ਉਹ ਪ੍ਰਸ਼ਾਸਨਿਕ ਉਲਝਣਾਂ ਨੂੰ ਕਿਸੇ ਦੇ ਕੰਮ 'ਚ ਅੜਿੱਕਾ ਨਹੀਂ ਬਣਨ ਦੇਣਗੇ।

ਪਰ ਦੁਬਾਰਾ ਸੱਤਾ 'ਚ ਆਉਣ ਤੋਂ ਬਾਅਦ ਉੱਚ ਪ੍ਰਸ਼ਾਸਨਿਕ ਅਧਿਕਾਰੀ ਉਨ੍ਹਾਂ ਨੂੰ ਫਿਰ ਆਪਣੇ ਚੁੰਗਲ ਵਿਚ ਫਸਾ ਲੈਂਦੇ ਹਨ ਅਤੇ ਰਾਜਨੇਤਾ ਸੱਤਾ ਤੋਂ ਬਾਹਰ ਹੋਣ ਦੌਰਾਨ ਲੋਕਾਂ ਜਾਂ ਦੋਸਤਾਂ ਨਾਲ ਕੀਤੇ ਵਾਅਦੇ ਭੁੱਲ ਜਾਂਦੇ ਹਨ। ਬੂਟਾ ਸਿੰਘ ਦੀ ਪਾਈ ਸਖ਼ਤ ਝਾੜ ਦੇ ਇਸ ਡੂੰਘੇ ਅਰਥ ਨੂੰ ਸ਼ਾਇਦ ਰਾਜਨੇਤਾ ਜ਼ਰੂਰ ਸਮਝਣਗੇ।

# ਬਰਲੁਸਕੋਨੀ ਨੇ ਕਿਹਾ, ਮੈਂ ਕੋਈ ਸੰਤ ਤਾਂ ਨਹੀਂ

**ਰੋਮ :** ਸੈਕਸ ਸਕੈਂਡਲ ਵਿਚ ਫਸੇ ਇਟਲੀ ਦੇ ਪ੍ਰਧਾਨ ਮੰਤਰੀ ਬਰਲੁਸਕੋਨੀ ਨੇ ਪਹਿਲੀ ਵਾਰ ਮੂੰਹ ਖੋਲਦੇ ਹੋਏ ਬੀਤੇ ਦਿਨੀਂ ਕਿਹਾ ਕਿ ਉਹ ਕੋਈ ਸੰਤ ਨਹੀਂ ਹਨ। ਇਕ ਹਫਤਾਵਾਰੀ ਅਖ਼ਬਾਰ ਵਿਚ ਬਰਲੁਸਕੋਨੀ ਦੀ ਇਕ ਵੇਸਵਾ ਨਾਲ ਹੋਈ ਗੱਲਬਾਤ ਪ੍ਰਕਾਸ਼ਤ ਹੋਣ ਮਗਰੋਂ ਦੇਸ਼ ਵਿਚ ਤੂਫਾਨ ਉਠਿਆ ਹੋਇਆ ਹੈ। ਸੈਕਸ ਸਕੈਂਡਲ ਨੂੰ ਲੈ ਕੇ ਰੋਜ ਨਵੇਂ ਖੁਲਾਸੇ ਹੋ ਰਹੇ ਹਨ।



ਬਰਲੁਸਕੋਨੀ 'ਤੇ ਕਈ ਔਰਤਾਂ ਨਾਲ ਸੰਬੰਧ ਰੱਖਣ ਦਾ ਦੋਸ਼ ਹੈ। ਵਿਵਾਦ ਉਸ ਵੇਲੇ ਗਹਿਰਾ ਗਿਆ, ਜਦ ਨਵੰਬਰ ਮਹੀਨੇ ਵਿਚ ਪ੍ਰਧਾਨ ਮੰਤਰੀ ਨਿਵਾਸ ਵਿਚ ਉਨ੍ਹਾਂ ਦੇ ਅਤੇ ਇਕ ਵੇਸਵਾ ਵਿਚਾਲੇ ਹੋਈ ਗੱਲਬਾਤ ਦੀ ਟੇਪ ਜਾਰੀ ਹੋ ਗਈ। ਬਰਲੁਸਕੋਨੀ ਦੇ ਵਕੀਲ ਨੇ ਟੇਪ ਦੀ ਵੈਦਤਾ 'ਤੇ ਸਵਾਲ ਉਠਾਇਆ ਹੈ। ਪਿਛਲੇ ਦਿਨਾਂ ਵਿਚ ਇੰਟਰਨੈਟ 'ਤੇ ਜਾਰੀ ਇਕ ਟੇਪ ਵਿਚ ਬਰਲੁਸਕੋਨੀ ਦੀ ਅੱਯਾਸ਼ੀ ਲਈ ਕੁੜੀਆਂ ਦਾ ਪ੍ਰਬੰਧ ਕਰਨ ਵਾਲੇ ਗਿਏਮਪੋਲੋ ਟੈਰੇਨਟੀਨੀ ਨੇ ਉੱਚ ਵਰਗ ਵੇਸਵਾ ਪੈਟ੍ਰਿਜ਼ਿਆ ਡੀ. ਏਡ੍ਰਿਨੋ ਨੂੰ ਦੱਸਿਆ ਕਿ ਬਰੁਲਸਕੋਨੀ ਨੂੰ ਕੰਡੋਮ ਦਾ ਇਸਤੇਮਾਲ ਕਰਨਾ ਪਸੰਦ ਨਹੀਂ। ਇਸ ਟੇਪ ਵਿਚ ਅਕਤੂਬਰ 2008 ਦੀ ਗੱਲਬਾਤ ਹੈ। ਇਸ ਵਿਚ ਟੈਰੇਨਟੀਨੀ ਨੇ ਪ੍ਰੈਟ੍ਰਿਜ਼ਿਆ ਨੂੰ ਕਿਹਾ ਹੈ, "ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਤ 9 ਵੱਜ ਕੇ 15 ਮਿੰਟ 'ਤੇ ਤੈਨੂੰ ਡਰਾਈਵਰ ਲੈਣ ਆ ਜਾਵੇਗਾ।" ਵਿਵਾਦ ਦੀ ਖਿੱਲੀ ਉਡਾਉਂਦਿਆਂ ਬੁਰਲਸਕੋਨੀ ਨੇ ਕਿਹਾ, "ਮੈਂ ਕੋਈ ਸੰਤ ਨਹੀਂ ਹਾਂ। ਤੁਸੀਂ ਮੈਨੂੰ ਨਹੀਂ ਸਮਝ ਸਕੇ।"

# ਫਾਂਸੀ ਤੋਂ ਪਹਿਲਾਂ ਰੇਪ ਕਰਨ ਦਾ ਇਰਾਨੀ ਕਾਨੂੰਨ

**ਤਹਿਰਾਨ :** ਜੇਲ੍ਹ ਵਿਚ ਬੰਦ ਕੁਆਰੀਆਂ ਕੁੜੀਆਂ ਨਾਲ ਪਹਿਲਾਂ ਬਲਾਤਕਾਰ ਤੇ ਫਿਰ ਫਾਂਸੀ। ਇਰਾਨ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ ਕੁੜੀਆਂ ਨਾਲ ਅਜਿਹਾ ਹੀ ਹੁੰਦਾ ਹੈ, ਕਿਉਂਕਿ ਉਥੋਂ ਦੇ ਧਾਰਮਿਕ ਕਾਨੂੰਨ ਮੁਤਾਬਕ ਕਿਸੇ ਕੁਆਰੀ ਕੁੜੀ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ। ਇਹ ਖੁਲਾਸਾ ਇਕ ਮਿਲੀਸ਼ੀਆ ਸੁਰੱਖਿਆ ਗਾਰਡ ਨੇ ਕੀਤਾ ਹੈ।

ਉਸ ਨੇ ਉਥੋਂ ਦੇ ਇਕ ਅਖਬਾਰ ਨੂੰ ਦੱਸਿਆ ਕਿ ਜਦੋਂ ਉਹ 18 ਸਾਲ ਦਾ ਸੀ ਤਾਂ ਉਸ ਨੂੰ ਜੇਲ੍ਹ ਵਿਚ ਬੰਦ ਫਾਂਸੀ ਦੀ ਸਜ਼ਾ ਪ੍ਰਾਪਤ ਇਕ ਕੁਆਰੀ ਕੁੜੀ ਨਾਲ ਵਿਆਹ ਕਰਵਾਉਣ ਲਈ ਕਿਹਾ ਗਿਆ ਤੇ ਫਿਰ ਉਸ ਨਾਲ ਬਲਾਤਕਾਰ ਕਰਨ ਲਈ ਸਮਾਂ ਦਿੱਤਾ ਗਿਆ। ਉਸ ਨੇ ਇਹ ਵੀ ਦੱਸਿਆ ਕਿ ਅਜਿਹਾ ਇਸ ਲਈ ਕੀਤਾ ਗਿਆ ਕਿ ਇਸਲਾਮੀ ਕਾਨੂੰਨ ਮੁਤਾਬਕ ਕੁਆਰੀ ਕੁੜੀ ਨੂੰ ਫਾਂਸੀ ਦੇਣੀ ਗੈਰ ਕਾਨੂੰਨੀ ਹੈ।

ਕੁਆਰੀਆਂ ਕੁੜੀਆਂ ਨੂੰ ਫਾਂਸੀ ਦੇਣ ਤੋਂ ਇਕ ਦਿਨ ਪਹਿਲਾਂ ਜੇਲ੍ਹ ਦੇ ਕਿਸੇ ਨਾ ਕਿਸੇ ਸੁਰੱਖਿਆ ਗਾਰਡ ਨਾਲ ਜਬਰੀ ਵਿਆਹਿਆ ਜਾਂਦਾ ਹੈ। ਇਸ ਪਿੱਛੋਂ ਕੁੜੀ ਨੂੰ ਉਸ ਨਾਲ ਸਰੀਰਕ ਸੰਬੰਧ ਬਣਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਕੁੜੀ ਨੂੰ ਫਾਂਸੀ ਦੇ ਦਿੱਤੀ ਜਾਂਦੀ ਹੈ।

# ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸੰਬੰਧਾਂ ਬਾਰੇ ਬਹਿਸ ਜਾਰੀ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ :** ਭਾਰਤ ਅਤੇ ਪਾਕਿਸਤਾਨ ਵਿਚਕਾਰ ਗਲਬਾਤ ਨੂੰ ਅੱਤਵਾਦ ਦੇ ਮੁੱਦੇ ਤੋਂ ਮੁਕਤ ਕਰਨ ਜਾਂ ਨਾ ਕਰਨ ਬਾਰੇ ਬਹਿਸ ਜਾਰੀ ਹੈ ਅਤੇ ਇਸ ਮਸਲੇ ਨੂੰ ਲੈ ਕੇ ਦੋਨਾ ਮੁਲਕਾਂ ਦੇ ਆਗੂ ਇਕ ਦੂਜੇ ਬਾਰੇ ਦੋਸ਼ ਪ੍ਰਤੀਦੋਸ਼ ਜਾਰੀ ਕਰ ਰਹੇ ਹਨ। ਉਂਝ ਇਹ ਗੱਲ ਵਿਰੋਧੀ ਧਿਰ ਵੀ ਜਾਣਦੀ ਹੈ ਤੇ ਹਾਕਮ ਧਿਰ ਵੀ ਕਿ ਜੇ ਬਿੱਗ ਬਾਸ (ਅਮਰੀਕਾ) ਗੱਲਬਾਤ ਦੇ ਹੱਕ ਵਿਚ ਹੈ ਤਾਂ ਭਾਵੇਂ ਚੀਂ ਕਰੋ ਭਾਵੇਂ ਪੀਂ ਗੱਲਬਾਤ ਕਰਨੀ ਹੀ ਪੈਣੀ ਹੈ।

ਯਾਦ ਰਹੇ ਮਿਸਰ 'ਚ ਗੁੱਟਨਿਰਲੇਪ ਸੰਮੇਲਨ ਦੌਰਾਨ ਭਾਰਤ-ਪਾਕਿ ਬਾਰੇ ਜਾਰੀ ਕੀਤੇ ਸੰਯੁਕਤ ਬਿਆਨ ਨੂੰ ਲੈ ਕੇ ਆਲੋਚਨਾ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਸੀ ਕਿ ਇਸ ਸਬੰਧ ਵਿਚ ਉਠਾਏ ਗਏ ਸਾਰੇ ਸਵਾਲਾਂ ਦੇ ਉਚਿਤ ਜਵਾਬ ਸਰਕਾਰ ਕੋਲ ਉਪਲਬਧ ਹਨ ਤੇ ਇਹ ਆਉਂਦੇ ਦਿਨਾਂ ਵਿਚ ਸੰਸਦ ਸਾਹਮਣੇ ਰੱਖੇ ਜਾਣਗੇ। ਇਸ ਬਿਆਨ ਨੂੰ ਲੈ ਕੇ ਕਾਂਗਰਸ ਪਾਰਟੀ ਤੇ ਸਰਕਾਰ ਦਰਮਿਆਨ ਪੈਦਾ ਹੋਏ ਮਤਭੇਦ ਦੀ ਗੱਲ ਨੂੰ ਸਿਰੇ ਤੋਂ ਖਾਰਜ ਕਰਦਿਆਂ ਡਾ. ਸਿੰਘ ਨੇ ਇਸ ਨੂੰ ਮੀਡੀਆ ਦੀ ਦੇਣ ਦੱਸਿਆ ਸੀ। ਸਾਂਝੇ ਬਿਆਨ ਵਿਚ ਬਲੋਚਿਸਤਾਨ ਦਾ ਜ਼ਿਕਰ ਕੀਤੇ ਜਾਣ ਤੇ ਦਹਿਸ਼ਤਵਾਦ ਨੂੰ ਸੰਯੁਕਤ ਗੱਲਬਾਤ ਤੋਂ ਵੱਖ ਰੱਖਣ ਦੇ ਸਬੰਧ ਵਿਚ ਪੁੱਛੇ ਗਏ ਇਕ ਸਵਾਲ ਦਾ ਜਵਾਬ ਦਿੰਦਿਆਂ ਡਾ. ਸਿੰਘ ਨੇ ਕਿਹਾ, "ਮੈਂ ਸੰਸਦ 'ਚ ਇਸ ਸਬੰਧੀ ਬਿਆਨ ਦੇ ਚੁੱਕਾ ਹਾਂ ਤੇ ਸੰਸਦ 'ਚ ਮੁੜ ਇਸ ਬਾਰੇ ਚਰਚਾ ਹੋਵੇਗੀ, ਜਿੱਥੇ ਅਸੀਂ ਸਾਰੀ ਸਥਿਤੀ ਸਪੱਸ਼ਟ ਕਰਾਂਗੇ।" ਇਸ ਸਬੰਧ ਵਿਚ ਹੋਰ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਇਨਕਾਰ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਮੈਂ ਬਾਕੀ ਜਵਾਬ ਸੰਸਦ ਵਿਚ ਦੇਵਾਂਗਾ। ਉਨ੍ਹਾਂ ਕਿਹਾ ਕਿ ਜਦੋਂ ਕੋਈ ਗੱਲ ਸੰਸਦ ਵਿਚ ਦੱਸੀ ਜਾਣੀ ਹੈ ਤਾਂ ਉਸ ਬਾਰੇ ਪਹਿਲਾਂ ਜਵਾਬ ਦੇਣਾ ਉਚਿਤ ਨਹੀਂ ਹੋਵੇਗਾ। ਇਸ ਦੌਰਾਨ ਭਾਰਤ ਨੇ ਕਿਹਾ ਹੈ ਕਿ ਬਲੋਚਿਸਤਾਨ ਵਿਚਲੀਆਂ ਦਹਿਸ਼ਤਵਾਦੀ ਕਾਰਵਾਈਆਂ ਵਿਚ ਭਾਰਤ ਦੀ ਸ਼ਮੂਲੀਅਤ ਸਬੰਧੀ ਪਾਕਿਸਤਾਨ ਤੋਂ ਦੋਸ਼ਾਂ ਦਾ ਕੋਈ ਗੁਪਤ ਚਿੱਠਾ ਨਹੀਂ ਮਿਲਿਆ।



ਯੂਸਫ ਰਜ਼ਾ ਗਿਲਾਨੀ

ਭਾਰਤ ਨੇ ਪਾਕਿਸਤਾਨੀ ਮੀਡੀਏ ਵਿਚ ਭਾਰਤ ਦੀ ਸ਼ਮੂਲੀਅਤ ਵਾਲੀਆਂ ਖ਼ਬਰਾਂ ਨੂੰ ਬਿਲਕੁਲ ਹੀ ਗਲਤ ਦੱਸਿਆ ਹੈ, ਜਦੋਂ ਕਿ ਪਾਕਿਸਤਾਨ ਨੇ ਇਸ ਸਬੰਧੀ ਕੋਈ ਚੱਜ ਦਾ ਸਬੂਤ ਪੇਸ਼ ਨਹੀਂ ਕੀਤਾ। ਭਾਰਤ ਨੇ ਇਸ ਗੱਲ ਤੋਂ ਸਾਫ ਤੌਰ 'ਤੇ ਇਨਕਾਰ ਕੀਤਾ ਹੈ ਕਿ ਉਸ ਨੂੰ ਪਾਕਿਸਤਾਨ ਤੋਂ ਅਜਿਹਾ ਕੋਈ ਪੁਲੰਦਾ ਮਿਲਿਆ ਹੈ, ਜਿਸ ਵਿਚ ਉਥੇ ਹੋ ਰਹੇ ਹਮਲਿਆਂ ਵਿਚ ਕਥਿਤ ਤੌਰ 'ਤੇ ਭਾਰਤ ਦਾ ਹੱਥ ਹੋਣ ਦੀ ਗੱਲ ਕਹੀ ਗਈ ਹੋਵੇ। ਜ਼ਿਕਰਯੋਗ ਹੈ ਕਿ ਪਾਕਿਸਤਾਨ ਤੋਂ ਪ੍ਰਕਾਸ਼ਤ ਅਖ਼ਬਾਰ 'ਦੈਨਿਕ ਡੌਨ' ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਗੁੱਟ ਨਿਰਲੇਪ ਦੇਸ਼ਾਂ ਦੀ ਸ਼ਰਮ-ਅਲ-ਸ਼ੇਖ ਵਿਖੇ ਹੋਈ ਮੀਟਿੰਗ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਉਹ ਗੁਪਤ ਦੋਸ਼ ਪੱਤਰ ਸੌਂਪਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਪਾਕਿਸਤਾਨ ਨੂੰ ਵੰਡਣ ਵਾਲੀਆਂ ਕਾਰਵਾਈਆਂ 'ਚ ਭਾਰਤ ਦੀ ਸ਼ਮੂਲੀਅਤ ਸਾਬਤ ਹੋ ਚੁੱਕੀ ਹੈ। ਇਹ ਵੀ ਕਿਹਾ ਗਿਆ ਸੀ ਕਿ ਇਸਲਾਮਾਬਾਦ ਨੇ ਦਿੱਲੀ ਨੂੰ ਪਾਕਿਸਤਾਨੀ ਧਰਤੀ 'ਤੇ ਹੋ ਰਹੀਆਂ ਦਹਿਸ਼ਤਵਾਦੀ ਘਟਨਾਵਾਂ ਵਿਚ ਭਾਰਤ ਦਾ ਹੱਥ ਹੋਣ ਦੇ ਸਬੰਧ ਵਿਚ ਠੋਸ ਸਬੂਤ ਸੌਂਪ ਦਿੱਤੇ ਹਨ। ਇਸ ਵਿਚ ਮਾਰਚ ਦੇ ਮਹੀਨੇ ਵਿਚ ਸ੍ਰੀਲੰਕਾ ਦੀ ਕ੍ਰਿਕਟ ਟੀਮ 'ਤੇ ਹੋਇਆ ਹਮਲਾ ਵੀ ਸ਼ਾਮਲ ਹੈ। ਭਾਰਤੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਨੇ ਕਿਹਾ ਕਿ ਇਹ ਬੇਬੁਨਿਆਦ ਦੋਸ਼ ਹੈ ਅਤੇ ਕਿਸੇ ਮੀਡੀਆ ਰਿਪੋਰਟ 'ਤੇ ਇਸ ਤਰ੍ਹਾਂ ਦੀ ਪ੍ਰਤੀਕਿਰਿਆ ਪ੍ਰਗਟਾਉਣੀ ਠੀਕ ਨਹੀਂ ਹੈ।



ਡਾ. ਮਨਮੋਹਨ ਸਿੰਘ

ਪਾਕਿਸਤਾਨ ਵਲੋਂ ਭਾਰਤ ਨੂੰ ਕਥਿਤ ਰੂਪ ਵਿਚ ਸੌਂਪੇ ਗਏ ਇਹੋ ਜਿਹੇ ਕਿਸੇ ਵੀ ਦਸਤਾਵੇਜ਼ ਦੇ ਦਾਅਵੇ ਨੂੰ ਖਾਰਜ ਕਰਦਿਆਂ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਕਿਹਾ ਕਿ ਮਿਸਰ ਵਿਚ ਅਜਿਹਾ ਕੋਈ ਸ਼ਿਕਾਇਤਾਂ ਵਾਲਾ ਦਸਤਾਵੇਜ਼ ਨਹੀਂ ਸੌਂਪਿਆ ਗਿਆ ਅਤੇ ਇਹ ਪੂਰੀ ਤਰ੍ਹਾਂ ਗਲਤ ਹੈ। ਪ੍ਰਨੀਤ ਕੌਰ ਨੇ ਇਹ ਪੁੱਛੇ ਜਾਣ 'ਤੇ ਕਿ ਕੀ ਅਜਿਹੇ ਦੋਸ਼ ਕਿਸੇ ਵਿਸ਼ੇਸ਼ ਰਣਨੀਤੀ ਦਾ ਨਤੀਜਾ ਹਨ, ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਅੱਗੇ ਵਧਾਉਣ ਦਾ ਇੱਛੁਕ ਹੈ ਤਾਂ ਅਜਿਹੇ ਦੋਸ਼ ਲਗਾਉਣੇ ਠੀਕ ਨਹੀਂ ਹਨ। ਪ੍ਰਧਾਨ ਮੰਤਰੀ ਦਫ਼ਤਰ ਦੇ ਸਰੋਤਾਂ ਨੇ ਵੀ ਸਾਫ ਸ਼ਬਦਾਂ ਵਿਚ ਕਿਹਾ ਹੈ ਕਿ ਪਾਕਿਸਤਾਨ 'ਚ ਹੋ ਰਹੀਆਂ ਵੰਡਵਾਦੀ ਕਾਰਵਾਈਆਂ 'ਚ ਭਾਰਤ ਦੀ ਸ਼ਮੂਲੀਅਤ ਦੇ ਸਬੂਤਾਂ ਬਾਰੇ ਕੋਈ ਗੁਪਤ ਦੋਸ਼ ਪੱਤਰ ਪਾਕਿਸਤਾਨ ਵਲੋਂ ਭਾਰਤ ਨੂੰ ਨਹੀਂ ਦਿੱਤਾ ਗਿਆ। ਸ਼ਸ਼ੀ ਥਰੂਰ ਨੇ ਕਿਹਾ ਕਿ ਭਾਰਤ ਦੀ ਪਾਕਿਸਤਾਨ ਨੂੰ ਅਸਥਿਰ ਕਰਨ ਵਿਚ ਕੋਈ ਦਿਲਚਸਪੀ ਨਹੀਂ ਹੈ।

ਉਨ੍ਹਾਂ ਨੇ ਮੀਡੀਆ 'ਚ ਛਪੀਆਂ ਭਾਰਤ ਵਿਰੋਧੀ ਖ਼ਬਰਾਂ ਨੂੰ ਖਾਰਜ ਕਰ ਦਿੱਤਾ। ਇਸਲਾਮਾਬਾਦ ਵਿਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਬਦੁਲ ਵਾਜਿਦ ਨੇ ਅਜਿਹਾ ਦੋਸ਼ ਪੱਤਰ ਸੌਂਪਣ ਦੀ ਨਾ ਤਾਂ ਕੋਈ ਤਸਦੀਕ ਕੀਤੀ ਹੈ ਅਤੇ ਨਾ ਹੀ ਕੋਈ ਇਨਕਾਰ ਕੀਤਾ ਹੈ। ਉਸ ਨੇ ਗੱਲ ਨੂੰ ਗੋਲ-ਮੋਲ ਕਰਦਿਆਂ ਕਿਹਾ ਕਿ ਇਸ ਬਾਰੇ ਮੈਂ ਜੋ ਵੀ ਕਹਿ ਸਕਦਾ ਹਾਂ ਉਹ ਇਹ ਹੈ ਕਿ ਉਥੇ ਜੋ ਵੀ ਵਿਚਾਰ-ਵਟਾਂਦਰਾ ਹੋਇਆ, ਉਹ ਸਾਂਝੇ ਬਿਆਨ ਵਿਚ ਸ਼ਾਮਲ ਹੈ। ਉਸ ਨੇ ਇਹ ਵੀ ਕਿਹਾ ਕਿ ਇਹ ਖੁਫ਼ੀਆ ਮਾਮਲਾ ਹੈ ਅਤੇ ਪਾਕਿਸਤਾਨ ਨਹੀਂ ਚਾਹੁੰਦਾ ਕਿ ਕਿਸੇ ਅਜਿਹੇ ਨੀਤੀਗਤ ਮਾਮਲੇ ਬਾਰੇ ਜਨਤਾ 'ਚ ਵਿਚਾਰ-ਵਟਾਂਦਰਾ ਕੀਤਾ ਜਾਵੇ।

ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਅਸੀਂ ਬਲੋਚਿਸਤਾਨ ਬਾਰੇ ਚਿੰਤਤ ਹਾਂ ਅਤੇ ਇਹ ਮਸਲਾ ਅਸੀਂ ਸੁਲਝਾਉਣਾ ਚਾਹੁੰਦੇ ਹਨ ਨਾ ਕਿ ਇਸ ਨੂੰ ਜਟਲ ਬਣਾਉਣਾ।

# ਅਮਰੀਕਾ ਤਾਲਿਬਾਨ ਨਾਲ ਗੱਲਬਾਤ ਕਰੇ:ਪਾਕਿਸਤਾਨ ਦਾ ਤਰਲਾ

**ਪਾਕਿਸਤਾਨ ਹੁਣ ਅੱਤਵਾਦੀ ਕਮਾਂਡਰ ਮੁੱਲਾ ਉਮਰ ਅਤੇ ਅਫਗਾਨ ਤਾਲਿਬਾਨਾਂ ਨੂੰ ਪਨਾਹ ਨਹੀਂ ਦੇਵੇਗਾ ਅਤੇ ਆਪਣੀ ਧਰਤੀ ਕਿਸੇ ਨੂੰ ਕਿਸੇ ਦੇ ਵਿਰੁਧ ਵਰਤਣ ਦੀ ਇਜਾਜ਼ਤ ਨਹੀਂ ਦੇਵੇਗਾ – ਸ਼ਾਹ ਮਹਿਮੂਦ ਕੁਰੈਸ਼ੀ**

**ਇਸਲਾਮਾਬਾਦ :** ਆਪਣੇ ਕਾਬਾਈਲੀ ਤਾਲਿਬਾਨਾਂ ਨਾਲ ਲੜਾਈ ਵਿਚ ਹੰਭੇ ਪਾਕਿਸਤਾਨ ਨੇ ਤਰਲਾ ਮਾਰਿਆ ਹੈ ਕਿ ਅੱਤਵਾਦੀ ਹਿੰਸਾ ਤੋਂ ਪੀੜਤ ਕਬਾਇਲੀ ਇਲਾਕਿਆਂ ਅਤੇ ਅਫ਼ਗਾਨਿਸਤਾਨ 'ਚ ਸ਼ਾਂਤੀ ਦੀ ਸਥਾਪਨਾ ਲਈ ਅਮਰੀਕਾ ਅੱਤਵਾਦੀ ਸੰਗਠਨ ਤਾਲਿਬਾਨ ਦੇ ਉਦਾਰਵਾਦੀ ਧੜੇ ਨਾਲ ਗੱਲਬਾਤ ਸ਼ੁਰੂ ਕਰੇ।

ਪਾਕਿਸਤਾਨੀ ਅਖ਼ਬਾਰ 'ਦਿ ਨੇਸ਼ਨ' ਨੇ ਇਕ ਉੱਚ ਪੱਧਰੀ ਕੂਟਨੀਤਕ ਵਸੀਲੇ ਦੇ ਹਵਾਲੇ ਨਾਲ ਦੱਸਿਆ ਕਿ ਪਾਕਿਸਤਾਨ ਅਜਿਹਾ ਸੋਚਦਾ ਹੈ ਕਿ ਅਮਰੀਕਾ ਵਲੋਂ ਅਫ਼ਗਾਨਿਸਤਾਨ 'ਚ ਕੇਵਲ ਫੌਜੀ ਤਾਕਤ ਦੀ ਵਰਤੋਂ ਨਾਲ ਉੱਥੇ ਸਥਾਈ ਅਮਨ ਸਥਾਪਤ ਨਹੀਂ ਕੀਤਾ ਜਾ ਸਕਦਾ। ਇਸ ਲਈ ਤਾਲਿਬਾਨ ਅਤੇ ਅਲਕਾਇਦਾ ਅੰਦਰ ਜਿਹੜੇ ਉਦਾਰਵਾਦੀ ਲੋਕ ਹਨ, ਉਨ੍ਹਾਂ ਨਾਲ ਗੱਲਬਾਤ ਦੀ ਲੋੜ ਹੈ। ਵਸੀਲਿਆਂ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਤਾਲਿਬਾਨ ਨਾਲ ਸਾਊਦੀ ਅਰਬ ਦੀ ਪੱਛਮੀ ਦੇਸ਼ਾਂ ਦੇ ਸਮਰਥਨ ਨਾਲ ਗੱਲਬਾਤ ਜ਼ਿਆਦਾਤਰ ਉਸ ਦੇ ਸਾਬਕਾ ਆਗੂਆਂ ਨਾਲ ਕੀਤੀ ਗਈ ਹੈ, ਪਰ ਮੌਜੂਦਾ ਆਗੂ ਜਿਹੜੇ ਪਾਕਿਸਤਾਨ ਦੇ ਕਬਾਇਲੀ ਇਲਾਕਿਆਂ ਅਤੇ ਅਫ਼ਗਾਨਿਸਤਾਨ 'ਚ ਸ਼ਾਂਤੀ ਸਥਾਪਤ ਕਰ ਸਕਦੇ ਹਨ, ਉਨ੍ਹਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਤਾਲਿਬਾਨ ਅੰਦਰ ਕੁਝ ਅਜਿਹੇ ਲੋਕ ਹਨ, ਜਿਨ੍ਹਾਂ ਨਾਲ ਮਿਲ ਕੇ ਗੱਲਬਾਤ ਕੀਤੀ ਜਾ ਸਕਦੀ ਹੈ, ਪਰ ਉਹ ਆਪਣੀ ਪਛਾਣ ਜ਼ਾਹਰ ਨਹੀਂ ਕਰਨਾ ਚਾਹੁੰਦੇ। ਸੂਤਰਾਂ ਅਨੁਸਾਰ ਤਾਲਿਬਾਨ ਅੰਦਰ ਕਈ ਅਜਿਹੇ ਲੋਕ ਮੌਜੂਦ ਹਨ, ਜਿਹੜੇ ਇਹ ਮੰਨਦੇ ਹਨ ਕਿ ਅਮਰੀਕਾ ਦੀ ਫ਼ੌਜ ਨੇ ਅਫ਼ਗਾਨਿਸਤਾਨ 'ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਤਾਲਿਬਾਨ 'ਯੋਧੇ' ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਲੜਾਈ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਕੋਈ ਅੱਤਵਾਦੀ ਹਥਿਆਰ ਛੱਡ ਕੇ ਗੱਲਬਾਤ ਦੀ ਪ੍ਰਕਿਰਿਆ 'ਚ ਸ਼ਾਮਲ ਹੋਣਾ ਚਾਹੁੰਦਾ ਹੈ, ਤਾਂ ਉਸ ਨਾਲ ਗੱਲਬਾਤ 'ਚ ਕੋਈ ਨੁਕਸਾਨ ਨਹੀਂ ਹੈ।



ਸ਼ਾਹ ਮਹਿਮੂਦ ਕੁਰੈਸ਼ੀ

ਇਸ ਦੌਰਾਨ ਪਾਕਿਸਤਾਨੀ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਪਾਕਿਸਤਾਨ ਹੁਣ ਅੱਤਵਾਦੀ ਕਮਾਂਡਰ ਮੁੱਲਾ ਉਮਰ ਅਤੇ ਅਫਗਾਨ ਤਾਲਿਬਾਨਾਂ ਨੂੰ ਪਨਾਹ ਨਹੀਂ ਦੇਵੇਗਾ ਅਤੇ ਆਪਣੀ ਧਰਤੀ ਕਿਸੇ ਨੂੰ ਕਿਸੇ ਦੇ ਵਿਰੁਧ ਵਰਤਣ ਦੀ ਇਜਾਜ਼ਤ ਨਹੀਂ ਦੇਵੇਗਾ।

ਵਿਦੇਸ਼ ਮੰਤਰੀ ਸ਼ਾਹ ਮਹਿਸੂਦ ਕੁਰੈਸ਼ੀ ਨੇ ਕਿਹਾ ਕਿ ਅਸੀਂ ਸਪੱਸ਼ਟ ਕਰਦੇ ਹਾਂ ਕਿ ਸਾਨੂੰ ਸਾਰੇ ਅਨਸਰਾਂ ਨਾਲ ਨਜਿੱਠਣਾ ਪਵੇਗਾ, ਜਿਹੜੇ ਪਾਕਿਸਤਾਨੀ ਸਰਕਾਰ ਲਈ ਚੁਣੌਤੀ ਹਨ ਅਤੇ ਜਿਹੜੇ ਪਾਕਿਸਤਾਨ ਅਤੇ ਹੋਰ ਥਾਵਾਂ ਨੂੰ ਅਸੁਰੱਖਿਅਤ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਨਹੀਂ ਚਾਹੁੰਦੇ ਕਿ ਕੋਈ ਸਾਡੀ ਧਰਤੀ, ਸਾਡੇ ਦੇਸ਼ ਨੂੰ ਕਿਸੇ ਹੋਰ ਵਿਰੁਧ ਵਰਤੇ। ਕੁਰੈਸ਼ੀ ਨੇ ਇਹ ਵੀ ਕਿਹਾ ਕਿ ਚੰਗੇ ਅੱਤਵਾਦੀ ਅਤੇ ਮਾੜੇ ਅੱਤਵਾਦੀਆਂ ਵਿਚਾਲੇ ਕੋਈ ਫਰਕ ਨਹੀਂ ਹੈ। ਉਹ ਸਾਰਿਆਂ ਲਈ ਸਮੱਸਿਆਵਾਂ ਖੜੀਆਂ ਕਰਦੇ ਹਨ, ਉਨ੍ਹਾਂ ਸਾਡਾ ਚੌਗਿਰਦਾ ਅਸੁਰੱਖਿਅਤ ਬਣਾ ਰੱਖਿਆ ਹੈ ਅਤੇ ਉਹ ਜਿੱਥੇ ਵੀ ਹੋਣਗੇ, ਅਸੀਂ ਉਨ੍ਹਾਂ ਨੂੰ ਖਤਮ ਕਰ ਦੇਵਾਂਗੇ।

**ਸ਼ਰਤਾਂ ਸਮੇਤ ਫੌਜੀ ਸਹਾਇਤਾ ਮਨਜ਼ੂਰ :** ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਫੌਜੀ ਸਹਾਇਤਾ ਦਾ ਇਸਤੇਮਾਲ ਅਸਲ ਵਿਚ ਅਲ ਕਾਇਦਾ ਅਤੇ ਤਾਲਿਬਾਨ ਨਾਲ ਲੜਨ ਲਈ ਨਿਸ਼ਚਤ ਕੀਤਾ ਜਾਵੇ। ਇਸ ਸੋਧ ਦੇ ਨਾਲ ਅਮਰੀਕੀ ਸੈਨੇਟ ਨੇ ਦੇਸ਼ ਦੇ ਰੱਖਿਆ ਬਜਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਦੋਵੇਂ ਪਾਰਟੀਆਂ ਵਲੋਂ ਲਿਆਂਦੇ ਗਏ ਇਸ ਸੋਧ ਬਿੱਲ ਨੂੰ ਡੈਮੋਕਰੇਟ ਰਾਬਰਟ ਮੈਨਿਨਡੇਜ਼ ਅਤੇ ਰਿਪਬਲਿਕਨ ਬਾਬ ਕੋਰਕਰ ਨੇ ਪੇਸ਼ ਕੀਤਾ।

ਇਸ ਦੇ ਅਨੁਸਾਰ ਪਾਕਿਸਤਾਨ ਨੂੰ ਫੌਜੀ ਸਹਾਇਤਾ ਅਤੇ ਕਲਿੰਟਨ ਸਹਾਇਤਾ ਫੰਡ ਵਿਚੋਂ ਧਨ ਦੇਣ ਤੋਂ ਪਹਿਲਾਂ ਵਿਦੇਸ਼ ਅਤੇ ਰੱਖਿਆ ਮੰਤਰੀ ਨੂੰ ਇਹ ਸਬੂਤ ਦੇਣਾ ਹੋਵੇਗਾ ਕਿ ਇਹ ਦੇਸ਼ ਦੇ ਸੁਰੱਖਿਆ ਹਿੱਤਾਂ ਲਈ ਜ਼ਰੂਰੀ ਹੈ ਅਤੇ ਇਸ ਨਾਲ ਖੇਤਰ ਵਿਚ ਸ਼ਕਤੀ ਸੰਤੁਲਨ 'ਤੇ ਕੋਈ ਅਸਰ ਨਹੀਂ ਪਵੇਗਾ। ਮੈਨਿਨਡੇਜ਼ ਨੇ ਕਿਹਾ ਕਿ 8 ਵਰ੍ਹਿਆਂ ਦੌਰਾਨ ਕਰੀਬ 7 ਅਰਬ ਡਾਲਰ ਦੀ ਅਮਰੀਕੀ ਸਹਾਇਤਾ ਦੇ ਬਾਵਜੂਦ ਪਾਕਿਸਾਤਨੀ ਫੌਜਾਂ ਸਰਹੱਦ 'ਤੇ ਤਾਲਿਬਾਨ ਅਤੇ ਅਲ ਕਾਇਦਾ ਦੇ ਮੁੜ ਤੋਂ ਜਥੇਬੰਦਕ ਹੋਣ ਨੂੰ ਰੋਕ ਨਹੀਂ ਸਕੀਆਂ।


ਰੇਡੀਓ ਪ੍ਰੋਗਰਾਮ ਰੌਣਕ ਮੇਲਾ ਦੁਨੀਆ ਭਰ ਵਿਚ ਇੰਟਰਨੈਟ 'ਤੇ ਕਿਸੇ ਵੀ ਵੇਲੇ ਸੁਣਿਆ ਜਾ ਸਕਦਾ ਹੈ।

www.Raunkmela.com

Enjoy Live Radio Show

Every Sun: 9am-9.30am (Central Time)

on 1590AM

or on Internet.

Since 1983



ਮੇਜ਼ਬਾਨ: ਪੰਮੀ ਗਿਲ



**Loose Weight Feel Great !**

*Natural *Guaranteed *Doctor Recommended

**ਮੋਟਾਪਾ**

ਦੁਖੀ ਨਾ ਹੋਵੋ, ਕੁਦਰਤੀ ਤਰੀਕੇ ਨਾਲ ਇਸ ਤੋਂ ਛੁਟਕਾਰਾ ਪਾਓ

ਕੁਦਰਤੀ ਹਰਬਲ Products ਨਾਲ ਤੁਸੀਂ ਆਪਣਾ ਭਾਰ ਘਟਾ ਸਕਦੇ ਹੋ ਜਿਨ੍ਹਾਂ ਦੇ Side Benefits ਨਾਲ ਤੁਸੀਂ ਆਪਣੀਆਂ ਬਿਮਾਰੀਆਂ ਘਟਾ ਜਾਂ ਖਤਮ ਕਰ ਸਕਦੇ ਹੋ।
ਹੋਰ ਜਾਣਕਾਰੀ ਲਈ ਕਾਲ ਕਰੋ

IQBAL KAUR
Ph: 708-444-0554



**CUSTOM CARPENTRY**

ਪਿਛਲੇ ਤੀਹ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਸ਼ਿਕਾਗੋਲੈਂਡ ਵਿਚ ਨਵੇਂ ਘਰ, ਰੂਮ ਅਡੀਸ਼ਨ, ਨਵੀਂ ਕਿਚਨ, ਨਵੇਂ ਵਾਸ਼ਰੂਮ, ਸਾਈਡਿੰਗ ਤੇ ਰੀਕਰੀਏਸ਼ਨ ਰੂਮ, ਨਵੀਂ ਡੈਕੋਰੇਸ਼ਨ ਵਗੈਰਾ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ।

ਅਸੀਂ ਇੰਸ਼ੋਰੈਂਸ ਕਲੇਮ ਵੀ ਕਰਦੇ ਹਾਂ

GIAN SINGH SEEHRA
Ph: 630-841-6537



ਗਿਆਨ ਸਿੰਘ ਸੀਹਰਾ

## ਵਿਚਾਰ-ਚਰਚਾ

# ਸ਼ਬਦ, ਇਲਹਾਮ, ਭਗਤ ਬਾਣੀ ਆਦਿ

**ਡਾ. ਹਰਭਜਨ ਸਿੰਘ**

***ਕਾਫੀ ਸਮਾਂ ਪਹਿਲਾਂ ਅਸੀਂ ਇਨ੍ਹਾਂ ਕਾਲਮਾਂ ਵਿਚ ਡਾ. ਹਰਭਜਨ ਸਿੰਘ ਦਾ ਲੇਖ ਮਹਿਬੂਬ ਦਾ ਇਸਲਾਮੀ ਉਲਾਰ ਛਾਪਿਆ ਸੀ ਜਿਸ ਦੇ ਪ੍ਰਤੀਕ੍ਰਮ ਵਿਚ ਇਕ ਲੰਮਾ ਲੇਖ ਡਾ. ਗੁਰਤਰਨ ਸਿੰਘ ਹੋਰਾਂ ਨੇ ਲਿਖਿਆ ਸੀ। ਉਸੇ ਲੇਖ ਦੇ ਜਵਾਬ ਵਿਚ ਡਾ. ਹਰਭਜਨ ਸਿੰਘ ਹੋਰਾਂ ਦਾ ਇਹ ਲੇਖ ਹੈ। ਅਸੀਂ ਇਹ ਲੇਖ ਵਿਚਾਰਾਂ ਦਾ ਇਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪ ਰਹੇ ਹਾਂ। -ਸੰਪਾਦਕ***

ਕੁਝ ਸਮੇਂ ਤੋਂ ਮੈਂ ਆਪਣੇ ਇਕ ਪਰਮ ਮਿਤਰ ਦੇ ਸਾਹਿਤਕ ਕਰਜ਼ ਦਾ ਭਾਰ ਸਿਰ ਉਤੇ ਚੁਕੀ ਵਿਚਰ ਰਿਹਾ ਸਾਂ। ਬੋਝ ਵਾਰ-ਵਾਰ ਮਹਿਸੂਸ ਹੁੰਦਾ ਸੀ, ਪਰ ਦੋ ਕਾਰਨਾਂ ਕਰ ਕੇ ਇਸ ਨੂੰ ਚੁਕਣ ਵਾਸਤੇ ਮਜ਼ਬੂਰ ਸਾਂ। ਪਹਿਲਾ ਕਾਰਨ ਸਮੇਂ ਦੀ ਘਾਟ ਸੀ। ਦੂਜਾ ਕਾਰਨ ਇਕ ਬਹੁਤ ਸੁਲਝੇ ਸੁਹਿਰਦ ਵਿਅਕਤੀ ਨੇ ਕਿਸੇ ਸੰਤ-ਬਚਨ ਤੋਂ ਪ੍ਰਮਾਣਿਤ ਸਲਾਹ ਦਿੱਤੀ ਸੀ ਕਿ ਪ੍ਰਤੀਕ੍ਰਿਆ ਕਦੇ ਤੁਰੰਤ ਨਾ ਦਿਓ। ਜਿਤਨਾ ਰੁਕ ਜਾਓਗੇ, ਉਤਨੀ ਸੰਭਲੀ ਹੋਈ ਪ੍ਰਤੀਕ੍ਰਿਆ ਦੇਣ ਦੇ ਸਮਰਥ ਹੋ ਜਾਓਗੇ। ਪਹਿਲੀ ਮਜ਼ਬੂਰੀ ਤਾਂ ਅਜੇ ਵੀ ਨਾਲ ਹੈ ਕਿ ਰੁਝੇਵੇਂ ਬਹੁਤ ਹਨ। ਦੂਜੀ ਜੋ ਨੇਕ ਸਲਾਹ ਸੀ, ਉਸ ਦੀ ਚੰਗਿਆਈ ਆਪਣੀ ਸਮਰਥਾ ਅਤੇ ਯੋਗਤਾ ਅਨੁਸਾਰ ਗ੍ਰਹਿਣ ਕਰਨ ਦਾ ਯਤਨ ਕੀਤਾ ਹੈ। ਹੁਣ ਮਨ ਪਹਿਲਾਂ ਨਾਲੋਂ ਸੰਤੁਲਿਤ ਹੈ, ਸਹਿਜ ਦਾ ਕੁਝ ਸੰਗ ਪ੍ਰਾਪਤ ਹੈ, ਕ੍ਰੋਧ ਦਾ ਪੂਰਨ ਅਭਾਵ ਹੈ ਅਤੇ ਪ੍ਰਤੀਕਰਮ ਵਿਚ ਵੈਰ-ਭਾਵ ਦੀ ਸੰਭਾਵਨਾ ਉਛਾਲੇ ਨਹੀਂ ਮਾਰਦੀ।

ਮੇਰੇ ਵਿਰੁਧ ਲਿਖੇ ਕਟੁ-ਬਚਨਾਂ ਵਿਚੋਂ ਮੈਨੂੰ ਦੁਸ਼ਮਣੀ ਨਹੀਂ, ਮਿਤਰਤਾ ਹੀ ਨਜ਼ਰ ਆਉਂਦੀ ਹੈ। ਜੋ ਬਚਨ ਪਹਿਲਾਂ ਕਿਸੇ ਕੱਟਰ ਵਿਰੋਧੀ ਦੇ ਜਾਪਦੇ ਸਨ, ਉਹ ਹੁਣ ਮਿਤਰ ਦੇ ਲਗਦੇ ਹਨ। ਪ੍ਰਤੀਕਰਮ ਵਿਚ ਨਾ ਕੋਈ ਤਲਖੀ ਆਈ ਹੈ, ਨਾ ਕਿਸੇ ਕਿਸਮ ਦਾ ਨਿਜੀ ਵਿਰੋਧ। ਹੁਣ ਮਨ ਇਹ ਕਹਿਣ ਦੀ ਸਥਿਤੀ ਵਿਚ ਹੈ ਕਿ ਜਿਵੇਂ ਲਿਖਣ-ਬੋਲਣ ਲਈ ਮੈਂ ਆਜ਼ਾਦ ਹਾਂ, ਉਸੇ ਤਰ੍ਹਾਂ ਹਰ ਵਿਅਕਤੀ ਨੂੰ ਲਿਖਣ ਦੀ ਪੂਰੀ ਸੁਤੰਤਰਤਾ ਹੈ। ਫਿਰ ਵੀ ਵਾਕ-ਯੁਧ ਵਿਚ ਕ੍ਰਿਤਘਣ ਦਾ ਪੂਰਨ ਅਭਾਵ ਹੋਵੇ, ਇਹ ਸ਼ਾਇਦ ਸੰਭਵ ਨਹੀਂ। ਅਜਿਹੀ ਕ੍ਰਿਤਘਣ ਅਤੇ ਅਸ਼ਿਸ਼ਟਾਚਾਰ ਲਈ ਮੈਂ ਪਹਿਲਾਂ ਹੀ ਡਾ. ਗੁਰਤਰਨ ਸਿੰਘ ਅਤੇ ਪਾਠਕਾਂ ਤੋਂ ਮੁਆਫ਼ੀ ਮੰਗ ਲੈਂਦਾ ਹਾਂ।

ਅਸਲ ਵਿਚ ਬਹੁਤ ਸਾਲ ਪਹਿਲਾਂ ਮੈਂ ਇਕ ਲੇਖ 'ਹਰਿੰਦਰ ਸਿੰਘ ਮਹਿਬੂਬ ਦਾ ਇਸਲਾਮਿਕ ਉਲਾਰ' ਲਿਖਿਆ ਸੀ। ਕੁਝ ਸਮਾਂ ਬਾਅਦ ਕਿਸੇ ਮਿਤਰ ਨੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਇਕ ਪੱਤਰ ਵਿਖਾਇਆ, ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਹਰਪਾਲ ਸਿੰਘ ਪਨੂੰ ਅਤੇ ਡਾ. ਹਰਭਜਨ ਸਿੰਘ ਮੇਰੇ ਜਾਨੀ ਦੁਸ਼ਮਣ ਹਨ। ਮੈਨੂੰ ਇਹ ਪੜ੍ਹ ਕੇ ਅਫ਼ਸੋਸ ਹੋਇਆ ਅਤੇ ਮੈਂ ਇਕ ਪੱਤਰ ਲਿਖ ਕੇ 'ਮਹਿਬੂਬ' ਜੀ ਨੂੰ ਬੇਨਤੀ ਕੀਤੀ ਕਿ ਤੁਹਾਡੇ ਵਿਚਾਰਾਂ ਨਾਲ ਮੇਰੀ ਅਸਹਿਮਤੀ ਤੋਂ ਭਾਵ ਇਹ ਨਹੀਂ ਕਿ ਮੈਂ ਤੁਹਾਡੀ ਜ਼ਾਤ ਦਾ ਵਿਰੋਧੀ ਹਾਂ। ਵਿਚਾਰਧਾਰਾ ਦੇ ਵਖਰੇਵੇਂ ਕਾਰਨ ਮੇਰੇ ਮਨ ਵਿਚ ਕਿਸੇ ਵਿਅਕਤੀਗਤ ਵਿਰੋਧ ਦਾ ਰੰਚਕ-ਮਾਤਰ ਵੀ ਭਾਵ ਨਹੀਂ ਹੈ। ਪਤਾ ਨਹੀਂ ਇਹ ਪੱਤਰ ਉਨ੍ਹਾਂ ਨੂੰ ਮਿਲਿਆ ਕਿ ਨਹੀਂ, ਪਰ ਮੈਂ ਮਨ ਬਣਾਇਆ ਕਿ ਅਜਿਹੇ ਭਾਵੁਕ ਵਿਅਕਤੀ ਦੀਆਂ ਲਿਖਤਾਂ ਬਾਰੇ ਕੁਝ ਵੀ ਲਿਖਣਾ ਅਨੁਚਿਤ ਹੈ।

ਮੇਰਾ ਉਹੋ ਪੁਰਾਣਾ ਲੇਖ 'ਪੰਜਾਬ ਟਾਈਮਜ਼' ਨੇ ਪਿਛਲੇ ਸਾਲ ਜੂਨ ਦੇ ਅੰਕ ਵਿਚ ਪੁਨਰ-ਪ੍ਰਕਾਸ਼ਿਤ ਕਰ ਦਿੱਤਾ। ਉਸ ਦੇ ਪ੍ਰਤੀਕਰਮ ਵਜੋਂ ਮੇਰੇ ਪਿਆਰੇ ਮਿਤਰ ਡਾ. ਗੁਰਤਰਨ ਸਿੰਘ ਜੀ, ਜੋ ਮਹਿਬੂਬ ਸਾਹਿਬ ਨੂੰ ਸਭ ਧਰਮਾਂ ਦੇ ਧਰਮ-ਦਰਸ਼ਨ, ਧਰਮ-ਸ਼ਾਸਤਰ, ਇਤਿਹਾਸ ਅਤੇ ਧਰਮ ਗ੍ਰੰਥਾਂ ਦਾ ਮੂਲ-ਪ੍ਰਕਾਸ਼ਕ ਮੰਨ ਕੇ ਉਨ੍ਹਾਂ ਨੂੰ ਧਰਤੀ ਉਤੇ ਵਿਚਰਦੇ ਆਦਿ-ਗਿਆਨ ਦਾ ਮੂਲ ਕਾਰਨ ਮੰਨਦੇ ਹਨ, ਨੇ ਕੁਝ ਤਲਖੀ ਵਿਚ ਇਕ ਲੇਖ ਲਿਖਿਆ ਸੀ। ਡਾ. ਗੁਰਤਰਨ ਸਿੰਘ ਅਤੇ ਮਹਿਬੂਬ ਦੇ ਸੰਬੰਧਾਂ ਬਾਰੇ ਮੈਨੂੰ ਪੰਜਾਬੀ ਯੂਨੀਵਰਸਿਟੀ ਤੋਂ ਰਿਟਾਇਰ ਹੋਏ ਸੀਨੀਅਰ ਵਿਦਵਾਨ ਡਾ. ਬਲਕਾਰ ਸਿੰਘ ਦੀ ਇਹ ਟਿਪਣੀ ਹਮੇਸ਼ਾ ਯਾਦ ਰਹਿੰਦੀ ਹੈ- "ਮਹਿਬੂਬ ਦੇ ਸਨਮਾਨ ਨੂੰ ਤਦੋਂ ਤਕ ਕੋਈ ਵਡਾ ਖ਼ਤਰਾ ਨਹੀਂ, ਜਦੋਂ ਤਕ ਉਹ ਗੁਰਤਰਨ ਦੀ ਪ੍ਰਸ਼ੰਸਾ ਤੋਂ ਬਚਿਆ ਰਹੇਗਾ।" ਸਿਆਣਿਆਂ ਦੀਆਂ ਸਿਆਣੀਆਂ ਗੱਲਾਂ। ਇਸ ਲੇਖ ਵਿਚ ਉਹੋ ਕੁਝ ਪ੍ਰਤੱਖ ਸਚ ਦਾ ਰੂਪ ਧਾਰਨ ਕਰ ਕੇ ਵਾਪਰਿਆ ਹੈ। ਜਿਸ ਇਸਲਾਮਿਕ ਉਲਾਰ ਬਾਰੇ ਮੈਂ ਪ੍ਰਸ਼ਨ ਉਠਾਇਆ ਸੀ, ਉਸ ਨੂੰ ਪੂਰੇ ਜੋਬਨ ਤਕ ਡਾ. ਗੁਰਤਰਨ ਸਿੰਘ ਦੇ ਇਸ ਲੇਖ ਨੇ ਪਹੁੰਚਾ ਦਿੱਤਾ ਹੈ। ਜਿਸ ਭਗਤ-ਬਾਣੀ ਬਾਰੇ ਮਹਿਬੂਬ ਡਰਦਾ ਹੋਇਆ ਕਹਿੰਦਾ ਸੀ "ਜੇ ਮੈਂ 'ਕਬੀਰ' ਸਾਹਿਬ ਵਰਗੇ ਭਗਤਾਂ ਦੀ ਨਿੰਦਿਆ ਕੀਤੀ ਹੈ, ਤਾਂ ਕਈ ਥਾਂਈਂ ਪ੍ਰਸ਼ੰਸਾ ਵੀ ਕੀਤੀ ਹੈ" ਉਸ ਦੀ ਘਟੀਆ-ਘਟੀਆ ਪ੍ਰਮਾਣਾਂ ਦੁਆਰਾ ਵਿਆਪਕ ਨਿੰਦਿਆ ਆਪ ਕਰ ਕੇ ਗੁਰਤਰਨ ਸਿੰਘ ਨੇ ਉਸ ਦਾ ਮਾਰੂ ਭਾਰ ਮਹਿਬੂਬ ਜੀ ਦੇ ਸਿਰ ਪਾ ਦਿੱਤਾ ਹੈ।

ਅਗਲੇ ਪੰਨਿਆਂ 'ਤੇ ਮੈਂ ਡਾ. ਗੁਰਤਰਨ ਸਿੰਘ ਦੇ ਇਸ ਲੇਖ ਦੀ ਸੰਖਿਪਿਤ ਸਮੀਖਿਆ ਅਤੇ ਉਸ ਦਾ ਯੁਕਤੀ-ਸੰਗਤ ਉਤਰ ਦੇਣ ਦਾ ਯਤਨ ਕਰ ਰਿਹਾ ਹਾਂ। ਉਸ ਵਿਚ ਕਿਤਨਾ ਕੁ ਸਫਲ ਹੁੰਦਾ ਹਾਂ, ਇਸ ਸੰਬੰਧੀ ਮੈਂ ਕੋਈ ਦਾਅਵਾ ਨਹੀਂ ਕਰ ਸਕਦਾ, ਕਿਉਂਕਿ ਇਹ ਅਧਿਕਾਰ-ਖੇਤਰ ਪਾਠਕ ਦਾ ਹੈ। ਪ੍ਰਸੰਗ ਵਾਸਤੇ ਮਹਿਬੂਬ ਸਾਹਿਬ ਦੀ ਰਚਨਾ ਬਾਰੇ ਟਿਪਣੀਆਂ ਆਉਣੀਆਂ ਸੁਭਾਵਿਕ ਹਨ, ਪਰ ਉਨ੍ਹਾਂ ਦਾ ਜਾਂ ਕਿਸੇ ਹੋਰ ਦਾ ਵੀ ਅਪਮਾਨ ਕਰਨ ਦਾ ਮੇਰੇ ਮਨ ਵਿਚ ਤਿਲ-ਮਾਤਰ ਵੀ ਭਾਵ ਨਹੀਂ ਹੈ।

ਹਰਿੰਦਰ ਸਿੰਘ ਮਹਿਬੂਬ, ਜਿਸ ਨੂੰ ਗੁਰਤਰਨ ਸਿੰਘ ਧਰਤੀ ਦਾ ਸਦੀਵਕਾਲ ਭਾਰ ਝਲਣ ਵਾਲੇ ਚਾਲੀ ਕੁਰਾਨ-ਉਪਜਿਤ ਮਾਨਵ ਰੂਪੀ ਥੰਭਾਂ ਵਿਚ ਸ਼ਾਮਿਲ ਕਰ ਕੇ ਸਦਜੁਗੀ ਅਵਤਾਰੀ ਪੁਰਸ਼ ਸਥਾਪਿਤ ਕਰਦਿਆਂ, ਉਸ ਬਾਰੇ ਲਿਖਦਾ ਹੈ, "ਹਰਿੰਦਰ ਸਿੰਘ ਮਹਿਬੂਬ ਸਿੱਖ ਕੌਮ ਦੇ ਉਨ੍ਹਾਂ ਚਾਲ੍ਹੀ ਸਿੱਖਾਂ ਵਿਚੋਂ ਇਕ ਹਨ ਜਿਹੜੇ ਚਮਕੌਰ ਦੀ ਗੜ੍ਹੀ ਅਤੇ ਚਾਲੀ ਮੁਕਤਿਆਂ ਦੇ ਰੂਪ ਵਿਚ ਗੁਰੂ ਦੇ ਨਾਲ ਰਹੇ ਅਤੇ ਅੱਜ ਵੀ ਇਹ ਗਿਣਤੀ ਕਾਇਮ ਹੈ। ਪ੍ਰੰਤੂ ਇਹ ਚਾਲੀ ਚੁਣੇ ਹੋਏ ਬੰਦਿਆਂ ਦੀ ਪੇਸ਼ੀਨਗੋਈ ਵੀ ਕੁਰਾਨ ਵਿਚ ਹੀ ਮਿਲਦੀ ਹੈ, ਜੋ ਕਿ ਗੁਰੂ ਸਾਹਿਬਾਨ ਤੇ ਪਹੁੰਚ ਕੇ ਹੀ ਅਸਲ ਵਿਚ ਪੂਰੀ ਉਤਰਦੀ ਹੈ। ਕੁਰਾਨ ਵਿਚ ਲਿਖਿਆ ਹੈ[1] ਕਿ ਧਰਤੀ ਤੇ ਕਿੰਨਾ ਵੀ ਪਤਨ ਆ ਜਾਵੇ, ਇਸ ਉਪਰ ਰੱਬ ਵਲੋਂ ਚੁਣੇ ਚਾਲੀ ਬੰਦਿਆਂ ਦਾ ਆਸਰਾ ਸਦਾ ਰਹੇਗਾ।" ਡਾ. ਗੁਰਤਰਨ ਸਿੰਘ ਦੇ ਉਪਰੋਕਤ ਕਥਨ ਤੋਂ ਇਹ ਸਿਧ ਹੁੰਦਾ ਹੈ ਕਿ ਚਮਕੌਰ ਦੀ ਗੜ੍ਹੀ ਦੇ ਚਾਲੀ ਬੀਰ ਸਿੱਖ ਅਤੇ ਮੁਕਤਸਰ ਦੇ ਚਾਲੀ ਮੁਕਤੇ ਗੁਰੂ-ਬਲ ਦੇ ਆਸਰੇ ਬਲਵਾਨ ਨਹੀਂ ਸਨ, ਸਗੋਂ ਕੁਰਾਨ ਦੀ ਆਤਮਾ ਵਿਚੋਂ ਪੈਦਾ ਹੋਏ ਸਨ ਅਤੇ ਸਿੱਖ ਧਰਮ ਦਾ ਆਗਮਨ ਕੁਰਾਨ ਸ਼ਰੀਫ਼ ਦੇ ਸਿਧਾਂਤਾਂ ਦੀ ਪੂਰਤੀ ਵਾਸਤੇ ਹੀ ਹੋਇਆ ਹੈ। ਗੁਰਤਰਨ ਸਿੰਘ ਬਹੁਤ ਸਪਸ਼ਟ ਕਹਿੰਦਾ ਹੈ ਕਿ ਸਿੱਖ ਧਰਮ ਉਨ੍ਹਾਂ ਧਾਰਮਿਕ ਕਦਰਾਂ-ਕੀਮਤਾਂ ਨੂੰ ਜੋਬਨ 'ਤੇ ਪਹੁੰਚਾਉਣ ਵਾਸਤੇ ਹੈ, ਜੋ ਕੁਰਾਨ ਦੁਆਰਾ ਧਰਤੀ ਉਤੇ ਅਵਤ੍ਰਿਤ ਹੋਈਆਂ ਸਨ। ਗੁਰਤਰਨ ਦੀ ਇਸ ਧਾਰਨਾ ਦਾ ਮੈਂ ਕਦੇ ਵੀ ਸਮਰਥਨ ਨਹੀਂ ਕਰ ਸਕਦਾ, ਕਿਉਂਕਿ ਮੇਰੀ ਧਾਰਨਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਧਰਤੀ ਉਤੇ ਅਵਤ੍ਰਿਤ ਹੋਇਆ ਸਿੱਖ ਪੰਥ ਅਸਲੋਂ ਨਵੀਨ ਅਤੇ ਨਿਵੇਕਲੀ ਵਿਚਾਰਧਾਰਾ ਉਤੇ ਆਸ਼੍ਰਿਤ ਹੈ। ਉਸ ਕੋਲ ਕਿਸੇ ਪੰਥ ਦੀ ਉਧਾਰੀ ਲਈ ਕੋਈ ਵਸਤੂ ਨਹੀਂ, ਭਾਵੇਂ ਸਾਰੇ ਧਰਮਾਂ ਦਾ ਮੂਲ-ਆਧਾਰ ਸੱਚ ਅਤੇ ਇਸ ਤੋਂ ਉਪਜਿਆ ਸੱਚ-ਆਚਾਰ ਹਮੇਸ਼ਾ ਇਕੋ ਹੀ ਰਿਹਾ ਹੈ।

ਮਹਿਬੂਬ ਦੀ ਵਿਦਿਆ ਦੇ ਮਹਾਨ ਪ੍ਰਕਾਸ਼ ਤੋਂ ਦੋ ਜਹਾਨ ਰੋਸ਼ਨ ਹੋਣ ਸੰਬੰਧੀ ਡਾ. ਗੁਰਤਰਨ ਸਿੰਘ ਕਹਿੰਦੇ ਹਨ, "ਉਸਨੇ ਵਿਸ਼ਵ ਦੇ ਹਰ ਇਤਿਹਾਸਕਾਰ ਦੀ ਵੱਖ ਵੱਖ ਧਰਮਾਂ ਨੂੰ ਸਮਝਣ ਪ੍ਰਤੀ ਸਹੀ ਅਤੇ ਅਧੂਰੀ ਦ੍ਰਿਸ਼ਟੀ ਨੂੰ ਦਲੀਲਾਂ ਸਹਿਤ ਬੇਨਕਾਬ ਕੀਤਾ ਹੈ। ਟਾਲਸਟਾਏ, ਪਾਸਤਰਨਾਕ, ਵਿਕਟਰ ਹਿਊਗੋ, ਆਰਨਲਡ ਟੋਆਇਨਬੀ ਅਤੇ ਗੁਡਬਿਨ ਜਿਹੇ ਦਾਨਸ਼ਮੰਦ ਇਤਿਹਾਸਕਾਰਾਂ ਦੀ ਇਤਿਹਾਸ ਪ੍ਰਤੀ ਕਿਥੋਂ ਤਕ ਦ੍ਰਿਸ਼ਟੀ ਸਹੀ ਅਤੇ ਕਿਥੇ ਜਾ ਕੇ ਇਤਿਹਾਸਕ ਘਟਨਾਵਾਂ ਨਾਲ ਸਹੀ ਨਿਆਂ ਨਹੀਂ ਕਰਦੀ ਆਦਿ ਦਾ ਨਿਖੇੜਾ ਕਰਦਿਆਂ ਇਤਿਹਾਸ ਦਾ ਵਿਸ਼ਵ ਮਜ਼ਬਾਂ ਦੇ ਸਹੀ ਇਤਿਹਾਸ ਪ੍ਰਤੀ ਇਕ ਬਿਲਕੁਲ ਨਵਾਂ ਅਤੇ ਮੌਲਿਕ ਦ੍ਰਿਸ਼ਟੀਕੋਣ ਸਿਰਜਿਆ ਹੈ, ਜਿਥੋਂ ਵੇਖਿਆਂ ਗੁਰੂ ਇਤਿਹਾਸ ਅਤੇ ਵਿਸ਼ਵ ਇਤਿਹਾਸ ਦੀ ਸਹੀ ਰੂਪ ਰੇਖਾ ਪਾਠਕ ਦੇ ਸਾਹਮਣੇ ਸਾਕਾਰ ਹੁੰਦੀ ਹੈ।" ਜਿਸ ਮਹਿਬੂਬ ਦੀ ਪਰਲੋਕ ਤਕ ਵਿਸਤ੍ਰਿਤ ਹੋਈ ਅਪਾਰ ਬੌਧਿਕਤਾ ਦਾ ਗੁਰਤਰਨ ਇਸ ਪ੍ਰਕਾਰ ਕੀਰਤੀ-ਗਾਨ ਕਰਦਾ ਹੈ, ਉਸ ਮਹਿਬੂਬ ਦੀ ਹਾਲਤ ਵੇਖੋ। ਉਸ ਨੂੰ ਇਹ ਨਹੀਂ ਪਤਾ ਕਿ 'ਅੰਜੀਲ' ਕਿਸ ਨੂੰ ਕਹਿੰਦੇ ਹਨ। ਉਹ ਲਿਖਦਾ ਹੈ, "ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵੇਦਾਂ ਅਤੇ ਪੁਰਾਤਨ ਅੰਜੀਲ ਦੇ ਜ਼ਮਾਨਿਆਂ ਤੋਂ ਲੈ ਕੇ ਕਿਸੇ ਖ਼ੁਦਾਈ ਕਿਤਾਬ, 'ਵਿਵੇਕ ਸ਼ਾਸਤਰ', ਕਿਸੇ ਸੰਤ-ਰਿਸ਼ੀ-ਮੁਨੀ, ਕਵੀ, ਯੋਗੀ, ਅਵਤਾਰ ਜਾਂ ਪੈਗੰਬਰ ਨੇ ਅਕਾਲ ਫਤਿਹ ਦਾ ਪੂਰਨ ਪ੍ਰਕਾਸ਼ ਨਹੀਂ ਕੀਤਾ। (ਸਹਿਜੇ ਰਚਿਓ ਖਾਲਸਾ, ਸਫਾ-35)।" ਗੁਰਤਰਨ ਦੇ ਲੇਖ ਵਿਚ ਫਿਰ ਲਿਖਿਆ ਹੈ, "ਮੌਤ ਦਾ ਸੱਚੀ ਮੁੱਚੀ ਦਾ ਭੈਅ ਜੋ ਕਿ ਰਿਗਵੇਦ, ਅਯੁਰਵੇਦ, ਪੁਰਾਣਾਂ ਅਤੇ ਪੁਰਾਤਨ ਅੰਜੀਲ ਵਿਚ ਮਿਲਦਾ ਹੈ", "ਦੋਵੇਂ ਪਵਿਤਰ ਅੰਜੀਲਾਂ ਅਤੇ ਕੁਰਾਨ ਸ਼ਰੀਫ ਨਾਲੋਂ ਬਿਲਕੁਲ ਵਖਰਾ ਹੈ।" ਮੇਰੇ ਪਰਮ ਮਿਤਰ ਗੁਰਤਰਨ ਸਿੰਘ ਨੂੰ ਕੌਣ ਸਮਝਾਵੇ ਕਿ Old Testament ਨਾਲ ਅੰਜੀਲ ਸ਼ਬਦ ਲਗਾਉਣਾ ਸਰਵਥਾ ਅਨੁਚਿਤ ਅਤੇ ਘੋਰ ਅਵਿਦਿਆ ਦਾ ਪ੍ਰਗਟਾਵਾ ਹੈ। ਪਹਿਲਾਂ ਤਾਂ ਇਹ ਸ਼ਬਦ 'ਅੰਜੀਲ' ਨਹੀਂ 'ਇੰਜੀਲ' ਹੈ। ਅਨਪੜ੍ਹ ਲੋਕ ਇਸ ਨੂੰ 'ਅੰਜੀਲ' ਲਿਖਦੇ-ਬੋਲਦੇ ਹਨ। ਫਿਰ 'ਇੰਜੀਲ' ਦੇ ਅਰਥ ਹਨ- ਖ਼ੁਸ਼ਖ਼ਬਰੀ (ਭਾਵ ਈਸਾ ਦੇ ਸੰਸਾਰ ਵਿਚ ਆਗਮਨ ਦਾ ਸ਼ੁਭ ਸਮਾਚਾਰ), ਹਜ਼ਰਤ ਈਸਾ ਤੇ ਨਾਜ਼ਿਲ ਹੋਈ ਧਰਮ ਪੁਸਤਕ, ਈਸਾਈ ਧਰਮ-ਪੁਸਤਕਾਂ। ਵਾਸਤਵ ਵਿਚ ਨਵੇਂ ਨੇਮ (New Testament) ਦੀਆਂ ਮੈਥਿਊ, ਮਾਰਕ, ਲੂਕ ਅਤੇ ਜੌਹਨ ਦੀਆਂ ਚਾਰ Gospel ਪੋਥੀਆਂ ਨੂੰ ਇੰਜੀਲ ਕਿਹਾ ਜਾਂਦਾ ਹੈ। ਜਿਨ੍ਹਾਂ ਧਾਰਮਿਕ ਪੋਥੀਆਂ ਨੂੰ ਉਹ 'ਪੁਰਾਤਨ ਅੰਜੀਲ' ਕਹਿਣ ਦੇ ਘੋਰ ਅਗਿਆਨ-ਮਾਰਗੀ ਹਨ, ਉਸ ਦੀਆਂ ਪਹਿਲੀਆਂ ਪੰਜ ਪੋਥੀਆਂ ਨੂੰ 'ਤੌਰੇਤ' ਕਿਹਾ ਜਾਂਦਾ ਹੈ, 'ਪੁਰਾਤਨ ਅੰਜੀਲ' ਨਹੀਂ ਆਖਿਆ ਜਾਂਦਾ।

ਡਾ. ਗੁਰਤਰਨ ਸਿੰਘ ਲਿਖਦਾ ਹੈ ਕਿ "ਹਰਿੰਦਰ ਸਿੰਘ ਮਹਿਬੂਬ ਨੇ ਗੁਰਬਾਣੀ ਆਵੇਸ਼ ਵਿਚੋਂ ਗੁਰੂ ਸ਼ਖ਼ਸੀਅਤ ਦੀ ਅਪਹੁੰਚ ਸਿਖ਼ਰ ਨੂੰ ਸਮਝਣ ਅਤੇ ਸਮਝਾਉਣ ਲਈ 'ਸਹਿਜੇ ਰਚਿਓ ਖਾਲਸਾ' ਵਿਚ ਅਨੇਕ ਨਵੇਂ ਤੋਂ ਨਵੇਂ ਸੰਕਲਪ ਸਿਰਜੇ ਹਨ।" ਸਾਡਾ ਮੱਤ ਹੈ ਕਿ ਨਿਰਸੰਦੇਹ ਮਹਿਬੂਬ ਨੇ ਨਵੇਂ ਤੋਂ ਨਵੇਂ ਸੰਕਲਪ ਸਿਰਜਣ ਦੀ ਚੇਸ਼ਟਾ ਕੀਤੀ ਹੈ, ਪਰ ਇਸ ਚੇਸ਼ਟਾ ਵਿਚੋਂ ਮਹਿਬੂਬ ਦੇ ਸੰਕਲਪ ਤਾਂ ਸਪਸ਼ਟ ਨਹੀਂ ਹੋਏ, ਗੁਰਬਾਣੀ ਦੇ ਸੰਕਲਪ ਜ਼ਰੂਰ ਧੁੰਦਲੇ ਪੈ ਗਏ ਜਾਪਦੇ ਹਨ। ਮਹਿਬੂਬ ਕੋਈ ਗੁਰੂ-ਪੀਰ ਨਹੀਂ ਸੀ, ਜੋ ਵਿਸ਼ਵ ਨੂੰ ਧਰਮ-ਸੰਬੰਧਿਤ ਨਵੀਨ ਸੰਕਲਪਾਂ ਦੇ ਰੂਬਰੂ ਕਰਵਾ ਸਕਦਾ। ਉਹ ਸਿੱਖ ਸੰਕਲਪਾਂ ਦਾ ਵਿਆਖਿਆਕਾਰ ਸੀ ਅਤੇ ਗੁਰਬਾਣੀ ਦੇ ਸੰਕਲਪਾਂ ਦੀ ਵਿਆਖਿਆ ਉਸ ਦਾ ਧਰਮ ਸੀ। ਉਸ ਨੇ ਬਿਨਾ ਸ਼ਬਦਾਂ ਅਤੇ ਇਨ੍ਹਾਂ ਵਿਚ ਲੁਪਤ ਸਿਧਾਂਤਾਂ ਨੂੰ ਸਮਝੇ ਅਕਾਲ ਫਤਹਿ, ਅੰਤਿਮ-ਹੈ ਆਦਿ ਭ੍ਰਾਮਿਕ ਸ਼ਬਦਾਵਲੀ ਸਿਰਜ ਕੇ ਪਾਠਕਾਂ ਦੇ ਵਿਵੇਕ ਉਤੇ ਸ਼ਬਦ-ਜਾਲ ਦਾ ਬੋਝ ਪਾਇਆ ਹੈ ਅਤੇ ਗੁਰਤਰਨ ਸਿੰਘ ਵਰਗਾ ਉਨ੍ਹਾਂ ਦਾ ਅਨਿੰਨ ਸ਼ਿਸ਼ ਸ਼ਬਦ-ਜਾਲ ਨੂੰ ਕਟਣ ਵਾਸਤੇ ਉਨ੍ਹਾਂ ਦੀ ਵਿਆਖਿਆ ਪੜ੍ਹਨ ਦੀ ਪਾਠਕਾਂ ਨੂੰ ਮੱਤ ਦੇਂਦਾ ਹੈ। ਸ਼ਬਦਾਂ ਦੇ ਰੂੜ੍ਹ ਅਰਥਾਂ ਨੂੰ ਭ੍ਰਿਸ਼ਟ ਰੂਪ ਵਿਚ ਪੇਸ਼ ਕਰਨਾ ਕੋਈ ਵਿਦਵਤਾ ਨਹੀਂ ਅਤੇ ਨਾ ਹੀ ਇਹ ਕਰਮ ਕਰ ਕੇ ਕੋਈ ਵਿਅਕਤੀ ਵਿਦਵਾਨ ਸਥਾਪਿਤ ਹੋ ਸਕਦਾ ਹੈ। ਮਹਿਬੂਬ ਦੀ ਸਿਰਜੀ ਹਰ ਪੰਕਤੀ ਅੰਤਰ-ਵਿਰੋਧ ਦੇ ਭਾਰ ਨਾਲ ਆਪ ਹੀ ਇਤਨੀ ਡਾਂਵਾਂ-ਡੋਲ ਹੈ ਕਿ ਉਸ ਨੂੰ ਡੇਗਣ ਦੀ ਕਿਸੇ ਨੂੰ ਕੀ ਜ਼ਰੂਰਤ ਹੈ? ਮਹਿਬੂਬ ਇਕ ਪਾਸੇ ਕਹਿੰਦਾ ਹੈ, "ਅਕਾਲ ਫ਼ਤਹਿ ਦੀ ਮੰਜ਼ਿਲ ਸਮੇਂ ਬਖ਼ਸ਼ਿਸ਼ ਦੀ ਸਾਦਗੀ ਅਪਾਰ ਹੁੰਦੀ ਹੈ। ਕੋਈ ਨੀਵਾਂ ਨਹੀਂ, ਜਿਸ ਉਤੇ ਬਖ਼ਸ਼ਿਸ਼ ਹੋ ਰਹੀ ਹੈ। ਜਦ ਨੀਵੇਂ ਨੂੰ ਬਖ਼ਸ਼ਿਸ਼ ਦਾ ਯਕੀਨ ਹੋ ਜਾਂਦਾ ਹੈ ਤਾਂ ਨੀਵਾਂ ਵੀ ਬਖ਼ਸ਼ਿਸ਼ ਜੇਡਾ ਹੀ ਹੋ ਜਾਂਦਾ ਹੈ।" ਵੈਸੇ ਤਾਂ ਇਹ ਸਟੇਟਮੈਂਟ ਹੀ ਬਹੁਤ ਨਿਕੰਮੀ ਜਿਹੀ ਹੈ, ਕਿਉਂਕਿ ਬਖ਼ਸ਼ਿਸ਼ ਦੀ ਸਾਦਗੀ ਦੀ ਗੱਲ ਤਾਂ ਕੀਤੀ ਜਾ ਸਕਦੀ ਹੈ, ਜੇ ਕਿਸੇ ਨੇ ਇਸ ਦੀ ਮਾਇਆਵੀ ਸ਼ਾਨੋ-ਸ਼ੌਕਤ ਵੀ ਕਦੇ ਵੇਖੀ ਹੋਵੇ। ਦੂਜੀ ਗੱਲ ਕਿ ਬਖ਼ਸ਼ਿਸ਼-ਪ੍ਰਾਪਤ ਵਿਅਕਤੀ ਬਖ਼ਸ਼ਿਸ਼ ਜੇਡਾ ਨਹੀਂ, ਬਖ਼ਸ਼ਿੰਦ ਜੇਡਾ ਹੋ ਜਾਂਦਾ ਹੈ। ਪਰ ਜੇ ਮਹਿਬੂਬ ਦੇ ਵਿਚਾਰ ਵੀ ਮੰਨ ਲਈਏ ਤਾਂ ਇਹ ਸਪਸ਼ਟ ਹੈ ਕਿ ਬਖ਼ਸ਼ਿਸ਼ ਦੇ ਦਰ ਉਤੇ ਦਰਜੇਬੰਦੀ ਦਾ ਸਰਵਥਾ ਅਭਾਵ ਹੋ ਜਾਂਦਾ ਹੈ, ਫਿਰ ਮਹਿਬੂਬ ਅਤੇ ਗੁਰਤਰਨ ਫ਼ਰੀਦ ਅਤੇ ਕਬੀਰ ਵਿਚ ਅੰਤਰ ਕਿਉਂ ਸਿਰਜ ਰਹੇ ਹਨ? ਕੀ ਕਬੀਰ ਬਖ਼ਸ਼ਿਸ਼-ਪ੍ਰਾਪਤ ਸੰਤ ਨਹੀਂ ਸੀ? ਫਿਰ ਗੁਰਬਾਣੀ ਅਤੇ ਭਗਤ-ਬਾਣੀ ਵਿਚ ਦੀਵਾਰ ਉਸਾਰਨ ਦਾ ਕੀ ਪ੍ਰਯੋਜਨ ਹੈ? ਇਹ ਤਾਂ ਗੁਰੂ ਸਾਹਿਬਾਨ ਦੀ ਸਮ-ਦ੍ਰਿਸ਼ਟੀ ਕਾਰਨ ਹੈ ਕਿ ਬਾਬੇ ਫ਼ਰੀਦ ਦੀ ਰਚਨਾ ਨੂੰ ਅਸੀਂ ਰੱਬੀ ਬਚਨ ਮੰਨਦੇ ਹਾਂ, ਵਰਨਾ ਕਿਸੇ ਮੁਸਲਮਾਨ ਨੂੰ ਪੁਛ ਕੇ ਵੇਖਣਾ ਕਿ ਕੀ ਫ਼ਰੀਦ ਦੀ ਬਾਣੀ ਕੁਰਾਨ ਵਾਂਗ ਇਲਹਾਮੀ ਮੰਨੀ ਜਾ ਸਕਦੀ ਹੈ? ਜੇ ਇਲਹਾਮ ਦਾ ਇਸਲਾਮਿਕ ਦ੍ਰਿਸ਼ਟੀਕੋਣ ਸਹੀ ਹੈ, ਤਾਂ ਗੁਰੂ ਸਾਹਿਬਾਨ ਦੀ ਬਾਣੀ ਸਮੇਤ ਗੁਰੂ ਗ੍ਰੰਥ ਸਾਹਿਬ ਦੀ ਕੋਈ ਵੀ ਬਾਣੀ ਰੱਬੀ ਬਚਨ ਨਹੀਂ ਹੋ ਸਕਦੀ, ਕਿਉਂਕਿ ਇਸਲਾਮ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਧਰਤੀ ਦੇ ਆਖ਼ਿਰੀ ਪੈਗ਼ੰਬਰ ਹਨ ਅਤੇ ਕੁਰਾਨ ਦਾ ਇਲਹਾਮ ਆਖ਼ਿਰੀ ਰੱਬੀ ਬਾਣੀ ਹੈ। ਡਾ. ਗੁਰਤਰਨ ਸਿੰਘ ਨੇ ਮਹਿਬੂਬ ਦੇ ਵਿਚਾਰਾਂ ਦੇ ਪੁਰਜ਼ੋਰ ਸਮਰਥਨ ਵਿਚ ਲਿਖਦਿਆਂ ਆਪਣੇ ਲੇਖ ਵਿਚ ਭਗਤ-ਬਾਣੀ ਸੰਬੰਧੀ ਹੇਠ ਲਿਖੀਆਂ ਸਥਾਪਤੀਆਂ ਕੀਤੀਆਂ ਹਨ-

1. ਗੁਰਬਾਣੀ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਇਲਹਾਮ ਇਸ ਲਈ ਕਿਹਾ ਹੈ, ਕਿਉਂਕਿ ਬਾਣੀ ਤਾਂ ਭਗਤਾਂ ਨੇ ਵੀ ਲਿਖੀ ਹੈ?

2. ਇਲਹਾਮ ਤੇ ਬਾਣੀ (ਭਗਤ ਬਾਣੀ) ਵਿਚ ਫ਼ਰਕ ਹੈ। ਇਲਹਾਮ ਰੱਬ ਵਲੋਂ ਸਿੱਧੇ ਰੂਪ ਵਿਚ ਆਉਂਦਾ ਹੈ, ਜਦੋਂ ਕਿ ਭਗਤ-ਬਾਣੀ ਨੂੰ ਵਿਸ਼ਵ ਦੇ ਤਿੰਨ ਪ੍ਰਸਿਧ ਚਿੰਤਕਾਂ ਹਰਿੰਦਰ ਸਿੰਘ ਮਹਿਬੂਬ, ਪ੍ਰੋ. ਪੂਰਨ ਸਿੰਘ ਅਤੇ ਫਰਿਥਜਾਫ ਸ਼ੂਨ ਨੇ ਪ੍ਰੇਰਨਾ ਮੰਨਿਆ ਹੈ?

3. ਇਲਹਾਮ ਦੁਆਰਾ ਉਤਰੀ ਬਾਣੀ ਨੂੰ ਧਰਮ ਗ੍ਰੰਥ ਦਾ ਰੁਤਬਾ ਪ੍ਰਾਪਤ ਹੈ।

4. ਇਲਹਾਮ ਦੇ ਹੱਕਦਾਰ ਗੁਰੂ ਅਤੇ ਪੈਗ਼ੰਬਰ ਰੱਬ ਦੇ ਦੋਸਤ ਹਨ। ਇਹ ਦਰਜਾ ਭਗਤਾਂ ਨੂੰ ਹਾਸਿਲ ਨਹੀਂ ਹੈ।

ਆਓ! ਅਸੀਂ ਇਸ ਪਰਮ ਵਿਵੇਕੀ ਸੱਜਣ ਦੀਆਂ ਇਨ੍ਹਾਂ ਸਥਾਪਨਾਵਾਂ ਦੀ ਯੁਕਤੀ-ਸੰਗਤ ਸਮੀਖਿਆ ਕਰਨ ਤੋਂ ਪਹਿਲਾਂ ਇਲਹਾਮ ਸੰਬੰਧੀ ਕੁਝ ਬੁਨਿਆਦੀ ਗੱਲਾਂ ਸਮਝਣ ਦਾ ਯਤਨ ਕਰੀਏ, ਤਾਂ ਕਿ ਕੁਰਾਨ ਦੇ ਇਲਹਾਮ ਅਤੇ ਗੁਰਬਾਣੀ ਦੇ ਅਵਤ੍ਰਣ ਵਿਚ ਫ਼ਰਕ ਨੂੰ ਸਮਝਿਆ ਜਾ ਸਕੇ। ਇਸ ਯਤਨ ਵਿਚ ਅਸੀਂ ਸਮਝਣ ਦਾ ਯਤਨ ਕਰਨਾ ਹੈ ਕਿ ਇਲਹਾਮ ਦੇ ਕੀ ਅਰਥ ਹਨ? ਇਸ ਦਾ ਅਵਤ੍ਰਣ ਕਿਵੇਂ ਹੁੰਦਾ ਹੈ? ਇਲਹਾਮ ਵਿਚ ਪੈਗ਼ੰਬਰ ਦਾ ਕੀ ਯੋਗਦਾਨ ਹੁੰਦਾ ਹੈ? ਇਲਹਾਮ ਅਵਤ੍ਰਣ ਸਮੇਂ ਪੈਗ਼ੰਬਰ ਸਾਹਿਬ ਦੀ ਮਾਨਸਿਕ ਸਥਿਤੀ ਕੀ ਹੁੰਦੀ ਹੈ?

ਇਲਹਾਮ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ-ਰੱਬੀ ਬਾਣੀ। ਇਸਲਾਮ ਵਿਚ ਰੱਬੀ ਬਾਣੀ ਤੋਂ ਭਾਵ ਹੈ, ਉਹ ਦੈਵੀ ਬਾਣੀ ਜੋ ਪੈਗ਼ੰਬਰ ਦੁਆਰਾ ਧਰਤੀ ਉਤੇ ਆਈ ਹੈ, ਪਰ ਜਿਸ ਦਾ ਇਕ ਵੀ ਸ਼ਬਦ ਹਜ਼ਰਤ ਮੁਹੰਮਦ ਸਾਹਿਬ ਦਾ ਰਚਿਆ ਹੋਇਆ ਨਹੀਂ। ਇਸਲਾਮ ਦੀ ਮਾਨਤਾ ਹੈ ਕਿ ਕੁਰਾਨ ਵਿਚ ਸੰਗ੍ਰਹਿਤ ਰੱਬੀ ਬਾਣੀ ਅੱਲਾਹ ਦੇ ਦਰਬਾਰ ਵਿਚ ਮੌਜੂਦ ਵਡੀ ਕਿਤਾਬ ਦਾ ਕੁਝ ਆਂਸ਼ਿਕ ਭਾਗ ਹੈ। ਉਸ ਇਲਾਹੀ ਪੁਸਤਕ ਵਿਚ ਜਿਵੇਂ ਰੱਬੀ ਬਾਣੀ ਅੰਕਿਤ ਹੈ, ਉਸ ਦਾ ਛੋਟਾ ਜਿਹਾ ਭਾਗ ਅਖਰ-ਅਖਰ ਉਸੇ ਤਰ੍ਹਾਂ ਪੈਗ਼ੰਬਰ ਮੁਹੰਮਦ ਸਾਹਿਬ ਦੇ ਮਾਧਿਅਮ ਨਾਲ ਮੋਮਿਨਾਂ ਲਈ ਨਵੀਂ ਸ਼ਰਅ ਦੇ ਰੂਪ ਵਿਚ ਅਵਤ੍ਰਿਤ ਹੋਇਆ ਹੈ। ਇਨ੍ਹਾਂ ਵਚਨਾਂ ਨੂੰ ਕੁਰਾਨ ਦੇ ਰੂਪ ਵਿਚ ਸੰਗ੍ਰਹਿਤ ਕੀਤਾ ਗਿਆ ਹੈ। ਇਸ ਦੀ ਇਕ ਵੀ ਪੰਕਤੀ ਅਜਿਹੀ ਨਹੀਂ, ਜੋ ਹਜ਼ਰਤ ਮੁਹੰਮਦ ਸਾਹਿਬ ਦੁਆਰਾ ਰਚਿਤ ਹੋਵੇ। ਕਿਸੇ ਪੰਕਤੀ ਵਿਚੋਂ ਸੰਕੇਤ ਨਹੀਂ ਮਿਲਦਾ ਕਿ ਇਸ ਦੇ ਰਚੈਤਾ ਪੈਗ਼ੰਬਰ ਮੁਹੰਮਦ ਸਾਹਿਬ ਹਨ। ਇਸ ਦੇ ਪਵਿੱਤਰ ਵਾਕ ਜਾਂ ਤਾਂ ਅੱਲਾਹ ਵਲੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਸੰਬੋਧਿਤ ਹਨ, ਜਾਂ ਅੱਲਾਹ ਮੁਸਲਮਾਨਾਂ ਨੂੰ ਸੰਬੋਧਨ ਕਰਦਾ ਹੈ। ਇਸਲਾਮ ਦੀ ਇਸ ਧਾਰਨਾ ਦਾ ਇਕ ਨਤੀਜਾ ਇਹ ਵੀ ਨਿਕਲਦਾ ਹੈ ਕਿ ਅੱਲਾਹ ਦੀ ਬੋਲੀ ਅਰਬੀ ਹੈ। ਕੁਰਾਨ ਤੋਂ ਬਾਅਦ ਦੂਜਾ ਦਰਜਾ 'ਹਦੀਸ' ਨੂੰ ਪ੍ਰਾਪਤ ਹੈ। 'ਹਦੀਸ' ਦੇ ਬਚਨ ਅੱਲਾਹ ਦੇ ਆਪਣੇ ਬਚਨ ਨਹੀਂ, ਸਗੋਂ ਅੱਲਾਹ ਦੀ ਪ੍ਰੇਰਨਾ ਤੋਂ ਉਪਜੇ ਪੈਗ਼ੰਬਰੀ ਵਾਕ ਹਨ ਜਾਂ ਕੁਰਾਨ ਦੀ ਪ੍ਰੇਰਨਾ ਵਾਲਾ ਪੈਗ਼ੰਬਰ ਸਾਹਿਬ ਦਾ ਜੀਵਨ-ਅਮਲ ਹੈ। ਜੇ ਗੁਰਤਰਨ ਸਿੰਘ ਦੀ ਇਹ ਗੱਲ ਮੰਨ ਲਈ ਜਾਵੇ ਕਿ ਭਗਤ-ਬਾਣੀ ਪ੍ਰੇਰਨਾ ਵਿਚੋਂ ਜਨਮੀ ਹੈ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਵਡਾ ਹਿੱਸਾ ਕੁਰਾਨ ਦੇ ਦਰਜੇ ਨੂੰ ਪ੍ਰਾਪਤ ਨਹੀਂ ਕਰ ਸਕਦਾ, ਬਲਕਿ ਵਧ ਤੋਂ ਵਧ 'ਹਦੀਸ' ਦੇ ਬਰਾਬਰ ਹੋ ਸਕਦਾ ਹੈ।

ਜਿਥੋਂ ਤਕ ਇਲਹਾਮ ਦੇ ਅਵਤ੍ਰਣ ਦਾ ਸਵਾਲ ਹੈ, ਤਾਂ ਇਸ ਸੰਬੰਧੀ ਇਸਲਾਮਿਕ ਵਿਸ਼ਵਾਸ ਨਿਮਨ ਅਨੁਸਾਰ ਹੈ-

1. ਕਈ ਵਾਰ ਕੁਰਾਨ ਦੀਆਂ ਪੰਕਤੀਆਂ ਦੇ ਲਿਖਿਤ ਰੂਪ ਦਾ ਸੰਕੇਤ ਹਜ਼ਰਤ ਮੁਹੰਮਦ ਸਾਹਿਬ ਨੂੰ ਪ੍ਰਾਪਤ ਹੋਇਆ ਸੀ। ਉਦਾਹਰਣ ਦੇ ਤੌਰ 'ਤੇ ਹਿਰਾ ਪਰਬਤ ਦੀ ਗੁਫ਼ਾ ਵਿਚ ਜਦੋਂ ਪਹਿਲਾ ਇਲਹਾਮ ਜਬਰਾਈਲ ਲੈ ਕੇ ਆਇਆ ਤਾਂ ਉਸ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਲਿਖਿਤ ਆਇਤਾਂ ਪੜ੍ਹਨ ਵਾਸਤੇ ਆਖਿਆ ਸੀ।
2. ਕਦੇ-ਕਦੇ ਪੈਗ਼ੰਬਰ ਮੁਹੰਮਦ ਸਾਹਿਬ ਨੂੰ ਘੰਟੀਆਂ ਵਰਗੀ ਵਿਸ਼ੇਸ਼ ਆਵਾਜ਼ ਸੁਣਾਈ ਦੇਂਦੀ, ਜਿਸ ਤੋਂ ਉਹ ਅੱਲਾਹ ਦਾ ਹੁਕਮ ਸਮਝ ਲੈਂਦੇ ਸਨ।
3. ਕਈ ਵਾਰ ਜਬਰਾਈਲ ਆਦਮੀ ਦੀ ਸ਼ਕਲ ਧਾਰਨ ਕਰ ਕੇ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਸੰਦੇਸ਼ ਪ੍ਰਦਾਨ ਕਰਦਾ ਸੀ।
4. ਕੁਝ ਮੌਕਿਆਂ 'ਤੇ ਜਬਰਾਈਲ ਆਪਣੇ 600 ਖੰਭਾਂ ਸਮੇਤ ਫ਼ਰਿਸ਼ਤੇ ਵਾਲੇ ਰੂਪ ਵਿਚ ਅੱਲਾਹ ਦਾ ਪੈਗ਼ਾਮ ਲੈ ਕੇ ਪੈਗ਼ੰਬਰ ਸਾਹਿਬ ਪਾਸ ਆਉਂਦਾ ਸੀ।
5. ਕੁਝ ਪ੍ਰਸਥਿਤੀਆਂ ਵਿਚ ਜਬਰਾਈਲ ਹਜ਼ਰਤ ਮੁਹੰਮਦ ਸਾਹਿਬ ਨੂੰ ਨੀਂਦ ਦੀ ਅਵਸਥਾ ਵਿਚ ਅੱਲਾਹ ਦੇ ਬਚਨ ਸੁਣਾ ਜਾਂਦਾ ਸੀ।
6. ਕਈ ਵਾਰ ਅੱਲਾਹ ਉਨ੍ਹਾਂ ਦੇ ਕੰਨ ਵਿਚ ਕੁਝ ਕਹਿ ਜਾਂਦਾ ਸੀ ਜਾਂ ਦਿਲ ਵਿਚ ਫੁਰਨਾ ਪੈਦਾ ਕਰ ਦੇਂਦਾ ਸੀ।
7. ਕੁਝ ਮੌਕਿਆਂ 'ਤੇ ਅੱਲਾਹ ਪਰਦੇ ਪਿਛੇ ਬੋਲ ਕੇ ਹਜ਼ਰਤ ਮੁਹੰਮਦ ਸਾਹਿਬ ਨੂੰ ਕੁਰਾਨ ਦੀਆਂ ਆਇਤਾਂ ਸੁਣਾ ਦੇਂਦਾ ਸੀ।

ਜਿਥੋਂ ਤਕ ਇਲਹਾਮ ਦੇ ਅਵਤ੍ਰਣ ਵਿਚ ਪੈਗ਼ੰਬਰ ਦੇ ਯੋਗਦਾਨ ਦਾ ਸਵਾਲ ਹੈ, ਤਾਂ ਅਸੀਂ ਉਪਰ ਕਹਿ ਆਏ ਹਾਂ ਕਿ ਇਸ ਦੀ ਸ਼ਾਬਦਿਕ ਸਿਰਜਣਾ ਸਹਿਤ ਇਸ ਵਿਚ ਉਨ੍ਹਾਂ ਦਾ ਕਿਸੇ ਪ੍ਰਕਾਰ ਦਾ ਯੋਗਦਾਨ ਨਹੀਂ ਸੀ। ਉਨ੍ਹਾਂ ਦਾ ਯੋਗਦਾਨ ਤਿੰਨ ਤਰੀਕਿਆਂ ਦਾ ਨਿਸ਼ਚਿਤ ਕੀਤਾ ਜਾ ਸਕਦਾ ਹੈ-

1. ਕੁਰਾਨ ਦੀਆਂ ਆਇਤਾਂ ਅਵਤ੍ਰਣ ਦਾ ਪੈਗ਼ੰਬਰ ਮੁਹੰਮਦ ਸਾਹਿਬ ਮਾਧਿਅਮ ਸਨ, ਅਰਥਾਤ ਉਨ੍ਹਾਂ ਦੁਆਰਾ ਅੱਲਾਹ ਆਪਣੇ ਬਚਨ ਲੋਕਾਂ ਤਕ ਪਹੁੰਚਾਉਂਦਾ ਸੀ।
2. ਜ਼ਰੂਰਤ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਕੁਰਾਨ ਦੀਆਂ ਆਇਤਾਂ ਦੀ ਵਿਆਖਿਆ ਕਰ ਦੇਂਦੇ ਸਨ।
3. ਕੁਰਾਨ ਨੂੰ ਆਪਣੇ ਅਮਲ ਦੁਆਰਾ ਪਰਦਰਸ਼ਿਤ ਕਰ ਕੇ ਲੋਕਾਂ ਲਈ ਕੁਰਾਨ ਦੇ ਦੈਵੀ-ਸੰਦੇਸ਼ ਨੂੰ ਜੀਵਨ ਵਿਚ ਢਾਲਣ ਵਾਸਤੇ ਉਹ ਮਾਰਗ-ਦਰਸ਼ਕ ਦਾ ਕੰਮ ਕਰਦੇ ਸਨ।

ਇਲਹਾਮ ਦੇ ਉਤਰਨ ਵੇਲੇ ਹਜ਼ਰਤ ਮੁਹੰਮਦ ਸਾਹਿਬ ਦੀ ਮਾਨਸਿਕ ਅਵਸਥਾ ਦੇ ਦੋ ਪਹਿਲੂ ਧਿਆਨ ਰਖਣਯੋਗ ਹਨ। ਪਹਿਲਾ ਇਹ ਕਿ ਇਲਹਾਮ ਉਤਰਨ ਸਮੇਂ ਉਹ ਕਸ਼ਟ ਮਹਿਸੂਸ ਕਰਦੇ ਸਨ। ਦੂਜਾ ਇਹ ਕਿ ਉਸ ਸਮੇਂ ਅੱਲਾਹ ਨਾਲ ਉਸ ਤਰ੍ਹਾਂ ਅਭੇਦ ਨਹੀਂ ਸੀ ਹੁੰਦੇ, ਜਿਵੇਂ ਭਾਰਤੀ ਪਰੰਪਰਾ ਦੇ ਧਰਮ-ਸਾਧਕਾਂ ਬਾਰੇ ਮੰਨਿਆ ਜਾਂਦਾ ਹੈ, ਕਿਉਂਕਿ ਇਸਲਾਮ ਦੀ ਸਰਵੋਤਮ ਮੰਜ਼ਿਲ ਬਹਿਸ਼ਤ ਦੀ ਪ੍ਰਾਪਤੀ ਹੈ, ਜਿਥੇ ਧਰਮੀ ਲੋਕਾਂ ਨੂੰ ਅੱਲਾਹ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ, ਪਰ ਅਸਲੇ ਦੀ ਭਿੰਨਤਾ ਕਾਰਨ ਜੀਵ ਅਤੇ ਪਰਮੇਸ਼ਰ ਕਿਸੇ ਵੀ ਪਧਰ ਤੇ ਇਕ ਨਹੀਂ ਹੋ ਸਕਦੇ। ਇਸ ਸੰਬੰਧ ਵਿਚ ਸੂਫ਼ੀਆਂ ਦੀਆਂ ਧਾਰਨਾਵਾਂ ਨੂੰ ਇਸਲਾਮੀ ਮੱਤ ਨਾਲ ਰਲਗਡ ਨਹੀਂ ਕਰਨਾ ਚਾਹੀਦਾ, ਕਿਉਂਕਿ ਮੁਜੱਦਦ ਅਲਫ਼ਸਾਨੀ (ਸ਼ੈਖ ਅਹਿਮਦ ਸਰਹਿੰਦੀ) ਦੇ ਵਹਦਤ-ਉਲ-ਸ਼ੂਹੂਦ ਨੂੰ ਛਡ ਕੇ ਹੋਰ ਬਹੁਤੇ ਸੂਫ਼ੀ ਸਾਧਕ ਵਹਦਤ-ਉਲ ਵੁਜੂਦ ਦੇ ਜੀਵ-ਬ੍ਰਹਮ-ਅਭੇਦਤਾ ਦੇ ਇਤਨੇ ਪ੍ਰਬਲ ਸਮਰਥਕ ਸਨ ਕਿ ਉਨ੍ਹਾਂ ਵਿਚੋਂ ਕੁਝ ਤਾਂ ਇਸ ਸਿਧਾਂਤਿਕ ਮਾਰਗ ਦੀ ਰਖਿਆ ਵਾਸਤੇ ਸ਼ਰਅ ਤੋਂ ਮਨਸੂਰ ਵਾਂਗ ਬੰਦ-ਬੰਦ ਕਟਵਾਉਣ ਵਾਸਤੇ ਰਾਜ਼ੀ ਸਨ ਅਤੇ ਕੁਝ ਬੁਲੇ ਸ਼ਾਹ ਵਾਂਗ ਸ਼ਰਅ ਦੇ ਵਿਰੋਧ ਤੋਂ ਬਚਣ ਵਾਸਤੇ ਇਸ ਅਭੇਦਤਾ ਨੂੰ ਹੀਰ-ਰਾਂਝੇ ਜਾਂ ਕਿਸੇ ਅਜਿਹੇ ਹੀ ਪ੍ਰਤੀਕ ਦੁਆਰਾ ਪ੍ਰਗਟ ਕਰਦੇ ਸਨ। ਬੁਲੇ ਦੇ ਇਸ ਕਥਨ, ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ। ਸਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ, ਦਾ ਸਿਧਾ ਅਰਥ ਹੈ- ਅੱਲਾਹ-ਅੱਲਾਹ ਜਪਦਿਆਂ ਮੈਂ ਅੱਲਾਹ ਹੋ ਗਿਆ ਹਾਂ। ਹੇ ਲੋਕੋ ! ਹੁਣ ਤੁਸੀਂ ਮੈਨੂੰ ਅੱਲਾਹ ਆਖੋ, ਕੋਈ (ਭੁਲ ਕੇ) ਵੀ ਮੈਨੂੰ ਬੁਲਾ ਨਾ ਆਖੋ। ਜੀਵ-

*(ਬਾਕੀ ਸਫਾ 26 'ਤੇ)*

# ਗਦਰ ਪਾਰਟੀ ਦੇ ਵੱਡੇ ਥੰਮ-ਬਾਬਾ ਸੋਹਣ ਸਿੰਘ ਭਕਨਾ

**ਗਿਆਨ ਸਿੰਘ ਬਿਲਗਾ**


ਬਾਬਾ ਸੋਹਣ ਸਿੰਘ ਭਕਨਾ 4 ਜਨਵਰੀ 1870 ਤੋਂ 21 ਦਸੰਬਰ 1968 ਤੱਕ ਇਕ ਸਦੀ ਤੋਂ 2 ਸਾਲ ਘੱਟ ਆਪਣੀ ਯਾਤਰਾ ਕਰਕੇ ਇਸ ਸੰਸਾਰ ਨੂੰ ਛੱਡ ਗਏ ਸਨ। ਗੁਲਾਮ ਭਾਰਤੀ ਉਪ ਮਹਾਂਦੀਪ ਦੇ ਵਿਸਤ੍ਰਿਤ ਜਨ ਸਮੂਹਾਂ ਦੀ ਅਗਵਾਈ ਕਰਦਿਆਂ ਜੇਲ੍ਹਾਂ, ਭੁੱਖ ਹੜਤਾਲਾਂ, ਦੁੱਖਾਂ, ਕਸ਼ਟਾਂ, ਕਾਲੇਪਾਣੀ ਦੇ ਕੁੰਭੀ ਨਰਕ ਭੋਗਦਿਆਂ ਬਰਤਾਨਵੀ ਸਾਮਰਾਜ ਤੋਂ ਬੰਦ ਖਲਾਸੀ ਲਈ ਆਪਣਾ ਜੀਵਨ ਲੇਖੇ ਲਾ ਦਿੱਤਾ। ਉਨ੍ਹਾਂ ਦਾ ਜੀਵਨ ਇਕ ਸਦੀ ਦੀਆਂ ਕੌਮੀ ਮੁਕਤੀ ਘੋਲ ਦੀਆਂ ਲਹਿਰਾਂ ਨਾਲ ਓਤਪੋਤ ਹੈ। ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਗਦਰ ਲਹਿਰ ਦਾ ਅਹਿਮ ਸਥਾਨ ਹੈ। ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦਾ ਸੰਗਰਾਮੀ ਯੋਧਿਆਂ ਵਿਚੋਂ ਕਦ ਬੁੱਤ ਬਹੁਤ ਉੱਚਾ ਤੇ ਮਹਾਨ ਹੈ, ਦੇਸ਼ ਅਜ਼ਾਦ ਹੋਣ ਤੋਂ ਦੋ ਕੁ ਸਾਲ ਪਹਿਲਾਂ ਪੰਡਿਤ ਜਵਾਹਰ ਲਾਲ ਨਹਿਰੂ 'ਕਸ਼ਮੀਰ ਛੋੜ ਦੋ' ਲਹਿਰ ਵਿਚ ਕੈਦ ਕੱਟਣ ਪਿਛੋਂ ਦੋ ਕੁ ਦਿਨ ਲਾਹੌਰ ਟਿਕੇ। ਦੇਸ਼ ਭਗਤਾਂ ਦੀ ਇਕ ਮੀਟਿੰਗ ਵਿਚ ਬਾਬਾ ਜੀ ਨੂੰ ਧਰਤੀ 'ਤੇ ਬੈਠੇ ਵੇਖ ਕੇ ਆਪਣੀ ਕੁਰਸੀ ਛੱਡ ਕੇ ਆਏ ਅਤੇ ਬਾਂਹ ਫੜ ਕੇ ਬਾਬਾ ਜੀ ਨੂੰ ਕੁਰਸੀ 'ਤੇ ਬੈਠਣ ਲਈ ਮਜਬੂਰ ਕਰਦਿਆਂ ਕਹਿਣ ਲੱਗੇ, "ਬਾਬਾ ਜੀ ਤੁਹਾਡਾ ਸਥਾਨ ਤਾਂ ਇਹ ਹੈ ਤੁਸੀਂ ਸਾਡੇ ਪੂਜਣਯੋਗ ਹੋ।" ਪ੍ਰਬੰਧਕਾਂ ਨੂੰ ਪੰਡਿਤ ਜੀ ਲਈ ਹੋਰ ਕੁਰਸੀ ਦਾ ਪ੍ਰਬੰਧ ਕਰਨਾ ਪਿਆ। ਦੇਸ਼ ਦੀ ਅਜ਼ਾਦੀ ਪਿਛੋਂ ਅਪ੍ਰੈਲ 1948 ਵਿਚ ਕਿਰਤੀ ਕਿਸਾਨਾਂ ਦੇ ਲੀਡਰ ਬਦਨਾਮ ਗੁੰਡਾਗਰਦੀ ਵਿਰੋਧੀ ਐਕਟ ਅਧੀਨ ਜੇਲ੍ਹੀਂ ਬੰਦ ਕਰ ਦਿੱਤੇ ਗਏ। ਪੰਡਿਤ ਨਹਿਰੂ ਨੂੰ ਬਾਬਾ ਜੀ ਦੇ ਯੋਲ ਕੈਂਪ ਜੇਲ੍ਹ ਵਿਚ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਉਸ ਸਮੇਂ ਸਿੱਧੇ ਹੀ ਬਾਬਾ ਜੀ ਦੇ ਰਿਹਾਈ ਦੇ ਹੁਕਮ ਜਾਰੀ ਕਰਾ ਦਿੱਤੇ।

ਬਾਬਾ ਜੀ ਦੇ ਜ਼ਿਹਨ ਵਿਚ ਅਜ਼ਾਦੀ ਦਾ ਕਿਹੋ ਜਿਹਾ ਸੁਪਨਾ ਸੀ। 1960 ਦੀ ਘਟਨਾ। ਪੰਡਤ ਨਹਿਰੂ ਨੇ ਆਪਣੇ ਨਿਵਾਸ 'ਤੇ ਚਾਹ ਪਾਰਟੀ 'ਤੇ ਗਦਰੀ ਬਾਬਿਆਂ ਤੇ ਹੋਰ ਦੇਸ਼ ਭਗਤਾਂ ਨੂੰ ਬੁਲਾਇਆ। ਚਾਹ ਪਾਰਟੀ ਪਿਛੋਂ ਬਾਬਾ ਜੀ ਨਹਿਰੂ ਨੂੰ ਸੰਬੋਧਨ ਹੁੰਦੇ ਕਹਿਣ ਲੱਗੇ, "ਚਾਹ ਪਾਰਟੀ ਤਾਂ ਹੋਈ ਸਾਡੀ ਦੱਛਣਾ ਵੀ ਦਿਓ?" ਪੰਡਿਤ ਜੀ ਸੋਚੀਂ ਪੈ ਗਏ। ਬਾਬਾ ਜੀ ਨੇ ਮੁਸਕਰਾਉਂਦਿਆਂ ਕਿਹਾ, "ਪੰਡਿਤ ਜੀ ਘਬਰਾਓ ਨਾ, ਸਾਡੀ ਮੰਗ ਤਾਂ ਬਹੁਤ ਛੋਟੀ ਜਿਹੀ ਹੈ।" ਸਾਰੇ ਭਾਰਤ ਨੂੰ ਅਨੰਦ ਭਵਨ ਬਣਾ ਦਿਓ। ਬੇਬਾਕੀ ਨਾਲ ਸੱਚੀ ਗੱਲ ਕਹਿਣ ਦੀ ਜੁਰਅਤ ਜਣਾ ਖਣਾ ਨਹੀਂ ਕਰ ਸਕਦਾ, "ਤੁਹਾਡੇ ਸਿੰਘਾਸਣ ਦੇ ਦੁਆਲੇ ਅੰਗਰੇਜ਼ਾਂ ਦੇ ਕੁਝ ਟਾਊਟ ਤੇ ਚਾਪਲੂਸ ਕਿਸਮ ਦੇ ਬੰਦੇ ਕੁੰਡਲੀ ਮਾਰ ਕੇ ਬੈਠੇ ਹਨ, ਖੱਦਰ ਪਾ ਕੇ ਤੁਹਾਡੇ ਨਾਲ ਰਲ ਗਏ ਹਨ। ਜਦ ਦੁੱਖਾਂ ਮਾਰੇ ਲੋਕ ਕਿਤੇ ਅਣਜਾਣੇ ਵਿਚ ਕਹਿ ਦਿੰਦੇ ਹਨ, ਇਸ ਨਾਲੋਂ ਤਾਂ ਅੰਗਰੇਜ਼ ਦਾ ਰਾਜ ਚੰਗਾ ਸੀ ਤਾਂ ਮੈਨੂੰ ਘੋਰ ਨਿਰਾਸ਼ਾ ਹੁੰਦੀ ਹੈ। ਇਹ ਅਜ਼ਾਦੀ ਅਸੀਂ ਨਿਰੀ ਅਹਿੰਸਾ ਤੇ ਸ਼ਾਂਤੀ ਨਾਲ ਹੀ ਪ੍ਰਾਪਤ ਨਹੀਂ ਕੀਤੀ, ਸਿਰਾਂ ਦਾ ਮੁੱਲ ਤਾਰ ਕੇ ਲਈ ਹੈ। ਇਸ ਵਿਚ ਗਦਰੀ ਸੂਰਮਿਆਂ ਦੇ ਦਾਈ ਸੌ ਯੋਧਿਆਂ ਦੇ ਖੂਨ ਦਾ ਸੂਹਾ ਰੰਗ ਵੀ ਹੈ। ਸ਼ਹੀਦਾਂ ਦੇ ਵਡਮੁੱਲੇ ਖੂਨ ਦੀ ਕਦਰ ਕਰੋ।" ਪੰਡਿਤ ਨਹਿਰੂ ਬਿਨਾ ਉੱਤਰ ਦਿੰਦਿਆਂ ਚੁੱਪ ਚਾਪ ਇਹ ਸਭ ਕੁਝ ਸੁਣਦੇ ਰਹੇ।

ਬਾਬਾ ਜੀ ਦਾ ਜਨਮ ਜਨਵਰੀ 1870 ਵਿਚ ਮਾਤਾ ਰਾਮ ਕੌਰ ਦੀ ਕੁੱਖੋਂ (ਉਨ੍ਹਾਂ ਦੇ ਪਿਤਾ ਸ. ਕਰਮ ਸਿੰਘ ਦੀ ਦੂਜੀ ਸ਼ਾਦੀ ਸੀ) ਨਾਨਕੇ ਪਿੰਡ ਖੁਤਰਾ ਖੁਰਦ (ਅੰਮ੍ਰਿਤਸਰ) ਵਿਖੇ ਹੋਇਆ। ਧਰਮ ਮਾਤਾ ਹਰ ਕੌਰ ਨੇ ਬੜੇ ਪਿਆਰ ਨਾਲ ਪਾਲਿਆ। ਇਕ ਸਾਲ ਦੇ ਸਨ ਕਿ ਪਿਤਾ ਦਾ ਸਾਇਆ ਸਿਰੋਂ ਉੱਠ ਗਿਆ। ਪਹਿਲਾਂ ਗ੍ਰੰਥੀ ਤੋਂ ਪੰਜਾਬੀ ਸਿੱਖੀ। ਫਿਰ ਭਕਨਾ ਤੋਂ ਪ੍ਰਾਇਮਰੀ ਚੰਗੇ ਨੰਬਰਾਂ ਵਿਚ ਪਾਸ ਕੀਤੀ। ਉਚੇਰੀ ਸਿੱਖਿਆ ਪ੍ਰਾਪਤ ਨਾ ਕਰ ਸਕਣ ਦਾ ਪਛਤਾਵਾ ਬਾਬਾ ਜੀ ਨੂੰ ਉਮਰ ਭਰ ਰਿਹਾ।

ਆਪਣੀ ਭਰ ਜਵਾਨੀ ਦੇ 16 ਤੋਂ 26 ਦੇ ਸਾਲਾਂ ਨੂੰ ਆਪਣੇ ਜੀਵਨ ਦੇ ਨਕਾਰੇ ਦਿਨ ਸਮਝਦੇ ਸਨ। ਇਨ੍ਹਾਂ ਦਿਨਾਂ ਵਿਚ ਖੇਤੀ ਦਾ ਕੰਮ ਸੰਭਾਲਿਆ। ਦੋਸਤਾਂ ਦੇ ਭੇਸ ਵਿਚ ਦੁਸ਼ਮਨਾਂ ਦਾ ਘਾਟਾ ਨਹੀਂ ਸੀ। ਅਜਿਹੇ ਯਾਰ ਬਾਸ਼, ਸ਼ਰਾਬੀ, ਅਯਾਸ਼ ਕਿਸਮ ਦੇ ਲੋਕਾਂ ਸੰਗ ਸ਼ਿਕਾਰ ਖੇਡਣ ਤੇ ਸ਼ਰਾਬਨੋਸ਼ੀ ਦੀ ਭੈੜੀ ਆਦਤ ਨੇ ਆਤਮਾ ਕਾਣੀ ਕਰ ਦਿੱਤੀ। ਬਾਬਾ ਕੇਸਰ ਸਿੰਘ ਨਾਮਧਾਰੀ ਮੁਹਾਵਾਵਾਲਿਆਂ ਦੀ ਸੰਗਤ ਨੇ ਜੀਵਨ ਨੂੰ ਸਿੱਧੇ ਪਾਸੇ ਵੱਲ ਨੂੰ ਮੋੜ ਦਿੱਤਾ। 1897 ਤੋਂ 1907 ਤੱਕ ਦਸ ਸਾਲ ਬਾਬਾ ਜੀ ਨਾਮਧਾਰੀ ਲਹਿਰ ਦੇ ਬਹੁਤ ਨੇੜੇ ਰਹੇ। ਬਾਬਾ ਕੇਸਰ ਸਿੰਘ ਉੱਚ ਦਰਜੇ ਦੇ ਤਿਆਗੀ ਤੇ ਫਿਰਕਾਪ੍ਰਸਤੀ ਤੋਂ ਉਪਰ ਸਨ। ਵਿਦੇਸ਼ੀ ਮਾਲ ਦਾ ਬਾਈਕਾਟ, ਅੰਗਰੇਜ਼ਾਂ ਦੀ ਗੁਲਾਮੀ ਤੋਂ ਘ੍ਰਿਣਾ ਬਾਬਾ ਜੀ ਨੇ ਨਾਮਧਾਰੀ ਲਹਿਰ ਤੋਂ ਗ੍ਰਹਿਣ ਕੀਤੀ, ਜੋ ਅੱਗੇ ਚੱਲ ਕੇ ਗਦਰ ਪਾਰਟੀ ਦੇ ਝੰਡੇ ਹੇਠ ਲਿਆਈ।

ਬਾਬਾ ਭਕਨਾ ਨੇ ਪਗੜੀ ਸੰਭਾਲ ਜੱਟਾ ਲਹਿਰ ਵਿਚ ਵੀ ਬਹੁਤਾ ਤਾਂ ਨਹੀਂ ਪਰ ਥੋੜ੍ਹਾ ਕੰਮ ਜ਼ਰੂਰ ਕੀਤਾ। ਇਹ ਲਹਿਰ ਕਿਸਾਨਾਂ ਦੀ ਲਹਿਰ ਸੀ। ਅੰਗਰੇਜ਼ ਸਰਕਾਰ ਨੇ ਸੰਦਲ, ਦੂਲਾ ਬਾਰ, ਸਾਹੀਵਾਲ, ਤੇ ਨੀਲੀ ਬਾਰ ਆਬਾਦ ਤਾਂ ਕਰਵਾ ਲਈਆਂ ਪਰ ਮਾਲਕੀ ਦਾ ਹੱਕ ਖੋਲਣ ਲਈ ਕੋਲਾਨਾਈਜ਼ੇਸ਼ਨ ਕਾਨੂੰਨ ਪਾਸ ਕਰ ਦਿੱਤਾ ਕਿ ਕੋਈ ਵੀ ਆਪਣੇ ਖੇਤ ਵਿਚੋਂ ਦਰੱਖਤ ਨਹੀਂ ਪੁੱਟ ਸਕਦਾ। ਸਰਕਾਰ ਇਸ ਸ਼ਾਤਰਾਨਾ ਚਾਲ ਨਾਲ ਕਿਸਾਨਾਂ ਨੂੰ ਮੁਜ਼ਾਰੇ ਹੀ ਸਿੱਧ ਕਰਨਾ ਚਾਹੁੰਦੀ ਸੀ। ਲਾਲਾ ਲਾਜਪਤ ਰਾਏ, ਸ. ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸਾਦ ਦੀ ਅਗਵਾਈ ਵਿਚ ਇਸ ਐਜੀਟੇਸ਼ਨ ਨੇ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਇਸ ਲਹਿਰ ਦਾ ਪਗੜੀ ਸੰਭਾਲ ਜੱਟਾ ਦਾ ਗੀਤ ਸਾਹਿਤ ਦਾ ਅਨਿੱਖੜਵਾਂ ਅੰਗ ਬਣ ਗਿਆ। ਸ. ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸਾਦ ਨੂੰ ਸਾਰਾ ਜੀਵਨ ਜਲਾਵਤਨੀ ਵਿਚ ਗੁਜ਼ਾਰਨਾ ਪਿਆ।



ਬਾਬਾ ਸੋਹਣ ਸਿੰਘ ਭਕਨਾ

ਵੀਹਵੀਂ ਸਦੀ ਦੇ ਆਰੰਭਕ ਸਾਲ ਮੰਦੇ ਦੇ ਦਿਨ ਸਨ, ਦੇਸ਼ ਦੀ ਸਨਅਤ ਬਰਬਾਦ ਹੋ ਚੁੱਕੀ ਸੀ। ਪੰਜਾਬ ਦੇ ਕਿਸਾਨ ਦਾ ਮੰਦਾ ਹਾਲ ਸੀ। ਇਸ ਮੰਦੜੇ ਹਾਲ ਹੀ ਹੋਰ ਕਿਸਾਨਾਂ ਵਾਂਗੂ ਬਾਬਾ ਭਕਨਾ ਨੂੰ ਮਜਬੂਰਨ ਦੇਸ਼ ਛੱਡ ਕੇ ਅਮਰੀਕਾ ਆਉਣਾ ਪਿਆ। 3 ਫਰਵਰੀ 1909 ਨੂੰ ਚੱਲ ਕੇ 4 ਅਪ੍ਰੈਲ 1909 ਨੂੰ ਸਿਆਟਲ ਪਹੁੰਚ ਗਏ। ਅਮਰੀਕਾ ਪਹੁੰਚ ਕੇ ਪੋਰਟਲੈਂਡ ਨੇੜੇ ਕੋਲੰਬੀਆ ਦਰਿਆ ਕੰਢੇ ਬਣ ਰਹੀ ਨਵੀਂ ਮਿੱਲ, ਮਨਾਰਕ ਵਿਚ ਕੰਮ ਮਿਲ ਗਿਆ, ਜਿੱਥੇ 200 ਹੋਰ ਪੰਜਾਬੀ ਮਜ਼ਦੂਰ ਕੰਮ ਕਰਦੇ ਸਨ। ਮਜ਼ਦੂਰੀ ਦੋ ਢਾਈ ਡਾਲਰ ਮਿਲਦੇ, ਮਿਹਨਤ ਹੱਡ ਭੰਨਵੀਂ। ਹਿੰਦੀਆਂ ਨੂੰ ਆਪਣੀ ਹੋ ਰਹੀ ਬੇਇੱਜ਼ਤੀ ਦੇ ਕਾਰਨਾਂ ਬਾਰੇ ਹੁਣ ਕੋਈ ਭੁਲੇਖਾ ਨਹੀਂ ਸੀ। ਗੁਲਾਮੀ ਦਾ ਅਹਿਸਾਸ ਵੀ ਹੋਇਆ। ਅਮਰੀਕਨ ਮਜ਼ਦੂਰਾਂ ਦੇ ਟੋਲੇ ਗੁਲਾਮ ਕੌਮਾਂ ਦੇ ਮਜ਼ਦੂਰਾਂ 'ਤੇ ਹਮਲੇ ਕਰਦੇ ਤੇ ਮਾਰ ਕੁਟਾਈ ਕਰਦੇ। ਕਿਤੇ ਕੋਈ ਸੁਣਵਾਈ ਨਾ ਹੁੰਦੀ। ਡੈਕੋਮਾ ਕੈਲੀਫੋਰਨੀਆ ਵਿਖੇ ਹੋਏ ਹਮਲੇ ਦਾ ਜਵਾਬ ਭਾਰਤੀ ਮਜ਼ਦੂਰਾਂ ਨੇ ਜਥੇਬੰਦ ਹੋ ਕੇ ਦਿੱਤਾ, ਅੱਗੋਂ ਹਮਲੇ ਹੋਣੋਂ ਰੁਕ ਗਏ। ਬਾਬਾ ਸੋਹਣ ਸਿੰਘ ਭਕਨਾ ਤੇ ਤੇਜਾ ਸਿੰਘ ਮਸਤੂਆਣਾ ਇਕ ਹੋਟਲ ਵਿਚ ਰੋਟੀ ਖਾਣ ਗਏ, ਖਾਲੀ ਸੀਟਾਂ ਪਈਆਂ ਹੋਣ ਦੇ ਬਾਵਜੂਦ ਹੋਟਲ ਵਾਲਿਆਂ ਆਖ ਦਿੱਤਾ, ਇੱਥੇ ਆਪ ਲਈ ਕੋਈ ਥਾਂ ਨਹੀਂ ਹੈ। ਅਮਰੀਕਨ ਬੱਚੇ ਉਨ੍ਹਾਂ ਮਗਰ 'ਹਿੰਦੀ ਸਲੇਵ ਹਿੰਦੀ ਸਲੇਵ' ਦੇ ਹੋਕਰੇ ਮਾਰਦੇ ਦੌੜਦੇ।

ਬਾਬਾ ਜੀ ਇਸ ਮਿੱਲ ਦਾ ਕੰਮ ਛੁਟ ਜਾਣ ਕਰਕੇ ਹੋਰ ਮਿੱਲ ਵਿਚ ਇਕ ਮਿੱਤਰ ਨਾਲ ਕੰਮ ਦੀ ਭਾਲ ਵਿਚ ਗਏ। ਮੈਨੇਜਰ ਨੇ ਬੈਠਣ ਲਈ ਕਿਹਾ ਜਦੋਂ ਕੰਮ ਬਾਰੇ ਗੱਲ ਕੀਤੀ ਤਾਂ ਉਸ ਨੇ ਉੱਤਰ ਦਿੱਤਾ, 'ਜੀਅ ਕਰਦਾ ਹੈ ਕਿ ਤੁਹਾਨੂੰ ਗੋਲੀ ਮਾਰ ਦਿਆਂ।' ਉਨ੍ਹਾਂ ਪੁੱਛਿਆ, "ਸਾਡਾ ਕਸੂਰ?" "ਤੁਸੀਂ ਵੀਹ ਕਰੋੜ ਭਾਰਤੀ ਬੰਦੇ ਨਹੀਂ ਭੇਡਾਂ ਹੋ। ਤੁਹਾਨੂੰ ਇਕ ਇਕ ਬੰਦੂਕ ਦਿੰਦਾ ਹਾਂ, ਪਹਿਲਾਂ ਆਪਣਾ ਦੇਸ਼ ਅਜ਼ਾਦ ਕਰਵਾਓ।" ਇਹੋ ਜਿਹੀਆਂ ਬੇਇੱਜ਼ਤ ਕਰਨ ਵਾਲੀਆਂ ਤੇ ਹੋਠੀ ਕਰਨ ਵਾਲੀਆਂ ਘਟਨਾਵਾਂ ਨੇ ਓਰੇਗਾਨ, ਵਾਸ਼ਿੰਗਟਨ ਤੇ ਕੈਲੀਫੋਰਨੀਆ ਵਿਚਲੇ ਭਾਰਤੀ ਮਜ਼ਦੂਰਾਂ ਵਿਚ ਸਵੈ-ਰੱਖਿਆ ਤੇ ਦੇਸ਼ ਦੀ ਅਜ਼ਾਦੀ ਲਈ ਜਥੇਬੰਦ ਹੋਣ ਲਈ ਜਾਗ੍ਰਿਤੀ ਲਿਆਂਦੀ ਤੇ ਹਰ ਐਤਵਾਰ ਮੀਟਿੰਗਾਂ ਦਾ ਸਿਲਸਿਲਾ ਆਰੰਭ ਹੋਇਆ।

ਬਾਬਾ ਭਕਨਾ ਦੇ ਸਿਰ-ਤੋੜ ਯਤਨਾਂ ਸਦਕਾ ਹੀ ਪੋਰਟਲੈਂਡ ਤੇ ਅਸਟ੍ਰੇਲੀਆ ਦੀਆਂ ਮੀਟਿੰਗਾਂ ਤੋਂ ਬਾਅਦ ਸੇਂਟ ਜੌਨ ਦੀ ਇਨਕਲਾਬੀ ਕਾਨਫਰੰਸ ਵਿਚ ਠੋਸ ਤੇ ਜਮਹੂਰੀ ਅਧਾਰ ਵਾਲੀ ਲੜਾਕੂ ਜਥੇਬੰਦੀ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਜੋ ਪਿਛੋਂ ਜਾ ਕੇ ਗਦਰ ਪਾਰਟੀ ਬਣੀ, ਦੀ ਸਿਰਜਣਾ ਕੀਤੀ ਜਾ ਸਕੀ, ਇਸਨੇ ਆਪਣੇ ਚੌਦਾਂ ਨੁਕਤਿਆਂ ਵਾਲੇ ਨਿਸ਼ਾਨਿਆਂ ਦਾ ਐਲਾਨ ਕੀਤਾ। ਇਸ ਦਾ ਮੁੱਖ ਮੰਤਵ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਨੂੰ ਅੰਗਰੇਜ਼ੀ ਹਕੂਮਤ ਦੇ ਜੂਲੇ ਹੇਠੋਂ ਕੱਢਣਾ ਸੀ, ਬਰਾਬਰੀ ਦੇ ਅਧਾਰ ਤੇ ਕੌਮੀ ਜਮਹੂਰੀ ਹਕੂਮਤ ਕਾਇਮ ਕਰਨਾ ਸੀ, ਜਿਸ ਦਾ ਸਰੂਪ ਧਰਮ ਨਿਰਪੱਖ ਸੀ। ਭਾਰਤੀ ਭਾਸ਼ਾਵਾਂ ਵਿਚ ਗਦਰ ਅਖ਼ਬਾਰ ਕੱਢਣ ਦਾ ਨਿਸ਼ਾਨਾ ਵੀ ਮਿਥਿਆ। ਇਸ ਜਥੇਬੰਦੀ ਦੀ ਚੋਣ ਸਰਬਸੰਮਤੀ ਨਾਲ ਹੋਈ:ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਕੇਸਰ ਸਿੰਘ ਠਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ ਸਿੰਘ, ਜੁਆਇੰਟ ਸਕੱਤਰ ਠਾਕਰ ਦਾਸ, ਖਜ਼ਾਨਚੀ ਪੰ. ਕਾਸ਼ੀ ਰਾਮ ਨਾਇਬ, ਖਜ਼ਾਨਚੀ ਹਰਨਾਮ ਸਿੰਘ ਟੁੰਡੀਲਾਟ, ਜਥੇਬੰਦਕ ਸਕੱਤਰ ਮੁਣਸ਼ੀ ਰਾਮ ਤੇ ਕਰੀਬ ਬਖ਼ਸ਼।

14 ਮੈਂਬਰੀ ਇੰਤਜ਼ਾਮੀਆ ਕਮੇਟੀ ਦਾ ਵੀ ਗਠਨ ਕੀਤਾ ਗਿਆ, 1814 ਈਸਵੀ ਨੂੰ ਸੈਕਰਾਮੈਂਟੋ ਵਿਚ ਹੋਈ ਕਾਨਫਰੰਸ ਨੇ ਇਨ੍ਹਾਂ ਫੈਸਲਿਆਂ ਦੀ ਪੁਸ਼ਟੀ ਕਰਦਿਆਂ ਇਕ ਹੋਰ ਮੀਤ ਪ੍ਰਧਾਨ ਭਾਈ ਜਵਾਲਾ ਸਿੰਘ ਦੀ ਨਿਯੁਕਤੀ ਕੀਤੀ। 10 ਹੋਰ ਮੈਂਬਰ ਇੰਤਜ਼ਾਮੀਆ ਕਮੇਟੀ ਵਿਚ ਸ਼ਾਮਲ ਕੀਤੇ ਗਏ। ਇਸ ਨਾਲ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਮੁਹਾਂਦਰਾ ਸਰਬ ਅਮਰੀਕਨ ਬਣ ਗਿਆ। ਬਾਬਾ ਜੀ ਨੇ ਆਪਣੇ ਸਾਰੇ ਕੰਮ ਛੱਡਦਿਆਂ ਕੁਲਵਕਤੀ ਤੌਰ 'ਤੇ ਯੁਗਾਂਤਰਮ ਆਸ਼ਰਮ ਦਫ਼ਤਰ ਸੈਨ ਫਰਾਂਸਿਸਕੋ ਪਾਰਟੀ ਦੀ ਵਾਗਡੋਰ ਸੰਭਾਲ ਲਈ। ਨਵੰਬਰ 1913 ਵਿਚ ਬਾਬਾ ਜੀ ਦੀ ਨਿਗਰਾਨੀ ਹੇਠ ਕਰਤਾਰ ਸਿੰਘ ਸਰਾਭਾ ਦੇ ਅਣਥੱਕ ਯਤਨਾਂ ਸਦਕਾ ਹੈਂਡ ਮਸ਼ੀਨ ਤੇ ਗਦਰ ਦਾ ਪਰਚਾ ਛਪ ਸਕਿਆ। ਪਿਛੋਂ ਜਾ ਕੇ ਇਸ ਪਰਚੇ ਦਾ ਪਸਾਰ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਹੋ ਗਿਆ ਅਤੇ ਦੁਨੀਆਂ ਦੇ ਹਰ ਕੋਨੇ ਤੱਕ ਗਦਰ ਕਮੇਟੀਆਂ ਤੱਕ ਪੁੱਜਣ ਲੱਗਾ।

ਇਕ ਵਾਰੀ ਆਇਰਲੈਂਡ ਦਾ ਕੋਈ ਇਨਕਲਾਬੀ ਬਾਬਾ ਜੀ ਨੂੰ ਮਿਲਣ ਆਇਆ। ਉਸਨੇ ਗਦਰ ਅਖ਼ਬਾਰ ਦਾ ਪ੍ਰੈੱਸ ਵੀ ਵੇਖਿਆ। ਸਾਂਝੇ ਲੰਗਰ ਵਿਚ ਸਾਰਿਆਂ ਦਾ ਖਰਚ ਦੋ ਡਾਲਰ ਸੀ, ਉਹ ਤਾਂ ਹੈਰਾਨ ਹੀ ਰਹਿ ਗਿਆ। ਵਿਸਥਾਰ ਸੁਣ ਕੇ ਕਹਿਣ ਲੱਗਾ, "ਹੈਂ! ਐਨਾ ਤਿਆਗ, ਹੁਣ ਭਾਰਤ ਦੀ ਅਜ਼ਾਦੀ ਬਹੁਤ ਦੂਰ ਨਹੀਂ ਹੈ।"

ਪਹਿਲੇ ਸੰਸਾਰ ਯੁੱਧ ਦੇ ਆਰੰਭ ਹੁੰਦਿਆਂ ਹੀ 14 ਅਗਸਤ 1914 ਨੂੰ ਸੈਕਰਾਮੈਂਟੋ ਦੀ ਵਿਸ਼ਾਲ ਕਾਨਫਰੰਸ ਨੇ ਅੰਗਰੇਜ਼ਾਂ ਵਿਰੁਧ ਐਲਾਨੇ ਜੰਗ ਕਰ ਦਿੱਤਾ। ਹੋਰ 63 ਆਗੂਆਂ ਸਮੇਤ ਬਾਬਾ ਸੋਹਣ ਸਿੰਘ ਭਕਨਾ ਦਾ ਭਾਰਤ ਵਲ ਕੂਚ ਕਰਨ ਦਾ ਫੈਸਲਾ ਹੋਇਆ। ਉਨ੍ਹਾਂ ਸਾਰਾ ਧਨ ਤੇ ਜਾਇਦਾਦਾਂ ਪਾਰਟੀ ਫੰਡ 'ਚ ਦੇ ਦਿੱਤੀਆਂ। 11 ਅਗਸਤ 1914 ਨੂੰ ਗਦਰ ਅਖ਼ਬਾਰ ਨੇ ਆਪਣੇ ਪਹਿਲੇ ਪੰਨੇ ਤੇ ਇਸ਼ਤਿਹਾਰ ਛਾਪਿਆ। ਗਦਰ ਪਾਰਟੀ ਦੇ ਸੱਦੇ ਦੀ ਝਲਕ:

ਜ਼ਰੂਰਤ ਹੈ

ਨਿਡਰ ਸਿਪਾਹੀਆਂ ਦੀ ਹਿੰਦੁਸਤਾਨ ਵਿਚ ਗਦਰ ਮਚਾਉਣ ਲਈ, ਤਨਖਾਹ, ਮੌਤ, ਇਨਾਮ, ਸ਼ਹੀਦੀ ਤੇ ਅਜ਼ਾਦੀ ਮਕਾਮ, ਮੈਦਾਨ ਹਿੰਦੁਸਤਾਨ ਕੋਈ ਲਾਲਚ ਨਹੀਂ ਕੁਰਸੀਆਂ, ਤਗਮਿਆਂ, ਪੈਨਸ਼ਨਾਂ ਜਾਂ ਸਨਮਾਨਾਂ ਦਾ। ਤਮੰਨਾ ਹੈ ਤਾਂ ਕੇਵਲ ਦੇਸ਼ ਦੀ ਅਜ਼ਾਦੀ ਲਈ ਸਿਰ ਵਾਰਨ ਦੀ। ਗਦਰ ਪਾਰਟੀ ਦੇ ਪ੍ਰਧਾਨ 'ਤੇ ਕਿੰਨਾ ਭਰੋਸਾ ਤੇ ਮਾਣ ਹੈ, ਉਸ ਦੀ ਦ੍ਰਿੜ੍ਹਤਾ ਤੇ ਕੁਰਬਾਨੀ ਉੱਤੇ ਗਦਰ ਪਾਰਟੀ ਦੇ ਪਰਚੇ ਦੀ ਇਕ ਕਵਿਤਾ ਪੇਸ਼ ਹੈ-

ਸਮਾਂ ਕੌਮ ਤੇ ਦੇਖ ਜਿੰਦ ਵਾਰਨੇ ਦਾ,
ਖਿੱਚੀ ਲੀਕ ਤੂੰ ਵਿਚ ਮੈਦਾਨ ਬਾਬਾ
ਆਪ ਲੰਘ ਕੇ ਪਾਰ ਵੰਗਾਰਿਆ ਸੀ,
ਵਾਰੋ ਸੀਸ ਕੋਈ ਮਰਦ ਮੈਦਾਨ ਬਾਬਾ
ਨਿਧਾਨ ਸਿੰਘ, ਕਰਤਾਰ ਤੇ ਸਿੰਘ ਊਧਮ
ਮਾਰੀ ਛਾਲ ਸੰਤੋਖ ਜਵਾਨ ਬਾਬਾ
ਜਵਾਲਾ ਸਿੰਘ ਜਹੇ ਸਾਥੀਆਂ
ਕਿਹਾ ਵਧ ਕੇ
ਜਿੱਥੇ ਕਹੇਂ ਤੂੰ ਵਾਰੀਏ ਜਾਨ ਬਾਬਾ
ਸਾਰੇ ਸੂਰਮੇ ਦੇਸ਼ ਨੂੰ ਗਿਓਂ ਲੈ ਕੇ
ਜੜ੍ਹ ਗਦਰ ਦੀ ਹਿੰਦ ਵਿਚ ਲਾਈ ਜਾ ਕੇ
ਚੜ੍ਹ ਫਾਂਸੀਆਂ ਝੂਲੀਆਂ ਕੌਮ ਖਾਤਰ,
ਐਸੀ ਜੇਲ੍ਹ ਵਿਚ ਜੋਗ ਕਮਾਈ ਜਾ ਕੇ
ਨਹੀਂ ਟਲੇ, ਨਾ ਢਲੇ ਪਿਛਾਂਹ ਖਿਸਕੇ,
ਮੂੰਹੋਂ ਬੋਲ ਸਿਰ ਨਾਲ ਨਿਭਾਈ ਜਾ ਕੇ
ਵਾਹਵਾ ਤੂੰ ਤੇ ਧਨ ਸੀ ਸਾਥ ਤੇਰਾ
ਜਿਨ੍ਹਾਂ ਕੌਮ ਦੀ ਰੱਖ ਵਖਾਈ ਜਾ ਕੇ

ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨਾਲ ਬਜਬਜ ਘਾਟ ਤੇ ਵਾਪਰੇ ਦੁਖਾਂਤ ਬਾਰੇ ਬਾਬਾ ਜੀ ਨੂੰ ਨਾਮਸਿੰਗ ਜਹਾਜ਼, ਜਿਸ ਵਿਚ ਹੋਰ ਗਦਰੀ ਵੀ ਆ ਰਹੇ ਸਨ, ਪੀਨਾਂਗ ਹੀ ਪਤਾ ਚੱਲ ਗਿਆ ਸੀ। ਖਾੜੀ ਬੰਗਾਲ ਵਿਚ ਦਾਖਲ ਹੁੰਦਿਆਂ ਹੀ ਅੰਗਰੇਜ਼ੀ ਸਰਕਾਰ ਨੇ ਬਾਬਾ ਜੀ ਨੂੰ ਹੋਰ ਗਦਰੀਆਂ ਸਮੇਤ ਗ੍ਰਿਫਤਾਰ ਕਰ ਲਿਆ। ਓਡਵਾਇਰ ਲਿਖਦਾ ਹੈ, "ਆਈ.ਜੀ. ਪੁਲਿਸ ਤੇ ਆਪਣੇ ਸਲਾਹਕਾਰਾਂ ਦੀ ਰਾਏ ਦੇ ਉਲਟ ਮੈਂ ਇਨ੍ਹਾਂ ਨੂੰ ਜੇਲ੍ਹੀਂ ਬੰਦ ਕਰਨ ਦਾ ਹੁਕਮ ਦੇ ਦਿੱਤਾ।"

ਬਾਹਰ ਰਹਿੰਦੇ ਗਦਰੀਆਂ ਨੇ ਜਥੇਬੰਦ ਹੋ ਕੇ ਗਦਰ ਲਈ 21 ਫਰਵਰੀ 1915 ਦਾ ਦਿਨ ਨੀਯਤ ਕੀਤਾ। ਕ੍ਰਿਪਾਲ ਜਿਹੇ ਗੱਦਾਰਾਂ ਦੀ ਗੱਦਾਰੀ ਕਰਕੇ ਅੰਗਰੇਜ਼ ਹਕੂਮਤ ਚੰਗਾੜੀ ਫੁੱਟਣ ਤੋਂ ਪਹਿਲਾਂ ਹੀ ਨੱਪ ਲੈਣ ਵਿਚ ਸਫਲ ਹੋਈ। ਗਦਰੀਆਂ ਨਾਲੋਂ ਵੀ ਵਧ ਦੇਸ਼ ਵਾਸੀਆਂ ਨੂੰ ਨਿਰਾਸ਼ਾ ਹੋਈ, ਫੌਜੀ ਜਿੱਥੇ ਸਨ, ਉੱਥੇ ਹੀ ਦੜ ਵੱਟ ਗਏ। ਬਾਬਾ ਜੀ ਸਮੇਤ 82 ਹੋਰ ਗਦਰੀਆਂ 'ਤੇ ਪਹਿਲਾਂ ਲਾਹੌਰ ਸਾਜ਼ਿਸ਼ ਕੇਸ, ਸਪੈਸ਼ਲ ਤਿੰਨ ਮੈਂਬਰੀ ਟ੍ਰਿਬਿਊਨਲ ਦੀ ਅਦਾਲਤ ਲਾਹੌਰ ਜੇਲ੍ਹ ਵਿਚ ਚੱਲਿਆ ਜਿਸ ਦਾ ਪ੍ਰਧਾਨ ਇਰਵਨ ਸੀ। 13 ਸਤੰਬਰ 1915 ਨੂੰ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਜਨਤਕ ਬੇਚੈਨੀ ਤੋਂ ਡਰਦਿਆਂ, ਵਾਇਸਰਾਇ ਲਾਰਡ ਹਾਰਡਿੰਗ ਨੇ 6 ਗਦਰੀਆਂ ਤੋਂ ਬਿਨਾਂ 17 ਗਦਰੀਆਂ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ। 7 ਹੋਰ ਦੀ ਸਜ਼ਾ ਵੀ ਘਟਾ ਦਿੱਤੀ ਗਈ। ਇੱਥੋਂ ਬਾਬਾ ਜੀ ਦੀ ਉਮਰ ਕੈਦ ਦਾ ਭੁੱਖ ਹੜਤਾਲਾਂ ਤੇ ਕਸ਼ਟਾਂ ਭਰਿਆ ਸਫਰ ਆਰੰਭ ਹੁੰਦਾ ਹੈ।

17 ਦੇਸ਼ ਭਗਤ ਕੈਦੀਆਂ ਦੀ ਸਜ਼ਾ ਫਾਂਸੀ ਤੋਂ ਘਟਾ ਕੇ ਉਮਰ ਕੈਦ ਵਿਚ ਤਬਦੀਲ ਕਰਨ ਦੀ ਵਖਰੀ ਦਾਸਤਾਨ ਹੈ। ਆਖਰ 15 ਨਵੰਬਰ ਦਾ ਦਿਨ ਆ ਗਿਆ, ਅਗਲੀ ਸਵੇਰ ਫਾਂਸੀ ਲਟਕਣਾ ਸੀ। ਬਾਬਾ ਜੀ ਕਿਹਾ ਕਰਦੇ ਸਨ, "ਮੈਨੂੰ ਉਹ ਰਾਤ ਅੱਜ ਤਕ ਨਹੀਂ ਭੁੱਲੀ, ਜਿਵੇਂ ਰਿਵਾਜ ਸੀ, ਸਾਡਾ ਭਾਰ ਤੋਲ ਲਿਆ ਗਿਆ, ਫਿਰ ਸਾਰੀ ਰਾਤ ਅਸੀਂ ਉੱਚੀ ਉੱਚੀ ਹੱਸਦੇ ਕੂਕਦੇ ਤੇ 'ਅਸੀਂ ਆਪਣਾ ਫਰਜ਼ ਨਿਭਾਅ ਚੱਲੇ' ਵਰਗੇ ਗੀਤ ਗਾਉਂਦੇ ਰਹੇ। ਫਾਂਸੀ ਵਾਲੇ ਦਿਨ ਡਿਪਟੀ ਜੇਲ੍ਹਰ ਨੇ ਕੋਠੜੀਆਂ ਦੇ ਦਰਵਾਜ਼ੇ ਖੁਲਵਾਏ। ਰਿਵਾਜ ਅਨੁਸਾਰ ਆਖਰੀ ਇਸ਼ਨਾਨ ਲਈ ਪਾਣੀ ਨਾ ਆਇਆ। ਪੁੱਛਣ 'ਤੇ ਪਤਾ ਲੱਗਾ ਕਿ ਰਾਤ ਦਸ ਵਜੇ ਉਪਰੋਂ ਹੁਕਮ ਆਇਆ ਹੈ ਕਿ ਫਾਂਸੀ ਹਾਲੇ ਰੋਕ ਦਿੱਤੀ ਜਾਵੇ। ਅਸਲੀਅਤ ਇਹ ਸੀ ਕਿ ਰਘੁਨਾਥ ਸਹਾਇ ਵਰਗੇ ਦੇਸ਼ ਭਗਤ ਵਕੀਲਾਂ ਨੇ ਮੁਕੱਦਮੇ ਦਾ ਡਰਾਮਾ ਅੱਖੀਂ ਵੇਖਿਆ ਸੀ।

ਪੰ. ਮੋਤੀ ਲਾਲ ਅਤੇ ਵਾਇਸਰਾਏ ਲਾਰਡ ਹਾਰਡਿੰਗ ਦੀ ਕੌਂਸਲ ਦੇ ਭਾਰਤੀ ਨਾਮਜ਼ਦ ਮੈਂਬਰ ਸਰ ਹਰਨਾਮ ਸਿੰਘ ਕਪੂਰਥਲਾ, ਮਦਨ ਮੋਹਨ ਮਾਲਵੀਆ ਅਤੇ ਸਰ ਅਲੀ ਇਮਾਮ ਦਾ ਇਕ ਵਫਦ ਵਾਇਸਰਾਏ ਨੂੰ ਮਿਲਿਆ ਅਤੇ ਦਲੀਲ ਦਿੱਤੀ ਕਿ ਫਾਂਸੀ ਲਾਏ ਜਾਣ ਵਾਲੇ 24 ਸੂਰਵੀਰਾਂ ਵਿਚੋਂ 17 ਤਾਂ ਭਾਰਤ ਦੀ ਧਰਤੀ 'ਤੇ ਉਤਰਨ ਤੋਂ ਪਹਿਲੋਂ ਜਹਾਜ਼ਾਂ ਵਿਚੋਂ ਹੀ ਫੜ ਲਏ ਗਏ ਹਨ, ਉਨ੍ਹਾਂ 'ਤੇ ਲਾਈਆਂ ਗਈਆਂ ਕਾਨੂੰਨੀ ਧਾਰਾਵਾਂ ਲੱਗ ਹੀ ਨਹੀਂ ਸਕਦੀਆਂ। ਇਸ ਕਾਨੂੰਨੀ ਕਮਜ਼ੋਰੀ ਕਰਕੇ 17 ਸੂਰਮਿਆਂ ਦੀ ਫਾਂਸੀ ਦੀ ਸਜ਼ਾ ਤੋੜ ਦਿੱਤੀ ਗਈ, ਪਰ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਦੀ ਜ਼ਬਤੀ ਕਾਇਮ ਰੱਖੀ ਗਈ। ਬਾਬਾ ਭਕਨਾ ਵੀ ਉਨ੍ਹਾਂ ਵਿਚੋਂ ਇਕ ਸਨ। ਬਾਬਾ ਜੀ ਕਿਹਾ ਕਰਦੇ ਸਨ, "ਅੱਜ ਵੀ ਮੇਰੀਆਂ ਅੱਖਾਂ ਸਾਹਮਣੇ ਉਹ ਦਿਨ ਆਉਂਦਾ ਹੈ, 16 ਨਵੰਬਰ 1915 ਈ. ਜਿਸ ਦਿਨ ਮੇਰੇ ਸਭ ਸਾਥੀਆਂ, ਕਰਤਾਰ ਸਿੰਘ ਸਰਾਭਾ, ਭਾਈ ਬਖਸ਼ੀਸ਼ ਸਿੰਘ, ਭਾਈ ਸਰੈਣ ਸਿੰਘ ਸਪੁੱਤਰ ਬੂੜ ਸਿੰਘ ਭਾਈ ਸਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ੍ਰੀ ਵਿਸ਼ਣੂ ਪਿੰਗਲੇ ਅਤੇ ਭਾਈ ਜਗਤ ਸਿੰਘ ਨੂੰ ਫਾਂਸੀ ਲਾਇਆ ਗਿਆ ਸੀ। ਆਖਰੀ ਸਮੇਂ ਫਾਂਸੀ ਦੇ ਤਖਤੇ 'ਤੇ ਖਲੋ ਕੇ ਉਨ੍ਹਾਂ ਕੌਮ ਨੂੰ ਸੁਨੇਹਾ ਦਿੱਤਾ, "ਐ ਭਾਰਤ ਮਾਂ! ਅਸੀਂ ਤੇਰੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਨਹੀਂ ਤੋੜ ਸਕੇ, ਪਰ ਸਾਡੇ ਜੀਵਨ ਸਾਥੀਆਂ ਵਿਚੋਂ ਹਰ ਕੋਈ ਆਖਰੀ ਦਮ ਤਕ ਮਾਤ ਭੂਮੀ ਜੰਤਾ ਦੀ ਅਜ਼ਾਦੀ ਤੇ ਬਰਾਬਰੀ ਲਈ ਲੜਦਾ ਰਹੇਗਾ, ਹਰ ਤਰ੍ਹਾਂ ਦੀ ਗੁਲਾਮੀ ਕੀ ਆਰਥਕ, ਕੀ ਰਾਜਨੀਤਕ ਤੇ ਕੀ ਸਮਾਜਿਕ ਨੂੰ ਦੇਸ਼ ਅਤੇ ਮਨੁੱਖੀ ਸਮਾਜ ਵਿਚੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।"

ਬਾਬਾ ਜੀ ਨੂੰ ਸਜ਼ਾਵਾਂ ਹੋਈਆਂ:ਮੁਲਤਾਨ ਜੇਲ੍ਹ ਫਰਵਰੀ 1915, ਲਾਹੌਰ 27.4.1915, ਸਜ਼ਾ ਫਾਂਸੀ 13.9.1915 ਕਾਲੇ ਪਾਣੀ 10 ਦਸੰਬਰ 1915, ਵਾਪਸੀ 1921, ਮਦਰਾਸ ਜੇਲ੍ਹ 1923 ਤੋਂ 1927, ਲਾਹੌਰ 1927 ਤੋਂ 1930 ਰਿਹਾਈ ਤੱਕ। ਬਾਬਾ ਜੀ ਕਰਤਾਰ ਸਿੰਘ ਸਰਾਭਾ ਬਾਰੇ ਬੜੇ ਹੀ ਮਾਣ ਨਾਲ ਜ਼ਿਕਰ ਕਰਦੇ ਸਨ। ਉਹ ਇਕ ਬੇਮਿਸਾਲ ਦੇਸ਼ ਭਗਤ, ਜਿਸ ਦੇ ਮਨ ਵਿਚੋਂ ਭੈਅ ਤੇ ਮੌਤ ਦਾ ਡਰ ਦੂਰ ਹੋ ਚੁੱਕਾ ਸੀ। ਬੇਮਿਸਾਲ ਤਿਆਗੀ ਕ੍ਰਾਂਤੀਕਾਰੀ ਜਰਨੈਲ ਹੁੰਦਿਆਂ ਉਹ ਦੋਸਤਾਂ ਦਾ ਦੋਸਤ ਸੀ, ਦੁਨੀਆਂ ਦੇ ਇਤਿਹਾਸ ਵਿਚ ਸ਼ਾਇਦ ਹੀ ਐਨੀ ਛੋਟੀ ਉਮਰ (19 ਸਾਲ) ਦਾ ਜਰਨੈਲ ਮਿਲੇ, ਜੋ ਕਰਤਾਰ ਦਾ ਸਾਨੀ ਹੋਵੇ।

ਸ਼ਹੀਦ ਭਗਤ ਸਿੰਘ ਲਾਹੌਰ ਸੈਂਟਰਲ ਜੇਲ੍ਹ ਵਿਚ ਬਾਬਾ ਜੀ ਨੂੰ ਮਿਲੇ। ਬਾਬਾ ਜੀ ਮਖੌਲ ਨਾਲ ਪੁੱਛਣ ਲੱਗੇ, "ਤੂੰ ਅਜੇ ਜਵਾਨ ਸੀ, ਪੜ੍ਹਨ ਲਿਖਣ, ਖਾਣ ਪੀਣ ਦੀ ਵਰੇਸ ਤੂੰ ਏਧਰ ਕਿਵੇਂ ਆ ਗਿਆ?" ਭਗਤ ਸਿੰਘ ਨੇ ਬਾਬਾ ਜੀ ਨੂੰ ਹੱਸ ਕੇ ਉੱਤਰ ਦਿੱਤਾ, "ਜੇ ਕਰਤਾਰ ਸਿੰਘ ਸਰਾਭਾ ਤੇ ਉਸਦੇ ਦੂਸਰੇ ਸਾਥੀ ਹੱਸ ਹੱਸ ਫਾਂਸੀਆਂ 'ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਿਹੇ ਕੁੰਭੀ ਨਰਕ ਵਿਚ ਪੈ ਕੇ ਸਾਬਤ ਨਾ ਨਿਕਲੇ ਹੁੰਦੇ ਤਾਂ ਸ਼ਾਇਦ ਮੈਂ ਵੀ ਏਧਰ ਨਾ ਆਉਂਦਾ।" ਬਾਬਾ ਜੀ ਭਗਤ ਸਿੰਘ ਬਾਰੇ ਬਿਆਨ ਕਰਦੇ ਸਨ ਕਿ 6 ਫੁੱਟ ਲੰਬਾ ਖੂਬਸੂਰਤ ਤੇ ਅਜੇ ਮਸ ਫੁੱਟਦਾ ਨੌਜਵਾਨ ਸੀ, ਨਿਡਰ ਜਰਨੈਲ ਫਲਾਸਫਰ ਤੇ ਉੱਚੇ ਦਰਜੇ ਦੀ ਰਾਜਸੀ ਸੂਝ ਰੱਖਣ ਵਾਲਾ ਸੀ। ਉਸ ਦੇ ਦਿਲ ਵਿਚ ਦੁਨੀਆ ਭਰ ਦੇ ਪੀੜ੍ਹਤ ਲੋਕਾਂ ਲਈ ਦਰਦ ਸੀ। ਮੈਨੂੰ ਤਾਂ ਉਹਦੇ ਤੇ ਕਰਤਾਰ ਸਿੰਘ ਸਰਾਭੇ 'ਚ ਅੰਤਰ ਨਜ਼ਰ ਨਹੀਂ ਸੀ ਆਉਂਦਾ।

ਬਾਬਾ ਜੀ 1930 ਵਿਚ ਉਮਰ ਕੈਦ ਤੋਂ ਰਿਹਾਅ ਹੋ ਕੇ ਆਏ। ਰਾਜਸੀ ਕੰਮ ਦੇ ਨਾਲ ਸਮਾਜ ਭਲਾਈ ਦੇ ਕੰਮਾਂ ਵਿਚ ਇਲਾਕੇ ਵਿਚ ਆਗੂ ਬਣ ਕੇ ਅੱਗੇ ਲੱਗੇ। ਪਿੰਡ ਦੇ ਹਾਈ ਸਕੂਲ ਲਈ 8 ਏਕੜ ਜ਼ਮੀਨ ਦੇ ਦਿੱਤੀ, ਲੜਕੀਆਂ ਦੀ ਵਿੱਦਿਆ ਲਈ ਵੀ ਸਹਾਇਤਾ ਕੀਤੀ। ਅੱਧੀ ਹਵੇਲੀ ਵੇਚ ਦਿੱਤੀ। ਅੱਧੀ ਵਿਚ ਲੜਕੀਆਂ ਦਾ ਸਕੂਲ ਆਰੰਭ ਕਰਵਾ ਦਿੱਤਾ। 68 ਕਨਾਲ ਜ਼ਮੀਨ ਵਿਚ ਕਿਰਤੀ ਕਿਸਾਨ ਆਸ਼ਰਮ ਆਰੰਭ ਕੀਤਾ, ਜਿੱਥੇ ਦੇਸ਼ ਭਗਤਾਂ ਦੇ ਬੱਚਿਆਂ ਦੀ ਸੰਭਾਲ ਤੇ ਵਿਦਿਆ ਦਾ ਪ੍ਰਬੰਧ ਸੀ। 1939 ਈਸਵੀ ਨੂੰ ਬਾਬਾ ਜੀ ਨੇ ਜਲ੍ਹਿਆਂਵਾਲੇ ਬਾਗ ਅੰਮ੍ਰਿਤਸਰ ਮਰਨ ਵਰਤ ਰੱਖਿਆ ਕਿ ਦੇਸ਼ ਭਗਤਾਂ ਨੂੰ ਕਾਲੇ ਪਾਣੀ ਨਾ ਭੇਜਣ ਦੇ ਸਮਝੌਤੇ ਨੂੰ ਸਰਕਾਰ ਨੇ ਕਿਉਂ ਤੋੜਿਆ? ਬਾਬਾ ਜੀ ਪੂਰਨ ਰੂਪ ਵਿਚ ਸਫਲ ਹੋ ਕੇ ਨਿਕਲੇ, ਸਰਕਾਰ ਨੇ ਮੰਗਾਂ ਪ੍ਰਵਾਨ ਕਰ ਲਈਆਂ। ਬਾਬਾ ਜੀ ਸਰਬ ਭਾਰਤੀ ਕਿਸਾਨ ਸਭਾ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਦੀ ਅਗਵਾਈ ਵਿਚ ਪੰਜਾਬ ਕਿਸਾਨ

**(ਬਾਕੀ ਸਫਾ 26 'ਤੇ)**

# ਮੇਲੇ ਵਿਚ ਚੱਕੀਰਾਹਾ

ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਖੇਡ ਮੇਲੇ ਵਿਚ ਮੇਰੀ ਦਿਲਚਸਪੀ ਏਨੀ ਕੁ ਹੀ ਹੈ ਜਿੰਨੀ ਚੱਕੀਰਾਹੇ ਨੂੰ ਮੇਲੇ ਵਿਚ। ਦਰਅਸਲ ਬਚਪਨ ਤੋਂ ਹੀ ਕਿਸੇ ਵੀ ਸਰੀਰਕ ਸਰਗਰਮੀ ਤੋਂ ਮੈਂ ਬਹੁਤ ਤ੍ਰਹਿੰਦਾ ਸਾਂ। ਰਵਾਇਤੀ ਤੌਰ 'ਤੇ ਸਾਡਾ ਪਿੰਡ ਤੇ ਇਸਦਾ ਵੱਡਾ ਸਕੂਲ ਫੁੱਟਬਾਲ ਦਾ ਗੜ੍ਹ ਮੰਨਿਆ ਜਾਂਦਾ ਹੈ। ਸਾਡੀਆਂ ਟੀਮਾਂ ਅਕਸਰ ਹੀ ਇਲਾਕੇ ਦੇ ਮੈਚਾਂ ਵਿਚੋਂ ਸ਼ੀਲਡਾਂ ਜਿੱਤਦੀਆਂ ਰਹਿੰਦੀਆਂ ਸਨ। ਪਿੰਡ ਦੇ ਇਸ ਗੌਰਵ ਵਿਚ ਭਾਗੀਦਾਰ ਹੋਣ ਦੀ ਚਾਹਤ ਰੱਖਦਿਆਂ ਮੈਂ ਮਨ 'ਚੋਂ ਖੇਡ-ਤ੍ਰਾਸ ਭਜਾਉਣ ਲਈ ਇਸ ਨੂੰ ਖੂਬ ਝੰਜੋੜਿਆ ਤਾਂ ਜਾ ਕੇ ਕਿਤੇ ਆਪਣੀ ਪੱਤੀ ਦੀ ਗਰਾਊਂਡ ਵਿਚ ਖੇਡਣ ਜਾਣ ਲੱਗਾ। ਪਰ ਮੈਦਾਨ ਵਿਚ ਵੜਦਿਆਂ ਹੀ ਆਪਣੇ ਵੱਲ ਰੁੜ੍ਹਦੇ ਆਉਂਦੇ ਫੁਟਬਾਲ ਤੋਂ ਮੈਂ ਧੁਣਖੀ ਦੇ ਕਾਂ ਵਾਂਗ ਡਰਨ ਲੱਗਣਾ। ਜੇ ਕਿਧਰੇ ਇਹ ਮੇਰੇ ਕੋਲ ਦੀ ਲੰਘਦਾ ਲਾਂਭੇ ਚਲੇ ਜਾਣਾ ਤਾਂ ਮੈਂ ਰੱਬ ਦਾ ਸੌ ਸੌ ਸ਼ੁਕਰ ਕਰਨਾ ਕਿ ਬਲਾ ਟਲੀ। ਕਦੇ ਕਦਾਈਂ ਫੁਟਬਾਲ ਨੇ ਆਪ ਹੀ ਮੇਰੀ ਚਰਨ-ਛੂਹ ਲਈ ਤਰਸਦਿਆਂ ਮੇਰੇ ਵੱਲ ਸਿਧੇ ਭੱਜੇ ਆਉਣਾ। ਪਰ ਇਸ ਤੋਂ ਪਹਿਲਾਂ ਕਿ ਮੈਂ ਬਾਲ ਦਾ ਸਾਹਮਣਾ ਕਰਨ ਲਈ ਪੈਰਾਂ ਨੂੰ ਪੱਕਿਆਂ ਕਰਨਾ, ਐਨ ਮੌਕੇ 'ਤੇ ਮੇਰੇ ਪਿਛੇ ਛਹਿ ਲਾਈ ਖੜੋਤੇ ਵਿਰੋਧੀ ਖਿਡਾਰੀ ਨੇ ਠੁੱਡ ਮਾਰ ਕੇ ਮੇਰੇ ਕੋਲੋਂ ਬਾਲ ਵਸੂਲ ਕਰ ਲੈਣਾ। ਇਨ੍ਹਾਂ ਦਿਨਾਂ ਵਿਚ ਮੈਂ ਸ਼ਾਇਦ ਹੀ ਕਦੇ ਫੁਟਬਾਲ ਨੂੰ ਆਪਣੇ ਕਰ ਪੈਰ ਛੋਹਣ ਦਿਤੇ ਹੋਣਗੇ।

ਪਰ ਮੇਰੇ ਸਿਦਕ ਤੋਂ ਕਾਇਲ ਮੇਰੇ ਯਾਰ ਬੇਲੀ ਤਹਿ ਦਿਲੋਂ ਮੇਰਾ ਦਿਲ ਨਹੀਂ ਤੋੜਨਾ ਚਾਹੁੰਦੇ ਸਨ। ਸੋ ਉਨ੍ਹਾਂ ਸੋਚ ਵਿਚਾਰ ਕੇ ਮੈਨੂੰ ਗੋਲਚੀ ਦਾ ਰੁਤਬਾ ਬਖਸ਼ਦਿਆਂ ਗੋਲਾਂ ਵਿਚ ਤਾਇਨਾਤ ਕਰ ਦਿੱਤਾ। ਇਸ ਹੈਸੀਅਤ ਵਿਚ ਮੈਂ ਆਪਣੇ ਨੈਣ-ਨੱਕ ਪੂਰੀ ਤਰ੍ਹਾਂ ਬਾਲ ਵਲ ਸੇਧਤ ਕਰੀ ਰੱਖਣੇ ਤੇ ਹੱਥ ਰੱਬ ਵਲ ਦੁਆ ਦੀ ਪੋਜ਼ੀਸ਼ਨ ਵਿਚ। ਪਰ ਸੁਰਤ ਉਦੋਂ ਆਉਣੀ ਜਦ ਗੋਲੀ ਵਾਂਗ ਵਧਦਾ ਫੁਟਬਾਲ ਠਾਹ ਕਰਦਾ ਮੇਰੇ ਨੱਕ 'ਤੇ ਆ ਲੱਗਣਾ। ਇਕ ਦਿਨ ਏਹੀ ਭਾਣਾ ਫਿਰ ਵਾਪਰਿਆ ਤਾਂ ਨਿਰਣਾਇਕ ਘੜੀ ਆ ਹੀ ਗਈ। ਮੈਂ ਨੱਕ ਨੂੰ ਹੱਥ ਲਾ ਕੇ ਸੇਕ ਮਹਿਸੂਸ ਕੀਤਾ ਅਤੇ ਹੱਥ ਹੋਰ ਪਿਛਾਂਹ ਲਿਜਾ ਕੇ ਕੰਨਾਂ ਨੂੰ ਜਾ ਲਾਏ ਕਿ ਅਗੇ ਤੋਂ ਗਰਾਊਂਡ ਦੇ ਬਾਹਰ ਵੀ ਖੜੇ ਨਹੀਂ ਹੋਣਾ ਕਿਉਂਕਿ ਫੁਟਬਾਲ ਨੂੰ ਤਾਂ ਗਰਾਊਂਡ ਦੇ ਬਾਹਰ ਆਉਣ ਤੋਂ ਵੀ ਕੋਈ ਰੋਕ ਨਹੀਂ।

ਪਿਛਲੇ ਦਿਨੀਂ ਸਾਡੇ ਲਾਗੇ ਹੋ ਰਹੇ ਖੇਡ ਤੇ ਸਭਿਆਚਾਰਕ ਮੇਲੇ ਵਿਚ ਜਾਣ ਦਾ ਸਬੱਬ ਬਣਨ ਲੱਗਾ। ਖੇਡਾਂ ਤੋਂ ਅਲਫ਼ ਕੋਰਾ ਤੇ ਇੰਤਹਾ ਖੌਫ਼ਜ਼ਦਾ ਮੈਂ ਮੇਲੇ ਲਈ ਇਸ ਕਰਕੇ ਤਿਆਰ ਹੋ ਗਿਆ ਕਿ ਇਸ ਦੇ ਕਾਰਜਕ੍ਰਮ ਵਿਚ ਸਭਿਆਚਾਰ ਦਾ ਸ਼ਬਦ ਵੀ ਫਸਿਆ ਹੋਇਆ ਸੀ। ਸੋਚਿਆ ਚਲੋ ਸੁਖਵਿੰਦਰ ਪੰਛੀ ਦੇ ਗੀਤ ਅਤੇ ਭੰਗੜਾ ਸ਼ੰਗੜਾ ਵੀ ਤਾਂ ਹੈ ਨਾਲੇ ਕਿਸੇ ਭਉਜਲ ਤੋਂ ਮੁਕਤੀ ਲਈ ਸੰਕਟ-ਮੋਚਕ ਪਤਨੀ ਨਾਲ ਹੈ, ਉਸ ਦਾ ਹੱਥ ਫੜੀ ਰੱਖਾਂਗੇ। ਮੇਲੇ ਜਾਣ ਲਈ ਪਤਨੀ ਦੇ ਆਪਣੇ ਸੁਆਰਥੀ ਹਿਤ ਸਨ। ਅਸਲ ਵਿਚ ਉਸ ਨੂੰ ਜਲੇਬੀਆਂ ਦੀ ਕਮਜ਼ੋਰੀ ਹੈ ਤੇ ਮੇਲੇ ਵਿਚ ਰੱਜਵੀਆਂ ਜਲੇਬੀਆਂ ਮਿਲਣ ਦੀ ਕਨਸੋਅ ਉਸਨੂੰ ਪਹਿਲਾਂ ਹੀ ਲੱਗ ਗਈ ਸੀ। ਉਹ ਤਾਂ ਮੇਲੇ ਜਾਣ ਲਈ ਬਹੁਤੀ ਭੁੜਕਦੀ ਫਿਰਦੀ ਸੀ। ਮੇਲਾ ਮੈਦਾਨ ਵਿਚ ਪਹੁੰਚਦਿਆਂ ਸਾਰ ਹੀ ਸਾਨੂੰ ਲੰਗਰ ਵਾਲੇ ਸਟਾਲ 'ਤੇ ਪਲੇਟਾਂ ਵਿਚ ਕੜਾਹ ਵਰਤਾਇਆ ਜਾਂਦਾ ਦਿਸਿਆ। ਮੇਰੀ ਪਤਨੀ ਦੇ ਪੈਰ ਲੜਖੜਾਏ, ਉਸਨੇ ਦੂਰ ਉਫ਼ਕ ਤੱਕ ਦੇਖਿਆ ਤੇ ਫਿਰ ਸਿਰ ਨਿਵਾ ਕੇ ਕੰਬਦੇ ਹੱਥ ਪਲੇਟ ਦੇ ਥੱਲੇ ਵੱਲ ਵਧਾਏ: ਜਲੇਬੀਆਂ ਲਈ ਬਣਾਏ ਮੂੰਹ ਵਿਚ ਕੜਾਹ ਸੁੱਟਣ ਲੱਗਿਆਂ ਉਸ ਦਾ ਸਰੀਰ ਅਜਿਹੀਆਂ ਕਸਰਤਾਂ ਵਿਚੋਂ ਗੁਜ਼ਰਦਾ ਹੈ।

ਅਸਾਂ ਪਹਿਲਾਂ ਇਕ ਭਲਵਾਨੀ ਗੇੜਾ ਲਾਇਆ। ਕੁਝ ਖਾਣ-ਪੀਣ ਦੇ, ਕੁਝ ਦੇਸੀ ਵਸਤਰਾਂ ਦੇ ਤੇ ਕੁਝ ਟੂਮ-ਛੱਲੇ ਦੇ ਸਟਾਲ ਲੱਗੇ ਹੋਏ ਸਨ। ਇਕ ਸਟਾਲ 'ਤੇ ਪੰਜਾਬੀ ਅੱਖਰਾਂ ਵਿਚ ਛਪੀਆਂ ਟੀ ਸ਼ਰਟਾਂ ਮਿਲ ਰਹੀਆਂ ਸਨ। ਇਕ ਸ਼ਰਟ 'ਤੇ ਛਪਿਆ ਹੋਇਆ ਸੀ 'ਕਿਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ'। ਵੀਰ-ਪਿਆਰ, ਪੱਗ-ਸਤਿਕਾਰ ਅਤੇ ਪੰਜਾਬੀ-ਪ੍ਰਚਾਰ ਹਿਤ 'ਕਿਕਲੀ' ਦੇ ਇਸ ਬੋਲ ਨੂੰ ਇਸ ਜਗ੍ਹਾ ਲਈ ਚੁਣਨਾ ਮੈਨੂੰ ਬਹੁਤ ਹੀ ਕੁਢਬਾ ਤੇ ਬੇਜੋੜ ਲੱਗਾ। ਮਨ ਕਸੈਲਾ ਜਿਹਾ ਹੋ ਗਿਆ, ਡੀਜ਼ਾਈਨਕਾਰਾਂ ਨੂੰ ਸਮਝ ਹੋਣੀ ਚਾਹੀਦੀ ਸੀ ਕਿ ਕੋਈ ਮੁਟਿਆਰ ਇਸ ਸ਼ਰਟ ਨੂੰ ਪਾ ਕੇ ਇਨ੍ਹਾਂ ਸ਼ਬਦਾਂ ਨੂੰ ਪ੍ਰਦਰਸ਼ਤ ਕਰਦੀ ਹੋਈ ਕਿੰਨੀ ਹਾਸੋਹੀਣੀ ਤੇ ਛਛੋਹਰੀ ਲੱਗੇਗੀ।

ਸਟੇਜ ਤੋਂ ਬਾਕਾਇਦਾ ਅਨਾਊਂਸਮੈਂਟਾਂ ਹੋ ਰਹੀਆਂ ਸਨ, ਕਿਸੇ ਦਾਨੀ ਨੇ ਇਸ ਮੇਲੇ ਦੀ ਸਫ਼ਲਤਾ ਲਈ ਦਰੀ ਜਿੱਡਾ ਚੈਕ ਦਿਤਾ ਹੈ, ਦਰਸ਼ਕ ਟੋਰਾਂਟੋ, ਸ਼ਿਕਾਗੋ, ਮਿਲਵਾਕੀ, ਨਿਊ ਯਾਰਕ ਤੋਂ ਆਏ ਹਨ; ਹੋਰ ਤਾਂ ਹੋਰ ਲਹਿਣ ਸਿੰਘ ਤੋਂ ਵੀ ਆਣ ਪਹੁੰਚੇ ਹਨ। ਕਈਆਂ ਨੇ ਕੰਨ ਖੜ੍ਹੇ ਕਰ ਲਏ: ਸਾਡੇ ਕਿਸੇ ਕਹਿੰਦੇ ਕਹਾਉਂਦੇ ਪੰਜਾਬੀ ਭਰਾ ਲਹਿਣ ਸਿੰਘ ਦੇ ਨਾਂ ਤੇ ਵੀ ਇਸ ਦੇਸ਼ ਦੀ ਸਰਕਾਰ ਨੇ ਸ਼ਹਿਰ ਉਸਾਰ ਦਿਤਾ ਹੈ! ਪੂਰੀ ਪੜਤਾਲ ਪਿਛੋਂ ਪਤਾ ਲੱਗਾ ਕਿ ਅਨਾਊਂਸਕਾਰ ਦਾ ਭਾਵ ਲੈਨਸਿੰਗ ਤੋਂ ਸੀ।

ਚਾਰੇ ਪਾਸੇ ਖੇਡਾਂ ਨਾਲ ਮੈਦਾਨ ਭਖੇ ਪਏ ਸਨ। ਵਾਲੀਬਾਲ, ਕਬੱਡੀ, ਫੁਟਬਾਲ, ਰੇਸਾਂ। ਨੱਕ ਤੇ ਹੱਥ ਰੱਖ ਕੇ ਇਸਨੂੰ ਸੁਰੱਖਿਅਤ ਕਰਦਿਆਂ ਫੁਟਬਾਲ ਦਾ ਮੈਂ ਜੋ ਮੈਚ ਦੇਖਿਆ ਉਸਦੇ ਚੱਕੀਰਾਹੇ ਸਮੇਤ ਕੁਲ ਤਿੰਨ ਦਰਸ਼ਕ ਸਨ। ਇਸ ਦਾ ਮਤਲਬ ਹੈ ਕਿ ਪੰਦਰਾਂ ਵੀਹ ਖਿਡਾਰੀਆਂ ਦੇ ਮਾਪਿਆਂ ਜਾਂ ਦੋਸਤਾਂ ਨੇ ਵੀ ਖੇਡ ਨੂੰ ਦੇਖਣਾ ਗਵਾਰਾ ਨਾ ਸਮਝਿਆ।

ਇਕ ਰੇਸ ਵਲ ਗੇੜਾ ਮਾਰਿਆ ਜਿਸ ਲਈ ਪ੍ਰਚਲਤ ਸ਼ਬਦ ਚਾਟੀ ਦੌੜ ਹੈ ਪਰ ਏਥੇ ਇਸਨੂੰ ਗਾਗਰ ਦੌੜ ਕਿਹਾ ਗਿਆ। ਨਾ ਕੋਈ ਕੁੱਜਾ ਸੀ ਨਾ ਕੋਈ ਚਾਟੀ ਸੀ, ਗਾਗਰ ਤੇ ਅੱਜ ਕਲ ਸ਼ਾਇਦ ਪੰਜਾਬ ਵਿਚ ਵੀ ਦੁਰਲਭ ਵਸਤੂ ਹੋ ਗਈ ਹੈ। ਵਾਸਤਵ ਵਿਚ ਨਾ ਚਾਟੀ ਨਾ ਗਾਗਰ ਸਗੋਂ ਇਸ ਦੌੜ ਲਈ ਇਸਤਰੀਆਂ ਦੇ ਸਿਰਾਂ ਤੇ ਪਲਾਸਟਿਕ ਦੇ ਗਮਲੇ ਰਖੇ ਗਏ ਸਨ। ਮਨ ਸਮਝਾਇਆ ਚਲੋ ਜੇ ਰੋਟੀ ਦੀ ਥਾਂ ਪੀਟਾ ਬਰੈਡ ਖਾ ਕੇ ਸਾਰ ਲਈਦਾ ਹੈ ਤਾਂ ਚਾਟੀ ਜਾਂ ਗਾਗਰ ਦੀ ਥਾਂ ਗਮਲਾ ਹੀ ਸਹੀ। ਗੱਲ ਤਾਂ ਮੁਕਾਬਲੇ ਦੀ ਹੈ। ਇਸ ਰੇਸ ਵਿਚ ਸਿਵਾਏ ਇਕ ਬੀਬੀ ਦੇ, ਸਾਰੀਆਂ ਗਮਲਿਆਂ ਨੂੰ ਹੱਥ ਪਾ ਕੇ ਦੌੜਨ ਡਹੀਆਂ ਸਨ, ਇਸ ਲਈ ਡਿਸਕੁਆਲੀਫ਼ਾਈ ਹੋ ਗਈਆਂ। ਕਿਸੇ ਮੁਕਾਬਲੇ ਦੇ ਡਰ ਤੋਂ ਮੁਕਤ ਇਹ ਸਵਾ ਲੱਖ ਬੀਬੀ ਜੋ ਲੱਗਦਾ ਹੁਣੇ ਭੱਤਾ ਢੋਂਅਦੀ ਇੰਡੀਆ ਤੋਂ ਆਈ ਸੀ, ਕੱਛੂਕੁੰਮੇ ਜਿਹੀ ਠੁਮਕ ਚਾਲ ਚੱਲਦੀ ਹੋਈ ਗਮਲੇ ਨੂੰ ਤੋੜ ਤੱਕ ਲੈ ਗਈ। ਸਿਰ 'ਤੇ ਮਟਕਾ ਰੱਖ ਕੇ ਜੋ ਚਾਲ ਚੱਲੀ ਜਾਂਦੀ ਹੈ ਉਸਨੂੰ ਮਟਕ ਚਾਲ ਕਿਹਾ ਜਾਂਦਾ ਹੈ ਤੇ ਮਟਕਾਉਣਾ ਸ਼ਬਦ ਇਸੇ ਤੋਂ ਵਿਕਸਤ ਹੋਇਆ ਹੈ। ਭਲਾ ਅਮਰੀਕਾਜ਼ਾਦੀਆਂ ਸਾਡੀਆਂ ਪੰਜਾਬਣਾਂ ਨੂੰ ਇਸਦਾ ਕੀ ਅਭਿਆਸ ਹੋ ਸਕਦਾ ਹੈ। ਉਹ ਵੇਲੇ ਗਏ ਗੁਜ਼ਰੇ ਜਦੋਂ ਸਾਡੀਆਂ ਚਾਚੀਆਂ, ਤਾਈਆਂ, ਦਾਦੀਆਂ ਦੋ ਦੋ ਘੜੇ ਇੰਨੂ ਦੇ ਸਹਾਰੇ ਸਿਰ ਉਤੇ ਰੱਖ ਕੇ ਖੂਹ ਤੋਂ ਪਾਣੀ ਭਰ ਕੇ ਲਿਆਂਉਂਦੀਆਂ ਸਨ। ਮਜਾਲ ਕੇ ਪਾਣੀ ਦੀ ਕਿਤੇ ਬੂੰਦ ਵੀ ਡੁੱਲ੍ਹ ਜਾਵੇ।

ਤਿੰਨ-ਟੰਗੀ ਦੌੜ ਲਈ ਪਤੀ-ਪਤਨੀ ਦੀਆਂ ਜੋੜੀਆਂ ਨੂੰ ਖੁੱਲ੍ਹਾ ਸੱਦਾ ਦਿਤਾ ਗਿਆ। ਮਰਦ-ਉਚਤਾ ਦੀ ਹੈਂਕੜ ਭਰੇ ਪੰਜਾਬੀ ਮਰਦ ਕਦੇ ਆਪਣੀ ਰੰਨ ਦੇ ਬਰੋਬਰ ਨਹੀਂ ਤੁਰਦੇ, ਤੀਵੀਂ ਦੀ ਲੱਤ ਨਾਲ ਲੱਤ ਬੰਨ੍ਹ ਕੇ ਇਕੱਠੇ ਦੌੜਨਾ ਤਾਂ ਇਨ੍ਹਾਂ ਲਈ ਬਾਹਲੀ ਹੇਠੀ ਵਾਲੀ ਗੱਲ ਸੀ, ਭਾਵੇਂ ਲੱਤ ਥੱਲੇ ਲੰਘਣ ਜਿੰਨੀ ਨਹੀਂ। ਜਦ ਕੋਈ ਵਿਆਹੁਤਾ ਜੋੜਾ ਮੈਦਾਨ ਵਿਚ ਨਾ ਨਿਤਰਿਆ ਤਾਂ ਹਾਰ ਕੇ ਪ੍ਰਬੰਧਕਾਂ ਛੋਟ ਦੇ ਦਿੱਤੀ ਕਿ ਕਿਸੇ ਵੀ ਤਰ੍ਹਾਂ ਦੇ ਦੋ ਟੰਗਾਂ ਵਾਲੇ ਇਨਸਾਨੀ ਜੋੜੇ ਚੱਲਣਗੇ, ਚਾਹੇ ਸਮਲਿੰਗੀ ਹੀ ਕਿਉਂ ਨਾ ਹੋਣ। ਇਸ 'ਤੇ ਇਕ ਔਰਤ ਨੇ ਟਿੱਪਣੀ ਦਿੱਤੀ ਕਿ ਦੋ ਔਰਤਾਂ ਦੇ ਇਕੱਠਿਆਂ ਚੱਲਣ ਨਾਲ ਕਿਤੇ ਸਾਨੂੰ ਸਮਲਿੰਗੀ ਸਬੰਧਾਂ ਵਾਲੀਆਂ ਹੀ ਨਾ ਸਮਝ ਲਿਆ ਜਾਵੇ। ਖੈਰ! ਆਖਰਕਾਰ ਹਰ ਸੰਭਵ ਕਿਸਮ ਦੇ ਜੋੜੇ ਦੌੜਦੇ ਹੋਏ ਦਿਸੇ: ਭੈਣ-ਭਰਾ, ਦਾਦਾ-ਪੋਤਾ, ਮਾਮੀ-ਭਾਣਜੀ, ਸਖੀ-ਸਹੇਲੀ। ਮਧਰੀ-ਲੰਮੀ ਇਕ ਮਦੀਨ ਜੋੜੀ ਦਾ ਕੱਦ ਦੇ ਲਿਹਾਜ ਨਾਲ ਏਨਾ ਫਰਕ ਸੀ ਕਿ ਇਉਂ ਲੱਗ ਰਿਹਾ ਸੀ ਜਿਵੇਂ ਲਮਢੀਂਗ ਬੁੱਢੀ ਨੇ ਹੱਥ ਵਿਚ ਲਾਲਟੈਣ ਫੜੀ ਹੁੰਦੀ ਹੈ।

ਪਰ ਕਬੱਡੀ ਦੇ ਮੈਚਾਂ ਨੇ ਸਭ ਕਸਰਾਂ ਕੱਢੀਆਂ ਹੋਈਆਂ ਸਨ। ਅਸਲ ਵਿਚ ਸਾਰਾ ਮੇਲਾ ਕਬੱਡੀ ਦੀ ਹੀ ਖੇਡ ਸੀ। ਏਧਰ ਹਮਾਤੜ ਨੂੰ ਇਹ ਨਹੀਂ ਸੀ ਪਤਾ ਕਿ ਕਿਹੜੀ ਟੀਮ ਕਿਹਦੇ ਨਾਲ ਖੇਡ ਰਹੀ ਸੀ, ਮਿਲਵਾਕੀ ਸ਼ਿਕਾਗੋ ਨਾਲ ਫਸਿਆ ਪਿਆ ਜਾਂ ਮਿਸ਼ੀਗਨ ਟੋਰਾਂਟੋ ਨਾਲ, ਨਿਊ ਯਾਰਕ ਵੈਨਕੂਵਰ ਨਾਲ ਖੇਡ ਰਿਹਾ ਹੈ ਜਾਂ ਵੈਨਕੂਵਰ ਆਇਆ ਹੀ ਨਹੀਂ।

ਆਪਾਂ ਇਕਪਾਸੜ ਦ੍ਰਿਸ਼ਟੀ ਨਾ ਰੱਖਦੇ ਹੋਏ ਸਰਬੱਤ ਸ਼ਹਿਰਾਂ ਦੇ ਖਿਡਾਰੀਆਂ ਪ੍ਰਤੀ ਸਮਾਨ ਹਮਦਰਦੀ ਰਖਦੇ ਸਾਂ ਅਤੇ ਕੱਛੇ ਪਾ ਕੇ ਕਬੱਡੀ ਖੇਡਦੇ ਮੁੰਡਿਆ ਦੀ ਖੇਡ ਦੇ ਕਦਰਦਾਨ ਸਾਂ ਨਾ ਕਿ ਮੁਕਾਬਲਿਆਂ ਦੇ। ਹੋ ਰਹੀ ਰੁਮਾਂਚਕਾਰੀ ਖੇਡ ਦਰਸ਼ਕਾਂ ਲਈ ਘੋਰ ਤਨੋਰੰਜਕ, ਮਨੋਰੰਜਕ ਤੇ ਧਨੋਰੰਜਕ ਬਣੀ ਪਈ ਸੀ। ਤਨੋਰੰਜਕ ਇਸ ਕਰਕੇ ਕਿ ਬਾਹਰ ਖੜ੍ਹੇ-ਬੈਠੇ ਦਰਸ਼ਕ ਗਹਿਗੱਚ ਫਸ-ਫਸਾਈ ਦੇਖ ਕੇ ਖੁਦ ਝਈਆਂ ਲੈਣ ਲਗਦੇ ਸਨ, ਡੌਲੇ ਫਰਕਾਉਣ ਲਗਦੇ ਸਨ, ਕਈ ਵਾਰੀ ਤਾਂ ਛਾਲਾਂ ਮਾਰਨ ਜਿਹੀਆਂ ਅਜੀਬ ਹਰਕਤਾਂ ਵੀ ਕਰਨ ਲਗਦੇ ਸਨ। ਮਨੋਰੰਜਕ ਇਸ ਕਰਕੇ ਕਿ ਖੇਡ ਵਿਚ ਹਰ ਵਕਤ ਸਸਪੈਂਸ ਬਣਿਆ ਰਹਿੰਦਾ ਹੈ ਕਿ ਦੇਖੀਏ ਰੇਡਰ ਪਹਿਲਾਂ ਸਾਹ ਛੱਡਦਾ ਹੈ ਜਾਂ ਜਾਫੀ ਹੱਥੋਂ ਰੇਡਰ ਪਹਿਲਾਂ ਖਿਸਕਦਾ ਹੈ। ਧਨੋਰੰਜਕ ਤਾਂ ਸਾਰੀ ਖੇਡ ਹੈ ਹੀ ਕਿਉਂਕਿ ਕਸੂਤੇ ਜੱਫੇ 'ਚੋਂ ਰੇਡਰ ਛੁਟਿਆ ਨਹੀਂ ਜਾਂ ਜਿੰਦੇਮਾਰ ਕੈਂਚੀ ਪਈ ਨਹੀਂ, ਖੁਲ੍ਹ-ਦਿਲੇ ਪੰਜਾਬੀਆਂ ਵਲੋਂ ਡਾਲਰਾਂ ਦੀ ਝੜੀ ਲੱਗੀ ਨਹੀਂ।

ਗੁਜ਼ਾਰੇ ਜੋਗੀ ਖੇਡ ਦੇਖਣ ਉਪਰੰਤ ਮੈਂ ਨਤੀਜਾ ਕਢਿਆ ਕਿ ਪੱਛਮੀ ਦੇਸ਼ਾਂ ਵਿਚ ਕਬੱਡੀ ਦਾ ਭਵਿੱਖ ਕਾਫ਼ੀ ਉਜੱਲ ਹੈ। ਜਿਸ ਦੇ ਦੋ ਕਾਰਨ ਹਨ: ਇਕ ਤਾਂ ਏਧਰ ਸਿਹਤ ਬਣਾਉਣ ਲਈ ਖਾਣ-ਪੀਣ ਚੋਖਾ ਹੈ, ਜਿੰਮ ਦੀ ਸਹੂਲਤ ਆਮ ਹੈ, ਦੂਜਾ ਏਧਰ ਅਸੀਂ ਦੇਸ਼ ਦੀਆਂ ਚੰਗੀਆਂ ਜਾਂ ਮਾੜੀਆਂ, ਪੁਰਾਣੀਆਂ ਚੀਜ਼ਾਂ ਪ੍ਰਤੀ ਹੇਰਵਾ ਬਹੁਤ ਰਖਦੇ ਹਾਂ। ਕਿਸੇ ਨੇ ਮੇਰੇ ਕੰਨ 'ਚ ਫੂਕ ਮਾਰੀ, ਹੁਣ ਭਾਵੇਂ ਚਾਂਸ ਘਟ ਗਏ ਹੋਣ ਪਰ ਪਹਿਲੀਆਂ ਵਿਚ ਜਹਾਜ਼ ਭਰ ਭਰ ਕਬੱਡੀ ਬਹਾਨੇ ਲੋਕਾਂ ਕਬੂਤਰ ਵੀ ਬਥੇਰੇ ਲੰਘਾਏ ਹਨ।

ਪੰਜਾਬ ਜਿਹੜੀਆ ਗੱਲਾਂ ਛੱਡ ਚੁੱਕਾ ਜਾਂ ਛੱਡ ਰਿਹਾ ਹੈ, ਪੱਛਮ ਉਸ ਨੂੰ ਪੁਨਰ ਸੁਰਜੀਤ ਕਰ ਰਿਹਾ ਹੈ। ਕੁਝ ਵੀ ਹੋਵੇ ਕਬੱਡੀ ਕਰਕੇ ਮੈਂ ਮੇਲੇ ਦੇ ਸਮੁੱਚੇ ਪ੍ਰਦਰਸ਼ਨ ਤੋਂ ਪ੍ਰਭਾਵਤ ਸਾਂ ਜਿਸਦੀ ਇਕ ਹੋਰ ਵਜ੍ਹਾ ਸੀ ਸੁਖਚੈਨ ਬਰਾੜ ਦੀ ਮਸਾਲੇਦਾਰ ਤੇ ਕੜਾਕੇਦਾਰ ਕੁਮੈਂਟਰੀ। ਮੇਰੇ ਅਨੋਭੜ ਲਈ ਇਹ ਕੁਮੈਂਟਰੀ ਦੋ ਪੱਖਾਂ ਤੋਂ ਲਾਹੇਵੰਦ ਰਹੀ। ਇਕ ਤਾਂ ਇਹ ਕਿ ਹੋ ਰਹੇ ਮੈਚ ਦੀ ਬਹੁਤੀ ਸਮਝ ਮੈਂ ਕੁਮੈਂਟਰੀ ਤੋਂ ਹੀ ਲੈ ਰਿਹਾ ਸਾਂ ਕਿਉਂਕਿ ਮੈਂ ਤਾਂ ਚੁਟਕਲੇ ਨੂੰ ਵੀ ਸਭ ਤੋਂ ਅਖੀਰ ਵਿਚ ਸਮਝਣ ਵਾਲਿਆ 'ਚੋਂ ਹਾਂ। ਕਬੱਡੀ ਦੀ ਰੇਡ, ਜੱਫੀ, ਕੈਂਚੀ, ਨਾਗਵਲ ਆਦਿ ਵਰਗੇ ਗੁੰਝਲਦਾਰ ਸੰਕਲਪ ਤੇ ਇਨ੍ਹਾਂ ਦੀ ਪ੍ਰਦਰਸ਼ਨ ਸਹਿਤ ਵਿਆਖਿਆ ਮੈਂ ਕੁਮੈਂਟਰੀ ਤੋਂ ਹੀ ਹਾਸਿਲ ਕੀਤੀ। ਇਕ ਹੋਰ ਹੈਰਾਨੀ ਵਾਲੀ ਗੱਲ ਮੇਰੇ ਲਈ ਇਹ ਸੀ ਕਿ ਕੋਈ ਖਿਡਾਰੀ ਕੌਡੀ ਕੌਡੀ ਕਹਿ ਹੀ ਨਹੀਂ ਸੀ ਰਿਹਾ। ਦੂਜੀ ਗੱਲ ਇਹ ਕਿ ਕੁਮੈਂਟਰੀ ਦੇ ਤਾੜ ਤਾੜ ਕਰਦੇ ਖੜਕਦੇ ਬੋਲ ਆਪਣੇ ਆਪ ਵਿਚ ਇਕ ਉਤਮ ਵਾਦਨ-ਕਲਾ ਦਾ ਨਮੂਨਾ ਬਣੇ ਪਏ ਸਨ। ਇਨ੍ਹਾਂ ਬੋਲਾਂ ਵਿਚੋਂ ਮੈਨੂੰ ਪਿਛੇ ਰਹਿ ਗਏ ਪੰਜਾਬੀ ਜੀਵਨ ਦੀ ਅੱਖੜਤਾ, ਬੋਲੀ ਦੀ ਠੇਠਤਾ ਅਤੇ ਦ੍ਰਿਸ਼ਮਈ ਬਿੰਬਾਵਲੀ ਭਰਪੂਰ ਮਾਤਰਾ ਵਿਚ ਗ੍ਰਹਿਣ ਹੋਈ। ਇਹ ਬੋਲ ਮੇਰੇ ਕੰਨਾਂ ਵਿਚ ਬੈਂਡ ਦੇ ਸਭ ਤੋਂ ਵੱਡੇ ਵਾਜੇ ਵਾਂਗ ਵੱਜ ਰਹੇ ਸਨ, ਸੁੱਤੀਆਂ ਕਲਾਂ ਜਗਾ ਰਹੇ ਸਨ ਅਤੇ ਮੈਨੂੰ ਸੌਣ ਤੋਂ ਹਟਾ ਕੇ ਜਾਗਦਾ ਰੱਖ ਰਹੇ ਸਨ। ਸਿਤਮ ਦੀ ਗਲ ਇਹ ਕਿ ਬਰਾੜ ਆਪਣੇ ਬਾਣਾਂ ਨੂੰ ਬੜੇ ਹੀ ਪੋਲੇ ਢੰਗ ਨਾਲ ਛੱਡ ਰਿਹਾ ਸੀ। ਮੇਰੇ ਲਈ ਇਸ ਮੇਲੇ ਦਾ ਸਭਿਆਚਾਰਕ ਪੱਖ ਇਹ ਸਜੀਵ ਕਮੈਂਟਰੀ ਵੀ ਬਣਿਆ। ਓੜਕ ਮੇਰੇ ਭੇਜੇ ਵਿਚ ਵੀ ਇਹ ਗੱਲ ਪੈ ਗਈ ਕਿ ਕਬੱਡੀ ਤੇ ਹਰ ਖੇਡ ਦਾ ਵੀ ਇਕ ਸੁਹਜ ਹੁੰਦਾ ਹੈ ਜਿਸ ਤੋਂ ਮੈਂ ਹੁਣ ਤੱਕ ਵਿਰਵਾ ਹੀ ਰਿਹਾ। ਸੁਆਦ ਦਿਖਾਲਣ ਲਈ ਕਮੈਂਟਰੀ ਦੇ ਕੁਝ ਬੋਲ ਹਾਜ਼ਰ ਹਨ:

*ਕੁੱਬਾ ਹੋਇਆ ਜਾਂਦਾ ਗਾਂਹ ਨੂੰ ਜਿਵੇਂ ਬੁੜੀ ਖੇਤਾਂ ਚੋਂ ਖਰਬੂਜ਼ਾ ਲਭਦੀ ਫਿਰਦੀ।

*ਰੇਡਰ ਸਿਧਾ ਆ ਕੇ ਸਟੌਪਰ ਵਿਚ ਵੱਜਾ ਜਿਵੇਂ ਪੰਜਾਬ ਰੋਡਵੇਜ਼ ਦੀ ਬੱਸ ਟਾਹਲੀ ਵਿਚ ਵੱਜਦੀ ਹੈ।

*ਰੇਡਰ ਨੂੰ ਏਦਾਂ ਸਿੱਟ ਲਿਆ ਜਿਵੇਂ ਟੈਂਪੂ ਖਤਾਨ ਵਿਚ ਡਿਗਿਆ ਹੁੰਦਾ।

*ਲੈ ਬਈ ਮੁੰਡੇ ਨੇ ਮਰੋੜ ਤਾ ਪੰਜਾਂ ਦੇ ਨੋਟ ਵਾਂਗੂੰ।

*ਜਿਵੇਂ ਰੁਸਿਆ ਹੋਇਆ ਬਾਬਾ ਨੂੰਹ ਤੋਂ ਪੈਰੀਂ ਹੱਥ ਨਹੀਂ ਲੁਆਉਂਦਾ।

*ਪੈ ਗਈ ਬਈ ਸਾਂਢੂਆਂ ਵਾਲੀ ਜੱਫੀ

*ਇਕ ਪਰਿੰਸ ਇਹ ਹੈ ਇਕ ਇੰਗਲੈਂਡ ਵਾਲਾ ਹੈ।

*ਮੁੰਡੇ ਦਾ ਸਰੀਰ ਗੁੰਦਿਆ ਪਿਆ ਐਵੇਂ ਨਹੀਂ ਬੀਅਰਾਂ ਪੀ ਕੇ ਢਿੱਡ ਵਧਾਇਆ।

*ਇਸ ਤਰ੍ਹਾਂ ਧੱਕਾ ਮਾਰਿਆ ਜਿਵੇਂ ਸ਼ਰਾਬੀ ਨੂੰ ਅਖੰਡ ਪਾਠ ਤੋਂ ਧੱਕਾ ਮਾਰੀਦਾ।

ਸ਼ਰਾਬ ਵੱਲ ਇਸ਼ਾਰਾ ਕਰਦੇ ਆਖਰੀ ਦੋ ਕੁਮੈਂਟ ਵਾਰ ਵਾਰ ਦੁਹਰਾਏ ਜਾ ਰਹੇ ਸਨ ਜਿਸ ਤੋਂ ਲਗਦਾ ਸੀ ਕਿ ਕੁਮੈਂਟੇਟਰ ਅਚੇਤ ਤੌਰ 'ਤੇ ਸ਼ਰਾਬ-ਪਰਹੇਜ਼ ਦੀ ਸਮਝੌਤੀ ਦੇ ਰਿਹਾ ਸੀ। ਸ਼ਰਾਬਨੋਸ਼ੀ ਤੋਂ ਛੁਟਕਾਰਾ ਇਕ ਬੁਹਤ ਉਚਾ ਆਦਰਸ਼ ਹੈ ਜਿਸ ਨੂੰ ਪੰਜਾਬੀ ਜਿੰਨੀ ਛੇਤੀ ਸਮਝ ਜਾਣ ਚੰਗਾ ਹੈ। ਇਹ ਬੀਮਾਰੀ ਪੰਜਾਬੀਆਂ ਨੂੰ ਏਧਰ ਵੀ ਤੇ ਉਧਰ ਵੀ ਪੂਰੀ ਤਰ੍ਹਾਂ ਡੋਬ ਰਹੀ ਹੈ ਪਰ ਸਾਡਾ ਦੁਖਾਂਤ ਹੈ ਕਿ ਦੇਸ਼ ਜਾਂ ਪਰਦੇਸ ਕਿਤੇ ਵੀ ਜਿਉਂ ਜਿਉਂ ਪੰਜਾਬੀ ਖੁਸ਼ਹਾਲ ਹੋ ਰਹੇ ਹਨ, ਇਹ ਲਤ ਵਧਦੀ ਜਾ ਰਹੀ ਹੈ। ਪੰਜਾਬੀ ਆਪਣੀ ਖੁਸ਼ਹਾਲੀ ਜਾਂ ਮੰਦਹਾਲੀ ਦਾ ਢੰਡੋਰਾ ਮਦਰਾਪਾਨ ਨਾਲ ਹੀ ਪਿਟਦਾ ਹੈ। ਪਰ ਜਿਵੇਂ ਕਹਿੰਦੇ ਹਨ ਚਿਰਾਗ ਤਲੇ ਹਨੇਰਾ, ਸੁਖਚੈਨ ਬਰਾੜ ਨੂੰ ਕੀ ਪਤਾ ਸੀ ਕਿ ਨੇੜੇ ਹੀ ਕਿਤੇ ਉਸ ਦੀਆਂ ਗੁੱਝੀਆਂ ਨਸੀਹਤਾਂ ਦੀਆਂ ਧੱਜੀਆਂ ਉਡ ਰਹੀਆਂ ਸਨ। ਪ੍ਰਸਿਧ ਖੇਡ-ਲੇਖਕ ਸਰਵਣ ਸਿੰਘ ਮੇਲੇ ਵਿਚ ਪੁਜੇ ਹੋਏ ਸਨ। ਉਨ੍ਹਾਂ ਨੂੰ ਲੱਭਦਾ ਲਭਾਉਂਦਾ ਮੈਂ ਸਟੇਜ ਕੋਲ ਪਹੁੰਚ ਗਿਆ। ਕੀ ਵੇਖਦਾ ਹਾਂ ਕਿ ਐਨ ਸਟੇਜ ਦੇ ਪਿਛੇ ਪਰ ਜ਼ਰਾ ਕੁ ਹਟਵੇਂ ਇਕ ਵੈਨ ਦਾ ਟਰੰਕ ਖੋਲ੍ਹੀ ਕਿੰਨੇ ਹੀ ਪੰਜਾਬੀ ਝੁਰਮਟ ਪਾ ਕੇ ਖੜੇ ਸਨ, ਹੋਰ ਅੱਗੇ ਵਧਿਆ ਤਾਂ ਮਲੂਮ ਹੋਇਆ ਕਿ ਉਨ੍ਹਾਂ ਦੇ ਹੱਥਾਂ ਵਿਚ ਉਹ ਭਾਂਡੇ ਫੜੇ ਹੋਏ ਸਨ ਜਿਨ੍ਹਾਂ ਨੂੰ ਜਾਮ ਕਿਹਾ ਜਾਂਦਾ ਹੈ। ਪੱਤਰਕਾਰੀ ਦਾ ਧਰਮ ਹੈ ਸਹੀ ਤੱਥ ਬਿਆਨ ਕਰਨਾ, ਇਸ ਪੱਖੋਂ ਕਿਧਰੇ ਗਲਤ ਰਿਪੋਰਟਿੰਗ ਨਾ ਹੋ ਜਾਵੇ ਸੋ ਮੈਂ ਬੰਦੇ ਗਿਣਨ ਲੱਗ ਪਿਆ:ਵੈਨ ਦੇ ਬਾਹਰ 26 ਪੰਜਾਬੀ ਗਲਾਸੀਆਂ ਤੇ ਗਲਾਸ ਫੜ੍ਹੀ ਬੈਠੇ ਸਨ। ਵੈਨ ਦੇ ਅੰਦਰ ਜਿਨ੍ਹਾਂ ਸਾਕੀਆਂ ਦਾ ਝੌਲਾ ਪੈਂਦਾ ਸੀ ਉਹ ਮੈਂ ਗਿਣ ਨਹੀਂ ਸਕਿਆ।

ਸਟੇਜ 'ਤੇ ਸੁਖਵਿੰਦਰ ਪੰਛੀ ਦੇ ਗੀਤ ਚੱਲ ਰਹੇ ਸਨ ਪਰ ਵਾਪਸ ਜਾਣ ਦਾ ਟਾਈਮ ਹੋ ਗਿਆ ਸੀ। ਅਸੀਂ ਪਾਰਕਿੰਗ ਲਾਟ ਵੱਲ ਵਧੇ ਤਾਂ ਇਕ ਬਹੁਤ ਹੀ ਲੁਭਾਵਣਾ ਦ੍ਰਿਸ਼ ਦਿਖਾਈ ਦਿੱਤਾ: ਸਾਰੇ ਦਾ ਸਾਰਾ ਪਾਰਕਿੰਗ ਲਾਟ ਖੁਲ੍ਹਾ ਅਹਾਤਾ ਬਣਿਆ ਪਿਆ ਸੀ:ਬੀਅਰ, ਸ਼ੈਂਪੇਨ, ਰੰਮ, ਵਿਸਕੀ, ਵਾਡਕਾ ਸਭ ਤਰ੍ਹਾਂ ਦੀ ਦਾਰੂ ਸ਼ਰ੍ਹੇਆਮ ਚਲ ਰਹੀ ਸੀ। ਇਹ ਇੱਕ ਦੂਜਾ ਮੇਲਾ ਸੀ, ਪੰਜਾਬੀਆਂ ਦਾ ਅਸਲੀ ਮੇਲਾ, ਜੋ ਪਾਰਲੇ ਮੇਲੇ ਨਾਲੋਂ ਵੀ ਵੱਡਾ, ਰੌਣਕਦਾਰ ਅਤੇ ਖਰੂਦ ਭਰਿਆ ਸੀ, ਜਿਥੇ ਬੇਤੁਕੱਲਫ਼ੀ ਸੀ, ਨਿਘੀਆਂ ਜੱਫੀਆਂ ਸਨ ਜਾਣੋਂ ਪੰਜਾਬੀਆਂ ਦੀ ਰੂਹ ਨੰਗੀ ਹੋਈ ਪਈ ਸੀ।

ਗਲਾਸ ਫੜ ਕੇ ਉਪਰ ਨੂੰ ਹੱਥ ਉਲਾਰੀ ਖੜੇ ਸੈਂਕੜੇ ਹੱਥ ਮੈਨੂੰ ਬੁਲਾਵਾ ਦੇਣ ਲੱਗੇ ਹੋਏ ਸਨ। ਮੈਂ ਉਧਰ ਨੂੰ ਦੌੜਨ ਲੱਗਾ ਪਰ ਸਦਾ ਸਾਵਧਾਨ ਪਤਨੀ ਨੇ ਮੈਨੂੰ ਕਾਰ ਵੱਲ ਧੂਇਆ। ਇਸ ਰੱਸਾ-ਕਸ਼ੀ ਵਿਚ ਹਮੇਸ਼ਾ ਦੀ ਤਰ੍ਹਾਂ ਉਹ ਬਾਜ਼ੀ ਲੈ ਗਈ ਤੇ ਮੈਨੂੰ ਕਾਰ ਵਿਚ ਸੁੱਟ ਕੇ ਚਾਬੀ ਘੁਮਾ ਦਿੱਤੀ। ਦੂਰ ਸੁਖਵਿੰਦਰ ਪੰਛੀ ਦੇ ਬੋਲ ਸੁਣਾਈ ਦੇ ਰਹੇ ਸਨ, 'ਵੇਖੋ ਨੀ ਵੇਖੋ ਨੀ, ਮੁੰਡਾ ਹੋ ਗਿਆ ਸ਼ੁਦਾਈ।'

#

# ਬਾਬਾ ਸੋਹਣ ਸਿੰਘ ਭਕਨਾ

ਕਮੇਟੀ ਨੇ ਕਈ ਸਫਲ ਸੰਘਰਸ਼ ਲੜੇ।

ਬੰਗਾਲ ਦੇ ਕਾਲ ਸਮੇਂ ਤਿੰਨ ਬੀਬੀਆਂ ਪੈਰਨ, ਲਿਟੇ ਤੇ ਬਿਮਲਾ, ਉਗਰਾਹੀ ਲਈ ਬਾਬਾ ਜੀ ਨੂੰ ਮਿਲੀਆਂ। ਉਨ੍ਹਾਂ ਕਿਹਾ, "ਬੀਬੀਓ ਇਹ ਜ਼ਮੀਨ ਪਈ ਹੈ, ਅਗਾਊਂ ਝੋਨਾ ਮੈਂ ਖਰੀਦਾਂਗਾ ਤੇ ਰਕਮ ਬੰਗਾਲ ਦੇ ਕਾਲ ਪੀੜਤਾਂ ਨੂੰ ਭੇਜਾਂਗੇ।" ਐਨ ਇਸੇ ਤਰ੍ਹਾਂ ਹੋਇਆ। ਬਾਬਾ ਜੀ ਅਮਲੀ ਕੰਮ ਵਿਚ ਯਕੀਨ ਰੱਖਦੇ ਸਨ। 15 ਅਗਸਤ 1947 ਨੂੰ ਦੇਸ਼ ਦੀ ਵੰਡ ਸਮੇਂ ਭੜਕੇ ਫਿਰਕੂ ਫਸਾਦਾਂ ਵੇਲੇ ਬਾਬਾ ਜੀ ਨੇ ਆਪਣੇ ਇਲਾਕੇ ਵਿਚ ਕਤਲੋਗਾਰਤ ਨਹੀਂ ਹੋਣ ਦਿੱਤੀ। ਘੱਟ-ਗਿਣਤੀਆਂ ਦੀ ਰਾਖੀ ਲਈ ਅੱਗੇ ਹੋ ਕੇ ਕੰਧ ਬਣੇ।

ਯੋਲ ਕੈਂਪ ਜੇਲ੍ਹ ਦੀ ਯਾਤਰਾ ਤੇ ਭੁੱਖ ਹੜਤਾਲ ਬਾਬਾ ਜੀ ਦੇ ਜੀਵਨ ਦੀ ਆਖਰੀ ਭੁੱਖ ਹੜਤਾਲ ਸੀ।

1948 ਦੀ ਆਜ਼ਾਦ ਭਾਰਤ ਦੀ ਸਰਕਾਰ ਨੇ ਕਿਰਤੀ ਕਿਸਾਨਾਂ ਦੇ ਲੀਡਰਾਂ ਨੂੰ ਬਦਨਾਮ ਗੁੰਡਾਗਰਦੀ ਵਿਰੋਧੀ ਐਕਟ ਅਧੀਨ ਗ੍ਰਿਫ਼ਤਾਰ ਕੀਤਾ। ਬਾਬਾ ਜੀ ਵੀ ਗ੍ਰਿਫ਼ਤਾਰ ਕਰ ਲਏ ਗਏ। ਬਾਬਾ ਜੀ ਨੇ ਭੁੱਖ ਹੜਤਾਲ ਕਰ ਦਿੱਤੀ। ਉਨ੍ਹਾਂ ਕਿਹਾ, ਬੁਢਾਪੇ ਦਾ ਵੇਲਾ ਯੋਲ ਕੈਂਪ ਦੀ ਨਾਜਾਇਜ਼ ਬੰਦਸ਼ ਤੇ ਭੁੱਖ ਹੜਤਾਲ ਨੇ ਮੇਰੀ ਕਮਰ ਜਲਦੀ ਟੇਢੀ ਕਰ ਦਿੱਤੀ ਹੈ। ਇਹ ਕੌਮੀ ਕਾਂਗਰਸ ਹਕੂਮਤ ਦੀ ਮੇਰੀ ਪਿੱਠ 'ਤੇ ਮੋਹਰ ਛਾਪ ਹੈ। ਇਹ ਸੱਤਵੀਂ ਆਖਰੀ ਭੁੱਖ ਹੜਤਾਲ ਸੀ। ਬਾਬਾ ਜੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਤੇ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਉਮਰ ਭਰ ਮੈਂਬਰ ਰਹੇ। ਇਹ ਲਾਸਾਨੀ ਬਹਾਦਰ ਇਨਕਲਾਬੀ, ਤਿਆਗੀ, ਨਿਰਭੈ ਯੋਧਾ, ਸੂਰਮਾ, ਸਿਰ ਤਲੀ 'ਤੇ ਧਰਨ ਵਾਲਾ ਅਜ਼ਾਦੀ ਦਾ ਪ੍ਰਵਾਨਾ, ਆਗੂਆਂ ਦਾ ਆਗੂ 21 ਦਸੰਬਰ, 1968 ਨੂੰ ਆਪਣਾ ਜੀਵਨ ਭਾਰਤ ਦੀ ਗੁਲਾਮ ਲਿਤਾੜੀ ਨਪੀੜੀ ਜਨਤਾ ਦੇ ਲੇਖੇ ਲਾ ਕੇ ਸਦਾ ਦੀ ਨੀਂਦ ਸੌਂ ਗਿਆ। ਉਨ੍ਹਾਂ ਆਖਰੀ ਸੁਨੇਹੇ ਵਿਚ ਕਿਹਾ ਸੀ-

'ਗੁਲਾਮੀ ਚਾਹੇ ਦੇਸ਼ ਵਾਸੀਆਂ ਦੀ ਠੋਸੀ ਹੋਵੇ, ਚਾਹੇ ਵਿਦੇਸ਼ੀਆਂ ਦੀ। ਆਰਥਿਕ ਹੋਵੇ, ਭਾਵੇਂ ਰਾਜਨੀਤਕ ਤੇ ਚਾਹੇ ਸਿਰਫ ਧਰਮ (ਫਿਰਕਾਪ੍ਰਸਤੀ) ਦੀ, ਮਾੜੀ ਹੀ ਮਾੜੀ ਹੈ।'

# ਸ਼ਬਦ, ਇਲਹਾਮ, ਭਗਤ ਬਾਣੀ ਆਦਿ

ਬ੍ਰਹਮ ਦੀ ਇਸ ਅਭੇਦਤਾ ਨੂੰ ਅਸਿਧੇ ਤਰੀਕੇ ਨਾਲ ਪ੍ਰਗਟ ਕਰਨ ਦਾ ਮੂਲ-ਕਾਰਨ ਇਹ ਸੀ ਕਿ ਜਦੋਂ ਦੈਵੀ ਮਸਤੀ ਵਿਚ ਆਏ ਮਨਸੂਰ ਨੇ ਬਗਦਾਦ ਦੀਆਂ ਗਲੀਆਂ ਵਿਚ 'ਅਨਲਹਕ' ਦਾ ਉਚਾਰਨ ਕੀਤਾ ਸੀ, ਤਾਂ ਇਸਲਾਮ ਵਿਚ ਉਸ ਦਾ ਇਤਨਾ ਤੀਬਰ ਪ੍ਰਤੀਕਰਮ ਹੋਇਆ ਸੀ ਕਿ ਮਨਸੂਰ ਨੂੰ ਭਿਆਨਕ ਮੌਤ ਦਾ ਸਾਹਮਣਾ ਕਰਨਾ ਪਿਆ। ਮਨਸੂਰ ਦੀ ਸ਼ਹਾਦਤ ਮਗਰੋਂ ਇਮਾਮ ਗਜ਼ਾਲੀ ਵਰਗਿਆਂ ਨੂੰ ਇਹ ਕਹਿਣਾ ਪਿਆ ਕਿ ਦਰਵੇਸ਼ਾਂ ਨੂੰ ਮਸਤੀ ਦੇ ਨਾਲ-ਨਾਲ ਹੋਸ਼ ਤੋਂ ਵੀ ਕੰਮ ਲੈਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਇਹ ਆਂਤ੍ਰਿਕ ਆਨੰਦਮਈ ਅਵਸਥਾ ਜਨ-ਸਾਧਾਰਨ ਦੀ ਸਮਝ ਤੋਂ ਦੂਰ ਹੈ। ਸਾਧਕਾਂ ਦੀਆਂ ਮਸਤੀ ਵਿਚ ਕਹੀਆਂ ਗੱਲਾਂ ਦੇ ਸ਼ਰਅ ਨਾਲ ਟਕਰਾਅ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਰਹਿੰਦੀ ਹੈ। ਇਸ ਲਈ ਦਰਵੇਸ਼ਾਂ ਵਾਸਤੇ ਆਪਣੇ ਵਿਵਹਾਰ ਅਤੇ ਬੋਲਚਾਲ ਵਿਚ ਸੰਜਮ ਲਿਆਉਣਾ ਜ਼ਰੂਰੀ ਹੈ। ਇਮਾਮ ਗਜ਼ਾਲੀ ਵਰਗੇ ਵਿਦਵਾਨਾਂ ਦੀ ਅਜਿਹੀ ਨਸੀਅਤ ਕਾਰਨ ਹੀ ਬੁਲ੍ਹੇ ਸ਼ਾਹ ਰੱਬ ਨਾਲ ਆਪਣੀ ਅਭੇਦਤਾ ਅਤੇ ਅਦ੍ਵੈਤ ਅਵਸਥਾ ਅਸਿਧੇ ਤਰੀਕੇ ਦੁਆਰਾ ਲੋਕਾਂ ਨਾਲ ਸਾਂਝੀ ਕਰਦਿਆਂ ਕਹਿੰਦਾ ਹੈ-

ਸਚ ਆਖਿਆਂ ਭਾਂਬੜ ਮਚਦਾ ਹੈ।
ਝੂਠ ਆਖਾਂ ਤਾਂ ਕੁਝ ਬਚਦਾ ਹੈ
ਦਿਲ ਦੋਹਾਂ ਗੱਲਾਂ ਤੋਂ ਝਕਦਾ ਹੈ।
ਮੂੰਹ ਆਈ ਬਾਤ ਨਾ ਰਹਿੰਦੀ ਏ
ਰੁਕ ਰੁਕ ਕੇ ਜਿਹਬਾ ਕਹਿੰਦੀ ਏ।

ਬੁਲ੍ਹੇ ਸ਼ਾਹ ਦੇ ਇਹ ਪਦ ਸਾਧਾਰਨ ਨਹੀਂ ਹਨ, ਡੂੰਘੇ ਫ਼ਲਸਫ਼ੇ ਅਤੇ ਅਧਿਆਤਕ ਚਿੰਤਨ ਨਾਲ ਸੰਬੰਧਿਤ ਹਨ। ਉਸ ਦਾ 'ਸਚ', ਜਿਸ ਨੂੰ ਕਹਿਣ 'ਤੇ ਭਾਂਬੜ ਬਲਦਾ ਹੈ, ਰੱਬ ਅਤੇ ਸਾਧਕ ਦੀ ਏਕਤਾ ਦੀ ਘੋਸ਼ਣਾ ਹੈ, ਵਹਿਦਤ-ਉਲ-ਵੁਜੂਦ, ਜਾਂ ਪੂਰਨ ਅਦ੍ਵੈਤ ਦਾ ਉਹ ਐਲਾਨ ਹੈ, ਜਿਸ ਦੇ ਕਾਰਨ ਮਨਸੂਰ ਦੇ ਅਨਲਹੱਕ ਨੇ ਸ਼ਰੱਈ ਲੋਕਾਂ ਦੇ ਦਿਲਾਂ ਵਿਚ ਵਿਕਰਾਲ ਭਾਂਬੜ ਮਚਾ ਦਿੱਤਾ ਸੀ। ਇਸ ਕਰ ਕੇ ਬੁਲ੍ਹੇ ਨੂੰ ਆਪਣੇ ਆਪ ਨੂੰ ਹੀਰ ਦਾ ਜਾਮਾ ਪਹਿਨਾਉਣਾ ਪੈਂਦਾ ਹੈ ਅਤੇ ਰੱਬ ਨੂੰ ਰਾਂਝੇ ਦੇ ਲਿਬਾਸ ਵਿਚ ਪ੍ਰਸਤੁਤ ਕਰਨਾ ਪੈਂਦਾ ਹੈ। ਇਹ ਅਸਿਧੀ ਗੱਲ ਹੈ, ਜੋ ਬੁਲ੍ਹੇ ਦੀ ਜ਼ੁਬਾਨ ਅਸਿਧੇ ਤਰੀਕੇ ਨਾਲ ਕਹਿੰਦੀ ਹੈ।

*(ਬਾਕੀ ਅਗਲੇ ਅੰਕ 'ਚ)*

# ਸਮਲਿੰਗੀ ਚੱਲੇ ਸਿੰਘਾਪੁਰ ਹਨੀਮੂਨ ਮਨਾਉਣ?

ਕਹਿੰਦੇ ਨੇ ਆਸ਼ਕ ਵਿਛੋੜੇ ਦੇ ਦਰਦ ਨਾਲ ਘੱਟ ਮਸ਼ੂਕ ਦੇ ਖਤ ਪੜ੍ਹ ਕੇ ਤੇ ਹਾਸੇ ਚੇਤੇ ਕਰਕੇ ਬਹੁਤਾ ਰੋਂਦੈ। ਕਿਉਂਕਿ ਹਾਸਿਆਂ 'ਚ ਉਹਨੂੰ ਆਪਣਾਪਨ ਗੁਆਚਿਆ ਚੇਤੇ ਆਉਂਦੈ ਤੇ ਖਤਾਂ 'ਚੋਂ ਟੁੱਟਦੇ ਵਾਅਦਿਆਂ ਦੀਆਂ ਲੀਰਾਂ ਗਲ ਪੈ ਰਹੀਆਂ ਹੁੰਦੀਆਂ ਨੇ। ਤਾਰੇ ਗਿਣਨੇ ਜਾਂ ਤਾਂ ਕਵੀਆਂ ਨੂੰ ਆਉਂਦੇ ਨੇ ਜਾਂ ਪ੍ਰੇਮੀਆਂ ਨੂੰ। ਮੱਸਿਆਂ ਦੀ ਰਾਤ 'ਚ ਚੰਨ ਚੜ੍ਹਨ ਦਾ ਭਰਮ ਸਿਰਫ ਇਨ੍ਹਾਂ ਲੋਕਾਂ ਨੂੰ ਹੁੰਦਾ ਹੈ। ਔਰਤ ਹੁਕਮ ਤਾਂ ਪਤੀ ਦਾ ਮੰਨਦੀ ਹੈ, ਪਰ ਰਾਜ ਆਪ ਕਰਦੀ ਹੈ, ਵਿਚਾਰੇ ਨੂੰ ਸਾਰੀ ਉਮਰ ਨਹੀਂ ਪਤਾ ਲਗਦਾ ਕਿ ਬਾਦਸ਼ਾਹ ਔਰਤ ਹੈ ਤੇ ਮੈਂ ਦਰਵੇਸ਼। ਔਰਤ ਜਦੋਂ ਬੱਚੇ ਨੂੰ ਜਨਮ ਦੇ ਕੇ ਹਟਦੀ ਹੈ ਤਾਂ ਕੁੱਖ 'ਤੇ ਹੱਥ ਫੇਰ ਕੇ ਆਖਦੀ ਹੈ-ਇਸ ਨੂੰ ਭਾਗ ਲੱਗ ਗਏ ਨੇ ਤੇ ਜਦੋਂ ਬਹੂ ਘਰ ਲੈ ਕੇ ਆਏ ਪੁੱਤਰ ਦੇ ਸਿਰ ਤੋਂ ਪਾਣੀ ਵਾਰ ਕੇ ਪੀਂਦੀ ਹੈ ਤਾਂ ਸੋਚਦੀ ਹੈ, ਜ਼ਿੰਦਗੀ ਦੇ ਵੱਡੇ ਚਾਅ ਪੂਰੇ ਕਰ ਲਏ ਨੇ। ਮੀਂਹ ਪੈਣ ਤੋਂ ਪਹਿਲਾਂ ਛਤਰੀ ਮੂਰਖ ਖੋਲ੍ਹਦੇ ਨੇ ਤੇ ਸਾਡੇ ਭਾਰਤੀ ਇਖਲਾਕ 'ਚ ਜਿਹੜੀ ਬਰਬਾਦੀ ਦੀ ਕਿੱਲ ਠੋਕ ਹੋਣ ਲੱਗੀ ਹੈ, ਉਹਦੇ 'ਤੇ ਸਿਆਣੇ ਬੰਦਿਆਂ ਨੇ ਸਿਰ ਨੀਵੇਂ ਕਰ ਲਏ ਹਨ ਤੇ ਮੂਰਖਾਂ ਨੇ ਬੇ-ਹਯਾਈ ਦਾ ਗਿੱਧਾ ਪਾਇਆ ਹੈ। ਹਾਲੇ ਬਹੁਤੇ ਲੋਕ ਸ਼ੀਸ਼ੇ ਵਿਚ ਵੇਖ ਰਹੇ ਨੇ, ਜਦੋਂ ਬਾਰੀ ਤੋਂ ਬਾਹਰ ਦੇਖਿਆ ਤਾਂ ਬੇਲੱਜੀ ਸਥਿਤੀ ਦੇਖ ਕੇ ਬਹੁਤਿਆਂ ਦੀਆਂ ਅੱਖਾਂ ਵਿਚ ਕਾਲਾ ਮੋਤੀਆ ਉਤਰ ਆਵੇਗਾ। 'ਪਹਿਲਾਂ ਆਪ ਹੀ ਰਬ ਨੇ ਇਸ਼ਕ ਕੀਤਾ...' ਵਾਂਗ ਦੁਨੀਆਂ ਸਾਜੀ ਗਈ ਸੀ, ਪਰ ਅਸੀਂ ਕੁਦਰਤ ਤੇ ਰੱਬ ਦੇ ਅਸੂਲਾਂ 'ਚ ਅੱਕ ਦੇਣ ਲੱਗ ਪਏ ਹਾਂ। ਜਰਾ ਕਿਆਸ ਕਰਕੇ ਵੇਖੋ, ਜੇ ਤੁਹਾਡੇ ਘਰ 'ਚ ਇਕ ਪੁੱਤਰ ਹੋਵੇ ਤੇ ਉਹ ਵਿਆਹ ਕੇ ਵੀ ਮਰਦ ਨੂੰ ਘਰ ਲੈ ਆਵੇ ਤਾਂ ਤੁਹਾਨੂੰ ਸ਼ਰਮ ਦੀ ਛਪੜੀ ਡੁੱਬ ਮਰਨ ਦੇ ਇਸ਼ਾਰੇ ਕਰੇਗੀ ਕਿ ਨਹੀਂ? ਸੰਭੋਗ ਹੰਕਾਰ ਟੁੱਟਣ ਦੀ ਨਿਸ਼ਾਨੀ ਹੈ ਤੇ ਜੇ ਹੰਕਾਰ ਨਾ ਟੁੱਟੇ ਫਿਰ ਉਹ ਬਲਾਤਕਾਰ ਬਣ ਜਾਂਦਾ ਹੈ। ਦੁਨੀਆਂ ਪ੍ਰਮਾਣੂ ਬੰਬਾਂ ਨੇ ਡਰਾਈ ਪਈ ਐ ਤੇ ਆਹ ਜਿਹੜੇ ਬਿਨਾ ਖੜਾਕ ਤੋਂ ਬੰਬ ਫਟਣ ਲੱਗੇ ਹਨ, ਇਨ੍ਹਾਂ ਤੋਂ ਰੱਬ ਕਿਵੇਂ ਬਚਾਏਗਾ? ਕਿਉਂਕਿ ਰੱਬ ਨੂੰ ਹੀ ਢਾਹੁਣ ਦੀ ਗੁਸਤਾਖੀ ਤਾਂ ਹੋਣ ਲੱਗੀ ਹੈ।

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

ਪਿੰਡਾਂ ਦੇ ਸੰਘਣੇ ਦਰਖਤਾਂ 'ਚੋਂ ਲੰਘਣ ਵਾਲੀ ਹਵਾ ਸ਼ੁੱਧ ਤੇ ਤਾਜੀ ਹੁੰਦੀ ਹੈ, ਪਰ ਜਦੋਂ ਉਹ ਉੱਚੀਆਂ ਧੂੰਏਂ ਦੀਆਂ ਚਿਮਨੀਆਂ ਨਾਲ ਵੱਜ ਕੇ ਅਗਾਂਹ ਸ਼ਹਿਰ 'ਚੋਂ ਲੰਘਦੀ ਹੈ ਤਾਂ ਦੁਰਗੰਧ ਬਣ ਜਾਂਦੀ ਹੈ। ਚੰਗੇਜ ਖਾਂ, ਹਿਟਲਰ ਤੇ ਔਰੰਗਜ਼ੇਬ ਹੋਣਾ ਤਾਂ ਪ੍ਰਸਿੱਧ ਚਾਹੁੰਦੇ ਸਨ, ਪਰ ਮਾੜੇ ਕੰਮਾਂ ਕਰਕੇ ਬਦਨਾਮ ਹੋ ਗਏ। ਉੱਚੇ ਪਹਾੜਾਂ 'ਤੇ ਕਈ ਵਾਰ ਦਿਸਦੀ ਤਾਂ ਹਰਿਆਈ ਹੁੰਦੀ ਹੈ, ਪਰ ਨੇੜੇ ਜਾਵੋਗੇ ਤਾਂ ਕਈ ਵਾਰ ਕੰਡਿਆਂ ਵਾਲਾ ਸਰਕੜਾ ਹੁੰਦਾ ਹੈ। ਸਿਆਣੇ ਕਹਿੰਦੇ ਨੇ ਸਿਕੰਦਰ ਨੂੰ ਜਵਾਬ ਦੇ ਪੋਰਸ ਨੇ ਕਰੋੜਾਂ ਹਿੰਦੋਸਤਾਨੀਆਂ ਨੂੰ ਇਹ ਦੱਸਿਆ ਸੀ ਕਿ ਹਾਰ ਕੇ ਵੀ ਕਿਵੇਂ ਸਿਰ ਉੱਚਾ ਰਖੀਦਾ। ਆਪਣੇ ਮੁਲਕ ਦੀਆਂ ਇਖਲਾਕੀ ਕਦਰਾਂ-ਕੀਮਤਾਂ ਹੀ ਹਨ, ਜੋ ਸਾਨੂੰ ਦੁਨੀਆ ਦੀਆਂ ਬਾਕੀ ਸਭਿਅਤਾਵਾਂ ਤੋਂ ਅਲੱਗ ਕਰਦੀਆਂ ਹਨ, ਇਸੇ ਕਰਕੇ ਅਸੀਂ ਕਈ ਵਾਰ ਨੀਵੀਆਂ ਥਾਂਵਾਂ 'ਤੇ ਵੀ ਅਣਖ ਨਾਲ ਉੱਚੇ ਹੋ ਕੇ ਗੁਜ਼ਰਦੇ ਆਏ ਹਾਂ।

ਇਕ ਭਟਕੇ ਮਨੁੱਖ ਨੇ ਕਿਸੇ ਸਿਆਣੇ ਬੰਦੇ ਨੂੰ ਪੁੱਛਿਆ, "ਬਾਬਾ ਕਲਯੁੱਗ ਕਦੋਂ ਆਵੇਗਾ?"

"ਭਰਾ ਭੈਣ ਨਾਲ ਵਿਆਹ ਕਰਵਾ ਰਿਹੈ, ਮੁੰਡਾ ਮੁੰਡੇ ਨਾਲ ਤੇ ਕੁੜੀ ਕੁੜੀ ਨਾਲ ਲਾਵਾਂ ਲੈਣ ਨੂੰ ਕਾਹਲੀ ਹੈ, ਭਲਿਆ ਮਾਣਸਾ ਹੋਰ ਕਿਹੜੇ ਕਲਯੁੱਗ ਦੀ ਉਡੀਕ ਕਰਦੈਂ" ਤੇ ਉਹ ਮੱਥੇ 'ਤੇ



ਹੱਥ ਮਾਰ ਕੇ ਅੱਗੇ ਚਲੇ ਗਿਆ।

ਕਹਿੰਦੇ ਨੇ ਦੁਨੀਆਂ 'ਚੋਂ ਇਕ ਪਾਤਰ ਮਾਂ ਹੈ, ਜਿਹੜੀ ਮੁਆਫ ਪਹਿਲਾਂ ਕਰ ਦੇਂਦੀ ਹੈ, ਬੰਦਾ ਗਲਤੀ ਬਾਅਦ 'ਚ ਕਰਦੈ। ਪਰ ਹੁਣ ਜਿਹੜੀਆਂ ਰੱਬ ਨਾਲ ਵਧੀਕੀਆਂ ਕਰਨ ਲੱਗੇ ਹਾਂ ਉਨ੍ਹਾਂ ਤੋਂ ਕਦੋਂ ਮੁਆਫੀ ਮਿਲੇਗੀ? ਜੇ ਵਕਤ ਨਾਲ ਟੱਕਰ ਲਵੋਗੇ, ਹਵਾ ਦੇ ਵਿਰੁਧ ਹੋ ਕੇ ਤੁਰੋਗੇ ਤਾਂ ਤੁਹਾਨੂੰ ਜ਼ਖਮੀ ਹੋਣ ਤੋਂ ਕੋਈ ਬਚਾ ਨਹੀਂ ਸਕੇਗਾ।

ਬੜੀ ਦੇਰ ਪਹਿਲਾਂ ਬੰਤ ਰਾਮਪੁਰੇ ਵਾਲੇ ਨੇ ਇਕ ਗੀਤ ਸਰਦੂਲ ਸਿਕੰਦਰ ਦੀ ਆਵਾਜ਼ ਵਿਚ ਰਿਕਾਰਡ ਕਰਵਾਇਆ ਸੀ, ਜਿਸ ਦੀਆਂ ਕੁਝ ਸਤਰਾਂ ਸੰਗੀਤਕਾਰ ਚਰਨਜੀਤ ਅਹੂਜਾ ਨੇ ਹਾਲਾਤ ਮੁਤਾਬਕ ਬਦਲ ਵੀ ਦਿੱਤੀਆਂ ਸਨ। ਉਦੋਂ ਲੋਕ ਸਰਦੂਲ ਨੂੰ ਪੁੱਛਦੇ ਸਨ, ਇਹ ਕੀ ਗਾਉਣ ਲੱਗ ਪਿਐਂ? ਉਹ ਤਾਂ ਗੱਲ ਸਧਾਰਣ ਸੀ, ਪਰ ਭਾਰਤੀ ਸਮਾਜ ਨੂੰ ਹੁਣ ਜਿਹੜਾ ਬਰਬਾਦੀ ਦਾ ਨਾਗਵਲ ਪੈਣ ਲੱਗਾ ਹੈ, ਉਹਨੇ ਸਿਆਣੇ ਬੰਦਿਆਂ ਦੇ ਢਿੱਡ ਵਿਚ ਵਸਾਹ ਕੇ ਲੱਤਾਂ ਮਾਰੀਆਂ ਹਨ। ਉਹ ਗੀਤ ਸੀ-

ਕੁੜੀਆਂ ਤੋਂ ਮੁੰਡੇ ਡਰਦੇ ਨੇ<br>
ਕੁੜੀਆਂ ਦਾ ਰਹਿੰਦਾ ਪਾਲਾ ਹੈ<br>
ਇਹ ਰਿਵਾਜ ਤੇ ਫੈਸ਼ਨ ਦੱਸਦੇ ਨੇ<br>
ਕੋਈ ਝੱਖੜ ਝੁੱਲਣ ਵਾਲਾ ਹੈ<br>
ਇਹ ਜੋਬਨਮੱਤੇ ਕਾਹਲੇ ਨੇ<br>
ਸੁਰਖੀ ਤੇ ਪਾਊਡਰ ਲਾਉਣ ਲਈ<br>
ਬੰਨ੍ਹ ਸਿਹਰੇ ਜਾਇਆ ਕਰਨਗੀਆਂ<br>
ਮੁੰਡਿਆਂ ਨੂੰ ਕੁੜੀਆਂ ਵਿਆਹੁਣ ਲਈ...।

ਇਕ ਗੱਲ ਤਾਂ ਸੱਚੀ ਹੋ ਗਈ ਲੱਗਦੀ ਐ ਕਿ ਵਿਆਹੁਣ ਤਾਂ ਕੁੜੀਆਂ ਸਿਹਰੇ ਲਾ ਕੇ ਤੁਰ ਪਈਆਂ ਨੇ, ਪਰ ਡੋਲੀ ਕੁੜੀ ਦੀ ਹੀ ਲੈ ਕੇ ਆਉਣਗੀਆਂ, ਚੰਦ ਨਵਾਂ ਇਹ ਚੜ੍ਹਿਆ ਹੈ। ਯਕੀਨ ਕਰਿਉ ਕਿ ਕਾਲਜਾਂ 'ਚ ਪੜ੍ਹਦੇ ਵੀਹ ਫੀਸਦੀ ਮੁੰਡੇ ਲੈਕਮੇ ਜਾਂ ਫੇਅਰ ਐਂਡ ਲਵਲੀ ਦੀਆਂ ਕਰੀਮਾਂ ਵਰਤਦੇ ਹਨ ਤੇ ਪੜ੍ਹਾਕੂ ਸਵੇਰੇ ਬੁੱਲਾਂ 'ਤੇ ਨਕਲੀ ਰੰਗ ਚੜ੍ਹਾਉਣ ਲਈ ਹਲਕੀ ਲਿਪਸਟਿਕ ਦਾ ਸਦਉਪਯੋਗ ਕਰਨ ਲੱਗ ਪਏ ਹਨ।

ਆਹ ਜਿਹੜੀ ਸਮਲਿੰਗੀ ਵਿਆਹਾਂ ਦੀ ਨੇਰ੍ਹੀ ਚੜ੍ਹੀ ਐ, ਕਾਲੇ ਰੰਗ ਦੀ, ਇਹਦੇ ਵਿਅੰਗਮਈ ਨਜ਼ਾਰਿਆਂ ਵਲ ਤੁਹਾਨੂੰ ਪੰਜਾਬ ਦੇ ਇਕ ਪਿੰਡ ਦੇ ਸਧਾਰਣ ਪਰਿਵਾਰ ਵਿਚ ਲੈ ਕੇ ਚਲਦਾ ਹਾਂ, ਗੁਣਾ, ਘਟਾਓ ਜਾਂ ਤਕਸੀਮਾਂ ਆਪ ਕਰ ਲਿਓ।

"ਵੇ ਸੁਰਜਣ ਦੇ ਭਾਈਆ, ਆਈਂ ਕੇਰਾਂ ਭੱਜ ਕੇ, ਬੇੜਾ ਡੁੱਬਣ ਲੱਗਾ ਭਰ ਕੇ।" ਵਿਹੜੇ ਵੜਦੀ ਬਚਨ ਕੌਰ ਨੇ ਪਸ਼ੂਆਂ ਨੂੰ ਚਾਰਾ ਪਾਉਂਦੇ ਤਾਰਾ ਸਿਹੁੰ ਨੂੰ 'ਵਾਜ਼ ਮਾਰੀ।

"ਕੀ ਅਮਰੀਕਾ ਨੇ ਬੰਬ ਚਲਾ ਤਾ ਅਫਗਾਨਿਸਤਾਨ 'ਤੇ? ਕਿਹੜੀ ਨਵੀਂ ਖ਼ਬਰ ਲੈ ਆਈ ਆਂ ਅੱਜ ਬੀ.ਬੀ.ਸੀ. ਤੋਂ।" ਤਾਰਾ ਸਿਹੁੰ ਨੇ ਵਿਅੰਗਮਈ ਲਹਿਜੇ 'ਚ ਉੱਤਰ ਦਿੱਤਾ।

'ਮਰੀਕਾ ਦੇ ਬੰਬ ਨੂੰ ਛੱਡ ਜਿਹੜਾ ਆਹ ਬੰਬ ਡਿੱਗਣ ਲੱਗਾ, ਉਹਦੇ ਤੋਂ ਨੀ ਕੋਈ ਬਚਦਾ। ਆਪਣੇ ਭਿੰਦੇ ਨੂੰ ਕਹਿ ਜਿਹੜੀ ਕੁੜੀ ਨਾਲ ਵਿਆਹ ਕਰਵਾਉਣ ਨੂੰ ਆਹੰਦੈਂ, ਝੱਟ ਦੇਣੀ ਲੈ ਲੈ ਲਾਵਾਂ।'

"ਕੱਲ ਤੱਕ ਪਿੰਡੇ 'ਤੇ ਪਾਣੀ ਨੀਂ ਪੈਣ ਦੇਂਦੀ ਸੀ, ਅੱਜ ਸੋਨੀਆ ਗਾਂਧੀ ਨਾਲ ਮੁਲਾਕਾਤ ਕਰਕੇ ਆਈ ਆਂ, ਜਿਹੜੀ ਏਨੀ ਬਦਲ ਗਈ।"

"ਮੁੰਡਾ ਕੁੜੀ ਨਾਲ ਤਾਂ ਵਿਆਹ ਕਰਵਾਉਣ ਨੂੰ ਕਹਿੰਦੈ!"

"ਹੋਰ ਉਹਨੇ ਭੇਡ-ਬੱਕਰੀ ਨਾਲ ਕਰਵਾਉਣੈ?"

"ਮਸ਼ਕਰੀਆਂ ਨਾ ਕਰ ਮੇਰੀ ਗੱਲ ਧਿਆਨ ਨਾਲ ਸੁਣੀਂ। ਬੱਸ ਅੱਡੇ 'ਤੇ ਬੈਠਾ ਆਪਣੇ ਪਿੰਡ ਆਲਾ ਮਾਸਟਰ 'ਖ਼ਬਾਰ ਪੜ੍ਹ ਕੇ ਸੁਣਾਉਂਦਾ ਸੀ, ਘਰ ਘਰ ਸਮਲਿੰਗੀ ਵਿਆਹ ਹੋਣ ਲੱਗ ਪਏ। ਮੈਂ ਪੁੱਛਿਆ ਭਾਈ ਮਾਸਟਰ ਏਦਾਂ ਦਾ ਤਾਂ ਇਕ ਹੋਰ ਨਾਂ ਐਂ, ਜਿਹਦੇ ਦਰਸ਼ਨ ਕਰਨ ਲਈ ਲੋਕੀਂ ਪਹਾੜੀਆਂ 'ਤੇ ਮਰ ਮਰ ਚੜ੍ਹਦੇ ਨੇ, ਇਹ ਕਿਹੜਾ ਨਵਾਂ ਦੇਵੀ-ਦੇਵਤੇ ਦਾ ਵਿਆਹ ਹੋਣ ਲੱਗਾ।"

"ਫਿਰ ਕੀ ਆਹੰਦਾ ਮਾਹਟਰ?"

"ਆਹੰਦਾ ਚੰਡੀਗੜ੍ਹ ਕੋਲ ਇਕ ਮੁੰਡੇ ਨੇ ਮੁੰਡੇ ਨਾਲ ਵਿਆਹ ਕਰਵਾ ਲਿਆ। ਚਾਰ ਕੁ ਸਾਲ ਪਹਿਲਾਂ ਅੰਬਰਸਰ 'ਚ ਇਕ ਕੁੜੀ ਨੇ ਕੁੜੀ ਨਾਲ ਫੇਰੇ ਲੈ ਲਏ ਸੀ। ਹੁਣ ਤਾਂ ਵੱਡੀ ਅਦਾਲਤ ਨੇ ਵੀ ਦੇ 'ਤੀ ਮਨਜ਼ੂਰੀ।"

"ਤੇਰਾ ਡਮਾਕ ਟਿਕਾਣੇ ਐਂ। ਐਵੇਂ ਲੁੱਚੇ ਸਾਧ ਦੇ ਕਮੰਡਲਾਂ ਨੂੰ ਮਾਂਜ ਮਾਂਜ ਸੁੱਟੀ ਜਾਨੀ ਐਂ। ਗਲਾਸ 'ਚ ਗੜਬੀ ਕਿਵੇਂ ਪੈ ਜੂ?"

"ਪੈ ਗਈ, ਪੈ ਗਈ ਰੱਬ ਦਿਆ ਬੰਦਿਆ। ਵਿਆਹ ਕਰ ਦੇ ਝੱਟ ਦੇਣੀ ਭਿੰਦੇ ਦਾ ਕਿਤੇ ਵਹੁਟੀ ਥਾਂ ਵਹੁਟਾ ਨਾ ਲੈ ਆਵੇ?"

"ਇਹ ਤਾਂ ਕੁਦਰਤ ਦੇ ਵਿਰੁਧ ਹੋ ਗਏ ਬੰਦੇ। ਰੱਬ ਦੇ ਸਿਰ 'ਚ ਠੋਲੇ ਮਾਰਨ ਲੱਗ ਪਏ ਨੇ। ਹੋਰ ਨੀਂ ਕੁਝ ਕਹਿੰਦਾ ਸੀ ਮਾਹਟਰ।"

"ਆਹੰਦਾ ਜਦੋਂ ਜੱਜ ਨੇ ਕਾਨੂੰਨ ਪਾਸ ਕਰਤਾ ਤਾਂ ਦਿੱਲੀ ਬੰਬੇ ਦੇ ਕੁਝ ਮੁੰਡੇ ਕੁੜੀਆਂ ਨੇ ਖੜਤੱਲ ਮਚਾਇਆ। ਮੈਂ ਪੁੱਛਿਆ, "ਭਾਈ ਮਾਹਟਰਾ ਆਏਂ ਦੱਸ ਇਹ ਬਿਨਾ ਗੇਅਰਾਂ ਵਾਲੀ ਗੱਡੀ ਚੱਲੂ ਕਿਵੇਂ?, ਹੱਸ ਕੇ ਕਹਿਣ ਲੱਗਾ ਤਾਈ ਪਾਂਧਾ ਨਾ ਪੁੱਛ ਭਿੰਦਾ ਵਿਆਹ ਲੈ ਨਹੀਂ ਤਾਂ...?"

"ਨਹੀਂ ਤਾਂ ਕੀ?"

"ਬਹੂ ਨੀਂ ਬਹੂਆ ਆਊ।"

"ਬਚਨੀਏ ਤੂੰ ਆਪਣੇ ਪਿੰਡ ਆਲੇ ਕਰਤਾਰੇ ਦੇ ਬਨਾਰਸੀ ਨੂੰ ਨੀਂ ਜਾਣਦੀ?"

"ਉਹਨੂੰ ਤਾਂ ਜੱਗ ਜਾਣਦੈ। ਅੱਧਾ ਬੰਦਾ ਅੱਧੀ ਤੀਵੀਂ।"

"ਵੇਖ ਲੈ ਮੁੰਡੇ ਤਾਂ ਕੁੜੀਆਂ ਦੇ ਪਿੱਛੇ ਸ਼ੁਦਾਈ ਹੁੰਦੇ ਐ, ਇਹਨੇ ਪਤੰਦਰ ਨੇ ਅੱਧਾ ਪਿੰਡ ਮਗਰ ਲਾਈ ਰੱਖਿਐ। ਹੁਣ ਗੋਡੇ ਜੁਆਬ ਦੇ ਗਏ ਤਾਂ ਬੈਠਾ ਰਮਾਨ ਨਾਲ।"

"ਬਨਾਰਸੀ ਦੀ ਗੱਲ ਸੁਣ ਲੈ। ਪਿੱਛੇ ਜਿਹੇ ਆਪਣੀ ਪਾਲੋ ਦੀ ਸੱਸ ਮਰ ਗਈ। ਉਹਦੀ ਮਕਾਣੀ ਗਈਆਂ। ਕੰਜਰ ਦਾ ਬੰਦਿਆਂ 'ਚੋਂ ਨਿਕਲ ਕੇ ਤੀਵੀਆਂ 'ਚ ਆ ਵੜਿਆ, ਚਿੱਟੀ ਚੁੰਨੀ ਮੂੰਹ 'ਤੇ ਪਾਈ, ਸੁਰਿੰਦਰ ਕੌਰ ਵਾਂਗ ਹੇਕਾਂ ਲਾ ਲਾ ਵੈਣ ਪਾਵੇ। ਮੈਂ ਠਾਕਰੀ ਨੂੰ ਪੁੱਛਿਆ ਇਹ ਕੌਣ ਐ? ਆਹੰਦੀ ਕਰਤਾਰੇ ਦਾ ਬਨਾਰਸੀ ਆ। ਮੁੜਦਿਆਂ ਨੂੰ ਤਾਂ ਹੱਦ ਈ ਕਰਤੀ ਬਨਾਰਸੀ ਨੇ। ਅਸੀਂ ਤੀਵੀਆਂ ਟੈਪੂ ਚੜ੍ਹਨ ਤੋਂ ਪਹਿਲਾਂ ਖੇਤਾਂ ਕੰਨੀ ਬਾਹਰ ਅੰਦਰ ਬਹਿ ਗਈਆਂ। ਮੂੰਹ ਘੁਮਾ ਕੇ ਵੇਖਿਆ ਤਾਂ ਬਨਾਰਸੀ ਵੀ ਤੀਵੀਆਂ ਵਾਂਗ ਬਹਿ ਕੇ ਬਾਹਰ ਅੰਦਰ ਕਰੇ। ਸੁਰਜਣ ਦੇ ਭਾਈਆ ਢਿੱਡ ਭੱਜ ਗਿਆ ਹੱਸਦੀਆਂ ਦਾ।"

"ਵੇਖ ਲੈ ਤੀਵੀਂ ਸਾਲੇ ਨੂੰ ਫੇਰ ਚੌਦਵੀਂ ਦੇ ਚੰਦ ਵਰਗੀ ਮਿਲੀ ਐ। ਬੁੱਢੀ ਹੋਈ ਲੱਛਮੀ ਹਾਲੇ ਵੀ ਤਕੱਲੇ ਦੇ ਵਲ ਕੱਢਦੀ ਐ।"

"ਭਲੇ ਵੇਲਿਆਂ 'ਚ ਹੋ ਗਿਆ। ਜੇ ਹੁਣ ਦੇ ਜ਼ਮਾਨੇ ਦਾ ਬਨਾਰਸੀ ਹੁੰਦਾ ਤਾਂ ਮੁੰਡਿਆਂ ਨੇ ਇਹਨੂੰ ਵਿਆਹ ਕੇ ਲੈ ਜਾਣਾ ਸੀ। ਆਹ ਵੇਖ ਮਾਹਟਰ ਨੇ 'ਖਬਰ ਦਿੱਤੀ ਐ। ਆਹ ਚੰਡੀਗੜ੍ਹ ਆਲੀ ਜੋੜੀ ਵੇਖ ਲੈ।"

"ਵਿਖਾ ਤਾਂ ਦਰਸ਼ਨ ਤਾਂ ਕਰ ਲਈਏ ਕਲਯੁੱਗੀ ਲਾੜਿਆਂ ਦੇ।"

"ਵੇਖ ਆਹ ਜਿਹੜਾ ਪਿੱਛੇ ਬੈਠਾ ਸਹੁਰੀ ਦਾ ਸੁਰਖੀ ਬਿੰਦੀ ਲਿੱਪ ਕੇ। ਹੂਰੇ ਮਾਰ ਮਾਰ ਕੇ ਇਹਦੀ ਗਿੱਚੀ ਭੰਨ ਦਵੇ ਬੰਦਾ। ਬੇਲੱਜ ਕਿਸੇ ਥਾਂ ਦਾ।"

"ਬਚਨੀਏ! ਤੂੰ ਆਪਣੇ ਪਿੰਡ ਆਲੇ ਰੁਲਦੂ ਨੂੰ ਨੀਂ ਜਾਣਦੀ?"

"ਜਾਣਦੀ ਆਂ, ਪਿਛਲੇ ਸਾਲ ਮਰਿਆ। ਖਲੀ ਲਾ ਗਿਆ ਨਿਆਣਿਆਂ ਦੀ।"

"ਗੱਲ ਏਦਾਂ ਹੋਈ ਸੀ ਪਈ ਰੁਲਦੂ ਬਹਿੰਦਾ ਸੀ ਅਮਲੀਆ 'ਚ? ਉਨ੍ਹਾਂ ਕਹੀ ਜਾਣਾ ਬਾਰਾਂ ਪੂਰੇ ਕਰ ਲੈ ਬੀਕਾਨੇਰ ਮੁਰੱਬਾ ਮਿਲ ਜੂ। ਏਥੇ ਤਾਂ ਉਹਦੇ ਕੋਲ ਮਰਲਾ ਜ਼ਮੀਨ ਨੀਂ ਸੀ, ਲਾਲਚ 'ਚ ਪੈ ਗਿਆ। ਕਹਿਣ ਲੱਗਾ ਗਿਣਤੀ ਵਾਧੂ ਰੱਖਦੇ ਆਂ। ਪੂਰੇ ਤੇਰ੍ਹਾਂ ਨਿਆਣੇ ਜੰਮੇ ਉਹਦੀ ਚੰਨੋ ਨੇ।"

"ਫੇਰ ਮਿਲਿਆ ਮੁਰੱਬਾ?"

"ਸੁਆਹ ਮੁਰੱਬਾ। ਵਿਚਾਰੀ ਛਿਲੇ ਕੱਟਦੀ ਚੰਨੋ ਰੱਬ ਨੂੰ ਜਾ ਮਿਲੀ ਤੇ ਦੋ ਖਣਾਂ ਆਲੇ ਘਰ 'ਚ ਪਾਥੀਆਂ ਵਾਂਗ ਨਿਆਣੇ ਚਿਣ-ਚਿਣ ਕੇ ਪਾਉਂਦਾ ਸੀ। ਚੱਲ ਹੁਣ ਇਹ ਸਮਲਿੰਗੀ ਆਬਾਦੀ



ਤਾਂ ਘਟਾਉਣਗੇ।"

"ਸੁਰਜਣ ਦੇ ਭਾਈਆ, ਆਹ ਗੱਲ ਤੇਰੀ ਮਨ ਨੂੰ ਲੱਗੀ ਆ। ਮਾਹਟਰ ਵੀ ਦੱਸਦਾ ਸੀ।"

"ਕੀ?"

"ਆਹੰਦਾ ਕਾਮਰੇਡ ਬਿਕਰ ਸਿਹੁੰ ਭਾਸ਼ਣ ਕਰੇ। ਅਖੇ ਸੰਜੇ ਗਾਂਧੀ ਜਬਰੀ ਨਾੜਾ ਵੱਢਣ ਲੱਗ ਪਿਆ ਸੀ, ਆਬਾਦੀ ਘਟਾਉਣ ਦੇ ਚੱਕਰ 'ਚ। ਤੇ ਜਿਹੜਾ ਕੋਰਟ ਨੇ ਕਾਨੂੰਨ ਮਨਜੂਰ ਕੀਤੈ, ਇਹ ਸਾਰੀ ਸੋਨੀਆ ਦੀ ਚਾਲ ਐ। ਮਨਮੋਹਨ ਸਿੰਘ ਚੁੱਪ ਬੈਠਾ। ਇਹ ਸੋਚਦੇ ਐ, ਆਏਂ ਨੀਂ ਕੰਮ ਘਟਣਾ, ਇਕ ਮਿੰਟ 'ਚ ਚੁਤਾਲੀ ਨਿਆਣੇ ਜੰਮ ਪੈਂਦੇ ਆ ਆਪਣੇ ਮੁਲਕ 'ਚ।"

"ਤੇ ਹੁਣ ਤਾਂ ਫਿਰ ਬਚਨੀਏ ਨਾ ਲੋਹੜੀ ਵੰਡਣ ਦੀ ਲੋੜ ਪੈਣੀ ਆ, ਨਾ ਖੁਸਰੇ ਨੱਚਣ ਆਉਣਗੇ ਤੇ ਮਾਹਟਰ ਨੂੰ ਪੁੱਛਣਾ ਸੀ ਕੱੜਾਂ ਨਾ ਵਜਾ ਜਦ ਸਕੂਲ 'ਚ ਨਿਆਣੇ ਨੀਂ ਆਉਣੇ ਤੂੰ ਵੀ ਵਿਹਲਾ ਹੋ ਜੂ।"

"ਆਹੋ ਅੱਗੇ ਤਾਂ ਸਪੀਕਰਾਂ 'ਤੇ ਕਹਿੰਦੇ ਹੁੰਦੇ ਸੀ, 'ਅਗਲਾ ਬੱਚਾ ਅਜੇ ਨਹੀਂ, ਤਿੰਨ ਦੇ ਬਾਅਦ ਕਦੇ ਨਹੀਂ।' ਫਿਰ ਆਹ ਕੰਧਾਂ 'ਤੇ ਲਿਖਿਆ ਜੁਆਕ ਪੜ੍ਹ ਕੇ ਸੁਣਾਉਂਦੇ ਹੁੰਦੇ ਆ ਪਈ ਅਸੀਂ ਦੋ ਤੇ ਸਾਡੇ ਦੋ। ਤੇ ਅਗਾਂਹ ਇਨ੍ਹਾਂ ਬੇਲੱਜਿਆਂ ਨੇ ਕਹਿਣ ਲੱਗ ਪੈਣਾ, ਅਸੀਂ ਦੋ ਸਾਡੇ ਕੋਈ ਵੀ ਨਹੀਂ।"

"ਬਚਨੀਏ ਵੇਖ ਲੈ ਰੱਬ ਦੇ ਰੰਗਾਂ 'ਚ ਭੰਗ ਪੈਣ ਲੱਗੀ ਆ। ਹਰ ਚੀਜ ਦੇ ਦੋ ਪੱਖ ਆ, ਧੁੱਪ-ਛਾਂ, ਅੱਗੇ-ਪਿੱਛੇ, ਉਪਰ-ਥੱਲੇ, ਤੀਵੀਂ-ਆਦਮੀ ਤੇ ਕਹਿੰਦੇ ਆ ਪਈ ਜੇ ਬਿਜਲੀ 'ਚ ਵੀ ਜਮਾ ਘਟਾਓ ਨਾ ਹੋਣ ਤਾਂ ਕਰੰਟ ਨੀਂ ਆਉਂਦਾ।"

"ਸੰਗ 'ਚ ਮੈਨੂੰ ਕੱਚੀਆਂ ਤ੍ਰੇਲੀਆਂ ਆਉਂਦੀਆਂ ਨੇ ਕਿਵੇਂ ਬੰਦਾ ਬੰਦੇ ਨਾਲ ਤੇ ਕੁੜੀ ਕੁੜੀ ਨਾਲ ਫੇਰੇ ਲੈਂਦੀ ਹੋਊ।"

"ਆਪਣਾ ਜਿਹੜਾ ਵਿੰਦਰ ਐ, ਜਰਮਨ ਰਹਿੰਦੈ, ਉਹ ਦੱਸਦਾ ਸੀ ਉਧਰ ਤਾਂ ਇਹ ਕੰਮ ਕਦੋਂ ਦਾ ਚਲਦੈ। ਕੈਨੇਡਾ, ਅਮਰੀਕਾ 'ਚ ਵੀ।"

"ਇਹ ਬੇੜਾ ਫੇਰ ਉਧਰੋਂ ਹੀ ਭਰਿਆ ਆਇਐ ਡੁੱਬਣ ਲਈ। ਮਾਹਟਰ ਇਕ ਗੱਲ ਹੋਰ ਦੱਸਦਾ ਸੀ, ਪਈ ਸਮਲਿੰਗੀਆਂ ਦੀ ਇਕ ਜੋੜੀ ਸਿੰਘਾਪੁਰ ਛਨੀਮੂਨ ਮਨਾਉਣ ਗਈ ਐ।"

"ਛਨੀਮੂਨ ਨੀਂ ਹਨੀਮੂਨ।"

"ਤੈਨੂੰ ਚੇਤੇ ਆ ਆਪਾਂ ਨੂੰ ਤਾਂ ਮੁਕਲਾਵੇ ਆਲੇ ਦਿਨ ਬੇਬੇ ਨੇ ਪਸ਼ੂਆਂ ਆਲੇ ਕਮਰੇ 'ਚ ਪਾਤਾ ਸੀ।"

"ਬਚਨੀਏ ਆਪਣੇ ਵੇਲੇ ਤਾਂ ਲੰਘ ਗਏ। ਪਰ ਇਹ ਕੰਜਰ ਦੇ ਹਨੀਮੂਨ ਕਾਹਦਾ ਮਨਾਉਣ ਜਾਂਦੇ ਆਂ। ਇਨ੍ਹਾਂ ਨੂੰ ਤਾਂ ਨੀਵੇਂ ਥਾਂ ਬਿਠਾ ਕੇ ਜੁੱਤੀਆਂ ਮਾਰ ਮਾਰ ਕਪਾਲ ਭੰਨ ਦੇਣੇ ਚਾਹੀਦੇ ਆ, ਫਿਰ ਇਨ੍ਹਾਂ ਬੇਸ਼ਰਮਾਂ ਨੂੰ ਦੱਸੋ ਪਈ ਆਹ ਐ ਹਨੀਮੂਨ।"

"ਚਲ ਅਹੁ ਆਪਣਾ ਭਿੰਦਾ ਤੁਰਿਐ ਆਉਂਦੈ ਕਾਲਜੋਂ, ਇਹਨੂੰ ਕਹਿ, ਦੇ ਜੇ ਗੇੜਾ, ਕਿਤੇ ਸਾਡਾ ਨਾ ਸੁੰਨਾ ਰਹਿ ਜਾਏ ਵਿਹੜਾ।"

NirpalKaur.com

ਨਿਰਪਾਲ ਕੌਰ ਡਾਟ ਕੌਮ

A WEBSITE SHOWCASING THE TASTE OF PUNJABI FOOD

ਪੰਜਾਬਣ ਦੀ ਰਸੋਈ<br>
ਖਿੱਚੇ ਇਸ ਦੀ ਖੁਸ਼ਬੋਈ

VISIT : WWW.NIRPALKAUR.COM

HOME COOKING, FASHION AND HEALTH

# ਸਿੱਖ ਭਾਈਚਾਰੇ 'ਚ ਵੀ ਦਲਿਤ ਜਾਤੀਆਂ ਨੂੰ ਵਿਤਕਰੇ ਦਾ ਸਾਹਮਣਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਪਰ ਇਹ ਕਰਨਾ ਕਈ ਹਾਲਤਾਂ ਵਿਚ ਦਰੁਸਤ ਸਾਬਤ ਨਹੀਂ ਹੁੰਦਾ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਕਈ ਪਿੰਡਾਂ ਵਿਚ ਇਸ ਸਵਾਲ ਉਤੇ ਵਿਰੋਧ ਤੇ ਝਗੜੇ ਦੀਆਂ ਰਿਪੋਰਟਾਂ ਵੀ ਮਿਲ ਰਹੀਆਂ ਹਨ। ਵੱਖਰੇ ਗੁਰਦਵਾਰਿਆਂ ਦੀ ਅਜਿਹੀ ਉਸਾਰੀ ਅਵੱਸ਼ ਹੀ ਇਸ ਗੱਲ ਦਾ ਚਿੰਨ੍ਹ ਸੀ ਕਿ ਦਲਿਤ ਭਾਈਚਾਰੇ ਆਪਣੀ ਵੱਖਰੀ ਹੋਂਦ ਲਈ ਡਟ ਰਹੇ ਹਨ, ਜਿਸ ਵਿਰੁਧ ਜ਼ਿਮੀਦਾਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨਾਰਾਜ਼ਗੀ ਪੈਦਾ ਹੋਣਾ ਲਾਜ਼ਮੀ ਸੀ। ਕਈ ਵਾਰ ਵਿਤਕਰੇ ਦੀ ਭਾਵਨਾ ਅੱਗੋਂ ਹੋਰ ਵੰਡ ਦਾ ਕਾਰਨ ਵੀ ਬਣ ਰਹੀ ਹੈ। ਮਿਸਾਲ ਲਈ ਲੁਧਿਆਣਾ ਜ਼ਿਲ੍ਹੇ ਦੇ ਹੇਰਾਂ ਪਿੰਡ ਵਿਚ ਅੱਠ ਸਾਲ ਪਹਿਲਾਂ ਮਜ਼ਹਬੀਆਂ ਨੇ ਰਾਮਦਾਸੀਆਂ ਨਾਲ ਮਿਲ ਕੇ ਇਕ ਵੱਖਰਾ ਗੁਰਦਵਾਰਾ ਉਸਾਰਿਆ ਸੀ। ਪਰ ਪਿਛਲੇ ਸਾਲ ਮਜ਼ਹਬੀ ਸਿੱਖਾਂ ਨੇ ਨਿਰੋਲ ਆਪਣਾ ਹੀ ਇਕ ਵੱਖਰਾ ਗੁਰਦਵਾਰਾ ਉਸਾਰਨ ਦਾ ਫੈਸਲਾ ਕੀਤਾ ਕਿਉਂਕਿ ਉਨ੍ਹਾਂ ਨੂੰ ਗੁੱਸਾ ਸੀ ਕਿ ਰਾਮਦਾਸੀਆ ਔਰਤਾਂ ਨੇ ਮਜ਼ਹਬੀ ਔਰਤਾਂ ਦਾ ਅਪਮਾਨ ਕੀਤਾ ਸੀ ਤੇ ਧਮਕੀ ਦਿੱਤੀ ਸੀ ਕਿ ਮਜ਼ਹਬੀ ਔਰਤਾਂ ਗੁਰਦਵਾਰੇ ਵਿਚ ਦਾਖਲ ਹੋਈਆਂ ਤਾਂ ਉਹ ਬੁਰੀ ਤਰ੍ਹਾਂ ਪੇਸ਼ ਆਉਣਗੀਆਂ। ਤਾਂ ਵੀ ਉਤਲੀ ਜਾਤੀ ਦੀਆਂ ਔਰਤਾਂ ਵਲੋਂ ਦਲਿਤ ਜਾਤੀ ਦੀਆਂ ਔਰਤਾਂ ਨਾਲ ਛੂਤ ਛਾਤ ਹਰ ਪੱਖੋਂ ਬਹੁਤ ਜ਼ਬਰਦਸਤ ਹੈ। ਪਰ ਹੇਰਾਂ ਪਿੰਡ ਦੇ ਮਾਮਲੇ ਵਿਚ ਦਲਿਤ ਜਾਤੀਆਂ ਦੇ ਆਪਣੇ ਅੰਦਰ ਉਚ ਨੀਚ ਦੀ ਵੰਡ ਦੇਖਣ ਵਿਚ ਆ ਰਹੀ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਮਜ਼ਹਬੀਆਂ ਨੂੰ ਵੱਖਰਾ ਗੁਰਦਵਾਰਾ ਉਸਾਰਨ ਤੋਂ ਵਰਜਣ ਲਈ ਜਿਹੜੇ ਇੰਸਪੈਕਟਰ ਭੇਜੇ ਸਨ, ਉਹ ਕੁਝ ਨਾ ਕਰ ਸਕੇ।

ਹੋਰਨਾਂ ਵਲੋਂ ਵਿਰੋਧ ਤੇ ਸ਼੍ਰੋਮਣੀ ਕਮੇਟੀ ਵਲੋਂ ਪਾਏ ਗਏ ਦਬਾਅ ਦੇ ਪ੍ਰਤੀਕਰਮ ਵਜੋਂ ਮਜ਼ਹਬੀ ਸਿੱਖਾਂ ਨੇ ਧਮਕੀ ਦਿੱਤੀ ਕਿ "ਜੇ ਸਾਨੂੰ ਆਪਣਾ ਗੁਰਦਵਾਰਾ ਨਾ ਉਸਾਰਨ ਦਿੱਤਾ ਗਿਆ ਤਾਂ ਅਸੀਂ ਮੁਸਲਮਾਨ ਹੋ ਜਾਵਾਂਗੇ।" ਇਸੇ ਧਮਕੀ ਅੱਗੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਇੰਸਪੈਕਟਰਾਂ ਨੂੰ ਹਥਿਆਰ ਸੁੱਟਣੇ ਪਏ। ਇਹ ਅਜਿਹੇ ਬਹੁਤ ਸਾਰੇ ਮਾਮਲਿਆਂ ਵਿਚੋਂ ਕੇਵਲ ਇਕ ਮਾਮਲਾ ਹੈ। ਸ਼ਾਇਦ ਇਹ ਮਜ਼ਹਬੀਆਂ ਦੇ ਕ੍ਰਿਆਸ਼ੀਲ ਹੋਣ ਦਾ ਚਿੰਨ੍ਹ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਇਕ ਪ੍ਰੈੱਸ ਬਿਆਨ ਵਿਚ ਖ਼ਬਰਦਾਰ ਕੀਤਾ ਸੀ ਕਿ : "ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਪਿੰਡਾਂ ਵਿਚ ਜੱਟਾਂ ਤੇ ਮਜ਼ਹਬੀ ਸਿੱਖਾਂ ਵਲੋਂ ਵੱਖੋ ਵੱਖਰੇ ਗੁਰਦਵਾਰੇ ਉਸਾਰਨ ਦੇ ਰੁਝਾਨ ਵਿਚ ਤਿੱਖਾ ਵਾਧਾ ਦੇਖਣ ਵਿਚ ਆਇਆ ਹੈ, ਜਿਹੜਾ ਸਿੱਖਾਂ ਵਿਚ ਤ੍ਰੇੜ ਪੈਦਾ ਕਰ ਰਿਹਾ ਹੈ। ਇਹ ਰੁਝਾਨ ਆਉਂਦੇ ਸਮੇਂ ਵਿਚ ਗੰਭੀਰ ਸਿੱਟੇ ਪੈਦਾ ਕਰੇਗਾ।"

ਕਈ ਹਾਲਤਾਂ ਵਿਚ ਰਵਿਦਾਸੀ ਗੁਰਦਵਾਰਿਆਂ ਵਿਚ ਗੁਰੂ ਰਵਿਦਾਸ ਦੀ ਤਸਵੀਰ ਵੀ ਲੱਗੀ ਹੁੰਦੀ ਹੈ ਤੇ ਕਿਤੇ ਡਾ. ਅੰਬੇਦਕਰ ਦੀ ਤਸਵੀਰ ਵੀ। ਲੁਧਿਆਣੇ ਦੀ ਬਸਤੀ ਜੋਧੇਵਾਲ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਹੀ ਪ੍ਰਸਤੁਤ ਗੁਰੂ ਰਵਿਦਾਸ ਦੀ ਮੂਰਤ ਜੱਟਾਂ ਤੇ ਦਲਿਤਾਂ ਵਿਚ ਖਿਚਾਅ ਦਾ ਕਾਰਨ ਬਣ ਗਈ, ਕਿਉਂਕਿ ਸਿੱਖ ਮਰਯਾਦਾ ਅਨੁਸਾਰ ਅਜਿਹਾ ਉਚਿਤ ਨਹੀਂ ਸੀ। ਨਿਰਾਦਰ ਤੇ ਹੇਠੀ ਦੇ ਅਨੁਭਵ ਤੋਂ ਛੁਟਕਾਰੇ ਲਈ ਅਤੇ ਬਦਲਵੇਂ ਸੱਭਿਆਚਾਰਕ ਮਾਹੌਲ ਦੀ ਖੋਜ ਲਈ ਦਲਿਤਾਂ ਦਾ ਇਕ ਹੋਰ ਮਹੱਤਵਪੂਰਨ ਉਪਰਾਲਾ ਇਸ ਗੱਲ ਤੋਂ ਵੀ ਉਜਾਗਰ ਹੁੰਦਾ ਹੈ ਕਿ ਵੱਡੀ ਗਿਣਤੀ ਵਿਚ ਸਿੱਖ ਦਲਿਤ ਕਈ ਤਰ੍ਹਾਂ ਦੇ ਵੱਖੋ ਵੱਖਰੇ ਡੇਰਿਆਂ, ਰਾਧਾ ਸੁਆਮੀ, ਸੱਚਾ ਸੌਦਾ, ਡੇਰਾ ਵਡਭਾਗ ਸਿੰਘ, ਜਿਹੀਆਂ ਸੰਪਰਦਾਵਾਂ ਤੇ ਪਿਆਰਾ ਸਿੰਘ ਭਨਿਆਰਾਵਾਲਾ ਜਾਂ ਹੋਰ ਸੰਤਾਂ, ਦਰਗਾਹਾਂ ਤੇ ਪੀਰਾਂ ਵਲ ਰੁਖ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਜੱਥੇਬੰਦੀਆਂ ਇਸ ਦਾ ਬੁਰਾ ਮਨਾ ਰਹੀਆਂ ਹਨ।


ਦਲਿਤ ਬਾਬਾ ਭਨਿਆਰਾਵਾਲਾ ਦਾ ਇਕ ਡੇਰੇ ਦੇ ਮੁਖੀ ਵਜੋਂ ਅੱਗੇ ਆਉਣਾ ਤੇ ਉਸ ਵਲੋਂ ਪੂਜਾ ਪਾਠ ਲਈ ਕਥਿਤ ਤੌਰ 'ਤੇ ਆਪਣੀ ਬਾਣੀ ਦੇ ਗ੍ਰੰਥ ਦੀ ਪ੍ਰਕਾਸ਼ਨਾ ਦੇ ਕਾਰਨ ਜਿਹੜੀਆਂ ਜ਼ਬਰਦਸਤ ਝੜੱਪਾਂ ਹੋਈਆਂ, ਉਸ ਤੋਂ ਰਵਾਇਤੀ ਧਾਰਮਿਕ ਮਾਹੌਲ ਨੂੰ ਰੱਦ ਕਰਨ ਦੀ ਤੀਬਰਤਾ ਦਾ ਵੀ ਇਜ਼ਹਾਰ ਹੁੰਦਾ ਹੈ। ਨਿਰੀਖਕ ਇਸ ਨੂੰ ਹੇਠਲੀਆਂ ਸ਼੍ਰੇਣੀਆਂ ਨਾਲ ਜੱਟਾਂ ਦੇ ਹੈਂਕੜ ਭਰੇ ਤੇ ਉਜੱਡ ਵਤੀਰੇ ਵਿਰੁਧ ਨਿਤਾਣਿਆਂ ਦੀ ਬਗਾਵਤ ਦਾ ਨਾਂਅ ਦਿੰਦੇ ਹਨ। ਇਕ ਤੇਜ਼ ਖਿਆਲ ਦਲਿਤ ਸਿੱਖ ਦਾ ਕਹਿਣਾ ਹੈ ਕਿ "ਪੰਜਾਬ ਦੇ ਸਾਰੇ ਹੀ ਖੇਤਰਾਂ ਵਿਚ ਫੈਲੇ ਹੋਏ ਡੇਰਿਆਂ ਦਾ ਪ੍ਰਬੰਧ ਜੱਟਾਂ ਤੇ ਹੋਰ ਉਤਲੀਆਂ ਸ਼੍ਰੇਣੀਆਂ ਦੇ ਹੱਥਾਂ ਵਿਚ ਹੈ। ਹਰ ਥਾਈਂ ਅਨੁਸੂਚਿਤ/ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਸਿੱਖ ਜਾਂ ਤਾਂ ਪੂਜਾ ਪਾਠ ਲਈ ਜਾਂਦੇ ਹਨ ਜਾਂ ਉਹ ਛੋਟੇ ਜਾਂ ਵੱਡੇ ਸੇਵਾਦਾਰ ਹਨ। ਹਰ ਧਾਰਮਿਕ ਖੇਤਰ ਜਾਤੀ ਆਧਾਰ ਉਤੇ ਨਿਅੰਤਰਤ ਕੀਤਾ ਤੇ ਚਲਾਇਆ ਜਾ ਰਿਹਾ ਹੈ।" ਇਸ ਨੂੰ ਸਿੱਖ ਮੱਤ ਦੀ ਧੀਮਾ ਮਿਰਤੂ ਗਰਦਾਨਿਆ ਗਿਆ।

ਸਿੱਖ ਭਾਈਚਾਰੇ ਵਿਚ ਜਾਤੀ ਵੰਡ ਦਾ ਇਕ ਹੋਰ ਰੂਪ ਹੈ ਕਿ ਸਿੱਖ ਪਿੰਡਾਂ ਵਿਚ ਦਲਿਤਾਂ ਉਤੇ ਅੱਤਿਆਚਾਰਾਂ ਦੀਆਂ ਘਟਨਾਵਾਂ ਵਧ ਰਹੀਆਂ ਹਨ। ਪਿਛਲੇ ਪੰਜ ਸਾਲਾਂ ਵਿਚ ਪੰਜਾਬ ਵਿਚ ਦਲਿਤਾਂ ਉਤੇ ਅਤਿਆਚਾਰਾਂ ਦੀਆਂ ਅਖ਼ਬਾਰੀ ਰਿਪੋਰਟਾਂ ਦੇ ਇਕ ਸਰਵੇਖਣ ਨੇ ਅਜਿਹੀਆਂ ਇਕ ਦਰਜਨ ਤੋਂ ਵਧ ਵਾਰਦਾਤਾਂ ਸਾਹਮਣੇ ਲਿਆਂਦੀਆਂ, ਜਿਨ੍ਹਾਂ ਵਿਚ ਪਿੰਡਾਂ ਵਿਚ ਜੱਟ ਜ਼ਿਮੀਂਦਾਰਾਂ ਨੇ ਦਿੱਤੇ ਉਧਾਰਾਂ ਦੀ ਵਸੂਲੀ ਜਾਂ ਕਿਸੇ ਖਿਆਲੀ ਬੇਇਜ਼ਤੀ ਦੇ ਬਦਲੇ ਲਈ ਦਲਿਤ ਔਰਤਾਂ ਨੂੰ ਬਲਾਤਕਾਰ ਜਾਂ ਸਮੂਹਿਕ ਬਲਾਤਕਾਰ ਦਾ ਸ਼ਿਕਾਰ ਬਣਾਇਆ, ਜਾਂ ਉਨ੍ਹਾਂ ਨੂੰ ਨੰਗਾ ਕੀਤਾ ਜਾਂ ਨੰਗਾ

**-ਹਰੀਸ਼ ਪੁਰੀ**

ਕਰਕੇ ਜਲੂਸ ਕੱਢਿਆ। ਅਜਿਹੀਆਂ ਵਾਰਦਾਤਾਂ ਵਿਚ ਜਬਰ ਕਰਨ ਵਾਲਿਆਂ ਨੂੰ ਪੁਲਿਸ ਦੀ ਲੁਕਵੀਂ ਹਮਾਇਤ ਹਾਸਲ ਸੀ।

ਅਜਿਹੇ ਜਬਰ ਦਾ ਦੱਸਿਆ ਜਾਂ ਅਣਦੱਸਿਆ ਮੰਤਵ "ਦਲਿਤਾਂ ਨੂੰ ਸਬਕ



ਸਿਖਾਉਣਾ" ਸੀ। ਪਿੰਡਾਂ ਵਿਚ ਦਲਿਤਾਂ ਦਾ ਸਮਾਜੀ ਬਾਈਕਾਟ ਇਕ ਹੋਰ ਢੰਗ ਹੈ, ਜਿਸ ਦੇ ਵਾਪਰਨ ਦੀਆਂ ਮਿਸਾਲਾਂ ਪਿਛਲੇ ਕੁਝ ਸਮੇਂ ਵਿਚ ਵਧਦੀਆਂ ਜਾ ਰਹੀਆਂ ਹਨ। ਅਜਿਹੀਆਂ ਹਾਲਤਾਂ ਵਿਚ ਜ਼ਿਲ੍ਹਾ ਪ੍ਰਸ਼ਾਸਨ ਨੂੰ "ਰਾਜ਼ੀਨਾਮੇ" ਲਈ ਦਖ਼ਲ ਦੇਣਾ ਪੈਂਦਾ ਹੈ। ਪਿਛਲੇ ਤਿੰਨ ਸਾਲਾਂ ਵਿਚ ਅਜਿਹੇ ਤਿੰਨ ਗੰਭੀਰ ਮਾਮਲੇ ਸਾਹਮਣੇ ਆਏ ਹਨ। 1998 ਦੇ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲਾ (ਜਬਰ ਨਿਸ਼ੇਧ) ਐਕਟ ਵਿਚ ਕਰੜੀਆਂ ਵਿਵਸਥਾਵਾਂ ਦੇ ਅਤੇ ਸੂਬਾ ਸਰਕਾਰਾਂ ਤੇ ਪੁਲਿਸ ਨੂੰ ਦਿੱਤੀਆਂ ਗਈਆਂ ਸਖ਼ਤ ਹਦਾਇਤਾਂ ਦੇ ਬਾਵਜੂਦ ਕੋਈ ਘੱਟ ਹੀ ਅਜਿਹਾ ਮਾਮਲਾ ਹੈ, ਜਿਸ ਵਿਚ ਇਸ ਕਾਨੂੰਨ ਅਧੀਨ ਕਿਸੇ ਨੂੰ ਸਜ਼ਾ ਸੁਣਾਈ ਗਈ ਹੋਵੇ। ਜਾਤੀ ਅੱਤਿਆਚਾਰਾਂ ਦੀ ਸਰਵਜਨਕ ਨੌਈਅਤ ਦੇ ਵੇਰਵੇ ਜਾਣਨ ਵਾਲੇ ਹਨ, ਕਿਉਂਕਿ ਇਹ ਬਹੁਤ ਕੁਝ ਦੱਸਦੇ ਹਨ। ਦੋ ਜਾਤੀਆਂ ਵਿਚਾਲੇ ਸਥਾਨਕ ਟੱਕਰ ਦਾ ਇਕ ਮਾਮਲਾ ਕੁਝ ਇਸ ਤਰ੍ਹਾਂ ਹੈ;

4 ਜਨਵਰੀ 2000 ਨੂੰ ਅੰਮ੍ਰਿਤਸਰ ਜ਼ਿਲੇ ਵਿਚ ਤਰਨਤਾਰਨ ਦੇ ਨੇੜੇ ਦੇ ਪਿੰਡ ਭੈਲ ਵਿਚ ਇਕ ਮਜ਼ਹਬੀ ਸਿੱਖ ਹਜਾਰਾ ਸਿੰਘ ਨੂੰ ਆਪਣੀ 22 ਸਾਲ ਦੀ ਬੇਟੀ ਦੀ ਦੇਹ ਦਾ ਸੰਸਕਾਰ ਸ਼ਮਸ਼ਾਨ ਘਾਟ ਵਿਚ ਕਰਨ ਦੀ ਆਗਿਆ ਜਦ ਜ਼ਿਮੀਂਦਾਰਾਂ ਨੇ ਨਾ ਦਿੱਤੀ ਤਾਂ 60 ਸਾਲ ਦੇ ਬੇਬਸ ਪਿਤਾ ਨੂੰ ਆਪਣੀ ਧੀ ਦੀ ਲਾਸ਼ ਟਰਾਲੀ ਵਿਚ ਲੱਦ ਕੇ ਤਿੰਨ ਮੀਲ ਪਰ੍ਹਾਂ ਦਰਿਆ ਵਿਚ ਰੋੜ੍ਹਨੀ ਪਈ। ਰਿਪੋਰਟਾਂ ਅਨੁਸਾਰ ਤਰਨਤਾਰਨ ਤੋਂ 24 ਕਿਲੋਮੀਟਰ ਦੂਰ ਬਿਆਸ ਦੇ ਨੇੜੇ ਜੱਟਾਂ ਦੇ ਗਲਬੇ ਵਾਲੇ ਇਸ ਪਿੰਡ ਵਿਚ 1000 ਦੀ ਗਿਣਤੀ ਵਿਚ ਮਜ਼ਹਬੀ ਭਾਈਚਾਰੇ ਨੇ ਜੱਟਾਂ ਦੀ ਮਨਾਹੀ ਦੇ ਬਾਵਜੂਦ ਗੁਰਪੁਰਬ ਦਾ ਜਲੂਸ ਕੱਢਣ ਦਾ ਫੈਸਲਾ ਕੀਤਾ। ਇਸ ਪਵਿੱਤਰ ਅਵਸਰ ਲਈ ਇਨ੍ਹਾਂ ਸਿੱਖਾਂ ਨੇ ਆਪਣੇ ਕੋਲੋਂ 10 ਹਜ਼ਾਰ ਰੁਪਏ ਇਕੱਠੇ ਕੀਤੇ। ਇਸ ਨੂੰ ਜੱਟ ਸਿੱਖਾਂ ਦੀ ਚੌਧਰ ਲਈ ਖੁੱਲ੍ਹੀ ਵੰਗਾਰ ਖਿਆਲ ਕੀਤਾ ਗਿਆ।

ਇਸਦੇ ਖ਼ਿਲਾਫ਼ ਜਵਾਬੀ ਕਾਰਵਾਈ ਤੱਤਫਟ ਹੋਈ। ਡਾਂਗਾਂ ਨਾਲ ਲੈਸ ਜੱਟ ਸਿੱਖਾਂ ਦੇ ਇਕ ਗਿਰੋਹ ਨੇ ਪਿੰਡ ਨੂੰ ਘੇਰ ਲਿਆ ਤੇ ਇਹ ਘੇਰਾ ਤਿੰਨ ਦਿਨ ਤੱਕ ਜਾਰੀ ਰੱਖਿਆ। ਇਸ ਘੇਰੇ ਸਮੇਂ ਮਜ਼ਹਬੀਆਂ ਨੂੰ ਨਾ ਕੇਵਲ ਖੇਤਾਂ ਵਿਚ ਜਾਣ ਦਿੱਤਾ ਗਿਆ, ਸਗੋਂ ਗੁਰਪੁਰਬ ਦੇ ਪਵਿੱਤਰ ਜਲੂਸ ਲਈ ਵੀ ਬਾਹਰ ਨਾ ਨਿਕਲਣ ਦਿੱਤਾ ਗਿਆ। ਜੱਟਾਂ ਦਾ ਕਹਿਣਾ ਸੀ ਕਿ ਮਜ਼ਹਬੀ ਹੁੰਦੇ ਕੌਣ ਹਨ ਕਿ ਸਾਡੇ ਗਾਲਬ ਭਾਈਚਾਰੇ ਦੀ ਅਵੱਗਿਆ ਕਰਨ। ਇਕ ਜ਼ਿਮੀਂਦਾਰ ਕਰਤਾਰ ਸਿੰਘ ਨੇ ਬੜੀ ਘਿਰਣਾ ਨਾਲ ਕਿਹਾ, "ਇਹ ਸਾਰੀ ਉਨ੍ਹਾਂ ਦੀ ਗਲਤੀ ਹੈ, ਅਸੀਂ ਉਨ੍ਹਾਂ ਤੋਂ ਉਤੇ ਹਾਂ।" ਇਕ ਜੱਟ ਸਿੱਖ ਇਸਤਰੀ ਨੇ ਕਿਹਾ "ਮਜ਼ਹਬੀਆਂ ਕੋਲ ਏਨੇ ਪੈਸੇ ਕਿੱਥੇ ਕਿ ਉਹ ਗੁਰਪੁਰਬ ਦਾ ਜਲੂਸ ਕੱਢ ਸਕਣ। ਮੈਂ ਹੈਰਾਨ ਹਾਂ, ਉਨ੍ਹਾਂ ਕੋਲ ਏਨਾ ਪੈਸਾ ਆਇਆ ਕਿੱਥੋਂ।"

ਪੁਲਿਸ ਨੇ ਦਖਲ ਦਿੱਤਾ ਰਾਜ਼ੀਨਾਮਾ ਕਰਾਉਣ ਲਈ। ਇਸ ਮਾਮਲੇ ਵਿਚ ਕੋਈ ਸ਼ਿਕਾਇਤ ਦਰਜ ਨਹੀਂ ਹੋਈ, ਕਿਉਂਕਿ ਪੁਲਿਸ ਦੀ ਨਜ਼ਰ ਵਿਚ ਇਹ ਮਾਮਲਾ ਪਾਰਟੀਬਾਜ਼ੀ ਦਾ ਸੀ। ਮਜ਼ਹਬੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਉਤੇ ਪੁਲਿਸ ਨੇ ਦਬਾਅ ਪਾਇਆ। "ਸਾਡੇ ਉਤੇ ਪੁਲਿਸ ਤੇ ਜ਼ਿਮੀਂਦਾਰ ਦੋਵੇਂ ਹੀ ਜਬਰ ਕਰਦੇ ਹਨ, ਦੋਵੇਂ ਇਕਮਿਕ ਹਨ।"

ਇਸ ਘਟਨਾ ਤੋਂ ਇਕ ਮਹੀਨੇ ਤੋਂ ਵਧ ਸਮੇਂ ਪਿੱਛੋਂ ਜਦੋਂ ਇਕ ਮਜ਼ਹਬੀ ਸਿੱਖ ਇਸਤਰੀ ਪ੍ਰੀਤਮ ਕੌਰ ਦੀ ਮੌਤ ਹੋਈ ਤਾਂ ਉਸਦੇ ਪੁੱਤਰ ਨੂੰ ਉਸ ਦਾ ਸੰਸਕਾਰ ਪਿੰਡ ਦੀ ਸ਼ਮਸ਼ਾਨ ਭੂਮੀ ਵਿਚ ਕਰਨ ਦੀ ਆਗਿਆ ਨਾ ਦਿੱਤੀ ਗਈ।

ਰਿਪੋਰਟਾਂ ਅਨੁਸਾਰ ਮਜ਼ਹਬੀਆਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੀ ਵੱਖਰੀ ਸ਼ਮਸ਼ਾਨ ਭੂਮੀ ਬਣਾ ਲੈਣ।

ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਕਬੀਲਿਆਂ ਦੇ ਕੌਮੀ ਕਮਿਸ਼ਨ ਦੇ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਪ੍ਰਤੱਖ ਤੌਰ 'ਤੇ ਬੜੇ ਦੁੱਖ ਨਾਲ ਕਿਹਾ, "ਸਿੱਖ ਮੱਤ ਕਾਰਨ ਪੰਜਾਬ ਵਿਚ ਛੂਤ ਛਾਤ ਤਾਂ ਨਹੀਂ, ਪਰ ਮੈਨੂੰ ਇਹ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਦਲਿਤਾਂ ਉਤੇ ਜ਼ੁਲਮ ਢਾਹੁਣ ਵਿਚ ਅਸੀਂ ਕਿਸੇ ਤੋਂ ਪਿੱਛੇ ਨਹੀਂ।"

ਸਿੱਖ ਮੱਤ ਵਿਚ ਜਾਤੀ ਦਰਜਾਬੰਦੀ ਦੀ ਨਿਵੇਕਲੀ ਸ਼ਕਲ, ਜਿਹੜੀ ਹਿੰਦੂ ਸਮਾਜ ਵਿਚ ਪ੍ਰਚਲਤ ਇਸੇ ਤਰ੍ਹਾਂ ਦੀਆਂ ਹੋਰ ਜਾਤੀ ਦਰਜਾਬੰਦੀਆਂ ਦੇ ਸਮਾਨਾਂਤਰ ਹੈ, ਮੰਗ ਕਰਦੀ ਹੈ ਕਿ ਸਥਾਨਕ ਤੇ ਖੇਤਰੀ ਪੱਧਰ ਉਤੇ ਅਜਿਹੀ ਰਾਜਨੀਤਕ ਸੱਤਾ ਤੇ ਆਰਥਿਕ ਸੰਬੰਧਾਂ ਨੂੰ ਹੋਰ ਡੂੰਘਾਈ ਨਾਲ ਘੋਖਿਆ ਜਾਏ, ਜਿਹੜੇ ਇਸ ਨਿਵੇਕਲੀ ਜਾਤੀ ਦਰਜਾਬੰਦੀ ਦਾ ਹਿੱਸਾ ਹਨ। ਸਮਾਜੀ ਵਾਸਤਵਿਕਤਾ ਨੂੰ ਹੇਠਲੀ ਪੱਧਰ ਉਤੇ ਨਾ ਘੋਖਣ ਦੇ ਸਿੱਟੇ ਵਜੋਂ ਇਹ ਪ੍ਰਭਾਵ ਪੈ ਸਕਦਾ ਹੈ, ਜਿਵੇਂ ਸਿੱਖ ਭਾਈਚਾਰੇ ਵਿਚ ਵੱਖ-ਵੱਖ ਜਾਤੀਆਂ ਵਿਚ ਨਾ ਸਿਰਫ਼ ਕੋਈ ਵੰਡ ਨਹੀਂ ਸਗੋਂ ਇਹ ਤਾਂ ਇਕੋ ਜਿਹੀਆਂ ਹਨ।

ਦੂਸਰੇ ਪਾਸੇ ਨਿਰੋਲ ਸਭਿਆਚਾਰ ਜਾਂ ਵਿਚਾਰਧਾਰਾ ਉਤੇ ਆਧਾਰਤ ਵਿਆਖਿਆਵਾਂ ਦੇ ਸਿੱਟੇ ਵਜੋਂ ਇਹ ਸਮਝਿਆ ਜਾ ਸਕਦਾ ਹੈ ਕਿ ਜਿਵੇਂ ਸਿੱਖ ਮੱਤ ਵਿਚ ਜਾਤੀਵਾਦ ਦੀ ਹੋਂਦ ਇਸ ਗੱਲ ਦਾ ਹੀ ਸਿੱਟਾ ਹੈ ਕਿ ਬ੍ਰਾਹਮਣਵਾਦ ਦੀ ਜਕੜ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋਇਆ ਗਿਆ। ਇਹ ਇਸ ਸ੍ਰੋਤੇ ਲਈ ਬਹਾਨਾ ਬਣ ਸਕਦਾ ਹੈ ਕਿ ਸਿੱਖਾਂ ਨੂੰ ਹਿੰਦੂ ਮੱਤ ਤੋਂ ਹੋਰ ਦੂਰ ਹੋਣਾ ਚਾਹੀਦਾ ਹੈ ਹਾਲਾਂਕਿ ਇਹ "ਇਕ ਖੁੱਲ੍ਹੀ ਹਕੀਕਤ ਹੈ ਕਿ ਸਿੱਖ ਸਮਾਜ ਜਾਤੀਵਾਦ ਤੇ ਨਸਲੀ ਵਿਤਕਰੇ ਦਾ ਓਨਾ ਹੀ ਸ਼ਿਕਾਰ ਹੈ, ਜਿੰਨਾ ਹਿੰਦੂ ਸਮਾਜ।"

ਪੰਜਾਬ ਵਿਚ ਦਲਿਤਾਂ ਨਾਲ ਗੱਲਬਾਤ ਦੇ ਸਿੱਟੇ ਵਜੋਂ ਜਿਹੜੀ ਅਸਲੀਅਤ ਸਾਹਮਣੇ ਆਉਂਦੀ ਹੈ ਉਹ ਦੱਸਦੀ ਹੈ ਕਿ ਜਾਤੀ ਆਧਾਰਤ ਅਪਮਾਨ ਦੇ ਪਿੱਛੇ ਜਿਹੜੀ ਤਾਕਤ ਕੰਮ ਕਰ ਰਹੀ ਹੈ, ਉਸ ਦਾ ਸੰਬੰਧ ਧਰਮ ਜਾਂ ਵਿਚਾਰਧਾਰਾ ਨਾਲ ਨਹੀਂ ਸਗੋਂ ਆਰਥਿਕ ਤੇ ਰਾਜਨੀਤਕ ਤੌਰ 'ਤੇ ਗਾਲਬ ਤਾਕਤਾਂ ਨਾਲ ਹੈ। ਪਰ ਇਸਦੇ ਬਾਵਜੂਦ ਇਸ ਤਰ੍ਹਾਂ ਦੇ ਸ਼੍ਰੇਣੀ ਟਕਰਾਅ ਦਾ ਮਾਰਕਸਵਾਦੀ ਸੰਕਲਪ ਨਾਲ ਕੋਈ ਵਾਸਤਾ ਨਹੀਂ। ਜਾਤੀ ਜਬਰ ਵਿਰੁਧ ਇਕਜੁੱਟਤਾ ਤੇ ਟੱਕਰ ਅਪਾਏ ਢੰਗ ਦੇ ਜਾਤੀਵਾਦ ਦਾ ਨਤੀਜਾ ਹੈ। ਇਸ ਗੱਲ ਦੀ ਲੋੜ ਹੈ ਕਿ ਜਾਤੀਵਾਦ ਨੂੰ ਵੱਖ-ਵੱਖ ਧਾਰਮਿਕ ਖੇਤਰੀ ਪ੍ਰਸੰਗਾਂ ਵਿਚ ਅੱਗੋਂ ਹੋਰ ਘੋਖਿਆ ਜਾਵੇ।

# ਗੁਰਦੁਆਰੇ ਦੀਆਂ ਰੋਟੀਆਂ ਤਿੰਨ ਕੰਮ ਕਰੇਣ; ਮੱਤ ਮਾਰਨ, ਹੱਡ ਗਾਲਣ ਤੇ ਉਠਨ ਮੂਲ ਨਾ ਦੇਣ

ਮੈਨੂੰ ਰਿਕਸ਼ੇ ਵਾਲਾ ਨਿਹੰਗ ਗੁਦੜੀ ਵਿਚ ਛੁਪਿਆ ਕੋਈ ਹੀਰਾ ਨਜ਼ਰ ਆਇਆ। ਇਕ ਸੁਲਝੇ ਇਤਿਹਾਸਕਾਰ ਦੀ ਤਰ੍ਹਾਂ ਜਾਂ ਰਾਜਨੀਤਕ ਬੁਲਾਰੇ ਦੀ ਤਰ੍ਹਾਂ ਇਕੋ ਸਾਹ ਵਿਚ ਨਾਨਸਟਾਪ ਬੋਲੀ ਜਾ ਰਿਹਾ ਸੀ। ਸੱਟ ਖਾਧੇ ਸੱਪ ਵਾਂਗ ਕਿਤੇ, ਰਾਜਨੀਤੀ ਦੇ ਪਿੜ ਵਿਚੋਂ ਹਾਰ ਕੇ ਸਵੈਮਾਣ ਨੂੰ ਸਾਵਾਂ ਰੱਖਣ ਲਈ ਜਮ੍ਹਾਂ ਹੋਇਆ ਗੁਬਾਰ ਤਾਂ ਨਹੀਂ ਸੀ ਕੱਢ ਰਿਹਾ? ਇਕਦਮ ਇਹ ਖ਼ਿਆਲ ਮੇਰੇ ਮਨ ਵਿਚ ਗੂੰਜ ਉਠਿਆ। ਨਿਹੰਗ ਫਾਰਸੀ ਬੋਲੀ ਦਾ ਸ਼ਬਦ ਹੈ, ਜਿਸ ਦੇ ਸ਼ਬਦੀ ਅਰਥ ਹਨ ਮਗਰਮੱਛ। ਪ੍ਰੰਤੂ ਉਸਦੇ ਹੰਝੂ ਮਗਰਮੱਛ ਦੇ ਨਹੀਂ ਸਨ। ਨਾ ਹੀ ਕੋਈ ਚਾਲਬਾਜ਼ ਫਿਤਰਤ ਦਾ ਆਦਮੀ ਨਜ਼ਰ ਆਉਂਦਾ ਸੀ। ਵਕਤ ਤਾਂ ਕਿਸੇ 'ਤੇ ਵੀ ਪੈ ਸਕਦਾ ਹੈ। ਧਰਮ ਦੇ ਪੈਗੰਬਰ ਅਤੇ ਸਿਆਣਪ ਦੇ ਪੁੰਜ ਬਾਦਸ਼ਾਹ ਸੁਲੇਮਾਨ ਵਰਗਿਆਂ ਨੂੰ ਮਾੜੀਆਂ ਦੇ ਭੱਠ ਝੋਕਣੇ ਪਏ ਸਨ। ਫਿਰ ਇਸ ਵਿਚਾਰੇ ਕਿਰਤੀ ਦੇ ਕੀ ਵੱਸ? ਕਿਰਤ ਕਰਨ ਵਾਲੇ ਦਾ ਸੰਦ ਹੀ ਉਸਦਾ ਵੱਡਮੁੱਲਾ ਸਾਜ਼ ਹੈ। ਲਗਨ ਅਤੇ ਮਿਹਨਤ ਨਾਲ ਛੇੜਿਆ ਕਿਰਤ ਦਾ ਗੀਤ ਭਾਵਨਾਤਮਿਕ ਗੈਬੀ ਭਾਸ਼ਾ ਵਿਚ ਬਿਜਲੀਨੁਮਾ ਤਰੰਗਾਂ ਨੂੰ ਹਵਾ ਵਿਚ ਬਿਖੇਰਦਾ ਹੈ। ਕੁਦਰਤ ਰਾਣੀ ਸਹਿਣਸ਼ੀਲਤਾ ਦਾ ਵਰਦਾਨ ਦੇ ਕੇ ਉਸਦੇ ਪਸੀਨੇ ਨੂੰ ਸੋਨੇ ਦੇ ਮੋਤੀਆਂ ਵਿਚ ਬਦਲ ਦਿੰਦੀ ਹੈ।

ਯੂਨੀਵਰਸਿਟੀ ਦਾ ਸਫ਼ਰ ਮੇਰੇ ਘਰ ਤੋਂ ਲਗਪਗ ਪੰਜ ਕਿਲੋਮੀਟਰ ਸੀ ਤੇ ਮੈਂ ਉਸ ਨਾਲ ਪੰਜੀ ਰੁਪਏ ਮੁਕਾਏ ਸਨ, ਪ੍ਰੰਤੂ ਇਨ੍ਹਾਂ ਰੁਪਈਆਂ ਤੋਂ ਕਿਤੇ ਵਧ ਸਨ ਉਸਦੇ ਜ਼ਾਤੀ ਤਜ਼ਰਬੇ ਦੀਆਂ ਗੱਲਾਂ। ਚੰਗੀ ਸਜੀ ਹੋਈ ਦਸਤਾਰ, ਚਿਹਰੇ 'ਤੇ ਟਪਕਦੀ ਰੌਣਕ ਦਾ ਸੁਹੱਪਣ, ਜ਼ਿੰਦਾਦਿਲੀ, ਹਿੰਮਤ, ਸਾਫ਼ ਭਾਸ਼ਾ ਦੇ ਗਿਲੇ-ਸ਼ਿਕਵੇ ਤੋਂ ਸੱਖਣੇ ਸ਼ਬਦ, ਜਿਨ੍ਹਾਂ ਵਿਚੋਂ ਅਪਣੱਤ ਦੀ ਰੀਝ ਟਪਕਦੀ ਸੀ। ਸ਼ਾਇਦ ਉਸ ਦੀ ਜ਼ਮੀਰ ਨੇ ਉਸਨੂੰ ਕੋਈ ਗੁਰਦੁਆਰਾ ਸਾਂਭਣ ਦੀ ਇਜਾਜ਼ਤ ਨਾ ਦਿੱਤੀ ਹੋਵੇ।

ਟਰੈਫ਼ਿਕ ਦੀ ਲਾਲ-ਬੱਤੀ ਨੇ ਚਾਲੂ ਪ੍ਰਸੰਗ ਵਿਚ ਵਿਘਨ ਪਾ ਦਿੱਤਾ। ਗੱਡੀਆਂ ਦੀ ਬੇਤੁਕੀ ਟਾਂ-ਟਾਂ ਪੈਂ-ਪੈਂ। ਕਾਵਾਂ-ਰੌਲੀ ਦਾ ਇੱਕ ਪਾਗਲਖਾਨਾ ਜਿਹਾ ਬਣ ਗਿਆ। ਨਿਹੰਗ ਸਿੰਘ ਨੇ ਪਰਨੇ ਨਾਲ ਚਿਹਰੇ 'ਤੇ ਉੱਭਰੀਆਂ ਪਸੀਨੇ ਦੀਆਂ ਬੂੰਦਾਂ ਪੂੰਝੀਆਂ ਤੇ 'ਵਾਹਿਗੁਰੂ, ਸਰਬੱਤ ਦਾ ਭਲਾ' ਕਰਨ ਦੀ ਕਾਮਨਾ ਕੀਤੀ। ਉਸਦੇ ਠੰਢੇ ਹੌਕਿਆਂ ਵਿਚ ਅੰਤਾਂ ਦੀ ਵੇਦਨਾ ਸੀ। ਗੱਡੀਆਂ ਦੀ ਆਮਦੋਰਫਤ ਤੇਜ਼ੀ ਨਾਲ ਹਲਚਲ ਵਿਚ ਆ ਗਈ। ਸਾਡੇ ਹੀਰੋ ਨੇ ਪੈਡਲ ਜ਼ੋਰ ਨਾਲ ਦਬਾਇਆ, ਜਿਵੇਂ ਯੁੱਗ ਪਲਟਣ ਦਾ ਪ੍ਰਗਤੀਸ਼ੀਲ ਹੰਭਲਾ ਮਾਰ ਰਿਹਾ ਹੋਵੇ। 'ਗਗਨ ਦਮਾਮਾ ਬਾਜਿਓ, ਪਰਿਓ ਨਿਸ਼ਾਨੇ ਘਾਓ' ਦਾ ਮਹਾਂਵਾਕ ਉਚਾਰ ਕੇ ਉਸਨੇ ਰਿਕਸ਼ਾ ਸਪੀਡ ਵਿਚ ਲੈ ਆਂਦਾ। ਮੈਂ ਥੋੜ੍ਹਾ ਝਿਜਕ ਕੇ ਡਰਦਿਆਂ-ਡਰਦਿਆਂ ਪੁੱਛ ਹੀ ਲਿਆ, "ਸਿੰਘ ਸਾਹਿਬ, ਇਹ ਮੁਸ਼ਕਲ ਕੰਮ ਕਰਨ ਦੀ ਬਜਾਏ ਤੁਸੀਂ ਕੋਈ ਗੁਰਦੁਆਰਾ ਕਿਉਂ ਨਹੀਂ ਸੰਭਾਲ ਲੈਂਦੇ? ਰੱਬ ਦੀ ਕਿਰਪਾ ਨਾਲ ਤੁਸੀਂ ਗੱਲਬਾਤ ਦੇ ਧਨੀ ਹੋ ਅਤੇ ਚੰਗੇ ਉਪਦੇਸ਼ਕ ਬਣਨ ਦੇ ਗੁਣ ਤੁਹਾਡੇ ਵਿਚ ਹਨ?" ਅੱਗੋਂ ਉਸਦਾ ਜੁਆਬ ਸੀ, "ਬਾਬੂ ਜੀ, ਗੱਲ ਤਾਂ ਤੁਹਾਡੀ ਸੋਲਾਂ ਆਨੇ ਟਿਕਾਣੇ ਦੀ ਐ ਤੇ ਮੇਰਾ ਬਾਣਾ, ਭਾਸ਼ਾ ਦਾ ਢੰਗ ਤੇ ਅਖੌਤੀ ਸਦਾਚਾਰੀ ਦੇ ਦਿਖਾਵੇ ਦੀ ਟਪਕਦੀ ਝਲਕ ਦੇਖ ਕੇ ਕੋਈ ਵੀ ਅਜਿਹਾ ਪ੍ਰਸ਼ਨ ਪੁੱਛਣੋਂ ਨਹੀਂ ਰਹਿ ਸਕਦਾ। ਮੇਰੇ ਅੰਗਰੇਜ਼ੀ ਦੇ ਅਧਿਆਪਕ ਨੇ ਕਿਸੇ

**ਡੇਵਿਡ ਐਲਿਨ ਲੌਂਗਫੈਲੋ**

ਵੇਲੇ ਇੱਕ ਕਹਾਵਤ ਪੜ੍ਹਾਈ ਸੀ ਕਿ ਸਾਰੇ ਚਰਚ ਜਾਣ ਵਾਲੇ ਸੰਤ ਨਹੀਂ ਬਣ ਜਾਂਦੇ, ਕਿਉਂਕਿ ਸ਼ੈਤਾਨ ਰੱਬ ਨਾਲੋਂ ਵੀ ਵੱਧ ਸਰਬ ਵਿਆਪਕ ਹੈ। ਗੁਰਦੁਆਰੇ ਸ਼ਰਧਾ ਨਾਲ ਜਾਣਾ ਰੂਹਾਨੀ ਸ਼ਾਂਤੀ ਲਈ ਲਾਹੇਵੰਦ ਹੈ, ਪਰ ਰਵਾਇਤੀ ਭੇਡ-ਚਾਲ ਦੀ ਤਰ੍ਹਾਂ ਸਿਰਫ਼ ਡੰਗ ਟਪਾਉਣਾ ਕੋਈ ਸ਼ਰਧਾ ਦੀ ਚਿਣਗ ਨਹੀਂ। ਨਾਲੇ ਯਾਦ ਰਖੋ, ਗੁਰਦੁਆਰੇ ਦੀਆਂ ਰੋਟੀਆਂ ਤਿੰਨ ਕੰਮ ਕਰੇਣ : (ੳ) ਮੱਤ ਮਾਰਨ, (ਅ) ਹੱਡ ਗਾਲਣ ਤੇ (ੲ) ਉਠਨ ਮੂਲ ਨਾ ਦੇਣ।"

ਅੰਗਰੇਜ਼ੀ ਦੇ ਸ਼ਬਦਾਂ ਦੀ ਝਲਕ ਦੇਖ ਕੇ ਮੈਨੂੰ ਮੇਰਾ ਹੀਰੋ ਪੜ੍ਹਿਆ-ਲਿਖਿਆ ਜਾਪਿਆ। ਮੇਰੀ ਜਗਿਆਸਾ ਹੋਰ ਵੀ ਡੂੰਘੀ ਹੁੰਦੀ ਗਈ। ਫਿਰ ਮੈਂ ਹੌਸਲਾ ਕਰ ਕੇ ਪੁੱਛਿਆ, "ਕੁਝ ਆਪਣੇ ਬਾਰੇ ਚਾਨਣਾ ਪਾਓ?"

ਉਸਨੇ ਕਹਿਣਾ ਸ਼ੁਰੂ ਕੀਤਾ, "ਹੁਣ ਤਾਂ ਸਭ ਹਨੇਰਾ ਹੀ ਹਨੇਰਾ ਰਹਿ ਗਿਐ, ਮੱਸਿਆ ਦੀ ਰਾਤ ਵਰਗਾ ਘੁੱਪ ਹਨੇਰਾ, ਜੋ ਸਿਰਫ ਚਮਗਾਦੜਾਂ ਅਤੇ ਉੱਲੂਆਂ ਦੀ ਵਿਰਾਸਤ ਹੈ। ਕਬਰਿਸਤਾਨਾਂ ਦੀ ਮੌਤ ਵਰਗੀ ਚੁੱਪ ਚੋਰਾਂ ਅਤੇ ਆਸ਼ਕਾਂ ਨੂੰ ਵਰਦਾਨ ਬਣ ਕੇ ਚਾਰ ਚੰਨ ਲਾਉਂਦੀ ਹੈ। ਮੈਂ ਇਨ੍ਹਾਂ ਵਿਚੋਂ ਕੋਈ ਵੀ ਨਹੀਂ। ਹਨੇਰੇ ਕਾਫਲੇ ਦਾ ਰਾਹ ਨਹੀਂ ਰੋਕ ਸਕਦੇ। ਮੈਂ ਜਨਮ ਤੋਂ ਘੁਮਾਰ ਹਾਂ, ਪਰ ਕਰਮ ਤੋਂ ਨਹੀਂ। ਮੇਰਾ ਪਿੰਡ ਆਨੰਦਪੁਰ ਕਲੌੜ ਹੈ। ਸਾਡੇ ਪੁਰਖਿਆਂ ਵਿਚੋਂ ਇੱਕ ਲਾਹੌਰ ਕਾਲਜ ਵਿਚ ਲਾਇਬਰੇਰੀਅਨ ਸੀ। ਬਾਅਦ ਵਿਚ ਉਹ ਉਚ ਕੋਟੀ ਦਾ ਵਿਦਵਾਨ ਬਣ ਕੇ ਚਮਕਿਆ। ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾ ਨੰਦ ਨਾਲ ਉਸਦਾ ਕਈ ਵਾਰ ਅਧਿਆਤਮਕ ਯੁੱਧ ਹੋਇਆ।

ਸਿੰਘ ਸਭਾ ਲਹਿਰ ਦੇ ਰਹਿਨੁਮਾ ਅੱਜ ਵੀ ਉਸਦੀ ਵਿਰਾਸਤ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਦੇ ਹਨ। ਮੈਂ ਪਲੱਸ-ਟੂ ਤੱਕ ਵਿਦਿਆ ਹਾਸਲ ਕੀਤੀ। ਕਿਸੇ ਵੇਲੇ ਸਰਕਾਰੀ ਸਕੂਲ ਵਿਚ ਬਡੂੰਗਰ ਸਾਹਿਬ ਮੇਰੇ ਅਧਿਆਪਕ ਸਨ। ਅਧਿਆਪਕ ਘੱਟ ਤੇ ਸਿਆਸੀ ਲੋਕਾਂ ਦੇ ਚਾਪਲੂਸ ਜ਼ਿਆਦਾ। ਸਿੱਖ ਧਰਮ ਵਿਚ ਅਥਾਹ ਸ਼ਰਧਾ ਹੋਣ ਕਰਕੇ ਤੇ ਚਿਹਰੇ 'ਤੇ ਰੋਅਬ ਹੋਣ ਕਰਕੇ ਮੈਂ ਪੁਲਿਸ ਦੇ ਘੇਰੇ ਵਿਚ ਆ ਗਿਆ। ਅਸਲ ਵਿਚ ਉਹ ਮੈਨੂੰ ਮਾਰ ਮੁਕਾਉਣ 'ਤੇ ਤੁਲੇ ਹੋਏ ਸਨ। ਮੇਰੇ ਬਾਪ ਨੇ ਸੋਨਾ ਉਗਲਣ ਵਾਲੀ ਇੱਕ ਕਿੱਲਾ ਜ਼ਮੀਨ ਕੌਡੀਆਂ ਦੇ ਭਾਅ ਸੁੱਟ ਕੇ ਥਾਣੇਦਾਰ ਦਾ ਢਿੱਡ ਭਰਿਆ। ਪੁਲਿਸ ਦੀ ਉਸ ਵੇਲੇ ਚਾਂਦੀ ਸੀ, ਜਿਵੇਂ 'ਆਮ ਕੇ ਆਮ ਔਰ ਗੁਠਲੀਆਂ ਕੇ ਦਾਮ' ਕਹਾਵਤ ਹੈ। ਹਜ਼ਾਰਾਂ ਹੀ ਬੇਦੋਸ਼ੇ ਨੌਜਵਾਨ ਇਨ੍ਹਾਂ ਨੇ ਮਾਰ ਮੁਕਾਏ। ਖ਼ੈਰ, ਥਾਣੇਦਾਰ ਦਾ ਵਧਦਾ ਲਾਲਚ ਦੇਖ ਕੇ ਮੇਰੇ ਬਾਪ ਨੇ ਮੈਨੂੰ ਸਿਆਸੀ ਪਨਾਹਗੀਰ ਬਣਾ ਕੇ ਜਰਮਨ ਭੇਜ ਦਿੱਤਾ, ਤਾਂ ਜੁ ਮੈਂ ਘੱਟੋ-ਘੱਟ ਜਿਉਂਦਾ ਤਾਂ ਰਹਾਂ।

ਮੇਰੇ ਜਾਣ ਪਿੱਛੋਂ ਮੇਰੇ ਛੋਟੇ ਭਾਈ ਨੂੰ ਪੁਲਿਸ ਚੁੱਕ ਕੇ ਲੈ ਗਈ ਤੇ ਅੱਜ ਤੱਕ ਉਸ ਦਾ ਕੋਈ ਥਹੁ-ਪਤਾ ਨਹੀਂ ਮਿਲਿਆ। ਜੇਕਰ ਐਨਾ ਹੀ ਪਤਾ ਚੱਲ ਜਾਵੇ ਕਿ ਉਹ ਮਰ ਗਿਆ ਹੈ ਤਾਂ ਘੱਟੋ-ਘੱਟ ਭੋਗ ਪਾ ਕੇ ਸਬਰ ਕਰ ਲਈਏ ਤੇ ਭਾਣੇ ਨੂੰ ਸਤਿ ਮੰਨਣ ਲਈ ਸਹਿਣਸ਼ੀਲਤਾ ਦਾ ਸਬੂਤ ਦੇਈਏ।" ਐਨਾ ਕਹਿਣ ਤੋਂ ਬਾਅਦ ਉਸ ਦਾ ਗੱਚ ਭਰ ਆਇਆ। ਹੁਣ ਉਹ ਬੋਲਣੋਂ ਅਸਮਰੱਥ ਸੀ। ਸੜਕ ਕਿਨਾਰੇ ਰਿਕਸ਼ਾ ਖੜ੍ਹਾ ਕਰ ਕੇ ਆਪਣੇ ਹੰਝੂ ਪੂੰਝਣ ਲੱਗ ਪਿਆ। ਰਿਝ-ਰਿਝ ਕੇ ਮਰ ਰਹੀ ਸ਼੍ਰਮਾਂ ਨੇ ਸ਼ਹੀਦ ਪਰਵਾਨਿਆਂ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ ਤੇ ਭੁੱਡ ਆਪਣੀ ਔਕਾਤ 'ਤੇ ਹੋਰ ਸ਼ਰਮਿੰਦੇ ਹੋ ਕੇ ਪਛਤਾਵੇ ਦੀ ਅੱਗ ਵਿਚ ਬਲਣ ਲੱਗੇ।

ਰੰਗ-ਬੇਰੰਗ

# ਹਊਮੈ ਹੀ ਸੁਲਤਾਨ, ਹਊਮੈ ਹੀ ਸ਼ੈਤਾਨ

ਪ੍ਰੋ. ਕੁਲਵੰਤ ਸਿੰਘ ਰੋਮਾਣਾ

ਸਾਰੇ ਸੰਸਾਰ 'ਚ ਇਹ ਆਮ ਧਾਰਨਾ ਹੈ ਕਿ 'ਹਊਮੈ' ਮਨੁੱਖੀ ਮਨ ਦੀ ਇਕ ਬੁਰੀ ਬਿਰਤੀ ਹੈ। ਮਨੁੱਖੀ ਵਿਵਹਾਰ 'ਚ ਇਹ ਇਕ ਅਜਿਹਾ ਐਬ ਮੰਨਿਆ ਜਾਂਦਾ ਹੈ, ਜੋ ਖੁਦ ਮਨੁੱਖ ਲਈ ਅਤੇ ਉਸ ਦੇ ਆਲੇ ਦੁਆਲੇ ਲਈ ਇਕ ਨਖਿੱਧ ਵਾਤਾਵਰਣ ਪੈਦਾ ਕਰਦਾ ਹੈ। ਜਿਹੜੇ ਸਮਾਜਾਂ ਵਿਚ ਧਰਮ ਅਤੇ ਅਧਿਆਤਮਵਾਦ ਦੀਆਂ ਜੜ੍ਹਾਂ ਜ਼ਿਆਦਾ ਮਜਬੂਤ ਹਨ, ਉਥੇ 'ਹਊਮੈ' ਨੂੰ ਬੋਲਣ ਸੁਣਨ 'ਚ ਜ਼ਿਆਦਾ ਕਰੜੇ ਹੱਥੀਂ ਲਿਆ ਜਾਂਦਾ ਹੈ। ਭਾਰਤੀ ਸਮਾਜ ਇਸ ਦੀ ਬੜੀ ਢੁਕਵੀਂ ਉਦਾਹਰਣ ਹੈ। ਹਰ ਧਰਮ ਅਤੇ ਹਰ ਦੈਵੀ ਇਸ਼ਟ ਇਹ ਵੀ ਪ੍ਰਚਾਰਦਾ ਹੈ ਕਿ ਜੋ ਵਿਅਕਤੀ 'ਹਊਮੈ' ਤੋਂ ਕਿਨਾਰਾ ਕਰ ਗਿਆ, ਸਮਝੋ ਉਸਦਾ ਪਾਰ ਉਤਾਰਾ ਹੋ ਗਿਆ। ਦੂਜੇ ਪਾਸੇ ਸੰਸਾਰ ਭਰ ਦੇ ਮਨੋਵਿਗਿਆਨੀ ਮੰਨਦੇ ਹਨ ਕਿ ਹਊਮੈ ਦੀਆਂ ਕਈ ਵੰਨਗੀਆਂ ਅਤੇ ਰੂਪ ਹੁੰਦੇ ਹਨ, ਹਾਂ-ਪੱਖੀ ਵੀ ਅਤੇ ਨਾਂਹ-ਪੱਖੀ ਵੀ। ਹਰ ਕਿਸਮ ਦੀ ਮਨੁੱਖੀ-ਹਊਮੈ ਨੂੰ ਇਕੋ ਰੱਸੇ ਨਰੜ ਕਰ ਦੇਣਾ ਕੋਈ ਦਿਆਨਤਦਾਰੀ ਨਹੀਂ ਹੈ। ਜੇ ਮਨੁੱਖੀ 'ਹਊਮੈ' ਕਾਰਨ ਸਾਡੇ ਸਮਾਜ 'ਚ ਹਿੰਸਾ ਅਤੇ ਅਤਿਆਚਾਰ ਦਾ ਬੋਲਬਾਲਾ ਹੋਇਆ ਹੈ ਤਾਂ ਦੂਜੇ ਪਾਸੇ ਦੁਨੀਆਂ 'ਚ ਜੋ ਕੁਝ ਵੀ ਸਿਰਜਣਾਤਮਕ ਹੋਇਆ ਹੈ ਜਾਂ ਜੋ ਸਮਾਜਕ ਤਰੱਕੀ ਹੋਈ ਹੈ, ਉਸ ਦਾ ਸਿਹਰਾ ਵੀ ਮਨੁੱਖ ਦੀ 'ਹਊਮੈ' ਸਿਰ ਹੀ ਬੱਝਦਾ ਹੈ। ਮਨੋਵਿਗਿਆਨੀ ਮੰਨਦੇ ਹਨ ਕਿ ਮਨੁੱਖ ਅੰਦਰ ਇਹ ਇਕ ਹਊਮੈ ਦੇ ਅੰਸ਼ ਹੀ ਹਨ, ਜੋ ਉਸ ਨੂੰ ਹਰ ਵੇਲੇ ਕੁਝ ਨਾ ਕੁਝ ਕਰਨ ਲਈ ਪ੍ਰੇਰਦੇ ਹਨ, ਚੰਗਾ ਜਾਂ ਮਾੜਾ। ਉਨ੍ਹਾਂ ਅਨੁਸਾਰ ਪੂਰੀ ਤਰ੍ਹਾਂ ਤੇ ਹਰ ਕਿਸਮ ਦੀ ਹਊਮੈ ਤੋਂ ਰਹਿਤ ਵਿਅਕਤੀ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਮਨੁੱਖੀ ਮਨ ਦਾ ਮਹਾਨ ਖੋਜੀ ਫਰਾਇਡ ਮਨੁੱਖ ਦੀ 'ਹਊਮੈ' ਦੀਆਂ ਅੱਗੇ ਤਿੰਨ ਵੰਨਗੀਆਂ ਦੱਸਦਾ ਹੈ : ਪਹਿਚਾਣ, ਹਊਮੈ ਅਤੇ ਹੈਂਕੜ (ID, EGO and SUPER-EGO)। ਜਿਸ ਮਨੁੱਖੀ ਹਊਮੈ ਨੂੰ ਸਾਡੇ ਸਮਾਜ 'ਚ ਨਖਿੱਧ ਅਤੇ ਖਤਰਨਾਕ ਗਰਦਾਨਿਆ ਗਿਆ ਹੈ, ਉਸ ਹਊਮੈ ਨੂੰ ਫਰਾਇਡ ਹੈਂਕੜ ਦਾ ਨਾਂ ਦਿੰਦਾ ਹੈ। ਇਸ ਕਿਸਮ ਦੀ ਹਊਮੈ ਦੇ ਰੋਗੀ ਆਪਣੀ ਧਾਰਨਾ ਜਾਂ ਇਸ਼ਟ ਨੂੰ ਹੋਰ ਸਭ ਧਾਰਨਾਵਾਂ ਅਤੇ ਇਸ਼ਟਾਂ ਤੋਂ ਉੱਤਮ ਮੰਨ ਕੇ ਚਲਦੇ ਹਨ। ਉਨ੍ਹਾਂ ਲਈ ਉਨ੍ਹਾਂ ਦੀ ਸੋਚਣੀ ਦੇ ਵਿਰੁਧ ਕਿਸੇ ਵੀ ਕਿਸਮ ਦਾ ਕੋਈ ਤਰਕ ਜਾਂ ਦਲੀਲ ਕੁਝ ਵੀ ਅਰਥ ਨਹੀਂ ਰੱਖਦੇ। ਉਹ ਸਮਾਜ 'ਚ ਮਨੁੱਖਾਂ ਨੂੰ ਦੋ ਹੀ ਧਿਰਾਂ 'ਚ ਵੰਡ ਕੇ ਦੇਖਦੇ ਹਨ, ਸਹਿਮਤ ਜਾਂ ਅਸਹਿਮਤ, ਦੋਸਤ ਜਾਂ ਦੁਸ਼ਮਣ। ਉਨ੍ਹਾਂ ਅਨੁਸਾਰ ਕੋਈ ਤੀਜੀ ਧਿਰ ਹੁੰਦੀ ਹੀ ਨਹੀਂ। ਜੋ ਉਨ੍ਹਾਂ ਨਾਲ ਨਹੀਂ ਹਨ, ਉਹ ਯਕੀਨਨ ਉਨ੍ਹਾਂ ਦੇ ਵਿਰੋਧੀ ਹੀ ਹਨ। ਇਸ ਕਿਸਮ ਦੀ ਹਊਮੈ ਦੀ ਧਾਰਨੀ ਭਾਵੇਂ ਕੋਈ ਸਟੇਟ ਹੋਵੇ, ਭਾਵੇਂ ਕੋਈ ਸੰਸਥਾ ਅਤੇ ਭਾਵੇਂ ਕੋਈ ਵਿਅਕਤੀ, ਉਹ ਸਮਾਜ ਲਈ ਖਤਰਨਾਕ ਹੀ ਹੁੰਦੇ ਹਨ। ਅਜਿਹੇ ਲੋਕਾਂ ਕੋਲ ਜੇ ਰਾਜਸੀ ਤਾਕਤ ਆ ਜਾਵੇ ਤਾਂ ਉਹ ਮਸੋਲਿਨੀ, ਹਿਟਲਰ ਜਾਂ ਔਰੰਗਜ਼ੇਬ ਵਰਗੇ ਹੁੰਦੇ ਹਨ। ਜੇ ਉਨ੍ਹਾਂ ਹੱਥ ਧਾਰਮਿਕ ਸ਼ਕਤੀ ਆ ਜਾਵੇ ਤਾਂ ਉਹ ਤਾਲਿਬਾਨ, ਬਜਰੰਗ-ਦਲੀਆਂ ਜਾਂ ਹੋਰ ਅਜਿਹੇ ਕੱਟੜਪੰਥੀਆਂ ਵਰਗੇ ਹੁੰਦੇ ਹਨ। ਜੇ ਅਜਿਹੇ ਹਊਮੈਵਾਦੀਆਂ ਕੋਲ ਕਿਸੇ ਜਾਤੀ, ਕਬੀਲੇ, ਸੰਸਥਾ ਜਾਂ ਪਰਿਵਾਰ ਦੀ ਸਰਦਾਰੀ ਹੋਵੇ ਤਾਂ ਉਥੇ ਇਹ ਲੋਕ ਦੂਜਿਆਂ ਨੂੰ ਆਪਣੇ ਵਲੋਂ ਮਿੱਥੀ ਮਰਿਆਦਾ ਅਤੇ ਨੇਮਾਂ ਨਾਲ ਜਿਊਣ ਲਈ ਮਜ਼ਬੂਰ ਕਰ ਦਿੰਦੇ ਹਨ ਅਤੇ ਮਾਹੌਲ ਨੂੰ ਹਰ ਵੇਲੇ ਦਹਿਸ਼ਤਜ਼ਦਾ ਬਣਾਈ ਰੱਖਦੇ ਹਨ।

ਕੁਝ ਸਮਾਜ-ਸ਼ਾਸਤਰੀ ਇਹ ਮੰਨਦੇ ਹਨ ਕਿ ਅਜਿਹੀ ਹੈਂਕੜਨੁਮਾ ਹਊਮੈ ਜਗੀਰਦਾਰੀ ਅਤੇ ਤਾਨਾਸ਼ਾਹ ਸਮਾਜ ਦੀ ਉਪਜ ਸੀ। ਹੁਣ ਸੰਸਾਰ 'ਚ ਲੋਕਤੰਤਰ ਦਾ ਬੋਲਬਾਲਾ ਹੋਣ ਕਰਕੇ ਸਾਡਾ ਸਮਾਜ ਇੰਨਾ ਕੁ ਸੱਭਿਅਕ ਜ਼ਰੂਰ ਹੋ ਗਿਆ ਹੈ ਕਿ ਅੱਜ ਇਥੇ ਅਜਿਹੇ ਵਰਤਾਰੇ ਲਈ ਕੋਈ ਥਾਂ ਨਹੀਂ ਹੈ। ਪਰ ਮਨੁੱਖ 'ਚ ਇਸ ਕਿਸਮ ਦੇ ਹੈਂਕੜੀ ਅਤੇ ਘਮੰਡੀ ਵਰਤਾਰੇ ਦਾ ਪੂਰਨ ਸਫਾਇਆ ਹੋ ਜਾਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਵੀ ਹੈ। ਅੱਜ ਵੀ ਦੁਨੀਆ ਦੇ ਸਿਆਸੀ, ਧਾਰਮਿਕ ਅਤੇ ਸਮਾਜਿਕ ਖੇਤਰਾਂ 'ਚ ਇਹ ਵਰਤਾਰਾ ਕਿਸੇ ਨਾ ਕਿਸੇ ਰੂਪ 'ਚ ਪ੍ਰਗਟ ਹੋ ਰਿਹਾ ਹੈ। ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਕੁਝ ਇਲਾਕਿਆਂ 'ਚ ਤਾਲਿਬਾਨ ਦੇ ਅਤਿਆਚਾਰ, ਭਾਰਤ ਦੇ ਕਰਨਾਟਕ ਅਤੇ ਉੜੀਸਾ 'ਚ ਕੰਧਾਮਲ ਵਰਗੇ ਥਾਵਾਂ 'ਤੇ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਦੂਜੇ ਧਰਮਾਂ ਦੇ ਲੋਕਾਂ 'ਤੇ ਹਮਲੇ ਅਤੇ ਅਮਰੀਕਾ ਵਲੋਂ ਇਰਾਕ 'ਤੇ ਹਮਲਾ ਇਸ ਫਾਸ਼ੀ ਹਊਮੈ ਦਾ ਪ੍ਰਗਟਾਵਾ ਹੀ ਤਾਂ ਹੈ। ਜੇ ਦੁਨੀਆਂ 'ਚ ਲੋਕਤੰਤਰੀ ਰੁਝਾਨ ਕਾਰਨ ਇਨ੍ਹਾਂ ਕਾਰਵਾਈਆਂ ਦਾ ਵਿਰੋਧ ਹੁੰਦਾ ਹੈ ਤਾਂ ਕਈ ਅਜਿਹੇ ਖਿੱਤੇ ਵੀ ਹਨ, ਜਿਥੋਂ ਇਨ੍ਹਾਂ ਫਾਸ਼ੀ ਕਾਰਵਾਈਆਂ ਨੂੰ ਹਮਾਇਤ ਵੀ ਮਿਲਦੀ ਹੈ।

ਪਿਛਲੇ ਦਿਨਾਂ 'ਚ ਰਾਜਸਥਾਨ ਦੇ ਇਕ ਮੁੰਡੇ ਅਤੇ ਕੁੜੀ ਨੇ ਮਰਜ਼ੀ ਨਾਲ ਵਿਆਹ ਕੀ ਕਰਵਾ ਲਿਆ ਕਿ ਉਨ੍ਹਾਂ ਦੇ ਪਿੰਡ ਦੀ ਪੰਚਾਇਤ ਨੇ ਉਨ੍ਹਾਂ ਦੇ ਸਿਰ ਦਾ ਇਨਾਮ ਰੱਖ ਦਿੱਤਾ ਅਤੇ ਉਹ ਆਪਣੀ ਜਾਨ ਬਚਾਉਣ ਲਈ ਅਦਾਲਤਾਂ ਤੇ ਪੁਲਸ ਨੂੰ ਬੇਨਤੀਆਂ ਕਰਦੇ ਫਿਰਦੇ ਹਨ। ਇਸ ਸਬੰਧ 'ਚ ਇਕ ਹੋਰ ਬੜੀ ਅਜੀਬ ਗੱਲ ਦੇਖਣ ਨੂੰ ਮਿਲਦੀ ਹੈ ਕਿ ਇਸ ਹੈਂਕੜੀ ਹਊਮੈ ਦੀ ਜ਼ਿਆਦਾਤਰ ਨਿੰਦਿਆ ਅਤੇ ਆਲੋਚਨਾ ਧਾਰਮਿਕ ਪਲੇਟਫਾਰਮਾਂ 'ਤੋਂ ਹੀ ਕੀਤੀ ਜਾਂਦੀ ਹੈ ਅਤੇ ਇਸ ਦਾ ਸਭ ਤੋਂ ਵਧ ਪ੍ਰਦਰਸ਼ਨ ਵੀ ਧਰਮਾਂ ਦੇ ਪਹਿਰੇਦਾਰਾਂ ਵਲੋਂ ਹੀ ਕੀਤਾ ਜਾਂਦਾ ਹੈ, ਜਦੋਂ ਉਹ ਦੂਜਿਆਂ ਨੂੰ ਆਪਣੇ ਅਨੁਸਾਰ ਖਾਣ ਪੀਣ, ਪਹਿਨਣ ਅਤੇ ਜਿਊਣ ਦੇ ਫੁਰਮਾਨ ਜਾਰੀ ਕਰਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਈਸਾ, ਮੁਹੰਮਦ, ਨਾਨਕ, ਬੁੱਧ ਜਾਂ ਵਿਵੇਕਾਨੰਦ ਵਰਗੇ ਲੋਕਾਂ ਨੇ ਆਪਣੇ ਵਿਚਾਰਾਂ ਤੇ ਅਸੂਲਾਂ ਨੂੰ ਪ੍ਰਚਾਰਣ ਵਾਸਤੇ ਹਿੰਸਾ, ਦਬਾਅ ਜਾਂ ਜ਼ਬਰ ਦਾ ਸਹਾਰਾ ਲਿਆ? ਜੇ ਜਵਾਬ ਨਾਂਹ ਵਿਚ ਹੈ ਤਾਂ ਉਨ੍ਹਾਂ ਹੀ ਲੋਕਾਂ ਵਲੋਂ ਮਿਥੇ ਨੇਮਾਂ ਜਾਂ ਅਸੂਲਾਂ ਨੂੰ ਪ੍ਰਚਾਰਨ ਜਾਂ ਲਾਗੂ ਕਰਨ ਲਈ ਉਨ੍ਹਾਂ ਦੇ ਪੈਰੋਕਾਰ ਕਿਉਂ ਹਿੰਸਾ ਜਾਂ ਜ਼ਬਰਦਸਤੀ ਦੀ ਵਰਤੋਂ ਕਰਦੇ ਹਨ। ਸਮਾਜ ਲਈ ਇਹ ਹਊਮੈ ਹਮੇਸ਼ਾ ਨਾਂਹ-ਪੱਖੀ ਹੀ ਰਹੀ ਹੈ।

ਦੂਜੀ ਕਿਸਮ ਦੀ 'ਹਊਮੈ' ਉਹ ਹੈ, ਜਿਸ ਨੂੰ ਫਰਾਇਡ ਈਗੋ ਦਾ ਨਾਂ ਦਿੰਦਾ ਹੈ। ਅਸਲ 'ਚ ਹਊਮੈ ਦਾ ਇਹ ਰੂਪ ਏਨਾ ਸਰਵ-ਵਿਆਪੀ ਹੈ ਕਿ ਇਸ ਨੂੰ ਹਊਮੈ ਦਾ ਨਾਂ ਦੇਣਾ ਆਮ ਆਦਮੀ ਨੂੰ ਅਜੀਬ ਲਗਦਾ ਹੈ। ਮਨੋਵਿਗਿਆਨੀਆਂ ਅਨੁਸਾਰ ਭਾਰਤ ਵਰਗੇ ਅਰਥਚਾਰੇ ਅਤੇ ਸਭਿਆਚਾਰ ਵਾਲੇ ਸਮਾਜ 'ਚ 95% ਤੋਂ ਵਧ ਲੋਕਾਂ ਦੀ ਜੀਵਨਗਤੀ ਦੀ ਇਸੇ ਵੰਨਗੀ ਦੀ ਹਊਮੈ ਚਾਲਕ-ਸ਼ਕਤੀ ਹੁੰਦੀ ਹੈ। ਹਊਮੈ ਦਾ ਇਹ ਰੂਪ ਇੰਨਾ ਪ੍ਰਵਾਨਤ ਹੈ ਕਿ ਇਹ ਵਰਤਾਰਾ 'ਹਊਮੈ' ਲਗਦਾ ਹੀ ਨਹੀਂ। ਇਸ ਹਊਮੈ ਵਸ ਮਨੁੱਖ ਸਮਾਜਿਕ ਮਹੱਤਵ, ਸ਼ਾਬਾਸ਼ ਅਤੇ ਮਾਨਤਾ ਪ੍ਰਾਪਤ ਕਰਨ ਲਈ ਤੱਤਪਰ ਰਹਿੰਦਾ ਹੈ। ਇਸ ਕਰਕੇ ਇਸ ਹਊਮੈ ਦਾ ਅਮਲ ਸਮਾਜ ਲਈ ਜ਼ਿਆਦਾਤਰ ਹਾਂ-ਪੱਖੀ ਹੀ ਹੁੰਦਾ ਹੈ, ਕਿਉਂਕਿ ਇਸਦਾ ਧਾਰਨੀ ਮਨੁੱਖ ਸਮਾਜ 'ਚ ਮਹੱਤਵਪੂਰਨ ਬਣਨ ਲਈ ਆਪਣੀ ਅਤੇ ਸਮਾਜ ਦੀ ਤਰੱਕੀ ਲਈ ਸਿਰਤੋੜ ਯਤਨ ਕਰਦਾ ਹੈ। ਉਸ ਵਿਚ ਹਰ ਵੇਲੇ ਮੁਕਾਬਲੇ ਅਤੇ ਅੱਗੇ ਲੰਘ ਜਾਣ ਦੀ ਭਾਵਨਾ ਬਣੀ ਰਹਿੰਦੀ ਹੈ, ਭਾਵੇਂ ਇਹ ਨਿੱਜੀ ਤਰੱਕੀ ਹੋਵੇ, ਭਾਵੇਂ ਸਮਾਜਕ ਸੇਵਾ ਦੇ ਕੰਮ ਹੋਣ ਤੇ ਭਾਵੇਂ ਕੋਈ ਖੋਜ ਜਾਂ ਅਕਾਦਮਿਕ ਕੰਮ ਹੋਵੇ। ਭਾਵੇਂ ਲੁਪਤ ਤੌਰ 'ਤੇ ਇਸ ਸਭ ਕੁਝ ਪਿਛੇ ਹਊਮੈ ਹੀ ਮੁੱਖ ਸ਼ਕਤੀ ਹੁੰਦੀ ਹੈ, ਪਰ ਮਨੁੱਖ ਇੰਨੀ ਕੁ ਚੁਸਤੀ ਜ਼ਰੂਰ ਵਰਤਦਾ ਹੈ ਕਿ ਉਹ ਆਪਣੇ ਇਨ੍ਹਾਂ ਕਾਰਨਾਮਿਆਂ ਨੂੰ ਨਿਰਸਵਾਰਥ ਅਤੇ ਸੇਵਾ-ਭਾਵੀ ਸਿੱਧ ਕਰਦਾ ਰਹਿੰਦਾ ਹੈ। ਅਜਿਹੀ ਹਊਮੈ ਦਾ ਨਾਂਹ-ਪੱਖੀ ਪਹਿਲੂ ਇਹ ਕਿ ਇਸ ਦੇ ਧਾਰਨੀ ਕੁਝ ਲੋਕ ਖੁਦ ਉੱਚਾ ਸੁੱਚਾ ਬਨਣ ਦੀ ਕੋਸ਼ਿਸ਼ ਕਰਨ ਦੀ ਬਜਾਏ ਦੂਜਿਆਂ ਨੂੰ ਨੀਵਾਂ ਅਤੇ ਬੁਰਾ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ, ਜਿਸ ਨੂੰ ਅਸੀਂ ਈਰਖਾ ਕਹਿੰਦੇ ਹਾਂ। ਇਸ ਕਿਸਮ ਦੇ ਕਿਰਦਾਰ ਹਰ ਇਨਸਾਨ ਦੇ ਨਿੱਜੀ ਸਰਕਲਾਂ 'ਚ ਆਮ ਹੀ ਪਾਏ ਜਾਂਦੇ ਹਨ।

ਕੁੱਲ ਮਿਲਾ ਕੇ ਕਹਿ ਸਕਦੇ ਹਾਂ ਕਿ ਅਜਿਹੀ ਹਊਮੈ ਕਿਸੇ ਵੀ ਮਾਰੂ ਹਿੰਸਾ ਦਾ ਕਾਰਨ ਨਹੀਂ ਬਣਦੀ, ਹਾਂ ਕੁਝ ਖਹਿਬਾਜ਼ੀ ਤੇ ਵਿਰੋਧ ਜ਼ਰੂਰ ਪੈਦਾ ਕਰਦੀ ਹੈ। ਪਰ ਸਿਆਣੇ ਕਹਿੰਦੇ ਨੇ ਕਿ ਵਿਰੋਧ 'ਚੋਂ ਹੀ ਵਿਕਾਸ ਹੁੰਦਾ ਹੈ।

ਸਮਾਜਿਕ ਮਹੱਤਵ ਅਤੇ ਮਾਨਤਾ ਇਸ ਕਿਸਮ ਦੀ ਹਊਮੈ ਦੀ ਖੁਰਾਕ ਹੋਣ ਕਰਕੇ ਇਹ ਲੋਕ ਸਮਾਜਿਕ, ਸਿਆਸੀ ਜਾਂ ਧਾਰਮਿਕ ਸੇਵਾ ਦੇ ਬਹੁਤ ਅਭਿਲਾਸ਼ੀ ਹੁੰਦੇ ਹਨ। ਅਜਿਹੇ ਖੇਤਰਾਂ 'ਚ ਉਹ ਚੰਗੇ ਰੁਤਬੇ ਜਾਂ ਅਹੁਦੇ ਪ੍ਰਾਪਤ ਕਰਨ ਲਈ ਕਈ ਪਾਪੜ ਵੇਲਦੇ ਹਨ, ਕਈ ਤਿਕੜਮਾਂ ਲੜਾਉਂਦੇ ਹਨ ਅਤੇ ਜਦੋਂ ਪ੍ਰਧਾਨਗੀ, ਸਕੱਤਰੀ, ਚੇਅਰਮੈਨੀ ਜਾਂ ਹੋਰ ਵੱਡਾ ਅਹੁਦਾ ਮਿਲ ਜਾਵੇ ਤਾਂ ਅੰਦਰੋਂ ਫੁੱਲੇ ਨਹੀਂ ਸਮਾਉਂਦੇ ਅਤੇ ਬਾਹਰੋਂ ਕੁਝ ਜ਼ਿਆਦਾ ਨਿਮਰ ਅਤੇ ਧੰਨਵਾਦੀ ਦਿਖਾਈ ਦਿੰਦੇ ਹਨ। ਉਹ ਇਸ ਸੇਵਾ ਨੂੰ ਚਾਅ ਨਾਲ ਨਿਭਾਅ ਵੀ ਰਹੇ ਹੁੰਦੇ ਹਨ ਅਤੇ ਇਸ ਸੇਵਾ ਨੂੰ ਨਿਰਸਵਾਰਥ ਵੀ ਕਹਿੰਦੇ ਹਨ ਅਤੇ ਆਪਣੇ ਨਿੱਜੀ ਅਤੇ ਜ਼ਰੂਰੀ ਸਮੇਂ ਅਤੇ ਧੰਨ ਦਾ ਖੌ ਵੀ ਦੱਸਦੇ ਹਨ। ਕਈ ਵਾਰ ਉਨ੍ਹਾਂ ਦੀ ਇਹ ਗੱਲ ਸੱਚੀ ਵੀ ਹੁੰਦੀ ਹੈ। ਪਰ ਜੇ ਕਿਸੇ ਕਾਰਨ ਉਨ੍ਹਾਂ ਨੂੰ ਇਸ ਸੇਵਾ ਤੋਂ ਲਾਂਭੇ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਦੀਆਂ ਨੀਂਦਰਾਂ ਉੱਡ ਜਾਂਦੀਆਂ ਹਨ। ਉਹ ਇਸ ਸੇਵਾ ਨੂੰ ਮੁੜ ਹਥਿਆਉਣ ਲਈ ਕਈ ਵਾਰ ਦੂਜਿਆਂ ਦੀ ਭੰਡੀ ਪ੍ਰਚਾਰ ਦਾ ਸਹਾਰਾ ਲੈਂਦੇ ਹਨ। ਕਈ ਵਾਰ ਕੋਰਟ-ਕਚਹਿਰੀ ਅਤੇ ਡਾਂਗ ਸੋਟੇ ਦਾ ਸਹਾਰਾ ਵੀ ਲੈਂਦੇ ਹਨ। ਕੁਝ ਸਮਾਂ ਪਹਿਲਾਂ ਪੰਜਾਬ ਦੇ ਇਕ ਐਸੇ ਧਾਰਮਿਕ ਸਥਾਨ ਦੇ ਦੋ ਮਹਾਂਪੁਰਸ਼ ਇਕ ਦੂਜੇ ਤੋਂ ਕਿਸੇ ਖਾਸ ਸਥਾਨ ਦੀ ਸੇਵਾ ਖੋਹਣ ਲਈ ਆਹਮੋ ਸਾਹਮਣੇ ਹੋ ਗਏ, ਜਿਹੜਾ ਧਨ ਅਤੇ ਸ਼ੋਹਰਤ ਦੇ ਤਿਆਗ ਲਈ ਪ੍ਰਸਿੱਧ ਹੈ। ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਦੇ ਸਮਰਥਕ ਇਸ ਨਿਰਸਵਾਰਥ ਸੇਵਾ ਨੂੰ ਹਥਿਆਉਣ ਲਈ ਆਮ ਸ਼ਰਧਾਲੂਆਂ ਨੇ ਧਾਰਮਿਕ ਸਥਾਨ 'ਤੇ ਹੀ ਡਾਂਗੋ-ਸੋਟੀ ਹੁੰਦੇ ਦੇਖੇ ਸਨ।

ਕਾਂਗਰਸੀ ਨੇਤਾ ਅਰਜਨ ਸਿੰਘ ਨਾ ਚੰਗੀ ਤਰ੍ਹਾਂ ਉੱਠ-ਬੈਠ ਸਕਦਾ ਹੈ ਅਤੇ ਨਾ ਹੀ ਤੁਰ-ਫਿਰ ਸਕਦਾ ਹੈ, ਨਾ ਹੀ ਚੰਗੀ ਤਰ੍ਹਾਂ ਬੋਲ ਸੁਣ ਸਕਦਾ ਹੈ। ਪਰ ਇਸ ਵਾਰ ਵੀ ਉਹ ਐਮ.ਪੀ. ਦੀ ਟਿਕਟ 'ਤੇ ਫਿਰ ਮੰਤਰੀ ਬਨਣ ਲਈ ਸਭ ਤੋਂ ਅੱਗੇ ਸੀ। ਹੁਣ ਗਾਹੇ-ਬਗਾਹੇ ਪ੍ਰੈੱਸ ਰਾਹੀਂ ਕਾਂਗਰਸ ਅਤੇ ਉਸ ਦੇ ਨੇਤਾਵਾਂ ਵਿਰੁਧ ਆਪਣੀ ਭੜਾਸ ਕੱਢਦਾ ਰਹਿੰਦਾ ਹੈ। ਇਸ ਸਬੰਧ 'ਚ ਜੇ ਚੀਨੀ ਮਨੋਵਿਗਿਆਨੀ ਜੁੰਗ ਦੀ ਗੱਲ ਮੰਨੀਏ ਤਾਂ ਉਹ ਕਹਿੰਦਾ ਹੈ ਕਿ ਲਗਾਤਾਰ ਸਮਾਜਿਕ ਵਾਹ ਵਾਹ ਅਤੇ ਰੁਤਬੇ ਦੀ ਸ਼ੋਹਰਤ ਦਾ ਅਨੰਦ ਮਾਨਣ ਕਰਕੇ ਮਨੁੱਖ ਦੀ ਹਊਮੈ ਇਸ ਦੀ ਇੰਨੀ ਆਦੀ) ਹੋ ਜਾਂਦੀ ਹੈ ਕਿ ਇਸ ਤੋਂ ਬਿਨਾਂ ਅਮਲੋਂ ਖੁੜੇ ਅਮਲੀ ਵਾਂਗ ਬੰਦੇ ਦੇ ਸੀਨੇ ਡੋਬ ਪੈਣ ਲੱਗਦੇ ਹਨ। ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰ ਦੇਸ਼ਾਂ ਵਿਚ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ 'ਤੇ ਕਬਜ਼ਾ ਕਰਨ ਲਈ ਪ੍ਰਵਾਸੀ ਪੰਜਾਬੀਆਂ 'ਚ ਖਿਚੋਤਾਣ ਅਤੇ ਖਹਿਬਾਜ਼ੀ ਇਸੇ ਮਨੋਅਵਸਥਾ ਦਾ ਹੀ ਨਤੀਜਾ ਹੈ। ਹਊਮੈ ਦਾ ਇਹ ਰੂਪ ਜ਼ਿਆਦਾਤਰ ਸਾਡੇ ਸਮਾਜ ਲਈ ਹਾਂ-ਪੱਖੀ ਰੋਲ ਹੀ ਨਿਭਾਉਂਦਾ ਹੈ।

ਫਰਾਇਡ ਨੇ ਤੀਜੀ ਕਿਸਮ ਦੀ ਹਊਮੈ ਨੂੰ ਪਹਿਚਾਣ ਦਾ ਨਾਂ ਦਿੱਤਾ ਹੈ। ਇਸ ਕਿਸਮ ਦੀ ਹਊਮੈ ਦੇ ਧਾਰਨੀ ਮਨੁੱਖ ਸਮਾਜ 'ਚ ਨਾ ਕਦੇ ਬੇਅਸੂਲਾ ਦਖ਼ਲ ਦਿੰਦੇ ਹਨ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਖਲਲ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੀ ਨਾ ਹੀ ਕਿਸੇ ਨਾਲ ਈਰਖਾ ਹੁੰਦੀ ਹੈ ਅਤੇ ਨਾ ਹੀ ਕੋਈ ਮੁਕਾਬਲਾ ਜਾਂ ਸ਼ਰੀਕੇਬਾਜ਼ੀ। ਇਹ ਲੋਕ ਆਪਣੀ ਪਹਿਚਾਣ ਨੂੰ ਆਪਣੇ ਸੰਦਰਭ 'ਚ ਹੀ ਦੇਖਦੇ, ਪਰਖਦੇ ਹਨ ਨਾ ਕਿ ਦੂਜਿਆਂ ਦੇ ਸੰਦਰਭ 'ਚ। ਇਨ੍ਹਾਂ ਦਾ ਸੰਸਾਰ ਅਤੇ ਅਕੀਦਾ ਆਮ ਲੋਕਾਂ ਨਾਲੋਂ ਥੋੜ੍ਹਾ ਵੱਖਰਾ ਹੁੰਦਾ ਹੈ। ਕਹਿ ਸਕਦੇ ਹਾਂ ਕਿ ਆਮ ਆਦਮੀ ਦੇ ਮੁਕਾਬਲੇ ਇਹ ਲੋਕ ਥੋੜਾ ਦਰਵੇਸ਼ ਅਤੇ ਫੱਕਰ ਸੁਭਾਅ ਦੇ ਹੁੰਦੇ ਹਨ। ਇਹ ਲੋਕ ਵਾਹ ਲਗਦੀ ਸਮਾਜਿਕ ਚੁਗਲੀ, ਨਿੰਦਿਆਂ ਤੋਂ ਪਰੇ ਰਹਿੰਦੇ ਹਨ ਅਤੇ ਕਿਸੇ ਤਰ੍ਹਾਂ ਦੀ ਸਮਾਜਿਕ ਸ਼ੋਹਰਤ ਜਾਂ ਪਦਵੀ ਪ੍ਰਾਪਤ ਕਰਨ ਲਈ ਕੋਈ ਉਚੇਚੇ ਯਤਨ ਨਹੀਂ ਕਰਦੇ। ਇਸ ਕਿਸਮ ਦੀ ਹਊਮੈ ਵਾਲੇ ਲੋਕ ਵਿਤ ਅਨੁਸਾਰ ਸਾਡੇ ਸਮਾਜ ਦਾ ਭਲਾ ਤਾਂ ਕਰਦੇ ਹਨ, ਪਰ ਬੁਰਾ ਬਿਲਕੁਲ ਵੀ ਨਹੀਂ ਕਰਦੇ।

ਸੁਣਿਐ ਹੈ ਕਿ ਸਿਆਸੀ ਨੇਤਾਵਾਂ ਵਿਚੋਂ ਗਿਆਨੀ ਕਰਤਾਰ ਸਿੰਘ ਅਤੇ ਲਾਲ ਬਹਾਦਰ ਸ਼ਾਸਤਰੀ ਕਾਫੀ ਹੱਦ ਤੱਕ ਇਸ ਸੁਭਾਅ ਦੇ ਮਾਲਕ ਸਨ। ਸੂਫ਼ੀ ਕਵੀ ਸਾਰੇ ਹੀ ਇਸ ਸ਼੍ਰੇਣੀ 'ਚ ਆਉਂਦੇ ਹਨ। ਦਵਿੰਦਰ ਸਤਿਆਰਥੀ ਅਤੇ ਲਾਹੌਰ ਵਾਲਾ ਸ਼ਾਇਰ 'ਦਾਮਨ' ਵੀ ਇਸੇ ਕਤਾਰ ਦੇ ਬੰਦੇ ਸਨ।

ਉਪਰ ਅਸੀਂ ਮਨੁੱਖੀ 'ਹਊਮੈ' ਦੇ ਤਿੰਨ ਰੂਪਾਂ ਦੀ ਗੱਲ ਕੀਤੀ ਹੈ। ਪਹਿਚਾਣ, ਹਊਮੈ (ਈਗੋ) ਅਤੇ ਹੈਂਕੜ (ਸੁਪਰ ਈਗੋ) । ਇਨ੍ਹਾਂ 'ਚੋਂ ਪਹਿਚਾਣਮੁਖੀ ਅਤੇ ਸੁਪਰ ਈਗੋ ਵਰਗੀ ਹਊਮੈ ਦੇ ਧਾਰਨੀਆਂ ਦੀ ਗਿਣਤੀ ਸਾਡੇ ਸਮਾਜ 'ਚ ਬਹੁਤ ਘੱਟ ਹੈ। ਇਹ ਦੋਵੇਂ ਹਊਮੈ ਦੇ ਸਿਰੇ ਦੇ ਰੂਪ ਹਨ। ਇਕ ਬਹੁਤ ਹੀ ਦਰਵੇਸ਼ ਤੇ ਦੂਜਾ ਪੂਰਾ ਦੈਂਤ। ਕਿਉਂਕਿ ਇਹ ਲੋਕ ਕੋਈ ਸਾਧਾਰਣ ਵਰਤਾਰੇ ਦੇ ਮਾਲਕ ਨਹੀਂ ਹੁੰਦੇ, ਇਸ ਲਈ ਇਹ ਲੋਕ ਸਾਡੇ ਸਾਧਾਰਣ ਸਮਾਜ 'ਚ ਆਮ ਨਹੀਂ ਪਾਏ ਜਾਂਦੇ। ਜਿੱਥੋਂ ਤੱਕ ਬੰਦੇ ਦੇ ਇਕ ਆਮ ਹਊਮੈਵਾਦੀ (Egoist) ਹੋਣ ਦੀ ਗੱਲ ਹੈ, ਅਸੀਂ ਸਾਧਾਰਣ ਅਤੇ ਆਮ ਲੋਕ ਇਸੇ ਸ਼੍ਰੇਣੀ 'ਚ ਆਉਂਦੇ ਹਾਂ। ਜੋ ਆਪਣੀਆਂ ਘਾਟਾਂ, ਰੀਝਾਂ, ਈਰਖਾਵਾਂ, ਖਹਿਬਾਜ਼ੀਆਂ ਅਤੇ ਚਾਵਾਂ ਮਲਾਰਾਂ ਸਦਕੇ ਇਸ ਸੰਸਾਰ ਨੂੰ ਅੱਗੇ ਵਲ ਤੋਰੀ ਜਾਂਦੇ ਹਾਂ।

#

## ਛੱਡ ਪ੍ਰਦੇਸਾਂ ਦਾ ਚਾਅ

*ਸਵਰਾਜ ਕੌਰ, ਵਾਸ਼ਿੰਗਟਨ*

ਆਪਣੇ ਘਰੇ ਆਪਾਂ ਰਾਜੇ ਸਦੀਂਦੇ
ਖਾ ਜਾਂਦੇ ਖੜ੍ਹੀ ਭਾਵੇਂ ਸ਼ਾਹ
ਘਰ ਦੀ ਤਾਂ ਸੋਹਣਿਆ ਅੱਧੀ ਬਥੇਰੀ
ਆਪਾਂ ਲਵਾਂਗੇ ਝੱਟ ਲੰਘਾ...
ਛੱਡ ਪ੍ਰਦੇਸਾਂ ਦਾ ਚਾਅ ਸੋਹਣਿਆ
ਛੱਡ ਪ੍ਰਦੇਸਾਂ ਦਾ ਚਾਅ।

ਨਾ ਲੌਂਗ ਲੋੜਾਂ ਨਾ ਲੋੜਾਂ ਪਰੀਬੰਦ
ਸਾਨੂੰ ਬਾਹਾਂ ਦਾ ਹਾਰ ਪਹਿਨਾਅ।
ਵਟਣਾਂ ਹੀ ਮਲ ਕੇ ਮੈਂ ਰੂਪ ਲਿਸ਼ਕਾਵਾਂ
ਨੈਣੀਂ ਲਵਾਂ ਕਜਲਾ ਪਾ।
ਤਾਬ ਹੁਸਨ ਦੀ ਝੱਲੂਗਾ ਕਿਹੜਾ
ਤਾਹੀਓਂ ਘੁੰਢ ਵਿਚ ਰੱਖਾਂ ਲੁਕਾਅ...।

ਇਹ ਮਿੱਟੀ ਸਾਨੂੰ ਜਾਨੋਂ ਪਿਆਰੀ
ਉੱਗੇ ਇਹਦੇ ਵਿਚੋਂ ਸਾਹ।
ਭੌਂਅ ਸਾਡੀ ਸਾਡਾ ਪੁਸ਼ਤਾਂ ਦਾ ਗੌਰਵ
ਤੈਥੋਂ ਜਾਣੀ ਦਲਾਲਾਂ ਨੇ ਖਾ।
ਵਿਚ ਪ੍ਰਦੇਸੀਂ ਵੀ ਲੱਖਾਂ ਕਮਾ ਕੇ
ਬੈਠਾਂਗੇ ਸਭ ਕੁਝ ਗੁਆ...।

ਲਗਰ ਜਿਹੀ ਸਾਡੀ ਲੋਹੜਾ ਜੁਆਨੀ
ਤੂੰ ਮਿਰਜੇ ਦਾ ਸਗਵਾਂ ਭਰਾ
ਮਿਹਨਤ, ਸੰਯਮ, ਸਾਦਗੀ ਸਾਡਾ ਗਹਿਣਾ
ਸਾਨੂੰ ਖਰੀਆਂ ਪ੍ਰੀਤਾਂ ਦੀ ਚਾਹ
ਨਾਲ ਤੇਰੇ ਅਸੀਂ ਲੱਖਾਂ ਬਰਾਬਰ
ਜਿੰਦ ਰੋੜ੍ਹ ਨਾ ਕੱਖਾਂ ਦੇ ਭਾਅ...।

ਛੱਡ ਹਲ-ਪੰਜਾਲੀ ਮੈਂ ਭੱਤਾ ਲਿਆਈ
ਤੂੰ ਤੂਤਾਂ ਦੀ ਛਾਂਵੇ ਬਹਿ ਖਾ।
ਬੰਬੀ ਚਲਾ ਦੇ ਮੈਂ ਮੋੜੂੰ ਕਿਆਰੇ
ਤੂੰ ਰਤਾ ਕੁ ਅੱਖ ਲੈ ਝਭਾ
ਬਹਿ ਕਣਕਾਂ ਉਹਲੇ ਆ ਕਰੀਏ ਕਲੋਲਾਂ
ਜਿੰਦ ਲਈਏ ਜਿੰਦ ਨਾ ਵਟਾ...।

ਭੈਣਾਂ ਦੀ ਰੱਖੜੀ ਤਾਂ ਵੀਰ ਉਡੀਕੂ
ਤੇਰਾ ਬਾਪ ਭਰੂ ਠੰਡੇ ਸਾਹ
ਮਾਂ ਤੇਰੀ ਜੋ ਦੁੱਖਾਂ ਦੀ ਮਾਰੀ,
ਤਕ ਤਕ ਮਰੂ ਤੇਰਾ ਰਾਹ।
ਉਠੂਗੀ ਅਰਥੀ ਸ਼ਰੀਕਾਂ ਦੇ ਮੋਢੇ
ਨਾ ਦਰਦ ਵਿਛੋੜੇ ਦਾ ਲਾ...।

Visit us:punjabtimesusa.com

## 'ਭੈਣ ਜੀ' ਨੂੰ ਨਿਗਲ ਰਹੀ ਹੈ 'ਦੀਦੀ'

ਸਮਾਂ ਬੜਾ ਬਲਵਾਨ ਹੈ ਅਤੇ ਸਮੇਂ ਦੀ ਰਫ਼ਤਾਰ ਨਾਲ ਹਰ ਚੀਜ਼ ਬਦਲ ਰਹੀ ਹੈ। ਮਨੁੱਖ ਖੁਦ ਗੁਫਾਵਾਂ ਵਿਚੋਂ ਨਿਕਲ ਕੇ ਆਲੀਸ਼ਾਨ ਮਕਾਨਾਂ ਵਿਚ ਆ ਗਿਆ ਹੈ। ਇਸੇ ਤਰ੍ਹਾਂ ਸਮੇਂ ਨਾਲ ਭਾਸ਼ਾਵਾਂ ਵੀ ਹੋਂਦ ਵਿਚ ਆਈਆਂ। ਹਰੇਕ ਭਾਸ਼ਾ ਆਪਣੇ-ਆਪਣੇ ਅਮੀਰ ਵਿਰਸੇ ਨੂੰ ਸਾਂਭੀ ਬੈਠੀ ਹੈ। ਕਿਸੇ ਵੀ ਦੇਸ਼ ਦੇ ਬੰਦੇ ਨਾਲ ਗੱਲ ਕਰ ਲਵੋ, ਹਰ ਇਕ ਨੂੰ ਆਪਣੀ ਭਾਸ਼ਾ 'ਤੇ ਮਾਣ ਹੈ। ਅਸੀਂ ਕਹਿੰਦੇ ਹਾਂ, ਜੋ ਸੁਆਦ ਪੰਜਾਬੀ ਵਿਚ ਗੱਲ ਕਰਨ ਦਾ ਹੈ ਉਹ ਅੰਗਰੇਜ਼ੀ ਵਿਚ ਨਹੀਂ। ਹਾਲਾਂਕਿ ਅੰਗਰੇਜ਼ੀ ਪੰਜਾਬੀ ਨਾਲੋਂ ਜ਼ਿਆਦਾ ਨਾਮਣਾ ਖੱਟ ਚੁੱਕੀ ਹੈ। ਪਰ, ਕਿਉਂਕਿ ਸਾਡੇ ਵਿਚੋਂ ਬਹੁਤੇ ਅੰਗਰੇਜ਼ੀ ਤੇ ਪੰਜਾਬੀ ਦੋਵੇਂ ਭਾਸ਼ਾਵਾਂ ਬੋਲ ਅਤੇ ਸਮਝ ਲੈਂਦੇ ਹਨ, ਉਨ੍ਹਾਂ ਨੂੰ ਪੰਜਾਬੀ ਦਾ ਸ਼ਬਦਕੋਸ਼ ਅੰਗਰੇਜ਼ੀ ਤੋਂ ਵੱਡਾ ਜਾਪਦਾ ਹੈ। ਚਾਚੇ, ਤਾਏ, ਮਾਪੇ, ਫੁੱਫੜ, ਮਾਸੜ ਲਈ ਅੰਗਰੇਜ਼ੀ 'ਚ ਇਕੋ ਸ਼ਬਦ 'ਅੰਕਲ' ਹੈ। ਪਰ ਸਾਡੇ ਲਈ ਇਹ ਰਿਸ਼ਤੇ ਵੱਖੋ ਵੱਖਰੇ ਹਨ ਅਤੇ ਉਨ੍ਹਾਂ ਦਾ ਵੱਖਰਾ ਅਹਿਸਾਸ ਹੈ।

ਪੰਜਾਬੀ ਨੇ ਵੀ ਬਾਪੂ ਤੋਂ ਲੈ ਕੇ ਡੈਡੀ ਤੱਕ ਦਾ ਸਫਰ ਤੈਅ ਕਰ ਲਿਆ ਹੈ ਅਤੇ ਹੁਣ ਭਾਵੇਂ ਟਾਂਵਾ-ਟਾਂਵਾ ਡੈਡ ਵੀ ਆ ਗਿਆ ਹੈ। ਏਸੇ ਤਰ੍ਹਾਂ ਬੇਬੇ ਤੋਂ ਮੰਮੀ ਅਤੇ ਭੂਆ ਜੀ ਤੋਂ ਭੂ ਜੀ ਤੱਕ ਵੀ ਪਹੁੰਚ ਗਏ ਹਾਂ। ਪਰ ਇਕ ਬਹੁਤ ਹੀ ਪਿਆਰਾ ਸ਼ਬਦ ਜੋ ਸਾਡੀ ਨਵੀਂ ਪੀੜ੍ਹੀ ਖ਼ਤਮ ਕਰਨ ਜਾ ਰਹੀ ਹੈ ਉਹ ਹੈ 'ਭੈਣ ਜੀ।' 'ਦੀਦੀ' ਨੇ ਪੰਜਾਬੀ ਵਿਚ ਅੱਜ ਕੱਲ ਉਹ ਘੁਸਪੈਠ ਕੀਤੀ ਹੈ ਕਿ 'ਭੈਣ ਜੀ' ਵਿਚਰੀ ਆਖ਼ਰੀ ਸਾਹਾਂ 'ਤੇ ਹੈ। ਕੀ ਸਕੂਲ, ਕੀ ਕਾਲਜ, ਕੀ ਘਰ, ਕੀ ਬਾਹਰ, ਸਭ ਪਾਸੇ ਇਹ ਸ਼ਬਦ ਛਾਇਆ ਪਿਆ ਹੈ। ਇਹ ਸ਼ਬਦ ਕਿੱਥੋਂ ਆਇਆ, ਕਿਵੇਂ ਆਇਆ ਜਾਂ ਇਹ ਸ਼ਬਦ ਸਹੀ ਵੀ ਹੈ ਜਾਂ ਨਹੀਂ, ਜਾਂ ਇਸਦਾ ਦੂਜਾ ਅਰਥ ਭੈਣ ਜੀ ਠੀਕ ਹੈ ਵੀ ਜਾਂ ਨਹੀਂ, ਇਹ ਸੋਚੇ ਸਮਝੇ ਬਿਨਾ ਅਜੋਕੀ ਪੀੜੀ ਇਸ ਸ਼ਬਦ ਨੂੰ ਬੱਸ ਦੱਬੀ ਫਿਰਦੀ ਹੈ। ਅੱਜ ਦੀ ਪੀੜ੍ਹੀ ਹੀ ਨਹੀਂ ਪੁਰਾਣੀ ਪੀੜ੍ਹੀ ਵੀ, ਜੋ 'ਭੈਣ ਜੀ' ਵੇਲੇ ਜੰਮੇ ਪਲੇ ਉਹ ਵੀ 'ਦੀਦੀ' ਬੋਲਣ ਵਿਚ ਮਾਣ ਮਹਿਸੂਸ ਕਰਦੇ ਹਨ ਅਤੇ ਇਹ ਬਿਮਾਰੀ ਬਹੁਤੀ ਕੁੜੀਆਂ 'ਚ ਹੈ।

'ਦੀਦੀ' ਸ਼ਬਦ ਦਾ ਪਿਛੋਕੜ ਕੀ ਹੈ ਇਹ ਮੈਨੂੰ ਨਹੀਂ ਪਤਾ। ਏਨਾ ਜ਼ਰੂਰ ਪਤਾ ਹੈ ਕਿ ਇਹ 'ਭੈਣ ਜੀ' ਤੋਂ ਜ਼ਿਆਦਾ ਮਿੱਠਾ ਅਤੇ ਪਿਆਰਾ ਨਹੀਂ ਹੋ ਸਕਦਾ। ਕਿਸ ਤਰ੍ਹਾਂ ਅਸੀਂ ਆਪਣੇ ਲੋਕ ਗੀਤਾਂ ਵਿਚ ਦੀਦੀ ਨੂੰ ਫਿੱਟ ਕਰਾਂਗੇ। ਜਦੋਂ ਅਸੀਂ ਕਹਿੰਦੇ ਹਾਂ ਕਿ ਭੈਣਾਂ ਤੇ ਭਾਈਆਂ ਵਰਗਾ ਰਿਸ਼ਤਾ ਕੋਈ ਹੋਰ ਨੀ, ਕੀ ਏਥੇ 'ਦੀਦੀ' ਫਿੱਟ ਹੋ ਸਕਦੀ ਹੈ? ਬਾਬੇ ਨਾਨਕ ਦੀ ਭੈਣ ਨਾਨਕੀ ਜੀ ਤੋਂ ਲੈ ਕੇ ਅੱਜ ਤੱਕ ਜਿੰਨੇ ਵੀ ਲੋਕ ਗੀਤ, ਕਥਾਵਾਂ ਜਾਂ ਕਵਿਤਾਵਾਂ ਬਣੀਆਂ ਹਨ, ਉਥੇ ਭੈਣ ਨੂੰ ਕੱਟ ਕੇ ਦੀਦੀ ਲਾ ਕੇ ਦੇਖੋ, ਸਭ ਕੁਝ ਬੇਅਰਥ ਹੋ ਜਾਵੇਗਾ। ਅਸੀਂ ਅਜਿਹਾ ਪਿਆਰਾ ਤੇ ਵੱਡਮੁੱਲਾ ਸ਼ਬਦ ਖੋਣ ਜਾ ਰਹੇ ਹਾਂ, ਜੋ ਅਪਣੱਤ ਭਰਿਆ ਹੈ, 'ਦੀਦੀ' ਵਿਚ ਇਹ ਰਸ ਬਿਲਕੁਲ ਨਹੀਂ। 'ਦੀਦੀ' ਤਾਂ ਅਮਰੀਕਨ ਅੰਬਾਂ ਵਰਗੀ ਹੈ, ਵਿਚੋਂ ਬਿਲਕੁਲ ਫੋਕਾ। ਭੈਣ ਜੀ ਅਜਿਹਾ ਸ਼ਬਦ ਹੈ ਜੋ ਅੰਦਰੋਂ ਵੀ ਸੰਧੂਰੀ ਅੰਬ ਵਾਂਗ ਰਸ ਨਾਲ ਭਰਿਆ ਪਿਆ ਹੈ, ਨੂੰ ਖੋ ਲੈਣਾ ਕਿਤੋਂ ਦੀ ਵੀ ਸਿਆਣਪ ਨਹੀਂ।

ਸਮਾਂ ਬਦਲ ਰਿਹਾ ਹੈ ਅਤੇ ਬਹੁਤ ਕੁਝ ਚੰਗਾ ਮਾੜਾ ਸਮੇਂ ਦੇ ਨਾਲ-ਨਾਲ ਵਿਚਰ ਰਿਹਾ ਹੈ, ਪਰ ਕੁਝ ਵੱਡਮੁੱਲੀਆਂ ਚੀਜ਼ਾਂ, ਜੋ ਸਾਨੂੰ ਚੰਗੇ ਸਮੇਂ ਵਿਚ ਮਿਲੀਆਂ, ਉਨ੍ਹਾਂ ਨੂੰ ਬਦਲਣ ਦੀ ਲੋੜ ਨਹੀਂ ਅਤੇ ਭੈਣ ਜੀ ਉਨ੍ਹਾਂ ਵਿਚੋਂ ਇਕ ਹੈ। ਇਸ ਸ਼ਬਦ ਨੂੰ ਸਾਂਭ-ਸੰਭਾਲ ਕੇ ਮਿਉਜ਼ੀਅਮ ਵਿਚ ਰੱਖਣ ਦੀ ਲੋੜ ਨਹੀਂ। ਇਹ ਸਦਾ ਬਹਾਰ ਹੈ ਅਤੇ ਹਰ ਸਮੇਂ ਦੇ ਨਾਲ ਚੱਲਣ ਵਾਲਾ ਹੈ ਅਤੇ ਇਹ ਸ਼ਬਦ ਆਪਣੇ ਆਪ ਵਿਚ ਇਕ ਰਿਸ਼ਤਾ ਹੈ। ਬਸ ਇਸ ਦਾ ਰਸ ਮਾਣਨ ਦੀ ਲੋੜ ਹੈ। ਸ਼ਾਇਦ ਗੀਤਕਾਰ 'ਦੀਦੀ' 'ਤੇ ਵੀ ਗੀਤ ਲਿਖ ਦੇਣ ਅਤੇ ਸ਼ਾਇਦ ਮਿਸ ਪੂਜਾ ਜਾਂ ਹੋਰ ਕੋਈ ਗਾ ਵੀ ਦੇਵੇ, ਪਰ ਫਿਰ ਵੀ 'ਦੀਦੀ' ਲੋਕ ਗੀਤ ਨਹੀਂ ਬਣ ਸਕਦੀ ਅਤੇ ਲੋਕ ਗੀਤ ਦੀ ਉਮਰ ਹੀ ਸਭ ਤੋਂ ਲੰਮੀ ਹੁੰਦੀ ਹੈ। ਪ੍ਰਮਾਤਮਾ ਕਰੇ 'ਭੈਣ ਜੀ ਦੀ ਉਮਰ ਲੋਕ ਗੀਤ ਤੋਂ ਵੀ ਲੰਬੀ ਹੋਵੇ।'

*-ਹੈਪੀ, ਬੇਕਰਸਫੀਲਡ*

***ਮੈਂ ਅਤੇ ਕੁਝ ਹੋਰ ਪੱਤਰਕਾਰ ਸੀ.ਆਈ.ਡੀ. ਦੇ ਦਫ਼ਤਰ ਵਿਚ ਬੈਠੇ ਹੋਏ ਸਾਂ ਤਾਂ ਸਾਨੂੰ ਐਸ.ਪੀ. ਨੇ ਕਿਹਾ ਸੀ ਕਿ ਦੱਸੋ ਰਾਗੀ ਰਾਮ ਸਿੰਘ ਕੀ ਸ਼ੈਅ ਹੈ। ਅਸੀਂ ਕਿਹਾ, ''ਤੁਹਾਨੂੰ ਸਾਡੇ ਨਾਲੋਂ ਵਧ ਪਤਾ ਹੈ।'' ਉਹ ਕਹਿਣ ਲੱਗਾ, ''ਅਸੀਂ ਤਾਂ ਉਸ ਦੀ ਡਿਊਟੀ ਲਾਈ ਹੋਈ ਹੈ ਕਿ ਸ. ਮਾਨ ਨੂੰ ਨਾ ਅੱਗੇ ਜਾਣ ਦੇਣਾ ਹੈ, ਨਾ ਪਿੱਛੇ ਆਉਣ ਦੇਣਾ ਹੈ। ਸੋ ਭਾਈ ਸਾਹਿਬ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ। ਇਸ ਲਈ ਆਸ ਨਾ ਰੱਖੋ ਕਿ ਸ. ਮਾਨ ਕਦੇ ਸਰਵ ਪ੍ਰਵਾਨਿਤ ਲੀਡਰ ਬਣ ਜਾਵੇਗਾ। ਭਾਈ ਰਾਮ ਸਿੰਘ ਨੇ ਆਪਣੇ ਘੇਰੇ ਵਿਚੋਂ ਉਸਨੂੰ ਨਿਕਲਣ ਹੀ ਨਹੀਂ ਦੇਣਾ। ਤੇ ਉਹ ਵੀ ਭਾਈ ਸਾਹਿਬ ਤੋਂ ਇਲਾਵਾ ਕਿਸੇ 'ਤੇ ਭਰੋਸਾ ਹੀ ਨਹੀਂ ਕਰਦਾ।'' ਇਹ ਗੱਲ 100 ਫੀਸਦੀ ਸੱਚ ਹੋ ਨਿੱਬੜੀ ਹੈ। ਪਤਾ ਨਹੀਂ ਭਾਈ ਰਾਮ ਸਿੰਘ ਕੋਲ ਕਿਹੜੀ ਗਿੱਦੜਸਿੰਗੀ ਹੈ, ਜੋ ਉਸ ਤੋਂ ਬਿਨਾ ਮਾਨ ਹੋਰ ਕਿਸੇ ਨੂੰ ਲਾਗੇ ਲੱਗਣ ਹੀ ਨਹੀਂ ਦਿੰਦਾ। ਜੋ ਉਸਨੂੰ ਛੱਡਦਾ ਹੈ, ਉਸ ਵਿਰੁਧ ਸਰਕਾਰੀ ਹੋਣ ਦਾ ਫ਼ਤਵਾ ਦੇ ਦਿੰਦਾ ਹੈ।***

# ਸਿਮਰਨਜੀਤ ਸਿੰਘ ਮਾਨ ਬਾਦਲ ਦਾ ਮੁਕਾਬਲਾ ਕਿਉਂ ਨਾ ਕਰ ਸਕੇ?

ਸਾਕਾ ਨੀਲਾ ਤਾਰਾ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਦੇ ਸ਼ਹੀਦ ਹੋ ਜਾਣ ਪਿੱਛੋਂ ਸਿੱਖ ਲੀਡਰਸ਼ਿਪ ਦਾ ਜੋ ਖ਼ਲਾਅ ਪੈਦਾ ਹੋ ਗਿਆ ਸੀ, ਉਸ ਨੂੰ ਭਰਨ ਲਈ ਹੋਰ ਕੋਈ ਵੀ ਲੀਡਰ ਸਾਹਮਣੇ ਨਹੀਂ ਆ ਸਕਿਆ। ਉਸ ਵੇਲੇ ਜੋ ਬਾਦਲ ਟੌਹੜੇ ਦਾ ਬਦਲ ਬਣ ਸਕੇ, ਕਿਉਂਕਿ ਉਸ ਵੇਲੇ ਉਨ੍ਹਾਂ ਨੂੰ ਕੋਈ ਮੂੰਹ ਲਾਉਣ ਲਈ ਤਿਆਰ ਨਹੀਂ ਸੀ। ਇਸ ਲਈ ਵੇਲਾ ਵਿਹਾ ਚੁੱਕੇ ਇਨ੍ਹਾਂ ਲੀਡਰਾਂ ਦੀ ਥਾਂ ਨਵੇਂ ਲੀਡਰਾਂ ਦੀ ਸਖ਼ਤ ਲੋੜ ਸੀ। ਉਸ ਵੇਲੇ ਇਹ ਖ਼ਲਾਅ ਭਰਨ ਲਈ ਰੂਪੋਸ਼ ਵਿਚਰ ਰਹੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਦੇ ਆਗੂਆਂ ਨੇ ਸੰਤ ਭਿੰਡਰਾਂਵਾਲਿਆਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਨੂੰ ਪੰਥ ਦੀ ਅਗਵਾਈ ਕਰਨ ਲਈ ਮਨਾਇਆ, ਜਿਸ ਅੱਗੇ ਸੰਤ ਲੌਂਗੋਵਾਲ, ਬਾਦਲ, ਟੌਹੜਾ ਅਤੇ ਤਲਵੰਡੀ ਵਰਗੇ ਆਗੂ ਵੀ ਆਤਮ-ਸਮਰਪਣ ਕਰ ਚੁੱਕੇ ਸਨ। ਬਾਬੇ ਨੇ ਸਾਰਿਆਂ ਦੇ ਜ਼ੋਰ ਦੇਣ 'ਤੇ ਅਕਾਲੀ ਹੈੱਡ-ਕੁਆਰਟਰ ਅੰਮ੍ਰਿਤਸਰ ਵਿਚ ਆ ਡੇਰਾ ਲਾਇਆ। ਪਰ 26 ਜਨਵਰੀ 1985 ਨੂੰ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਫੈਡਰੇਸ਼ਨ ਅਤੇ ਟਕਸਾਲ ਵਲੋਂ ਕੀਤੇ ਪਹਿਲੇ ਸਮਾਗਮ ਪਿੱਛੋਂ ਹੀ ਬਾਬੇ ਦਾ ਹੀਜ਼-ਪਿਆਜ਼ ਨੰਗਾ ਹੋ ਗਿਆ ਸੀ ਅਤੇ ਇਸ ਪਿੱਛੋਂ ਵੀ ਉਸ ਵਲੋਂ ਲਗਾਤਾਰ ਗ਼ਲਤੀਆਂ ਕਰਨ ਤੋਂ ਇਲਾਵਾ ਹਉਮੈ ਅਤੇ ਲਾਲਚ ਦਾ ਸ਼ਿਕਾਰ ਹੋ ਜਾਣ ਕਾਰਨ ਉਹ ਆਮ ਸਿੱਖਾਂ ਦੇ ਮਨੋਂ ਇਕਦਮ ਲਹਿ ਗਿਆ।



ਪ੍ਰਕਾਸ਼ ਸਿੰਘ ਬਾਦਲ

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਰੂਪੋਸ਼ ਆਗੂਆਂ ਨੇ ਫੈਡਰੇਸ਼ਨ ਨੂੰ ਜਥੇਬੰਦ ਕਰਨ ਲਈ ਸ਼ਹੀਦ ਭਾਈ ਅਮਰੀਕ ਸਿੰਘ ਦੇ ਛੋਟੇ ਭਰਾ ਭਾਈ ਮਨਜੀਤ ਸਿੰਘ ਨੂੰ ਹੀ ਪ੍ਰਧਾਨ ਬਣਾ ਦਿੱਤਾ ਸੀ ਜੋ ਕਿ ਜੇਲ੍ਹ ਵਿਚ ਨਜ਼ਰਬੰਦ ਸੀ। ਉਸ ਦੀ ਗੈਰ-ਹਾਜ਼ਰੀ ਵਿਚ ਕੰਮ ਚਲਾਉਣ ਲਈ ਸ. ਹਰਿੰਦਰ ਸਿੰਘ ਕਾਹਲੋਂ ਦੀ ਅਗਵਾਈ ਹੇਠ ਐਡਹਾਕ ਕਮੇਟੀ ਬਣਾ ਕੇ ਸ. ਚਰਨਜੀਤ ਸਿੰਘ ਚੰਨੀ ਨੂੰ ਦਫਤਰ ਸਕੱਤਰ ਨਿਯੁਕਤ ਕਰ ਦਿੱਤਾ।

ਇਨ੍ਹਾਂ ਦੋਹਾਂ ਆਗੂਆਂ ਨੇ ਆਪਣੇ ਸਹਿਯੋਗੀਆਂ ਨਾਲ ਰਲ ਕੇ ਛੇਤੀ ਹੀ ਇਕ ਵਾਰ ਫਿਰ ਫੈਡਰੇਸ਼ਨ ਨੂੰ ਪੈਰਾਂ ਸਿਰ ਖੜ੍ਹਾ ਕਰ ਲਿਆ, ਪਰ ਲੀਹੋਂ ਲੱਥੇ ਬਾਬਾ ਜੋਗਿੰਦਰ ਸਿੰਘ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਸ. ਗੁਰਜੀਤ ਸਿੰਘ ਨੂੰ ਫੈਡਰੇਸ਼ਨ ਦਾ ਆਪੇ ਪ੍ਰਧਾਨ ਬਣਾ ਕੇ, ਇਹ ਪ੍ਰਚਾਰ ਕਰ ਦਿੱਤਾ ਕਿ ਹਰਿੰਦਰ ਸਿੰਘ ਕਾਹਲੋਂ ਅਤੇ ਉਸ ਦੇ ਸਾਥੀ ਸਰਕਾਰ ਨਾਲ ਮਿਲੇ ਹੋਏ ਹਨ, ਜਿਸ ਕਾਰਨ ਫੈਡਰੇਸ਼ਨ ਵਿਚ ਫੁੱਟ ਪੈ ਗਈ।

29 ਅਪ੍ਰੈਲ 1986 ਨੂੰ ਖ਼ਾਲਿਸਤਾਨ ਦੇ ਕੀਤੇ ਐਲਾਨ ਉਪਰੰਤ ਸਰਕਾਰ ਨਾਲ ਸਿੱਧੀ ਲੜਾਈ ਸ਼ੁਰੂ ਹੋ ਜਾਣ ਕਾਰਨ ਟਕਸਾਲ ਅਤੇ ਫੈਡਰੇਸ਼ਨ ਦੀ ਸਾਰੀ ਲੀਡਰਸ਼ਿਪ ਨੂੰ ਰੂਪੋਸ਼ ਹੋਣਾ ਪਿਆ, ਜਿਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਸ਼ੁਰੂ ਹੋ ਜਾਣ ਕਾਰਨ ਖੁੱਲ੍ਹੇਆਮ ਵਿਚਰਨਾ ਸ਼ੁਰੂ ਕਰ ਦਿੱਤਾ ਸੀ।

ਬਾਬਾ ਜੋਗਿੰਦਰ ਸਿੰਘ ਦੇ ਨਿਘਾਰ ਵਿਚ ਚਲੇ ਜਾਣ ਪਿੱਛੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਭਾਈ ਮਨਜੀਤ ਸਿੰਘ, ਜਨਰਲ ਸਕੱਤਰ ਸ. ਹਰਮਿੰਦਰ ਸਿੰਘ ਸੰਧੂ ਅਤੇ ਹੋਰ ਲੀਡਰ ਵੀ ਜੋਧਪੁਰ ਜੇਲ੍ਹ ਤੋਂ ਰਿਹਾਅ ਹੋ ਕੇ ਆ ਗਏ। ਪਹਿਲਾਂ ਤਾਂ ਭਾਈ ਮਨਜੀਤ ਸਿੰਘ ਨੇ ਸ. ਸੰਧੂ ਨੂੰ ਸਬਜ਼ ਬਾਗ਼ ਦਿਖਾ ਕੇ ਆਪਣੇ ਨਾਲ ਜੋੜੀ ਰੱਖਣ ਦਾ ਯਤਨ ਕੀਤਾ ਅਤੇ ਇਥੋਂ ਤੱਕ ਕਿਹਾ ਕਿ ਉਸ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਜਾਵੇਗਾ ਅਤੇ ਉਹ ਤਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੀ ਬਣਨਾ ਚਾਹੁੰਦਾ ਹੈ। ਉਸ ਵੇਲੇ ਖਾੜਕੂਆਂ ਦਾ ਹੀ ਬੋਲਬਾਲਾ ਸੀ। ਕਿਸੇ ਵੀ ਪੁਰਾਣੇ ਅਕਾਲੀ ਲੀਡਰ ਨੂੰ ਕੋਈ ਨਹੀਂ ਸੀ ਪੁੱਛਦਾ, ਪਰ ਸੰਧੂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਮੈਂ ਤਾਂ ਸੰਤ ਭਿੰਡਰਾਂਵਾਲੇ ਵਲੋਂ ਅਰੰਭੇ ਸੰਘਰਸ਼ ਨੂੰ ਅੱਗੇ ਤੋਰਨਾ ਹੈ। ਤੁਸੀਂ ਆਪ ਹੀ ਇਹ ਦੋਵੇਂ ਅਹੁਦੇ ਲੈ ਲਵੋ। ਇਸ ਘਟਨਾ ਤੋਂ ਕੁਝ ਸਮੇਂ ਪਿੱਛੋਂ ਹੀ ਹਰਮਿੰਦਰ ਸਿੰਘ ਸੰਧੂ ਨੂੰ ਕਤਲ ਕਰ ਦਿੱਤਾ ਗਿਆ। ਭਾਵੇਂ ਇਸ ਘਿਨਾਉਣੀ ਕਰਤੂਤ ਪਿੱਛੇ ਪਰਮਜੀਤ ਸਿੰਘ ਪੰਜਵੜ ਦਾ ਸਿੱਧਾ ਹੱਥ ਸੀ, ਪਰ ਭਾਈ ਮਨਜੀਤ ਸਿੰਘ ਵਲ ਵੀ ਉਂਗਲ ਉੱਠਦੀ ਰਹੀ ਸੀ। ਇਧਰੋਂ ਸੁਰਖ਼ਰੂ ਹੋ ਜਾਣ ਉਪਰੰਤ ਭਾਈ ਮਨਜੀਤ ਸਿੰਘ ਪੈਸੇ ਇਕੱਠੇ ਕਰਨ ਦੇ ਪਿੱਛੇ ਪੈ ਗਿਆ ਅਤੇ ਏਨਾ ਹਉਮੈ ਦਾ ਸ਼ਿਕਾਰ ਹੋ ਗਿਆ ਕਿ ਬਾਦਲ ਤੇ ਟੌਹੜੇ ਵਰਗਿਆਂ ਨੂੰ ਵੀ ਟਿੱਚ ਸਮਝਣ ਲੱਗ ਪਿਆ। 1991 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਰਾਏ ਜਾਣ ਦੇ ਐਲਾਨ ਪਿੱਛੋਂ ਟਿਕਟਾਂ ਲੈਣ ਵਾਲੇ ਭਾਈ ਮਨਜੀਤ ਸਿੰਘ ਦੇ ਦੁਆਲੇ ਇਕੱਠੇ ਹੋ ਗਏ ਅਤੇ ਉਸ ਨੇ ਮੂੰਹੋਂ ਮੰਗੇ ਪੈਸੇ ਲੈ ਕੇ ਟਿਕਟਾਂ ਦਿੱਤੀਆਂ। ਪ੍ਰਕਾਸ਼ ਸਿੰਘ ਬਾਦਲ ਨੇ ਕੇਵਲ ਮਜੀਠਾ ਹਲਕੇ ਤੋਂ ਸ. ਪ੍ਰਕਾਸ਼ ਸਿੰਘ ਮਜੀਠੀਆ ਲਈ ਇਕੋ ਟਿਕਟ ਮੰਗੀ ਸੀ, ਪਰ ਭਾਈ ਮਨਜੀਤ ਸਿੰਘ ਨੇ ਇਕ ਟਿਕਟ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਸੀ।

ਭਾਈ ਮਨਜੀਤ ਸਿੰਘ ਦੀ ਬਦਕਿਸਮਤੀ ਸਮਝੋ ਜਾਂ ਕੋਈ ਹੋਰ ਕਾਰਨ, ਵੋਟਾਂ ਪੈਣ ਤੋਂ ਇਕ ਦਿਨ ਪਹਿਲਾਂ ਹੀ ਚੋਣ ਕਮਿਸ਼ਨ ਨੇ ਪੰਜਾਬ ਵਿਚ ਚੋਣਾਂ ਕਰਾਉਣ ਦਾ ਫੈਸਲਾ ਰੱਦ ਕਰ ਦਿੱਤਾ। ਇਸ ਤੋਂ ਅਗਲੇ ਸਾਲ ਭਾਵ 1992 ਵਿਚ ਚੋਣਾਂ ਦੇ ਐਲਾਨ ਉਪਰੰਤ ਖਾੜਕੂਆਂ ਵਲੋਂ ਚੋਣਾਂ ਦਾ ਬਾਈਕਾਟ ਕਰਨ ਦਾ ਫੈਸਲਾ ਲਏ ਜਾਣ ਕਾਰਨ ਕਾਂਗਰਸ 7-8 ਫੀਸਦੀ ਵੋਟਾਂ ਲੈ ਕੇ ਰਾਜਸੀ ਸੱਤਾ 'ਤੇ ਕਾਬਜ਼ ਹੋ ਗਈ। ਬੇਅੰਤ ਸਿੰਘ ਮੁੱਖ ਮੰਤਰੀ ਬਣ ਗਿਆ।

ਜਦ ਬਾਦਲ ਤੇ ਟੌਹੜਾ ਫਿਰ ਪੈਰਾਂ ਸਿਰ ਹੋ ਗਏ ਤਾਂ ਭਾਈ ਮਨਜੀਤ ਸਿੰਘ ਨੇ ਵੱਖਰਾ ਅਕਾਲੀ ਦਲ ਬਣਾਇਆ ਅਤੇ ਫੈਡਰੇਸ਼ਨ 'ਤੇ ਕਬਜ਼ਾ ਵੀ ਜਮਾਈ ਰੱਖਿਆ ਪਰ ਉਸ ਦਾ ਅਸਲੀ ਚਿਹਰਾ ਸਾਹਮਣੇ ਆ ਜਾਣ ਕਾਰਨ ਲੋਕ ਉਸ ਤੋਂ ਪਿਛੇ ਹਟ ਗਏ ਸਨ। ਅੱਜ ਕੱਲ੍ਹ ਉਸੇ ਬਾਦਲ ਦੇ ਪਿਛੇ ਪਿਛੇ ਫਿਰਦਾ ਹੈ, ਜਿਸ ਨੂੰ ਇਕ ਟਿਕਟ ਵੀ ਨਹੀਂ ਸੀ ਦਿੱਤੀ। ਬਾਦਲ ਕਦੇ ਕੋਈ ਗੱਲ ਭੁੱਲਦਾ ਹੀ ਨਹੀਂ। ਭਾਈ ਪਤਾ ਨਹੀਂ ਉਸ ਤੋਂ ਕੀ ਭਾਲਦਾ ਹੈ।


ਫਿਰ ਵਾਰੀ ਆਈ ਭਾਈ ਜਸਬੀਰ ਸਿੰਘ ਰੋਡੇ ਦੀ, ਜੋ ਕਿ ਸੰਤ ਭਿੰਡਰਾਂਵਾਲਿਆਂ ਦਾ ਭਤੀਜਾ

**ਮਹਿੰਦਰ ਸਿੰਘ ਪੱਤਰਕਾਰ**

ਹੈ ਅਤੇ ਮੱਧ ਪ੍ਰਦੇਸ਼ ਦੀ ਸਾਗਰ ਜੇਲ੍ਹ ਵਿਚ ਬੰਦ ਸੀ। ਟਕਸਾਲ ਵਲੋਂ 26 ਜਨਵਰੀ 1986 ਨੂੰ ਕੀਤੇ ਸਰਬੱਤ ਖਾਲਸੇ ਦੌਰਾਨ ਉਸਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਵੀ ਬਣਾ ਦਿੱਤਾ ਗਿਆ ਸੀ। ਉਸ ਨਾਲ ਸਰਕਾਰ ਨੇ ਜੇਲ੍ਹ ਵਿਚ ਹੀ ਸੰਪਰਕ ਕਰ ਲਿਆ ਅਤੇ ਇਹ ਪੇਸ਼ਕਸ਼ ਕੀਤੀ ਕਿ ਜੇ ਉਹ ਸਰਕਾਰ ਨੂੰ ਖਾੜਕੂਆਂ ਦੇ ਵਿਰੁਧ ਸਹਿਯੋਗ ਦੇਣ ਲਈ ਤਿਆਰ ਹੋ ਜਾਵੇ ਤਾਂ ਉਸ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਇਹ ਪੇਸ਼ਕਸ਼ ਮੰਨਣ ਲਈ ਭਾਈ ਜਸਬੀਰ ਸਿੰਘ ਨੇ ਇਹ ਸ਼ਰਤ ਰੱਖ ਦਿੱਤੀ ਕਿ ਪਹਿਲਾਂ ਉਸ ਦੇ ਸਾਥੀ ਭਾਈ ਸਵਿੰਦਰ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਕਸ਼ਮੀਰ ਸਿੰਘ, ਜਿਨ੍ਹਾਂ ਨੂੰ ਕਿ ਸਰਬੱਤ ਖਾਲਸਾ ਵੇਲੇ ਕ੍ਰਮਵਾਰ ਤਖ਼ਤ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਅਤੇ ਮੁੱਖ ਗ੍ਰੰਥੀ ਬਣਾਇਆ ਗਿਆ ਸੀ, ਉਨ੍ਹਾਂ ਨੂੰ ਉਸ ਨੂੰ ਮਿਲਾਇਆ ਜਾਵੇ। ਉਸ ਦੀ ਇਹ ਸ਼ਰਤ ਮੰਨ ਕੇ ਉਸਨੂੰ ਤਿਹਾੜ ਜੇਲ੍ਹ ਨਵੀਂ ਦਿੱਲੀ ਲੈ ਆਂਦਾ ਅਤੇ ਉਪਰੋਕਤ ਤਿੰਨਾਂ ਸਿੰਘ ਸਾਹਿਬਾਨਾਂ ਨੂੰ ਵੀ ਦਿੱਲੀ ਲੈ ਗਏ। ਪਰ ਭਾਈ ਜਸਬੀਰ ਸਿੰਘ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਜਿੰਨਾ ਚਿਰ ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਆਗਿਆ ਨਹੀਂ ਦਿੰਦੇ, ਉਹ ਸਰਕਾਰ ਨੂੰ ਸਹਿਯੋਗ ਦੇਣ ਲਈ ਸਹਿਮਤ ਨਹੀਂ ਹੋ ਸਕਦੇ। ਇਸ ਲਈ ਭਾਈ ਜਸਬੀਰ ਸਿੰਘ ਨੇ ਆਪਣੇ ਪਰਿਵਾਰ ਦੇ ਇਕ ਨਿਕਟਵਰਤੀ ਵਕੀਲ ਰਾਜਦੇਵ ਸਿੰਘ ਬਰਨਾਲਾ ਨੂੰ ਤਿਹਾੜ ਜੇਲ੍ਹ ਵਿਚ ਬੁਲਾਇਆ। ਉਸਨੂੰ ਦੋ ਪੱਤਰ ਦਿੱਤੇ ਅਤੇ ਸਰਕਾਰ ਦੀ ਇੱਛਾ ਅਨੁਸਾਰ ਬਾਬਾ ਠਾਕੁਰ ਸਿੰਘ ਦੇ ਨਾਂ ਭਾਈ ਜਸਬੀਰ ਸਿੰਘ ਵਲੋਂ ਇਕ ਪੱਤਰ ਲਿਖਵਾਇਆ ਗਿਆ, ਜਿਸ ਵਿਚ ਇਹ ਕਿਹਾ ਗਿਆ ਸੀ ਕਿ ਜੇ ਬਾਬਾ ਜੀ ਆਗਿਆ ਦੇਣ ਤਾਂ ਮੈਂ ਜੇਲ੍ਹ ਤੋਂ ਰਿਹਾਅ ਹੋ ਸਕਦਾ ਹਾਂ। ਇਸੇ ਤਰ੍ਹਾਂ ਇਕ ਹੋਰ ਪੱਤਰ ਬਾਬਾ ਜੀ ਵਲੋਂ ਭਾਈ ਸਵਿੰਦਰ ਸਿੰਘ, ਜਸਵੰਤ ਸਿੰਘ ਤੇ ਕਸ਼ਮੀਰ ਸਿੰਘ ਦੇ ਨਾਂ ਲਿਖਵਾਇਆ, ਜਿਸ ਵਿਚ ਇਹ ਕਿਹਾ ਗਿਆ ਸੀ ਕਿ ਉਹ ਭਾਈ ਜਸਵੰਤ ਸਿੰਘ, ਭਾਈ ਸਵਿੰਦਰ ਸਿੰਘ ਅਤੇ ਭਾਈ ਕਸ਼ਮੀਰ ਸਿੰਘ ਨੂੰ ਹਦਾਇਤ ਕਰਦੇ ਹਨ ਕਿ ਭਾਈ ਜਸਬੀਰ ਸਿੰਘ ਨੂੰ ਉਸ ਦੀ ਇੱਛਾ ਅਨੁਸਾਰ ਸਹਿਯੋਗ ਦਿੱਤਾ ਜਾਵੇ। ਬਾਬਾ ਠਾਕੁਰ ਸਿੰਘ ਦੇ ਦਸਤਖ਼ਤ ਕਰਵਾ ਕੇ ਰਾਜਦੇਵ ਸਿੰਘ ਦੋਵੇਂ ਪੱਤਰ ਭਾਈ ਜਸਬੀਰ ਸਿੰਘ ਰੋਡੇ ਨੂੰ ਦੇ ਆਇਆ। ਉਸ ਵਲੋਂ ਇਹ ਪੱਤਰ ਵਿਖਾਏ ਜਾਣ 'ਤੇ ਉਪਰੋਕਤ ਤਿੰਨੇ ਸਿੰਘ ਸਾਹਿਬ ਵੀ ਜਸਬੀਰ ਸਿੰਘ ਦੀ ਹਾਂ ਵਿਚ ਹਾਂ ਮਿਲਾਉਣ ਲਈ ਸਹਿਮਤ ਹੋ ਗਏ ਅਤੇ ਉਨ੍ਹਾਂ ਨੇ ਸਰਕਾਰ ਨੂੰ ਸਹਿਯੋਗ ਦੇਣ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਖਾੜਕੂਆਂ ਤੋਂ ਮੁਕਤ ਕਰਾਉਣ ਦਾ ਭਰੋਸਾ ਦਿਵਾ ਦਿੱਤਾ।

ਪਰ ਰਿਹਾਈ ਪਿੱਛੋਂ ਸਿਆਸੀ ਦਾਅਪੇਚਾਂ ਤੋਂ ਅਨਜਾਣ ਹੋਣ ਕਾਰਨ ਛੇਤੀ ਹੀ ਭਾਈ ਜਸਬੀਰ ਸਿੰਘ ਦੀ ਸਰਕਾਰ ਨਾਲ ਮਿਲੀਭੁਗਤ ਹੋਣ ਦਾ ਭੇਤ ਖੁੱਲ੍ਹ ਗਿਆ, ਜਿਸ ਕਾਰਨ ਖਾੜਕੂ ਵੀ ਉਸ ਤੋਂ ਪਾਸਾ ਵੱਟ ਗਏ। ਉਸ ਦਾ ਇਹ ਮਿਸ਼ਨ ਫੇਲ੍ਹ ਹੋ ਗਿਆ। ਸਾਕਾ ਕਾਲੀ ਗਰਜ ਉਪਰੰਤ ਜਸਬੀਰ ਸਿੰਘ ਰੋਡੇ ਤੇ ਉਸ ਦੇ ਸਾਥੀਆਂ ਨੂੰ ਫਿਰ ਜੇਲ੍ਹ ਜਾਣਾ ਪਿਆ, ਜਿਸ ਕਾਰਨ ਸ਼੍ਰੋਮਣੀ ਕਮੇਟੀ ਨੇ ਸਰਕਾਰ ਨਾਲ ਮਿਲੀਭੁਗਤ ਦਾ ਦੋਸ਼ ਲਾ ਕੇ ਇਨ੍ਹਾਂ ਚੌਹਾਂ ਨੂੰ ਹੀ ਸੇਵਾ ਮੁਕਤ ਕਰ ਦਿੱਤਾ। ਇਹ ਵੀ ਪੁਰਾਣੀ ਅਕਾਲੀ ਲੀਡਰਸ਼ਿਪ ਦਾ ਬਦਲ ਨਾ ਬਣ ਸਕੇ।

ਹੁਣ ਕੇਵਲ ਸ. ਸਿਮਰਨਜੀਤ ਸਿੰਘ ਮਾਨ 'ਤੇ ਹੀ ਆਸਾਂ ਸਨ ਜੋ ਕਿ ਬਿਹਾਰ ਦੀ ਭਾਗਲਪੁਰ ਜੇਲ੍ਹ ਵਿਚ ਨਜ਼ਰਬੰਦ ਸਨ। ਨਵੰਬਰ 1989 ਵਿਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਫੈਡਰੇਸ਼ਨ ਤੇ ਦਮਦਮੀ ਟਕਸਾਲ ਦੇ ਆਗੂਆਂ ਨੇ ਸ. ਮਾਨ ਅਤੇ ਉਸ ਦੇ ਹਮਖ਼ਿਆਲ ਸਾਥੀਆਂ ਨੂੰ ਚੋਣ ਮੈਦਾਨ ਵਿਚ ਉਤਾਰ ਦਿੱਤਾ। ਲੋਕ ਸਭਾ ਦੀਆਂ 14 ਸੀਟਾਂ ਵਿਚੋਂ 13 ਕਾਂਗਰਸ ਨੂੰ ਹਰਾ ਕੇ ਜਿੱਤ ਲਈਆਂ। ਸ. ਮਾਨ ਨੂੰ ਤਰਨਤਾਰਨ ਹਲਕੇ ਤੋਂ ਦੇਸ਼ ਭਰ ਵਿਚੋਂ ਦੂਜੇ ਨੰਬਰ 'ਤੇ ਵੋਟਾਂ ਪਈਆਂ। ਪਹਿਲਾ ਨੰਬਰ ਬਿਹਾਰ ਦੇ ਦਲਿਤ ਆਗੂ ਸ੍ਰੀ ਪਾਸਵਾਨ ਦਾ ਸੀ। ਏਨੀਆਂ ਜ਼ਿਆਦਾ ਵੋਟਾਂ ਮਿਲਣ ਕਾਰਨ ਮਾਨ ਵੀ ਹਉਮੈ ਦਾ ਸ਼ਿਕਾਰ ਹੋ ਗਿਆ, ਕਿਉਂਕਿ ਉਸੇ ਵੇਲੇ ਸਰਕਾਰ ਨੂੰ ਉਸਨੂੰ ਰਿਹਾਅ ਕਰਨਾ ਪਿਆ ਸੀ। ਉਹ ਜੇਲ੍ਹ ਤੋਂ ਬਾਹਰ ਹੁੰਦੇ ਹੀ ਆਪਣੇ ਆਪ ਨੂੰ ਪੰਥ ਦਾ ਸਰਵ ਪ੍ਰਵਾਨਤ ਲੀਡਰ ਸਮਝਣ ਲੱਗ ਪਿਆ।



ਸਿਮਰਨਜੀਤ ਸਿੰਘ ਮਾਨ

ਇਕ ਸਮਾਂ ਅਜਿਹਾ ਵੀ ਆਇਆ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਕਾਨਫਰੰਸ ਮੌਕੇ 'ਤੇ ਸ. ਬਾਦਲ, ਜਥੇਦਾਰ ਟੌਹੜਾ ਅਤੇ ਜਥੇਦਾਰ ਤਲਵੰਡੀ ਨੇ ਵੀ ਸ. ਮਾਨ ਨੂੰ ਲੀਡਰ ਮੰਨ ਲਿਆ, ਪਰ ਉਸ ਨੇ ਇਨ੍ਹਾਂ ਨੂੰ ਕੋਈ ਮਹੱਤਤਾ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਇਨ੍ਹਾਂ ਨੇ ਇਹ ਕਹਿ ਕੇ ਫਿਰ ਵੱਖਰਾ ਅਕਾਲੀ ਦਲ ਬਣਾ ਲਿਆ ਕਿ ਅਸਾਂ ਤਾਂ ਸ. ਮਾਨ ਨੂੰ ਲੀਡਰ ਮੰਨ ਲਿਆ ਸੀ, ਪਰ ਉਹ ਸਾਨੂੰ ਨਾਲ ਲੈਣ ਲਈ ਵੀ ਤਿਆਰ ਨਹੀਂ ਹੋਇਆ, ਜਿਸ ਕਾਰਨ ਵੱਖ ਹੋਣ ਤੋਂ ਇਲਾਵਾ ਸਾਡੇ ਪਾਸ ਕੋਈ ਹੋਰ ਚਾਰਾ ਹੀ ਨਹੀਂ ਸੀ ਰਹਿ ਗਿਆ। ਇਸ ਉਪਰੰਤ ਹੋਈਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਹੋਰ ਤਾਂ ਕਿਸੇ ਨੇ ਕੀ ਜਿੱਤਣਾ ਸੀ, ਸ. ਮਾਨ ਵੀ ਚੋਣ ਹਾਰ ਗਿਆ।

ਉਸਨੂੰ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਇਆਂ 19 ਸਾਲ ਹੋ ਗਏ ਹਨ, ਪਰ ਉਹ ਪੰਜਾਬ ਪੱਧਰ 'ਤੇ ਆਪਣੇ ਅਕਾਲੀ ਦਲ ਨੂੰ ਜਥੇਬੰਦ ਵੀ ਨਹੀਂ ਕਰ ਸਕਿਆ, ਜਿਸ ਦਾ ਕਾਰਨ ਉਸ ਦੇ ਜਨਰਲ ਸਕੱਤਰ ਭਾਈ ਰਾਮ ਸਿੰਘ ਨੂੰ ਮੰਨਿਆ ਜਾ ਰਿਹਾ ਹੈ, ਕਿਉਂਕਿ ਜੇਲ੍ਹ ਦੀ ਰਿਹਾਈ ਪਿੱਛੋਂ ਬਾਦਲ ਅਤੇ ਟੌਹੜੇ ਦਾ ਸਾਥ ਛੱਡ ਕੇ ਸਾਰੇ ਅਕਾਲੀ ਲੀਡਰ ਅਤੇ ਵਰਕਰ ਸ. ਮਾਨ ਨਾਲ ਆਣ ਖੜ੍ਹੇ ਹੋਏ ਸਨ, ਜੋ ਕੁਝ ਚਿਰ ਪਿੱਛੋਂ ਹੀ ਵਾਪਸ ਜਾਣੇ ਸ਼ੁਰੂ ਹੋ ਗਏ, ਕਿਉਂਕਿ ਸ. ਮਾਨ ਭਾਈ ਰਾਮ ਸਿੰਘ ਤੋਂ ਬਿਨਾਂ ਹੋਰ ਕਿਸੇ ਦੀ ਗੱਲ ਹੀ ਨਹੀਂ ਸੀ ਸੁਣਦਾ।

ਹਾਲਾਂਕਿ ਭਾਈ ਰਾਮ ਸਿੰਘ ਦੀਆਂ ਅਜਿਹੀਆਂ ਕਈ ਕਮਜ਼ੋਰੀਆਂ ਤੋਂ ਉਸਨੂੰ ਜਾਣੂ ਕਰਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ, ਜੋ ਕਿ ਬਖਸ਼ਣਯੋਗ ਨਹੀਂ ਸਨ। ਪਰ ਸ. ਮਾਨ ਨੇ ਕਦੇ ਇਸ ਪਾਸੇ ਧਿਆਨ ਦੇਣ ਦੀ ਲੋੜ ਹੀ ਨਹੀਂ ਸਮਝੀ। ਹੁਣ ਕੇਵਲ ਉਸ ਨਾਲ ਉਹੋ ਵਰਕਰ ਰਹਿ ਗਏ ਹਨ, ਜੋ ਸੰਤ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਨਾਲ ਸਹਿਮਤ ਹਨ, ਕਿਉਂਕਿ ਮਾਨ ਖ਼ਾਲਿਸਤਾਨ ਦੀ ਗੱਲ ਕਰਦਾ ਰਹਿੰਦਾ ਹੈ, ਪਰ ਕੇਵਲ ਇਨ੍ਹਾਂ ਵਰਕਰਾਂ ਦੇ ਬਲਬੂਤੇ ਉਹ ਰਾਜਸੱਤਾ 'ਤੇ ਕਾਬਜ਼ ਨਹੀਂ ਹੋ ਸਕਦਾ, ਪੈਸੇ ਤਾਂ ਜਿੰਨੇ ਮਰਜ਼ੀ ਇਕੱਠੇ ਕਰ ਲਵੇ। ਕਿਉਂਕਿ ਵਿਦੇਸ਼ਾਂ ਵਿਚ ਬੈਠੇ ਸਿੱਖ ਖ਼ਾਲਿਸਤਾਨ ਦੇ ਨਾਂ 'ਤੇ ਪੈਸੇ ਦੇਈ ਜਾਂਦੇ ਹਨ, ਪਰ ਕੇਵਲ ਨਾਅਰਿਆਂ ਨਾਲ ਖ਼ਾਲਿਸਤਾਨ ਨਹੀਂ ਬਣ ਸਕਦਾ। ਇਸ ਲਈ ਲੋਕ-ਆਧਾਰ ਦੀ ਲੋੜ ਹੈ ਜੋ ਉਹ ਬਣਾ ਨਹੀਂ ਸਕਿਆ। ਇਹੋ ਕਾਰਨ ਹੈ ਕਿ ਉਹ ਸ. ਬਾਦਲ ਦਾ ਬਦਲ ਹੀ ਨਹੀਂ ਬਣ ਸਕਿਆ ਅਤੇ ਨਾ ਹੀ ਬਣਨ ਦੀ ਆਸ ਹੈ। ਸਿੱਖਾਂ ਦਾ ਸਰਵਪ੍ਰਵਾਨਿਤ ਲੀਡਰ ਬਣਨਾ ਤਾਂ ਬਹੁਤ ਦੂਰ ਦੀ ਗੱਲ ਹੈ। ਸਰਵਪ੍ਰਵਾਨਿਤ ਲੀਡਰ ਬਿਨਾ ਕੁਝ ਪ੍ਰਾਪਤ ਕਰਨ ਨਹੀਂ ਕੀਤਾ ਜਾ ਸਕਦਾ। ਸਰਕਾਰ ਜ਼ੋਰਾਂ ਤੋਂ ਡਰਦੀ ਹੈ, ਕਮਜ਼ੋਰਾਂ ਤੋਂ ਨਹੀਂ।

ਇਹ ਲਿਖਣ ਲੱਗਿਆਂ ਮੈਨੂੰ ਉਹ ਗੱਲ ਯਾਦ ਆ ਗਈ, ਜਦੋਂ ਮੈਂ ਅਤੇ ਕੁਝ ਹੋਰ ਪੱਤਰਕਾਰ ਸੀ.ਆਈ.ਡੀ. ਦੇ ਦਫ਼ਤਰ ਵਿਚ ਬੈਠੇ ਹੋਏ ਸਾਂ ਤਾਂ ਸਾਨੂੰ ਐਸ.ਪੀ. ਨੇ ਕਿਹਾ ਸੀ ਕਿ ਦੱਸੋ ਰਾਗੀ ਰਾਮ ਸਿੰਘ ਕੀ ਸ਼ੈਅ ਹੈ। ਅਸੀਂ ਕਿਹਾ, ''ਤੁਹਾਨੂੰ ਸਾਡੇ ਨਾਲੋਂ ਵਧ ਪਤਾ ਹੈ।'' ਉਹ ਕਹਿਣ ਲੱਗਾ, ''ਅਸੀਂ ਤਾਂ ਉਸ ਦੀ ਡਿਊਟੀ ਲਾਈ ਹੋਈ ਹੈ ਕਿ ਸ. ਮਾਨ ਨੂੰ ਨਾ ਅੱਗੇ ਜਾਣ ਦੇਣਾ ਹੈ, ਨਾ ਪਿੱਛੇ ਆਉਣ ਦੇਣਾ ਹੈ। ਸੋ ਭਾਈ ਸਾਹਿਬ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ। ਇਸ ਲਈ ਆਸ ਨਾ ਰੱਖੋ ਕਿ ਸ. ਮਾਨ ਕਦੇ ਸਰਵ ਪ੍ਰਵਾਨਿਤ ਲੀਡਰ ਬਣ ਜਾਵੇਗਾ। ਭਾਈ ਰਾਮ ਸਿੰਘ ਨੇ ਆਪਣੇ ਘੇਰੇ ਵਿਚੋਂ ਉਸਨੂੰ ਨਿਕਲਣ ਹੀ ਨਹੀਂ ਦੇਣਾ। ਤੇ ਉਹ ਵੀ ਭਾਈ ਸਾਹਿਬ ਤੋਂ ਇਲਾਵਾ ਕਿਸੇ 'ਤੇ ਭਰੋਸਾ ਹੀ ਨਹੀਂ ਕਰਦਾ।'' ਇਹ ਗੱਲ 100 ਫੀਸਦੀ ਸੱਚ ਹੋ ਨਿੱਬੜੀ ਹੈ। ਪਤਾ ਨਹੀਂ ਭਾਈ ਰਾਮ ਸਿੰਘ ਕੋਲ ਕਿਹੜੀ ਗਿੱਦੜਸਿੰਗੀ ਹੈ, ਜੋ ਉਸ ਤੋਂ ਬਿਨਾ ਮਾਨ ਹੋਰ ਕਿਸੇ ਨੂੰ ਲਾਗੇ ਲੱਗਣ ਹੀ ਨਹੀਂ ਦਿੰਦਾ। ਜੋ ਉਸਨੂੰ ਛੱਡਦਾ ਹੈ, ਉਸ ਵਿਰੁਧ ਸਰਕਾਰੀ ਹੋਣ ਦਾ ਫ਼ਤਵਾ ਦੇ ਦਿੰਦਾ ਹੈ।

ਬਾਬਾ ਜੋਗਿੰਦਰ ਸਿੰਘ ਦੀ ਹਉਮੈ ਅਤੇ ਲਾਲਚ, ਭਾਈ ਜਸਬੀਰ ਸਿੰਘ ਦੀ ਸਰਕਾਰ ਨਿਵਾਜ਼ੀ, ਭਾਈ ਮਨਜੀਤ ਸਿੰਘ ਨੂੰ ਮਾਇਆ ਦਾ ਜਾਲ, ਸ. ਸਿਮਰਨਜੀਤ ਸਿੰਘ ਮਾਨ ਦਾ ਸਿਆਸਤ ਤੋਂ ਕੋਰਾਪਨ ਬਾਦਲ ਰੂਪੀ ਅਮਰਵੇਲ ਲਈ ਜ਼ਿੰਮੇਵਾਰ ਹੈ, ਜੋ ਅਕਾਲੀ ਦਲ ਦੇ ਅੰਤ ਦਾ ਕਾਰਨ ਬਣ ਗਿਆ ਹੈ। ਸਿੱਖਾਂ ਨੇ ਤਾਂ ਇਸ ਅਮਰਵੇਲ ਨੂੰ ਅਕਾਲੀ ਦਲ ਰੂਪੀ ਬ੍ਰਿਛ ਤੋਂ ਲਾਹ ਦਿੱਤਾ ਸੀ, ਪਰ ਇਨ੍ਹਾਂ ਲੀਡਰਾਂ ਦੀ ਨਿੱਜਪ੍ਰਸਤੀ ਕਾਰਨ ਇਹ ਫਿਰ ਹਰੀ ਭਰੀ ਹੋ ਕੇ ਫਿਰ ਚਿੰਬੜ ਗਈ ਹੈ। ਕੁਦਰਤ ਹੀ ਇਸ ਅਮਰਵੇਲ ਤੋਂ ਛੁਟਕਾਰਾ ਦੁਆ ਸਕਦੀ ਹੈ।

# ਉਮਰ ਭਰ ਗਰੀਬੀ ਤੇ ਬਿਮਾਰੀ ਨਾਲ ਘੁਲਦਾ ਰਿਹਾ ਵਾਨ ਗਾਗ

***ਵਿਨਸੈਂਟ ਵਾਨ ਗਾਗ 19ਵੀਂ ਸਦੀ ਦਾ ਇਕ ਮਹਾਨ ਚਿਤਰਕਾਰ ਹੋਇਆ ਹੈ ਜੋ ਆਪਣੀ ਸਾਰੀ ਉਮਰ ਗਰੀਬੀ ਨਾਲ ਘੁਲਦਾ ਰਿਹਾ। ਛੇਕੜਲੀ ਉਮਰੇ ਬਿਮਾਰੀ ਦੇ ਦੌਰਿਆਂ ਨੇ ਵੀ ਉਸ ਤੋਂ ਪੂਰੇ ਬਦਲੇ ਲਏ। ਉਸ ਦੇ ਜਿਉਂਦਿਆਂ ਉਸ ਦੀਆਂ ਕਲਾ ਕ੍ਰਿਤਾਂ ਦਾ ਕਿਸੇ ਨੇ ਮੁੱਲ ਨਾ ਪਾਇਆ। ਜਿਵੇਂ ਕਹਿੰਦੇ ਹਨ ਮੜੀਆਂ ਦੀ ਪੂਜਾ ਹੁੰਦੀ ਹੈ ਉਵੇਂ ਹੀ ਵਾਨ ਗਾਗ ਦੇ ਚਿਤਰਾਂ ਦਾ ਮੁੱਲ ਉਸ ਦੀ ਮੌਤ ਤੋਂ ਬਾਅਦ ਪਿਆ। ਉਸ ਦੇ ਇਕ ਚਿਤਰ ਬਾਰੇ ਕਿਹਾ ਜਾਂਦਾ ਹੈ ਕਿ ਇਹ ਉਸ ਨੇ ਘੋਰ ਗਰੀਬੀ ਦੇ ਦੌਰ ਵਿਚ ਬਣਾਇਆ ਸੀ। ਪੈਸੇ ਨਾ ਹੋਣ ਕਾਰਨ ਉਸ ਨੇ ਬਾਜ਼ਾਰ ਵਿਚੋਂ ਹਲਕੀ ਕੁਆਲਿਟੀ ਦੇ ਸਸਤੇ ਰੰਗ ਖਰੀਦ ਲਏ ਜੋ ਬਾਅਦ ਵਿਚ ਚਿਤਰ ਬਣਾਉਣ ਪਿਛੋਂ ਵਿਗੜ ਗਏ, ਪਰ ਉਸ ਦੇ ਇਸ ਚਿਤਰ ਦਾ ਮੁੱਲ ਉਸ ਦੇ ਬਾਕੀ ਕਈ ਚਿਤਰਾਂ ਤੋਂ ਵਧ ਪਾਇਆ ਜਾਂਦਾ ਹੈ। ਮਹਾਨ ਲੇਖਕ ਇਰਵਿੰਗ ਸਟੋਨ ਨੇ ਵਾਨ ਗਾਗ ਦੇ ਜੀਵਨ ਨੂੰ ਇਕ ਨਾਵਲ 'ਲਸਟ ਫਾਰ ਲਾਈਫ' ਵਿਚ ਚਿਤਰਿਆ ਹੈ। ਇਸ ਲੇਖ ਵਿਚ ਹਰਭਜਨ ਹੁੰਦਲ ਨੇ ਵਾਨ ਗਾਗ ਦੇ ਜ਼ਿੰਦਗੀ ਨਾਲ ਸੰਘਰਸ਼ ਉਤੇ ਚਾਨਣਾ ਪਾਇਆ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪੈਰਿਸ ਰਹਿੰਦਿਆਂ, ਉਸ ਵੇਲੇ, ਜਾਪਾਨੀ ਚਿੱਤਰਕਾਰੀ ਦੇ ਕਲਾਸੀਕਲ ਨਮੂਨੇ ਯੂਰਪ ਵਿਚ ਪਹੁੰਚਣ ਲੱਗ ਪਏ ਸਨ ਤੇ ਇਸ ਦਾ ਨਵੇਂ ਕਲਾਕਾਰਾਂ ਉਤੇ ਤੇਜ਼ੀ ਨਾਲ ਪ੍ਰਭਾਵ ਪੈ ਰਿਹਾ ਸੀ। ਏਸੇ ਜਾਪਾਨੀ ਕਲਾ ਦੇ ਪ੍ਰਭਾਵ ਸਦਕਾ ਉਹ ਫਰਾਂਸ ਦੇ ਦੱਖਣ ਵਿਚ ਕਿਸੇ ਥਾਂ ਉਤੇ ਰਿਹਾਇਸ਼ ਕਰਨੀ ਚਾਹੁੰਦਾ ਸੀ। ਉਸਨੇ ਮਾਰ ਸੀਲਸ ਦੇ ਲਾਗਲੇ ਇਕ ਪ੍ਰਾਂਤਕ ਸ਼ਹਿਰ ਆਰਲੀਸ ਦੀ ਚੋਣ ਕੀਤੀ। ਉਹ ਰੇਲ-ਗੱਡੀ ਰਾਹੀਂ 1888 ਵਿਚ ਉਥੇ ਪਹੁੰਚ ਗਿਆ। ਬਸੰਤ ਰੁੱਤ ਆਉਣ ਉਤੇ ਉਸ ਦੋ ਮੰਜ਼ਲਾ ਮਕਾਨ ਕਰਾਏ ਉਤੇ ਲੈ ਲਿਆ। ਇਸ ਇਮਾਰਤ ਦਾ ਰੰਗ ਪੀਲਾ ਸੀ। ਆਉਂਦਿਆਂ ਹੀ ਉਹ ਬੜੇ ਜੋਸ਼ ਨਾਲ ਆਪਣੇ ਚਿੱਤਰਕਾਰੀ ਦੇ ਕੰਮ ਵਿਚ ਜੁੱਟ ਗਿਆ। ਸ਼ਾਇਦ ਏਸੇ ਹੀ ਰਉਂ ਨੂੰ ਪ੍ਰਗਟ ਕਰਦਿਆਂ ਉਸ ਨੇ ਲਿਖਿਆ ਸੀ, "ਮੇਰੇ ਮਨ ਵਿਚ ਨਵੇਂ ਖਿਆਲ ਝੁੰਡਾਂ ਵਿਚ ਆ ਰਹੇ ਹਨ।" ਨਵੀਂ ਥਾਂ ਦੇ ਪੁਰਾਣੇ ਵਸਨੀਕਾਂ ਨੂੰ ਉਸ ਦੀ ਸ਼ਕਲ ਸੂਰਤ ਤੇ ਵਿਹਾਰ ਬੜਾ ਅਜੀਬ ਤੇ ਵਿਕੋਲਿਤਰਾ ਪ੍ਰਤੀਤ ਹੋ ਰਿਹਾ ਸੀ। ਫੇਰ ਵੀ ਸਥਾਨਕ ਇਕ ਡਾਕੀਏ, ਇਕ ਕੈਫੇ ਦੇ ਮਾਲਕ ਅਤੇ ਇਕ ਸੈਨਿਕ ਲਫਟੈਣ ਨਾਲ ਉਸ ਨੇ ਮਿੱਤਰਤਾ ਗੰਢ ਲਈ। ਏਸੇ ਹੀ ਡਾਕੀਏ ਜੋਸਿਫ਼ ਰਾਉਲਿਨ ਦਾ ਉਸ ਨੇ ਇਕ ਪੋਰਟਰੇਟ

**ਹਰਭਜਨ ਸਿੰਘ ਹੁੰਦਲ**

ਬਣਾਇਆ, ਜੋ ਵਾਨ ਗਾਗ ਦੇ ਚੋਣਵੇਂ ਚਿੱਤਰਾਂ ਵਿਚ ਗਿਣਿਆ ਜਾਂਦਾ ਹੈ।

ਵਾਨ-ਗਾਗ ਏਥੇ ਆ ਕੇ ਆਪਣੀ ਸਿਰਜਣਾਤਮਕ ਸ਼ਕਤੀ ਨੂੰ ਸ਼ਾਕਾਰ ਸਿਰਜਣ ਲਈ ਰਾਤ-ਦਿਨ ਵਰਤਣ ਲਈ ਜੁੱਟ ਗਿਆ ਸੀ। ਰਿਹਾਇਸ਼ ਤੇ ਰੋਟੀ-ਕੱਪੜੇ ਦੇ ਖਰਚੇ ਦੇ ਨਾਲ ਪੇਂਟਿੰਗ ਲਈ ਲੋੜੀਂਦੀ ਸਮੱਗਰੀ, ਅਰਥਾਤ ਰੰਗ, ਕੈਨਵਸ ਤੇ ਬੁਰਸ਼ਾਂ ਦਾ ਖਰਚਾ ਕਿੱਥੋਂ ਆਵੇ? ਪਰ ਇਹ ਸਾਰਾ ਕੁਝ ਉਸ ਦਾ ਛੋਟਾ ਭਰਾ ਪੈਰਿਸ ਤੋਂ ਲਗਾਤਾਰ ਭੇਜਦਾ ਰਹਿੰਦਾ ਸੀ। ਏਥੇ ਰਹਿੰਦਿਆਂ ਉਸ ਦੇ ਮਨ ਵਿਚ ਇਹ ਖਿਆਲ ਫੁਰਿਆ ਕਿ ਏਥੇ ਚਿੱਤਰਕਾਰਾਂ ਦੀ ਕੋਈ ਬਸਤੀ ਵਸਾਈ ਜਾਵੇ। ਇਹ ਖਿਆਲ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪ੍ਰੀਤ-ਨਗਰ ਵਸਾਉਣ ਵਰਗਾ ਸੀ। ਉਸ ਨੇ ਆਪਣੇ ਸਮਕਾਲੀ ਤੇ ਨੇੜੂ ਚਿੱਤਰਕਾਰ ਪਾਲ ਗੋਗਾ (1848-1903, Paul Gauguin) ਉਤੇ ਜ਼ੋਰ ਪਾਇਆ ਕਿ ਉਹ ਉਸ ਨਾਲ ਇਸ ਕਾਰਜ ਲਈ ਮਿਲਵਰਤਣ ਦੇਵੇ। ਪਰ ਗੋਗਾ ਦਾ ਮਨ ਇੰਜ ਕਰਨ ਲਈ ਤਿਆਰ ਨਾ ਹੋਇਆ।

ਭਰਾ ਥੀਓ ਰਾਹੀ ਜ਼ੋਰ ਪਵਾ ਕੇ, ਤੇ ਆਉਣ ਦਾ ਕਿਰਾਇਆ ਦੇ ਕੇ ਗੋਗਾ ਨੂੰ ਆਉਣ ਲਈ ਮਜਬੂਰ ਕੀਤਾ। ਦੋਵੇਂ ਇਕੱਠੇ ਕੰਮ ਕਰਕੇ ਖੁਸ਼ ਸਨ। ਵਾਨ-ਗਾਗ ਦਾ ਖਿਆਲ ਸੀ ਕਿ ਕਲਾ ਰਾਹੀਂ ਸੁੰਦਰਤਾ ਦੀ ਸਿਰਜਣਾ ਲਈ ਕਲਾਕਾਰਾਂ ਦੇ ਇਕ ਵੱਡੇ ਜੁੱਟ ਦੇ ਨਾਲ ਰਲ ਕੇ ਕੰਮ ਕਰਨਾ ਜ਼ਰੂਰੀ ਸੀ। ਉਸ ਨੇ ਆਪਣੇ ਇਕ ਖਤ ਵਿਚ ਜੂਨ 1888 ਵਿਚ ਥੀਓ ਨੂੰ ਲਿਖਿਆ:

"ਮੈਨੂੰ ਹੋਰ ਵਧੇਰੇ ਇਹ ਪ੍ਰਤੀਤ ਹੋ ਰਿਹਾ ਹੈ ਕਿ ਅਜਿਹੀਆਂ ਤਸਵੀਰਾਂ ਬਣਾਈਆਂ ਜਾਣ ਤਾਂ ਕਿ ਚਿੱਤਰਕਲਾ ਇਸ ਉਚਾਈ ਤੀਕਰ ਪਹੁੰਚ ਜਾਵੇ, ਜਿਸ ਬੁਲੰਦੀ ਉਤੇ ਯੂਨਾਨ ਦੇ ਬੁੱਤ-ਘਾੜੇ, ਜਰਮਨੀ ਦੇ ਸੰਗੀਤਕਾਰ, ਤੇ ਫਰਾਂਸ ਦੇ ਨਾਵਲਕਾਰ ਪਹੁੰਚ ਚੁੱਕੇ ਹਨ। ਇਹ ਮਹਾਨ ਕਾਰਜ ਕਿਸੇ ਇਕੱਲੇ ਕਾਰੇ ਵਿਅਕਤੀ ਦਾ ਕੰਮ ਨਹੀਂ ਹੈ। ਇਹ ਕਾਰਜ ਇਕ ਸਾਂਝੇ ਉਦੇਸ਼ ਦੀ ਪੂਰਤੀ ਹਿੱਤ ਆਦਮੀਆਂ ਦੇ ਗਰੁੱਪ ਵਲੋਂ ਹੀ ਸਿਰੇ ਚਾੜ੍ਹਨਾ ਸੰਭਵ ਹੈ।" (The Art of Painting page 278)

ਐਪਰ ਵਾਨ-ਗਾਗ ਦੇ ਇਸ ਸੁਪਨੇ ਦੀ ਪੂਰਤੀ ਵਿਚ ਛੇਤੀ ਹੀ ਅੜਚਣਾਂ ਪੈਣ ਲੱਗ ਪਈਆਂ। ਦੋ ਮਹੀਨੇ ਵਿਚ ਦੋਵੇਂ ਇਕ ਦੂਜੇ ਨਾਲ ਖਹਿਬੜਨ ਲੱਗ ਪਏ। ਜਿੱਥੇ ਗੋਗਾ ਸਨਕੀ ਤੇ ਅੱਖੜ ਸੀ, ਉਥੇ ਵਾਨ-ਗਾਗ ਜਜ਼ਬਾਤੀ ਤੇ ਜ਼ਿੱਦੀ ਸੀ। ਇਕ ਦਿਨ ਵਾਨ ਗਾਗ ਨੇ ਗੁੱਸੇ ਵਿਚ ਆ ਕੇ ਗੋਗਾ ਉੱਤੇ ਮਹੂਏ ਦੀ ਸ਼ਰਾਬ ਦਾ ਗਲਾਸ ਰੋੜ ਦਿੱਤਾ ਤੇ ਅਗਲੇ ਤੋਂ ਅਗਲੇਰੇ ਦਿਨ ਉਸਤਰਾ ਲੈ ਕੇ ਉਸ ਨੂੰ ਮਾਰਨ ਦੀ ਧਮਕੀ ਦਿੱਤੀ। ਡਰਦੇ ਮਾਰੇ ਗੋਗਾ ਨੇ ਲਾਗਲੇ ਇਕ ਹੋਟਲ ਵਿਚ ਸ਼ਰਨ ਲਈ। ਪਰ ਉਸੇ ਰਾਤ ਵਾਨ ਗਾਗ ਨੇ ਆਪਣਾ ਕੰਨ ਕੱਟ ਸੁੱਟਿਆ ਤੇ ਇਸ ਨੂੰ ਇਕ ਲਿਫ਼ਾਫ਼ੇ ਵਿਚ ਪਾ ਕੇ ਇਕ ਵੇਸਵਾ ਨੂੰ ਭੇਜ ਦਿੱਤਾ। ਡਰਿਆ ਹੋਇਆ ਗੋਗਾ ਪਹਿਲੀ ਗੱਡੀ ਚੜ੍ਹ ਵਾਪਸ ਪੈਰਿਸ ਪਹੁੰਚ ਗਿਆ ਤੇ ਕਲਾਕਾਰਾਂ ਦੀ ਬਸਤੀ ਵਸਾਉਣ ਦਾ ਵਾਨ-ਗਾਗ ਦਾ ਸੁਪਨਾ ਚੀਨਾ ਚੀਨਾ ਹੋ ਗਿਆ।

ਅਸਲ ਵਿਚ ਇਹ ਘਟਨਾ ਵਾਨ-ਗਾਗ ਦੇ ਪਾਗਲਪਨ ਦੇ ਸ਼ੁਰੂ ਹੋਣ ਦਾ ਸੰਕੇਤ ਸੀ। ਲਹੂ ਵਗਣ ਕਾਰਨ ਵਾਨ-ਗਾਗ ਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ। ਉਥੇ ਉਸ ਦੇ ਰੋਗ ਦੀ ਕੋਈ ਡੂੰਘੀ ਸ਼ਨਾਖਤ ਨਹੀਂ ਕੀਤੀ ਗਈ। ਸਿਰਫ ਠੰਢੇ ਪਾਣੀ ਦਾ ਇਸ਼ਨਾਨ ਹੀ ਕਰਵਾਇਆ ਜਾਂਦਾ ਸੀ, ਦੋ ਹਫਤੇ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ। ਹਸਪਤਾਲੋਂ ਆਉਣ ਪਿੱਛੋਂ ਉਹ ਫਿਰ ਤਸਵੀਰਾਂ ਬਣਾਉਣ ਵਿਚ ਤਨੋਂ ਮਨੋਂ ਜੁੱਟ ਗਿਆ। ਪਰ ਉਸ ਨੂੰ ਦੋਬਾਰਾ ਹਸਪਤਾਲ ਜਾਣਾ ਪਿਆ। ਉਸ ਦੇ ਪਾਗਲਪਨ ਦੀ ਖ਼ਬਰ ਸਾਰੇ ਸ਼ਹਿਰ ਵਿਚ ਫੈਲ ਗਈ। ਸ਼ਹਿਰ ਦੇ ਲੋਕਾਂ ਨੇ ਇਕੱਠੇ ਹੋ ਕੇ ਉਸ ਵਿਰੁਧ ਦਰਖ਼ਾਸਤ ਦਿੱਤੀ। ਉਹ ਹੁਣ ਬਿਨਾ ਯਾਰਾਂ ਤੇ ਹਮਦਰਦਾਂ ਤੋਂ ਬੀਮਾਰੀ ਦਾ ਸੰਤਾਪ ਝੱਲ ਰਿਹਾ ਸੀ। ਖ਼ੁਦ ਵਾਨ-ਗਾਗ ਪਾਗਲਪਨ ਦੇ ਦੁਬਾਰਾ ਦੌਰੇ ਪੈਣ ਤੋਂ ਡਰਨ ਲੱਗਾ। ਹੌਲੀ ਹੌਲੀ ਉਹ ਪੇਂਟਿੰਗ ਦਾ ਕੰਮ ਕਰਦਾ ਵੀ ਘਬਰਾਇਆ ਰਹਿੰਦਾ। ਇਸ ਬੀਮਾਰੀ ਦੇ ਸਮੇਂ ਵੀ ਉਸ ਨੇ ਤਿੰਨ ਸੌ ਦੇ ਕਰੀਬ ਚਿੱਤਰ ਬਣਾਏ।

1890 ਦੀ ਬਸੰਤ ਰੁੱਤੇ ਉਸ ਦੇ ਭਰਾ ਥੀਓ ਨੇ ਖ਼ਬਰ ਭੇਜੀ ਕਿ ਉਸ ਦਾ ਇਕ ਚਿੱਤਰ, ਬਰਸੱਲਜ਼ ਦੀ ਇਕ ਨੁਮਾਇਸ਼ ਵਿਚ 400 ਫਰਾਂਕ ਦਾ ਵਿੱਕਿਆ ਹੈ। ਇਹ ਉਸ ਦਾ ਪਹਿਲਾ ਤੇ ਆਖ਼ਰੀ ਚਿੱਤਰ ਸੀ, ਜੋ ਉਸਦੇ ਜੀਉਂਦੇ ਜੀ ਵਿਕਿਆ ਸੀ। ਚਿੱਤਰ ਨਾ ਵਿਕਣ ਬਾਰੇ ਉਸ ਦੀ ਟਿੱਪਣੀ ਵੇਖਣ ਵਿਚਾਰਨ ਯੋਗ ਹੈ:

"ਕਈ ਛਿਣਾਂ ਵਿਚ ਮੈਨੂੰ ਭਿਆਨਕ ਸਪੱਸ਼ਟਤਾ ਹੁੰਦੀ ਹੈ, ਜਦੋਂ ਕੁਦਰਤ ਏਨੀ ਸੁੰਦਰ ਹੁੰਦੀ ਹੈ। ਮੈਂ ਉਸ ਸਮੇਂ ਸੁਚੇਤ ਨਹੀਂ ਹੁੰਦਾ ਤੇ ਤਸਵੀਰਾਂ ਮੈਨੂੰ ਇੰਝ ਸੁਝਦੀਆਂ ਹਨ, ਜਿਵੇਂ ਸੁਪਨੇ ਵਿਚ ਜੇ ਮੇਰੀਆਂ ਤਸਵੀਰਾਂ ਨਹੀਂ ਵਿਕਦੀਆਂ ਤਾਂ ਮੈਂ ਕੀ ਕਰਾਂ? ਸਮਾਂ ਆਵੇਗਾ, ਜਦੋਂ ਲੋਕ ਵੇਖਣਗੇ ਕਿ ਇਹ ਪੇਂਟ ਦੀ ਕੀਮਤ ਨਾਲੋਂ ਕਿਤੇ ਵਧ ਕੀਮਤੀ ਹੋਣਗੀਆਂ।"

ਹੁਣ ਹੋਰ ਵਧੇਰੇ ਸਮੇਂ ਲਈ ਆਰਲੀਸ (Arles) ਦੱਖਣ ਵਿਚ, ਬੀਮਾਰ ਅਵਸਥਾ ਵਿਚ ਇਕੱਲੇ-ਕਾਰੇ ਰਹਿਣਾ ਖ਼ਤਰਨਾਕ ਸੀ। ਵਾਨ-ਗਾਗ ਦੇ ਪੁਰਾਣੇ ਮਿੱਤਰ ਕਾਮੀਲੀ ਪੀਸਾਰ ਦੀ ਰਾਏ ਸੀ ਕਿ ਉਹ ਅਵਰਸ ਵਿਚ ਆ ਜਾਵੇ। ਇਹ ਪੈਰਿਸ ਦੇ ਉੱਤਰ-ਪੂਰਬ ਵਿਚ ਇਕ ਪਿੰਡ ਸੀ, ਜੋ ਕਲਾਕਾਰਾਂ ਨੂੰ ਬਹੁਤ ਪਸੰਦ ਹੁੰਦਾ ਸੀ। ਵਾਨ ਗਾਗ ਕੁਝ ਦਿਨ ਛੋਟੇ ਭਰਾ ਦੇ ਘਰ ਠਹਿਰਿਆ। ਭਰਾ ਹੁਣ ਵਿਆਹਿਆ ਗਿਆ ਸੀ ਤੇ ਉਸ ਨੂੰ ਇਕ ਡਾਕਟਰ ਗਾਚਿੱਟ ਦੀ ਨਿਗਰਾਨੀ ਹੇਠ ਰੱਖਿਆ ਗਿਆ।

ਵਾਨ ਗਾਗ ਬੜੇ ਜ਼ੋਰ-ਸ਼ੋਰ ਨਾਲ ਪੇਂਟਿੰਗ ਕਰਨ ਲੱਗਾ। ਉਹ ਵੇਖਣ ਨੂੰ ਹੁਣ ਠੀਕ ਲੱਗਦਾ ਸੀ ਤੇ ਚੜ੍ਹਦੀ ਕਲਾ ਵਿਚ ਪ੍ਰਤੀਤ ਹੁੰਦਾ ਸੀ। ਪਰ ਉਹ ਠੀਕ ਨਹੀਂ ਸੀ। ਉਸ ਨੇ ਇਕ ਕੈਫੇ ਵਿਚ ਨਿੱਕਾ ਕਮਰਾ ਕਰਾਏ ਉਤੇ ਲੈ ਲਿਆ ਤੇ ਬਾਕਾਇਦਗੀ ਨਾਲ ਰਹਿਣ ਲੱਗਾ। ਇਸ ਹਾਲਤ ਵਿਚ ਜੁਲਾਈ 1890 ਵਿਚ ਉਹ ਭਰਾ ਨੂੰ ਮਿਲਣ ਪੈਰਿਸ ਗਿਆ। ਭਰਾ ਦੀ ਹਾਲਤ ਵੀ ਹੁਣ ਪੈਸੇ ਪੱਖੋਂ ਡਾਵਾਂਡੋਲ ਸੀ। ਉਸ ਦੇ ਪਰਿਵਾਰ ਦਾ ਖਰਚਾ ਤੇ ਨਾਲ ਵਾਨ-ਗਾਗ ਦੀ ਸਹਾਇਤਾ। ਵਾਨ-ਗਾਗ ਨੇ ਇਹ ਸਾਰਾ ਕੁਝ ਵੇਖਿਆ ਤੇ ਡੂੰਘੀ ਤਰ੍ਹਾਂ ਅਨੁਭਵ ਕੀਤਾ। ਉਸ ਦਾ ਅੰਦਰ-ਬਾਹਰ ਧੁਰ ਤੀਕ ਹਿੱਲ ਗਿਆ।

ਜੁਲਾਈ 27 ਨੂੰ ਪਿੰਡੋਂ ਬਾਹਰ ਨਿਕਲ ਉਹ ਘੁੰਮਣ-ਫਿਰਨ ਲਈ ਗਿਆ ਤੇ ਡੀਪਰੈਸ਼ਨ ਦਾ ਸ਼ਿਕਾਰ ਹੋ ਗਿਆ। ਉਸ ਨੇ ਬਾਹਰ ਆਪਣੇ ਆਪ ਨੂੰ ਪਿਸਤੌਲ ਦੀ ਗੋਲੀ ਮਾਰ ਲਈ। ਗੋਲੀ ਪੇਟ ਵਿਚ ਲੱਗੀ ਤੇ ਉਹ ਬਾਹਰੋਂ ਆ ਕੇ ਆਪਣੇ ਕਮਰੇ ਵਿਚ ਪਿਆ ਰਿਹਾ ਤੇ ਪਾਈਪ ਪੀਂਦਾ ਰਿਹਾ। ਹੋਟਲ ਵਾਲਿਆਂ ਉਸ ਦੇ ਭਰਾ ਥੀਓ ਨੂੰ ਇਤਲਾਹ ਦਿੱਤੀ। ਭਰਾ ਆਇਆ ਤੇ ਡਾਕਟਰ ਨੂੰ ਵੀ ਬੁਲਾਇਆ ਗਿਆ। ਉਸ ਦੇ ਮਿੱਤਰ-ਯਾਰ ਵੀ ਆਏ। ਅਖੀਰ ਰਾਤ ਦੇ ਇਕ ਵਜੇ ਉਸ ਦਾ ਜੀਵਨ ਪੰਧ ਖਤਮ ਹੋ ਗਿਆ।

ਮਰਨ ਸਮੇਂ ਉਸ ਦੀ ਉਮਰ 37 ਸਾਲ ਦੀ ਸੀ। ਕਿਸੇ ਨੂੰ ਕੀ ਪਤਾ ਸੀ ਕਿ ਇਹ ਪਾਗਲ ਚਿੱਤਰਕਾਰ, ਕੁਝ ਸਾਲਾਂ ਬਾਅਦ ਦੁਨੀਆਂ ਦੇ ਚੋਟੀ ਦੇ ਚਿੱਤਰਕਾਰਾਂ ਵਿਚ ਗਿਣਿਆ ਜਾਵੇਗਾ ਤੇ ਉਸ ਦੀ ਇਕ ਤਸਵੀਰ ਲੱਖਾਂ ਦੀ ਵਿਕਿਆ ਕਰੇਗੀ।

ਵਾਨ-ਗਾਗ ਦੇ ਜੀਵਨ ਹਾਲਾਤ ਦੇ ਇਸ ਸੰਖੇਪ ਖਾਕੇ ਤੋਂ ਬਾਅਦ ਪਾਠਕ ਦੇ ਮਨ ਵਿਚ ਇਕ ਪ੍ਰਸ਼ਨ ਕੁਦਰਤੀ ਉੱਠਦਾ ਹੈ ਕਿ ਆਖਿਰ ਜੀਵਨ ਦੀਆਂ ਏਨੀਆਂ ਭਿਆਨਕ ਸਥਿਤੀਆਂ ਵਿਚੋਂ ਦੀ ਗੁਜ਼ਰਦਿਆਂ ਉਹ ਕਿਵੇਂ ਆਪਣੇ ਬੁਰਸ਼ ਤੇ ਰੰਗਾਂ ਨਾਲ ਏਨੀ ਬਹੁ-ਰੰਗੀ ਸੁੰਦਰਤਾ ਦੀ ਸਿਰਜਣਾ ਕਰ ਸਕਿਆ? ਉਸ ਦੇ ਨਿਸ਼ਾਨੇ ਉੱਚੇ ਤੇ ਸੁੱਚੇ ਸਨ, ਪਰ ਸਮਕਾਲੀ ਪ੍ਰਸਥਿਤੀਆਂ ਦੀ ਭਿਆਨਕਤਾ ਨੇ ਉਸ ਨੂੰ ਪੈਰ ਪੈਰ ਉਤੇ ਰੋਲ ਸੁੱਟਿਆ ਸੀ। ਉਹ ਇਕ ਥਾਂ ਲਿਖਦਾ ਹੈ ਕਿ "ਲੋਕਾਂ ਨੂੰ ਪਿਆਰ ਕਰਨ ਨਾਲੋਂ ਹੋਰ ਕੋਈ ਵੀ ਕੰਮ ਵਧੇਰੇ ਕਲਾਤਮਿਕ ਨਹੀਂ ਹੈ।"



ਵਾਨ ਗਾਗ

ਵਾਨ-ਗਾਗ ਨੇ ਆਪਣੇ ਸਮੁੱਚੇ ਸੰਖੇਪ ਜੀਵਨ ਵਿਚ 800 ਦੇ ਕਰੀਬ ਪੇਂਟਿੰਗਾਂ ਬਣਾਈਆਂ ਸਨ, ਜੋ ਅੱਜ ਯੂਰਪ, ਰੂਸ ਤੇ ਉੱਤਰੀ ਅਮਰੀਕਾ ਦੀਆਂ ਅਨੇਕਾਂ ਆਰਟ ਗੈਲਰੀਆਂ ਵਿਚ ਖਿੰਡੀਆਂ ਤੇ ਸੰਭਾਲੀਆਂ ਪਈਆਂ ਹਨ। ਜਦੋਂ ਵੀ ਕਿਤੇ ਕਿਸੇ ਖਾਨਦਾਨ ਕੋਲ ਵਾਨ ਗਾਗ ਦੀ ਕੋਈ ਸੰਭਾਲੀ ਹੋਈ ਤਸਵੀਰ ਨੀਲਾਮ ਹੋਣ ਲਗਦੀ ਹੈ ਤਾਂ ਉਸ ਦੀ ਬੋਲੀ ਲੱਖਾਂ ਡਾਲਰਾਂ ਤੀਕ ਚਲੇ ਜਾਂਦੀ ਹੈ। ਇਹ ਪੂੰਜੀਵਾਦੀ ਆਰਥਿਕ ਪ੍ਰਬੰਧ ਦੀ ਕੈਸੀ ਵਿਡੰਬਨਾ ਹੈ ਕਿ ਤਸਵੀਰਾਂ ਬਣਾਉਣ ਵਾਲੇ ਕਲਾਕਾਰ ਵਾਨ-ਗਾਗ ਨੂੰ ਆਪਣੇ ਸੰਖੇਪ ਜਿਹੇ ਜੀਵਨ ਕਾਲ ਵਿਚ ਨਾ ਹੀ ਰੱਜਵਾਂ ਪਿਆਰ ਤੇ ਸਤਿਕਾਰ ਮਿਲਿਆ ਸੀ ਅਤੇ ਨਾ ਰੱਜਵੀਂ ਰੋਟੀ ਤੇ ਸੁਖਾਵਾਂ ਨਿੱਜੀ ਘਰ। ਅੱਜ ਉਸ ਦੇ ਨਾਂ ਨਾਲ ਸਬੰਧਤ ਨਿੱਕੀ ਤੋਂ ਨਿਗੂਣੀ ਹਰ ਚੀਜ਼ ਤੇ ਥਾਂ ਨੂੰ ਲੱਖਾਂ ਰੁਪਏ ਖਰਚ ਕੇ ਸਾਂਭਿਆ ਜਾ ਰਿਹਾ ਹੈ।

ਆਪਣੇ ਸਿਰਜਣ-ਕਾਲ ਦੇ ਸਿਖਾਂਦਰੂ ਪੜਾਅ ਉਤੇ ਵਾਨ-ਗਾਗ ਨੇ ਆਪਣੇ ਇਲਾਕੇ ਦੇ ਕਿਸਾਨਾਂ ਦੇ ਜੀਵਨ ਤੋਂ ਪ੍ਰੇਰਿਤ ਹੋ ਕੇ ਇਕ ਚਿੱਤਰ ਬਣਾਇਆ ਸੀ, ਜਿਸ ਦਾ ਨਾਂ ਸੀ, "ਆਲੂ ਖਾਣ ਵਾਲੇ" (The Patato Eaters) ਇਸ ਵਿਚ ਇਕ ਮੇਜ਼ ਦੁਆਲੇ ਇਕ ਕਿਸਾਨ ਪਰਿਵਾਰ ਦੇ ਮਰਦ ਤੇ ਔਰਤਾਂ ਪੰਜ ਜਣੇ ਬੈਠੇ ਹਨ। ਸੰਭਵ ਹੈ ਉਹ ਕਿਸੇ ਸਸਤੇ ਢਾਬੇ ਵਿਚ ਬੈਠੇ ਹੋਣ। ਉਹ ਹਾਲੈਂਡ ਦੇ ਗਰੀਬ ਤੇ ਮੁਸ਼ੱਕਤੀ ਕਿਸਾਨ ਪਰਿਵਾਰ ਦੇ ਹਨ। ਮੇਜ਼ ਦੇ ਸਿਰ ਉਤੇ ਇਕ ਬਲਬ ਲਟਕ ਰਿਹਾ ਹੈ, ਪਰ ਉਸ ਦਾ ਚਾਨਣ ਏਨਾ ਮੱਧਮ ਹੈ ਕਿ ਚਾਰੇ ਪਾਸੇ ਹਨੇਰਾ ਜਿਹਾ ਹੈ। ਉਹ ਮੇਜ਼ ਉਤੇ ਰੱਖੀ ਟਰੇਅ ਵਿਚ ਮਿੱਟੀ ਰੰਗੇ ਤੇ ਘਸਮੈਲੇ ਜਿਹੇ ਆਲੂ ਚੁੱਕ ਚੁੱਕ ਕੇ, ਛਿੱਲ ਕੇ ਖਾ ਰਹੇ ਹਨ। ਹੋਰ ਭਲਾ ਗਰੀਬ ਕਿਸਾਨਾਂ ਨੇ ਉਥੇ ਬੈਠ ਕਿਹੜਾ ਮੁਰਗੇ ਦੀਆਂ ਲੱਤਾਂ ਖਾਣੀਆਂ ਸਨ।

ਪੈਰਿਸ ਵਿਚਲੇ ਕਲਾ ਪ੍ਰਯੋਗਾਂ ਅਤੇ ਪ੍ਰਭਾਵਵਾਦੀ ਸ਼ੈਲੀ ਤੋਂ ਪ੍ਰਭਾਵਤ ਹੋਣ ਤੋਂ ਬਾਅਦ ਵੀ ਅਤੇ ਆਪਣੀ ਉਮਰ ਦੇ ਅੰਤਲੇ ਦੋ ਸਾਲਾਂ ਵਿਚ ਉਹ ਵਾਰ ਵਾਰ ਕਿਸਾਨਾਂ 'ਤੇ ਵਗਦੇ ਖੇਤਾਂ ਤੇ ਕਣਕ ਦੀਆਂ ਪੈਲੀਆਂ ਨੂੰ ਚਿਤਰਨ ਲਈ ਮੁੜਦਾ ਰਿਹਾ ਸੀ।

ਆਪਣੇ ਇਕ ਖ਼ਤ ਵਿਚ ਉਹ (ਜੁਲਾਈ 1885) ਲਿਖਦਾ ਹੈ; "ਕੰਮ ਕਰਦੇ ਇਕ ਕਿਸਾਨ ਦਾ ਚਿੱਤਰ ਬਣਾਉਣਾ ਮੈਂ ਦੁਹਰਾਉਂਦਾ ਹਾਂ ਕਿ, ਅੱਜ ਵੀ ਅਵੱਸ਼ ਹੀ ਜ਼ਰੂਰੀ ਤਸਵੀਰ ਹੈ। ਅਜੋਕੇ ਆਰਟ ਦੀ ਧੁਰੀ, ਜਿਹੜੀ ਨਾ, ਯੂਨਾਨੀਆਂ ਨੇ, ਨਾ ਨਵ-ਜਾਗ੍ਰਿਤੀ ਵਾਲਿਆਂ ਤੇ ਨਾ ਹੀ ਪੁਰਾਣੇ ਡੱਚ ਸਕੂਲ ਨੇ ਚਿਤਰੀ ਹੈ।"

ਆਖ਼ਰੀ ਦਿਨਾਂ ਵਿਚ ਉਹ ਹਰ ਰੋਜ਼ ਰੰਗ, ਕੈਨਵਸ ਤੇ ਆਪਣਾ ਸਟੈਂਡ ਆਦਿ ਸਮੱਗਰੀ ਲੈ, ਖੇਤਾਂ ਨੂੰ ਨਿਕਲ ਜਾਂਦਾ ਸੀ। ਖੇਤਾਂ, ਧਰਤ-ਦ੍ਰਿਸ਼ਾਂ ਅਤੇ ਕਿਸਾਨਾਂ ਨਾਲ ਸਬੰਧਤ ਉਸ ਦੇ ਕਈ ਚਿੱਤਰ ਜ਼ਿਕਰਯੋਗ ਹਨ। ਮਿਸਾਲ ਵਜੋਂ, 'ਕਣਕ ਦਾ ਖੇਤ ਅਤੇ ਸਾਈਪਰਸ ਦੇ ਰੁੱਖ', 'ਵਾਹੀ ਧਰਤੀ ਦਾ ਦ੍ਰਿਸ਼', 'ਕਣਕ ਦਾ ਖੇਤ', 'ਬੁੱਢਾ ਕਿਸਾਨ', 'ਵੱਟਾਂ ਵਾਲਾ ਖੇਤ', 'ਕਿਸਾਨ ਕੁੜੀ', 'ਕਣਕ ਦੇ ਖੇਤ ਉਤੇ ਕਾਂ' ਆਦਿ।

ਅੱਜ ਵਿਸ਼ਵ ਪੱਧਰ 'ਤੇ ਜੋ ਚਿੱਤਰ ਖਾਸ ਤੌਰ 'ਤੇ ਸੁਪ੍ਰਸਿੱਧ ਹੋਏ ਹਨ। ਉਨ੍ਹਾਂ ਵਿਚ ਕੁਝ ਉਸ ਦੇ ਆਪਣੇ ਸਵੈ-ਚਿੱਤਰ ਹਨ ਤੇ ਕੁਝ ਚਿੱਤਰ ਮਿੱਤਰਾਂ ਦੇ ਹਨ। ਜਿਵੇਂ ਡਾਕੀਏ ਮਿੱਤਰ ਜੋਸਫ਼ ਰਾਉਲਿਨ ਦਾ ਅਤੇ ਆਰਟ ਨਾਲ ਸਬੰਧਤ ਚੀਜ਼ਾਂ ਦਾ ਦੁਕਾਨਦਾਰ ਪੀਅਰੇ ਤੰਗੂਏ ਦਾ ਪੋਰਟਰੇਟ। ਐਪਰ ਸਭ ਤੋਂ ਵਧ ਪ੍ਰਸਿੱਧਤਾ ਉਸ ਦੇ ਚਿੱਤਰ 'ਆਰਲੀਸ ਵਿਚ ਸੌਣ ਕਮਰਾ' ਅਤੇ 'ਸੂਰਜ ਮੁਖੀ ਦੇ ਫੁੱਲ' ਨੂੰ ਮਿਲੀ। ਸੂਰਜ-ਮੁਖੀ ਦੇ ਫੁੱਲਾਂ ਦੇ ਚਿੱਤਰ ਦੇ ਕਲਾ ਪਾਰਖੂਆਂ ਨੇ ਬੜੇ ਡੂੰਘੇ ਅਰਥ ਕੱਢੇ ਹਨ। ਇਹ ਇਕ ਗਮਲੇ ਵਿਚ ਸਜਾਏ ਸੂਰਜ ਮੁਖੀ ਦੇ ਤਿੰਨ ਚਾਰ ਭਾਂਤ ਦੇ ਫੁੱਲ ਹਨ। ਕੁਝ ਅਜੇ ਖਿੜਨ ਵਾਲੇ ਹਨ, ਕੁਝ ਖਿੜੇ ਹੋਏ ਤੇ ਕੁਝ ਮੁਰਝਾਏ ਹੋਏ। ਜਿਵੇਂ ਜ਼ਿੰਦਗੀ ਦੇ ਤਿੰਨ ਪੱਖ ਹੁੰਦੇ ਹਨ-ਬਚਪਨ, ਜਵਾਨੀ ਤੇ ਬੁਢੇਪਾ। ਫੁੱਲਾਂ ਦੇ ਰੰਗ ਪੀਲੇ ਹਨ। ਇਹ ਰੰਗ ਵਾਨ ਗਾਗ ਦਾ, ਮਨਪਸੰਦ ਰੰਗ ਸੀ। ਫੁੱਲਾਂ ਨੂੰ ਏਨੀ ਬਾਰੀਕੀ ਅਤੇ ਕਲਾਮਈ ਢੰਗ ਨਾਲ ਚਿਤਰਿਆ ਗਿਆ ਹੈ ਕਿ ਉਸ ਦਾ ਇਕ ਇਕ ਕਣ ਤੇ ਪਰਾਗ ਨਜ਼ਰੀਂ ਆਉਂਦਾ ਹੈ। ਲੈਂਡ-ਸਕੇਪ ਨਾਲ ਸਬੰਧਤ ਚਿੱਤਰ ਵੀ ਬਹੁਤ ਪ੍ਰਸਿੱਧ ਹੋਏ ਹਨ। ਵਾਨ ਗਾਗ ਦਾ ਰੰਗ ਵੱਖਰਾ ਸੀ।

ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ!

'ਆਰਲੀਸ ਵਿਚ ਸੌਣ-ਕਮਰਾ ਵਾਨ ਗਾਗ ਦਾ ਸੰਸਾਰ ਪ੍ਰਸਿੱਧ ਚਿਤਰ ਹੈ।' ਜੋ ਉਸ ਨੇ ਪਾਲ ਗੋਗਾ ਦੀ ਆਮਦ ਲਈ ਤਿਆਰ ਕੀਤਾ ਸੀ। ਇਸ ਵਿਚ ਵੀ ਮੁੱਖ ਰੂਪ ਵਿਚ ਪੀਲਾ ਰੰਗ ਭਾਰੂ ਹੈ। "ਤਾਰਿਆਂ-ਭਰੀ ਰਾਤ" ਵੀ ਬੜਾ ਪ੍ਰਸਿੱਧ ਚਿੱਤਰ ਹੈ, ਜਿਸ ਵਿਚ ਵੱਡੀਆਂ ਵੱਡੀਆਂ ਬੁਰਸ਼-ਛੋਹਾਂ ਮਾਰ ਕੇ ਚੰਦ ਤੇ ਸਿਤਾਰਿਆਂ ਨੂੰ ਚਿਤਰਿਆ ਗਿਆ ਹੈ। ਘੁੰਮਣ-ਘੇਰੀਆਂ ਜਿਹੀਆਂ ਵਿਖਾ ਕੇ ਸਿਤਾਰਿਆਂ ਨੂੰ ਇੰਝ ਵਿਖਾਇਆ ਹੈ, ਜਿਵੇਂ ਦਰਿਆ ਦੀਆਂ ਘੁੰਮਣ ਘੇਰੀਆਂ ਹੋਣ। ਇਹ ਸਾਰੇ ਚਿੱਤਰ, ਵਾਨ ਗਾਗ ਦੀ ਵਿਚਰਤ ਤੇ ਨਵੀਂ ਚਿੱਤਰ-ਸ਼ੈਲੀ ਨੂੰ ਪ੍ਰਮਾਣਤ ਕਰਦੇ ਹਨ।

ਬੀਮਾਰੀ ਦੇ ਦਿਨਾਂ ਤੇ ਆਪਣੀ ਉਮਰ ਦੇ ਆਖਰੀ ਮਹੀਨਿਆਂ ਵਿਚ ਵਾਨ ਗਾਗ ਹਰ ਰੋਜ਼ ਇਕ ਚਿਤਰ ਨੂੰ ਮੁਕੰਮਲ ਕਰ ਲੈਂਦਾ ਸੀ। ਜਦੋਂ ਉਸ ਦੇ ਭਰਾ ਜੀਓ ਨੂੰ ਇਸ ਕਾਹਲ ਦਾ ਪਤਾ ਲੱਗਾ ਤਾਂ ਉਸ ਨੇ ਇਸ ਬਾਰੇ ਪੱਤਰ ਰਾਹੀਂ ਉਸਨੂੰ ਚੌਕਸ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਜਵਾਬ ਵਿਚ ਵਾਨ-ਗਾਗ ਲਿਖਦਾ ਹੈ:

"ਕਾਹਲੀ ਦਾ ਅਰਥ ਗੰਭੀਰ ਕੰਮ ਦੀ ਘਾਟ ਨਹੀਂ। ਇਹ ਬੰਦੇ ਦੇ ਸਵੈ-ਵਿਸ਼ਵਾਸ ਅਤੇ ਤਜ਼ਰਬੇ ਉਤੇ ਨਿਰਭਰ ਹੁੰਦਾ ਹੈ।" ਅੰਤਲੇ ਛੇ ਮਹੀਨਿਆਂ ਵਿਚ ਉਸ ਦੀ ਚਿਤਰਸ਼ੈਲੀ ਵਿਚ ਇਕ ਨਵੀਂ ਤਬਦੀਲੀ ਵਾਪਰਦੀ ਹੈ। ਉਹ ਰੰਗਾਂ ਨੂੰ ਇੰਝ ਵਰਤਦਾ ਹੈ, ਜਿਵੇਂ ਕੋਈ ਕੂਚੀ ਨਾਲ ਮੋਟੀਆਂ ਮੋਟੀਆਂ ਲਕੀਰਾਂ ਵਾਹ ਰਿਹਾ ਹੋਵੇ। ਇਸ ਸ਼ੈਲੀ ਨੂੰ ਦਰਿਆ ਦੇ ਪਾਣੀ ਵਿਚਲੀਆਂ "ਘੁੰਮਣ-ਘੇਰੀਆਂ" ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ, ਉਸ ਦੀ ਕਲਾ ਸ਼ੈਲੀ ਉਤੇ ਵੱਡਾ ਪ੍ਰਭਾਵ ਪ੍ਰਭਾਵਵਾਦੀਆਂ ਦਾ ਪਿਆ ਸੀ। ਉਹ ਚਿਤਰ ਉਲੀਕਦਾ ਤੇ ਮੁਕੰਮਲ ਕਰਦਾ ਰਾਤ ਤੀਕਰ ਸੋਲਾਂ ਘੰਟਿਆਂ ਤੋਂ ਵੀ ਵਧ ਸਮਾਂ ਲਾ ਦਿੰਦਾ ਸੀ। ਸ਼ਾਇਦ ਉਸ ਨੂੰ ਆਪਣੀ ਮੌਤ ਦਾ ਪੱਕਾ ਯਕੀਨ ਹੋ ਚੁੱਕਾ ਸੀ। ਉਸ ਨੇ ਸਿਹਤ ਦੀ ਰਤਾ ਪ੍ਰਵਾਹ ਨਹੀਂ ਕੀਤੀ। ਗਰਮੀਆਂ ਦੀ ਰੁੱਤੇ ਚਮਕਦੀ ਤੇ ਸੜਦੀ ਧੁੱਪੇ ਉਹ ਇਕ ਜਨੂੰਨੀ ਵਾਂਗ ਨਿਰੰਤਰ ਕੰਮ ਕਰੀ ਜਾਂਦਾ ਰਹਿੰਦਾ ਸੀ ਤੇ ਰਾਤ ਨੂੰ ਵੀ ਮੋਮ ਬੱਤੀਆਂ ਜਗਾ ਜਗਾ ਕੇ ਹਥਲੇ ਚਿੱਤਰ ਨੂੰ ਮੁਕੰਮਲ ਕਰ ਕੇ ਸੌਂਦਾ ਸੀ।

ਚਿੱਤਰ ਵਾਹੁੰਦੇ ਸਮੇਂ ਉਹ ਕਈ ਵਾਰ ਰੰਗ ਦੀਆਂ ਸੰਘਣੀਆਂ ਤੈਹਾਂ ਵਰਤਦਾ ਸੀ। ਭਾਵੇਂ ਕਿ ਪੀਲਾ ਰੰਗ ਉਸ ਦਾ ਪ੍ਰਧਾਨ ਤੇ ਮਨ ਪਸੰਦ ਰੰਗ ਸੀ, ਪਰ ਨੀਲਾ ਤੇ ਜਾਮਨੀ ਰੰਗ ਵੀ ਵਰਤਦਾ ਸੀ। ਪੀਲਾ ਰੰਗ ਧੁੱਪ ਤੇ ਪੱਕੀ ਕਣਕ ਦੇ ਰੰਗ ਨੂੰ ਰੂਪਮਾਨ ਕਰਦਾ ਸੀ। ਉਸ ਨੂੰ ਸਿਰਜਣਾ ਦਾ ਰੰਗ ਕਹਿੰਦਾ ਸੀ। ਉਹ ਰੰਗਾਂ ਦੀਆਂ ਵੱਡੀਆਂ ਟਿਊਬਾਂ ਦੀ ਮੰਗ ਕਰਦਾ ਸੀ। ਪੀਲਾ ਰੰਗ, ਰਾਤ ਦੇ ਸਮੇਂ ਵੀ ਲੋਅ ਕਰਦਾ ਪ੍ਰਤੀਤ ਹੁੰਦਾ ਸੀ।

ਉਸ ਦੇ ਆਖਰੀ ਦੋ ਵਰ੍ਹਿਆਂ ਵਿਚ ਕੀਤੇ ਕੰਮ ਨੂੰ ਵੇਖ ਸੰਸਾਰ ਭਰ ਦੇ ਚਿੱਤਰ ਕਲਾ ਦੇ ਪਾਰਖੂ ਮੂੰਹ ਵਿਚ ਉਂਗਲਾਂ ਪਾਉਂਦੇ ਹੈਰਾਨ ਹੁੰਦੇ ਹਨ ਤੇ ਸੋਚਦੇ ਹਨ ਕਿ ਇਕ ਮਨੁੱਖ, ਪਾਗਲਪਨ ਦੀ ਬੀਮਾਰੀ ਦੇ ਪ੍ਰਭਾਵ ਹੇਠ ਏਨਾ ਸਿਰਜਣਾਤਮਕ ਕਾਰਜ ਕਿਵੇਂ ਸੰਪੂਰਨ ਕਰ ਗਿਆ। ਆਪਣੇ ਭਰਾ ਤੇ ਹੋਰ ਮਿੱਤਰਾਂ ਨੂੰ ਲਿਖੇ ਉਸ ਦੇ ਸਾਰੇ ਖ਼ਤ ਤਿੰਨ ਜਿਲਦਾਂ ਵਿਚ ਛਪ ਚੁੱਕੇ ਹਨ। ਇਨ੍ਹਾਂ ਖ਼ਤਾਂ ਦਾ ਸਾਧਾਰਨ ਪਾਠ ਵੀ ਇਹ ਪ੍ਰਮਾਣਤ ਕਰ ਦਿੰਦਾ ਹੈ ਕਿ ਕਿਵੇਂ ਪ੍ਰੇਸ਼ਾਨੀ, ਉਦਾਸੀ, ਬੀਮਾਰੀ ਤੇ ਭੈੜੀਆਂ ਅਤੇ ਘ੍ਰਿਣਤ ਜੀਵਨ-ਹਾਲਤਾਂ ਵਿਚ ਵੀ ਇਕ ਅਦਭੁਤ ਗੁਣਾਂ ਦਾ ਮਾਲਕ ਪ੍ਰਤਿਭਾਵਾਨ ਕਲਾਕਾਰ, ਮਨੁੱਖ-ਜਾਤੀ ਲਈ ਏਨੀ ਮਾਤਰਾ ਵਿਚ ਸੂਹਜ, ਸੁੰਦਰਤਾ ਦੀ ਸਿਰਜਣਾ ਕਿਵੇਂ ਕਰ ਗਿਆ ਸੀ। ਉਸ ਦਾ ਕੀਤਾ ਕੰਮ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੈ।

ਵਾਨ ਗਾਗ ਦੇ ਜੀਵਨ ਤੇ ਉਸ ਦੇ ਸੈਂਕੜੇ ਅਦਭੁੱਤ ਚਿੱਤਰਾਂ ਨੇ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਵਿਪਰੀਤ ਜੀਵਨ-ਹਾਲਤਾਂ ਅਤੇ ਖ਼ਤਰਨਾਕ ਬੀਮਾਰੀ ਦੀ ਹਾਲਤ ਵਿਚ ਵੀ ਕਲਾਕਾਰ ਕਲਾ ਦੀਆਂ ਨਵੀਆਂ ਸਿਖਰਾਂ ਨੂੰ ਛੂਹ ਸਕਦਾ ਹੈ। ਉਹ ਆਪਣੇ ਸੁੱਖ ਤੇ ਖੁਸ਼ੀਆਂ ਨੂੰ ਤਿਆਗ ਤੇ ਕੁਰਬਾਨ ਕਰ ਕੇ ਵੀ ਧਰਤੀ ਦੀ ਮਨੁੱਖ-ਜਾਤੀ ਦੀ ਸੁੰਦਰਤਾ ਵਿਚ ਨਿਵੇਕਲਾ ਤੇ ਅਸਾਧਾਰਨ ਵਾਧਾ ਕਰ ਸਕਦਾ ਹੈ। ਅਜਿਹੇ ਕਲਾਕਾਰ ਸਦੀਆਂ ਬਾਅਦ ਹੀ ਪੈਦਾ ਹੁੰਦੇ ਹਨ ਤੇ ਆਪਣੇ ਨਵੇਂ ਤੇ ਅਲੋਕਾਰ ਸੁਹਜਾਤਮਕ ਕੰਮਾਂ ਸਦਕਾ ਸਦੀਆਂ ਤੀਕ ਯਾਦ ਰੱਖੇ ਜਾਂਦੇ ਹਨ।

ਵਾਨ ਗਾਗ ਚਿੱਤਰਕਲਾ ਰਾਹੀਂ ਸੁੰਦਰਤਾ ਦੀ ਰਚਨਾ ਕਰਨ ਵਾਲਾ ਸ਼ਹੀਦ ਚਿੱਤਰਕਾਰ ਹੈ। ਉਸ ਦੀ ਪ੍ਰਾਪਤੀ ਨੂੰ ਸੱਤ ਸਲਾਮਾਂ ਹਨ।

*(ਸਮਾਪਤ)*

***ਗਵਾਂਢੀ ਰਾਜ ਹਰਿਆਣਾ ਸਾਡੇ ਦੇਸ਼ ਦੀ ਰਾਜਧਾਨੀ ਦੇ ਨੇੜੇ ਹੈ, ਪਰ ਓਥੇ ਦਕਿਆਨੂਸੀਪੁਣਾ ਪੰਜਾਬ ਤੋਂ ਵੀ ਵਧ ਹੈ। ਹੁਣੇ-ਹੁਣੇ ਓਥੇ ਦੋ ਮਾਮਲੇ ਉੱਭਰ ਹਨ, ਦੋਵਾਂ ਦੀ ਜੜ੍ਹ ਇਕੋ ਸੀ ਮੁੰਡਾ-ਕੁੜੀ ਇਕੋ ਜਾਤ/ਗੋਤ ਦੇ ਹੋਣ ਕਰਕੇ ਗੋਤਰ ਪੰਚਾਇਤ ਨੂੰ ਰਿਸ਼ਤਾ ਪਰਵਾਨ ਨਹੀਂ ਸੀ। ਇਕ ਮਾਮਲੇ ਵਿਚ ਤਾਂ ਅਦਾਲਤ ਦੇ ਹੁਕਮ ਉਤੇ ਅਦਾਲਤ ਦੇ ਵਾਰੰਟ ਅਫਸਰ ਦੇ ਨਾਲ ਆਪਣੀ ਪਤਨੀ ਨੂੰ ਲੈਣ ਗਏ ਨੌਜਵਾਨ ਨੂੰ ਪਿੰਡ ਵਾਲਿਆਂ ਨੇ ਕੁੱਟ-ਕੁੱਟ ਕੇ ਕਤਲ ਵੀ ਕਰ ਦਿੱਤਾ ਤੇ ਅਦਾਲਤ ਦਾ ਵਾਰੰਟ ਅਫ਼ਸਰ ਵਿਚਾਰਾ ਮਸਾਂ ਜਾਨ ਬਚਾ ਕੇ ਨਿਕਲਿਆ। ਓਥੋਂ ਦੇ ਲੋਕਾਂ ਦੀ ਗੋਤਰ ਵਾਲੀ ਇਸ ਧਾਰਨਾ ਦੇ ਸਮਰਥਕ ਪੰਜਾਬ ਵਿਚ ਵੀ ਬਹੁਤ ਹਨ। ਇਥੇ ਵੀ ਆਮ ਕਰਕੇ ਇਕੋ ਗੋਤ ਵਾਲੇ, ਇਥੋਂ ਤੱਕ ਕਿ ਨਾਨਕਿਆਂ ਦੀ ਗੋਤ ਮਿਲਦੀ ਵਾਲੇ, ਮੁੰਡੇ-ਕੁੜੀ ਦੇ ਰਿਸ਼ਤੇ ਵਿਚ ਰੁਕਾਵਟ ਪੈ ਜਾਂਦੀ ਹੈ, ਪਰ ਜਦੋਂ ਮਾਮਲਾ ਵੱਡੇ ਘਰਾਂ ਦੇ ਕਾਕੇ-ਕਾਕੀਆਂ ਦਾ ਹੋਵੇ, ਓਦੋਂ ਕੋਈ ਇਸ ਦਾ ਜ਼ਿਕਰ ਵੀ ਨਹੀਂ ਛੇੜਦਾ। ਪੰਜਾਬ ਦੇ ਇਕ ਮੁੱਖ ਮੰਤਰੀ ਦੀ ਧੀ ਅਤੇ ਇਕ ਮਰਹੂਮ ਮੁੱਖ ਮੰਤਰੀ ਦੇ ਪੋਤਰੇ ਦਾ ਵਿਆਹ ਇਕੋ ਗੋਤ ਹੋਣ ਦੇ ਬਾਵਜੂਦ ਹੋ ਗਿਆ। ਸਾਰੇ ਪੰਜਾਬ ਦੀਆਂ ਧਾਰਮਿਕ, ਰਾਜਨੀਤਿਕ, ਸਮਾਜੀ ਹਸਤੀਆਂ ਸ਼ਾਮਲ ਹੋਈਆਂ, ਪਰ ਕਿਸੇ ਨੇ ਕੋਈ ਕਿੰਤੂ ਕਰਨ ਦੀ ਲੋੜ ਨਹੀਂ ਸੀ ਸਮਝੀ। ਇਸ ਦੇ ਬਾਵਜੂਦ ਆਮ ਗੱਲਬਾਤ ਵਿਚ ਅਜੇ ਵੀ ਸਮਾਜ ਦੀ ਬਹੁਤ ਵੱਡੀ ਗਿਣਤੀ ਇਹੋ ਜਿਹੇ ਲੋਕਾਂ ਦੀ ਮਿਲਦੀ ਹੈ, ਜਿਹੜੇ ਇਸ ਤਰ੍ਹਾਂ ਦੇ ਇਕੋ ਗੋਤ ਵਾਲੇ ਵਿਆਹਾਂ ਦਾ ਵਿਰੋਧ ਕਰਦੇ ਹਨ।***

# ਸਮੇਂ ਦੀ ਤੋਰ ਨਾਲ ਖਹਿਬੜ ਰਹੇ ਨੇ ਸਾਡੇ ਪੁਰਾਣੇ ਸੰਸਕਾਰ

**-ਜਤਿੰਦਰ ਪਨੂੰ**



ਬਚਪਨ ਵਿਚ ਅਸੀਂ ਇਹ ਫਿਲਮੀ ਗਾਣਾ ਸੁਣ ਕੇ ਝੂਮਦੇ ਹੁੰਦੇ ਸਾਂ, ਤੇ ਕਦੇ-ਕਦੇ ਖ਼ੁਦ ਗਾਉਂਦੇ ਵੀ ਹੁੰਦੇ ਸਾਂ : 'ਹਮ ਉਸ ਦੇਸ਼ ਕੇ ਵਾਸੀ ਹੈਂ, ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ।' ਫਿਰ ਇਕ ਗੀਤਕਾਰ ਨੇ ਇਸ ਦੀ ਪੈਰੋਡੀ ਦੀ ਥਾਂ ਇਸ ਨਾਲ ਮਿਲਦਾ-ਜੁਲਦਾ ਇਹ ਗਾਣਾ ਕੱਢ ਲਿਆਂਦਾ ਸੀ : 'ਹਮ ਉਸ ਦੇਸ਼ ਕੇ ਵਾਸੀ ਹੈਂ, ਜਿਸ ਦੇਸ਼ ਮੇਂ ਗੰਗਾ ਰਹਿਤਾ ਹੈ।' ਇਹ ਬਿਲਕੁਲ ਠੀਕ ਹੈ ਕਿ ਮਾਂ ਜਿੰਨੀ ਮਾਣਯੋਗ ਮੰਨੀ ਜਾਂਦੀ ਮਹਾਨ ਨਦੀ ਗੰਗਾ ਵਾਲੇ ਦੇਸ਼ ਵਿਚ ਅਣਹੋਇਆ ਮੰਨਿਆ ਜਾਂਦਾ ਕੋਈ ਗੰਗਾ ਰਾਮ ਵੀ ਤੁਰਿਆ ਫਿਰਦਾ ਹੈ। ਉਸੇ ਦੇਸ਼ ਦੇ ਵਾਸੀ ਹੋਣ ਕਰਕੇ ਹੁਣ ਸਾਨੂੰ ਏਨੀ ਵੱਖ-ਵੱਖ ਕਿਸਮ ਦੀ 'ਭਾਰਤੀਅਤਾ' ਦੇ ਦਰਸ਼ਨ ਹੁੰਦੇ ਹਨ, ਜਿਸ ਨਾਲ ਬੰਦੇ ਦਾ ਸਿਰ ਘੁੰਮ ਜਾਂਦਾ ਹੈ। ਦਲੀਲ ਨਾਂਅ ਦੀ ਕੋਈ ਚੀਜ਼ ਕਿਸੇ ਥਾਂ ਟਿਕਦੀ ਹੀ ਨਹੀਂ, ਨਾ ਸਮਾਜਿਕ ਖੇਤਰ ਵਿਚ, ਨਾ ਰਾਜਨੀਤਿਕ ਖੇਤਰ ਵਿਚ ਤੇ ਨਾ ਹੀ ਧਰਮ ਦੇ ਖੇਤਰ ਵਿਚ।

ਏਸੇ ਹਫ਼ਤੇ ਸਾਡੀ ਸਦੀ ਦਾ ਸਭ ਤੋਂ ਵਧ ਸਮਾਂ ਟਿਕਣ ਵਾਲਾ ਮੁਕੰਮਲ ਸੂਰਜ ਗ੍ਰਹਿਣ ਲੱਗਿਆ ਹੈ। ਭਾਰਤ ਅੰਦਰ ਇਸ ਦਿਨ ਕਈ ਰੰਗੀਲੇ ਨਜ਼ਾਰੇ ਵੇਖੇ ਗਏ।

ਵਿਗਿਆਨੀਆਂ ਨੇ ਸੂਰਜ, ਚੰਦ, ਤਾਰਿਆਂ ਤੇ ਹੋਰ ਕੁਦਰਤੀ ਵਿਹਾਰ ਨੂੰ ਨਾਪਣ-ਤੋਲਣ ਅਤੇ ਇਨਸਾਨੀਅਤ ਲਈ ਕੁਝ ਚੰਗਾ ਲੱਭਣ ਦੀ ਕੋਸ਼ਿਸ਼ ਕੀਤੀ। ਵਹਿਮ ਦੇ ਝੰਡਾ-ਬਰਦਾਰਾਂ ਨੇ ਇਸ ਦਿਨ ਵੀ ਲੋਕਾਂ ਦੀ ਮੱਤ ਉੱਤੇ ਪਰਦਾ ਪਾਉਣ ਦਾ ਪੂਰਾ ਯਤਨ ਕੀਤਾ। ਪ੍ਰਚਾਰ ਇਹ ਕੀਤਾ ਗਿਆ ਕਿ "ਬਹੁਤ ਕਰੋਪੀ ਦਾ ਦਿਨ ਹੈ, ਜਿਨ੍ਹਾਂ ਨੇ ਰਾਹੂ-ਕੇਤੂ ਦੇ ਕਹਿਰ ਤੋਂ ਬਚਣਾ ਹੈ, ਉਹ ਇਸ ਮੌਕੇ ਕੋਈ ਨਾ ਕੋਈ ਪਵਿੱਤਰ ਘਾਟ ਲੱਭ ਕੇ ਇਸ਼ਨਾਨ ਅਤੇ ਪੂਜਾ ਕਰਨ।"

ਗ੍ਰਹਿਣ ਆਇਆ ਤੇ ਲੰਘ ਗਿਆ। ਵਿਗਿਆਨ ਦੇ ਤਜ਼ਰਬੇ ਕਰਨ ਵਾਲਾ ਨਾ ਤਾਂ ਕੋਈ ਮਰਿਆ, ਨਾ ਅੰਨ੍ਹਾ ਜਾਂ ਲੰਙਾ ਹੋਇਆ, ਪਰ ਬਨਾਰਸ ਦੇ ਪਵਿੱਤਰ ਘਾਟ ਉੱਤੇ ਦੂਜਿਆਂ ਤੋਂ ਪਹਿਲਾਂ ਪੂਜਾ-ਇਸ਼ਨਾਨ ਦੀ ਖਿੱਚ ਕਾਰਨ ਭਾਜੜ ਪੈ ਗਈ ਤੇ ਦੋ-ਤਿੰਨ ਜਣੇ ਮਾਰੇ ਗਏ ਸਨ। ਵਹਿਮੀਆਂ ਦੀ ਇਕ ਹੋਰ ਢਾਣੀ ਨੇ ਦੱਖਣੀ ਭਾਰਤ ਦੇ ਇਕ ਰਾਜ ਵਿਚ ਇਹ ਅਫਵਾਹ ਫੈਲਾਅ ਦਿੱਤੀ ਕਿ "ਜਿਹੜੇ ਬੱਚਿਆਂ ਨੂੰ ਕੋਈ ਸਰੀਰਕ ਨੁਕਸ ਹੈ, ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਗ੍ਰਹਿਣ ਤੋਂ ਪਹਿਲਾਂ ਮੋਢਿਆਂ ਤੱਕ ਚਿੱਕੜ ਵਿਚ ਦੱਬ ਦੇਣ, ਠੀਕ ਹੋ ਜਾਣਗੇ।" ਮਾਂ-ਬਾਪ ਨੇ ਬੱਚਿਆਂ ਨੂੰ ਇੰਜ ਚਿੱਕੜ 'ਚ ਦੱਬਿਆ ਕਿ ਸਿਰਫ ਸਾਹ ਆਉਣ ਲਈ ਮੂੰਹ ਹੀ ਨੰਗੇ ਰਹਿ ਗਏ। ਗ੍ਰਹਿਣ ਹਟਣ ਪਿੱਛੋਂ ਜਦੋਂ ਉਹ ਬੱਚੇ ਚਿੱਕੜ 'ਚੋਂ ਕੱਢੇ ਗਏ, ਦਰਜਨਾਂ ਬੱਚੇ ਬੇਹੋਸ਼ ਹੋਣ ਕਾਰਨ ਹਸਪਤਾਲ ਲਿਜਾਣੇ ਪੈ ਗਏ ਸਨ।

ਸਰਕਾਰਾਂ ਦਾ ਨਜ਼ਰੀਆ ਵੀ ਵੱਖੋ-ਵੱਖ ਸੀ। ਬਿਹਾਰ ਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਸਾਇੰਸਦਾਨਾਂ ਦੇ ਨਾਲ ਵਿਗਿਆਨਕ ਤਜ਼ਰਬੇ ਦਾ ਗਵਾਹ ਬਣਿਆ ਸੀ। ਦੂਜੇ ਰਾਜਾਂ 'ਚੋਂ ਦੋ-ਚਾਰ ਮੁੱਖ ਮੰਤਰੀ ਛੱਡ ਕੇ ਬਾਕੀ ਸਭ ਅੰਦਰੀਂ ਵੜ ਕੇ ਪੂਜਾ ਕਰ ਰਹੇ ਸਨ। ਇਕ ਮੰਤਰੀ ਨੇ ਆਪਣੇ ਦਿਲ ਦੀ ਗੱਲ ਆਖੀ ਸੀ ਕਿ "ਮੈਂ ਤਾਂ ਦੂਰਬੀਨ ਨਾਲ ਸੂਰਜ ਗ੍ਰਹਿਣ ਵੇਖਣ ਦਾ ਤਜ਼ਰਬਾ ਵੀ ਕਰ ਲਿਆ ਤੇ ਪੂਜਾ ਵੀ ਕਰ ਲਈ, ਕਿਸੇ ਪਾਸਿਓਂ ਤਾਂ ਫ਼ਾਇਦਾ ਹੋਵੇਗਾ ਹੀ।" ਹਾਂ, ਫਾਇਦਾ ਹੋਵੇਗਾ। ਘੱਟੋ-ਘੱਟ ਵਹਿਮੀਆਂ ਦੀ ਵੋਟ ਉਹ ਮੰਤਰੀ ਅਗਲੀ ਵਾਰੀ ਇਹ ਕਹਿ ਕੇ ਮੰਗ ਸਕੇਗਾ ਕਿ, "ਮੈਂ ਵੀ ਤੁਹਾਡੇ ਵਾਂਗ ਪੂਜਾ ਕਰ ਲੈਂਦਾ ਹਾਂ।"

ਦੂਜਾ ਪਾਸਾ ਅਦਾਲਤਾਂ ਦਾ ਹੈ। ਸਾਨੂੰ ਮਾਣ ਕਰਨ ਦਾ ਮੌਕਾ ਵੀ ਭਾਰਤ ਦੀਆਂ ਅਦਾਲਤਾਂ ਕਦੇ-ਕਦੇ ਦੇ ਦੇਂਦੀਆਂ ਹਨ, ਪਰ ਕਈ ਵਾਰੀ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਉਹ ਮਾਣ ਦਾ ਮੌਕਾ ਵੀ ਸਿਰਫ ਭਰਮ ਕਾਇਮ ਰੱਖਣ ਖਾਤਰ ਹੀ ਕਦੇ-ਕਦਾਈਂ ਦਿੱਤਾ ਜਾਂਦਾ ਹੋਵੇ। ਮੱਧ ਪ੍ਰਦੇਸ਼ ਦੇ ਬਹੁਤ ਵੱਡੀ ਚਰਚਾ ਵਾਲੇ ਪ੍ਰੋਫੈਸਰ ਸੱਭਰਵਾਲ ਕਤਲ ਕੇਸ ਵਿਚ ਕਾਤਲ ਸਾਫ ਛੱਡ ਦਿੱਤੇ ਗਏ ਹਨ। ਭਾਜਪਾ ਦੇ ਕੁਝ ਵਿਦਿਆਰਥੀ, ਆਗੂ ਵੀ ਮੌਕੇ ਉੱਤੇ ਹਾਜ਼ਰ ਸਨ, ਮੀਡੀਆ ਵਾਲੇ ਵੀ ਤੇ ਕਤਲ ਹੁੰਦੇ ਦੀ ਵੀਡੀਓ ਭਾਰਤ ਦੇ ਹਰ ਚੈਨਲ ਨੇ ਲੋਕਾਂ ਨੂੰ ਟੀ.ਵੀ. ਉੱਤੇ ਵਿਖਾਈ ਸੀ। ਜੱਜ ਨੇ ਲਿਖਿਆ ਹੈ ਕਿ ਪੁਲਸ ਅਫਸਰ ਗਵਾਹੀ ਤੋਂ ਮੁੱਕਰ ਗਏ, ਇਸ ਕਰਕੇ ਕਾਤਲ ਛੱਡਣੇ ਪਏ, ਪਰ ਉਸ ਜੱਜ ਨੇ ਇਹ ਨਹੀਂ ਲਿਖਿਆ ਕਿ ਉਸ ਦਿਨ ਦੀ ਕਵਰੇਜ ਵਾਲੇ ਕੈਮਰੇ ਦੀ ਰਿਕਾਰਡਿੰਗ ਉਸ ਦੀ ਅਦਾਲਤ ਨੇ ਕਿਉਂ ਨਹੀਂ ਵੇਖੀ ਤੇ ਉਸ ਨੂੰ ਸਬੂਤ ਕਿਉਂ ਨਹੀਂ ਮੰਨਿਆ? ਏਸੇ ਹਫਤੇ ਦਿੱਲੀ ਦੇ ਹਥਿਆਰਾਂ ਦੇ ਵਪਾਰੀ ਦੇ ਪੁੱਤਰ ਸੰਜੀਵ ਨੰਦਾ ਦੀ ਪੰਜ ਸਾਲ ਕੈਦ ਦੀ ਸਜ਼ਾ ਵੀ ਹਾਈਕੋਰਟ ਨੇ ਘਟਾ ਕੇ ਦੋ ਸਾਲ ਕਰ ਦਿੱਤੀ ਹੈ। ਦਸ ਸਾਲ ਪਹਿਲਾਂ ਉਸ ਅਮੀਰਜ਼ਾਦੇ ਨੇ ਕਾਰ ਨਾਲ ਦਰੜ ਕੇ ਛੇ ਬੰਦੇ ਮਾਰ ਦਿੱਤੇ ਸਨ, ਜਿਨ੍ਹਾਂ ਵਿਚ ਤਿੰਨ ਪੁਲਸ ਵਾਲੇ ਸਨ।

ਮੌਕੇ ਦੇ ਗਵਾਹ ਉਸ ਨੇ ਖ਼ਰੀਦ ਲਏ ਤੇ ਮੁਕੱਦਮਾ ਪੇਸ਼ ਕਰਨ ਵਾਲਾ ਸਰਕਾਰੀ ਵਕੀਲ ਵੀ ਗੰਢ ਲਿਆ। ਸਾਰਾ ਕੁਝ ਜ਼ਾਹਰ ਹੋਣ ਪਿੱਛੋਂ ਅਦਾਲਤ ਨੇ ਫਿਰ ਵੀ ਉਸ ਨੂੰ ਪੰਜ ਸਾਲਾਂ ਦੀ ਕੈਦ ਦੀ ਸਜ਼ਾ ਸੁਣਾ ਦਿੱਤੀ, ਪਰ ਦਿੱਲੀ ਹਾਈਕੋਰਟ ਦੇ ਜੱਜਾਂ ਨੇ ਆਪਣੇ ਆਪ ਹੀ ਮੁਕੱਦਮੇ ਦੀ ਧਾਰਾ ਵੀ ਬਦਲ ਦਿੱਤੀ ਤੇ ਸਜ਼ਾ ਵੀ ਪੰਜਾਂ ਦੀ ਥਾਂ ਦੋ ਸਾਲ ਕਰ ਦਿੱਤੀ, ਕਿਉਂਕਿ ਛੇ ਬੰਦੇ ਮਾਰਨ ਵਾਲਾ ਅਪਰਾਧੀ ਮਾਲਦਾਰ ਅਸਾਮੀ ਜੁ ਹੈ। ਤੀਜਾ ਪੱਖ ਸਾਡੇ ਸਮਾਜ ਦਾ ਹੈ, ਸਾਡੇ ਲੋਕਾਂ ਦੇ ਵਿਹਾਰ ਦਾ ਹੈ। ਇਸ ਦੇ ਕਈ ਕਿੱਸਿਆਂ 'ਚੋਂ ਤਿੰਨ ਇਕੋ ਦਿਨ ਬਿਹਾਰ ਦੀ ਰਾਜਧਾਨੀ ਪਟਨਾ ਵਿਚ ਵਾਪਰੇ ਹਨ। ਪਹਿਲਾ ਮਾਮਲਾ ਇਹ ਕਿ ਇਕ ਔਰਤ ਨੇ ਇਕ ਨੌਜਵਾਨ ਨੂੰ ਕਿਸੇ ਝਗੜੇ ਕਾਰਨ ਗਲੋਂ ਫੜ ਲਿਆ ਤੇ ਸ਼ਰੇ ਬਾਜ਼ਾਰ ਛਿੱਤਰਾਂ ਨਾਲ ਕੁੱਟਦੀ ਥਾਣੇ ਨੂੰ ਲੈ ਤੁਰੀ। ਪੁਲਸ ਵਾਲੇ ਵੀ ਨਾਲ ਤੁਰੇ ਜਾਂਦੇ ਸਨ, ਪਰ ਇਹ ਨਹੀਂ ਸਨ ਕਹਿੰਦੇ ਕਿ ਇਸ ਨੂੰ ਸਜ਼ਾ ਕਾਨੂੰਨ ਦੇਵੇਗਾ, ਉਹ ਔਰਤ ਖ਼ੁਦ ਨਹੀਂ ਕੁੱਟ ਸਕਦੀ।

ਦੂਜੀ ਘਟਨਾ ਵਿਚ ਕੁਝ ਔਰਤਾਂ ਨੇ ਓਸੇ ਪਟਨਾ ਸ਼ਹਿਰ ਅੰਦਰ ਇਕ ਔਰਤ ਉੱਤੇ ਚੋਰੀ ਦਾ ਇਲਜ਼ਾਮ ਲਾ ਕੇ ਉਸ ਨੂੰ ਕੁੱਟਿਆ-ਮਾਰਿਆ ਤਾਂ ਹੈ ਹੀ, ਉਸ ਦੇ ਕੱਪੜੇ ਪਾੜ ਕੇ ਨੰਗਿਆਂ ਵੀ ਕਰ ਦਿੱਤਾ। ਜੇ ਔਰਤਾਂ ਹੀ ਔਰਤ ਦੀ ਇਸ ਤਰ੍ਹਾਂ ਬੇਪਤੀ ਕਰਨ ਲੱਗਣਗੀਆਂ ਤਾਂ ਉਨ੍ਹਾਂ ਦੀ ਰਾਖੀ ਕੌਣ ਕਰੇਗਾ? ਤੇ ਤੀਜੀ ਘਟਨਾ ਇਹ ਕਿ ਓਸੇ ਪਟਨਾ ਸ਼ਹਿਰ ਅੰਦਰ ਇਕ ਥਾਂ ਟ੍ਰੈਫਿਕ ਦੀ ਲਾਲ ਬੱਤੀ ਕਾਰਨ ਖੜੀ ਇਕ ਸਕੂਟਰ ਸਵਾਰ ਕੁੜੀ ਨਾਲ ਕੁਝ ਮੁੰਡਿਆਂ ਨੇ ਛੇੜਖਾਨੀ ਕੀਤੀ। ਉਸ ਨੇ ਵਿਰੋਧ ਕੀਤਾ ਤਾਂ ਮੁੰਡੇ ਹੱਥੋ-ਪਾਈ ਕਰਨ ਤੇ ਉਸ ਦੇ ਕੱਪੜੇ ਪਾੜਨ ਲੱਗ ਪਏ।


ਕੋਲ ਖੜੇ ਲੋਕ ਉਸ ਘਟਨਾ ਦੀਆਂ ਤਸਵੀਰਾਂ ਮੋਬਾਈਲ ਫੋਨ ਦੇ ਕੈਮਰਿਆਂ ਵਿਚ ਕੈਦ ਕਰਦੇ ਰਹੇ, ਕੁੜੀ ਨੂੰ ਛੁਡਾਉਣ ਲਈ ਅੱਗੇ ਕੋਈ ਨਹੀਂ ਸੀ ਆਇਆ। ਮੋਬਾਇਲ ਸੈੱਟ ਨਾਲ ਫੋਟੋ ਲੈਣ ਵਾਲਿਆਂ ਵਿਚ ਕੁਝ ਔਰਤਾਂ ਵੀ ਸਨ। ਇਹ ਤਿੰਨੇ ਘਟਨਾਵਾਂ ਜਿਨ੍ਹਾਂ ਮੀਡੀਏ ਵਾਲਿਆਂ ਨੇ ਰਿਕਾਰਡ ਕੀਤੀਆਂ, ਉਨ੍ਹਾਂ ਨੇ ਵੀ ਦਖ਼ਲ ਦੇਣਾ ਜ਼ਰੂਰੀ ਨਹੀਂ ਸੀ ਸਮਝਿਆ। ਭਾਰਤੀ ਸਮਾਜ ਵਿਚ ਏਨੀ ਗਿਰਾਵਟ ਆ ਗਈ ਹੈ ਕਿ ਇਕ ਜਣੇ ਨੂੰ ਜ਼ਲੀਲ ਕੀਤਾ ਜਾ ਰਿਹਾ ਹੋਵੇ, ਇਕ ਹਜ਼ਾਰ ਜਣੇ ਉਸ ਨੂੰ 'ਲਾਈਵ ਸ਼ੋਅ' ਸਮਝ ਕੇ ਨਜ਼ਾਰਾ ਮਾਣਦੇ ਹਨ, ਮਦਦ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਕੋਈ ਨਹੀਂ ਲੈਣਾ ਚਾਹੁੰਦਾ।

ਤੇ ਸਮਾਜ ਦੀ ਗਿਰਾਵਟ ਦਾ ਚੌਥਾ ਪਹਿਲੂ ਹੈ, ਪਿਆਰ ਵਿਆਹ ਕਰਨ ਵਾਲਿਆਂ ਨਾਲ ਵਾਪਰਦੇ ਭਾਣੇ ਦਾ। ਸਮਾਜੀ ਸਜ਼ਾ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ, ਮੁੰਡੇ ਜਾਂ ਕੁੜੀ ਵਿਚੋਂ ਇਕ ਦੇ ਕਤਲ ਤੱਕ ਵੀ, ਦੋਵਾਂ ਦੇ ਕਤਲ ਤੱਕ ਵੀ ਤੇ ਮੁੰਡੇ ਵਾਲਿਆਂ ਦੇ ਪੂਰੇ ਪਰਿਵਾਰ ਦੇ ਕਤਲ ਤੱਕ ਵੀ। ਪੰਚਾਇਤਾਂ ਹੋਣ ਜਾਂ ਪਰਿਵਾਰ, ਕੌੜ ਕੱਢਣ ਦੇ ਮਾਮਲੇ ਵਿਚ ਕੋਈ ਵੀ ਘੱਟ ਨਹੀਂ। ਬਰਾਦਰੀਵਾਦ ਵੀ ਕਹਿਰ ਵਰਤਾ ਸਕਦਾ ਹੈ, ਰਿਸ਼ਤੇਦਾਰੀ ਵੀ ਤੇ ਹੁਣ ਤਾਂ ਗੋਤਰ ਵੀ ਇਹ ਚੰਦ ਚਾੜ੍ਹ ਰਹੀ ਹੈ।

ਕਈ ਸਾਲ ਪਹਿਲਾਂ ਜਲੰਧਰ ਵਿਚ ਇਕ ਕੁੜੀ ਨੇ ਜਾਤ-ਬਰਾਦਰੀ ਨੂੰ ਉਲੰਘ ਕੇ ਪਿਆਰ-ਵਿਆਹ ਕਰਵਾ ਲਿਆ ਸੀ। ਸਾਰੀ ਬਰਾਦਰੀ ਨੇ ਉਸ ਦੇ ਮਾਪੇ ਪਰਿਵਾਰ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਤੇ ਉਸ ਦੇ ਭਰਾਵਾਂ ਦੇ ਰਿਸ਼ਤੇ ਤੋਂ ਵੀ ਨਾਂਹ ਕਰਵਾ ਦਿੱਤੀ ਗਈ। ਦੋ ਸਾਲ ਲੰਘਾ ਕੇ ਕੁੜੀ ਦੇ ਬਾਪ ਨੇ ਬਰਾਦਰੀ ਅੱਗੇ ਸਿਰ ਝੁਕਾ ਦਿੱਤਾ। ਬਰਾਦਰੀ ਨੇ ਪਹਿਲੀ ਸ਼ਰਤ ਇਹ ਹੀ ਮੰਨਵਾਈ ਕਿ ਦੂਜੀ ਧੀ ਉਸ ਨੂੰ ਬਰਾਦਰੀ ਦੇ ਹੁਕਮ ਉੱਤੇ ਵਿਆਹੁਣੀ ਪਵੇਗੀ। ਉਸ ਦੇ ਹਾਂ ਕਹਿਣ ਉੱਤੇ ਐਮ.ਏ. ਕਰ ਰਹੀ ਉਸ ਦੀ ਧੀ ਦਾ ਬਰਾਦਰੀ ਦੀ ਪੰਚਾਇਤ ਨੇ ਮੋਟਰ-ਸਾਈਕਲਾਂ ਦੇ ਸ਼ੋਅਰੂਮ ਵਿਚ ਚਪੜਾਸੀ ਲੱਗੇ ਹੋਏ ਉਸ ਪੰਜਵੀਂ ਪਾਸ ਮੁੰਡੇ ਨਾਲ ਵਿਆਹ ਕਰਵਾ ਦਿੱਤਾ ਸੀ, ਜਿਹੜਾ ਉਸ ਬਰਾਦਰੀ ਦੇ ਮੁਖੀ ਦਾ ਨਜ਼ਦੀਕੀ ਰਿਸ਼ਤੇਦਾਰ ਸੀ।

ਹੁਣ 24 ਜੁਲਾਈ ਨੂੰ ਪੰਜਾਬ ਦੇ ਇਕ ਪਿੰਡ ਵਿਚ ਇਕ ਔਰਤ ਦਾ ਕਤਲ ਹੋ ਗਿਆ ਹੈ। ਉਸ ਦੇ ਪੁੱਤਰ ਨੇ ਆਪਣੇ ਪਿੰਡ ਦੀ ਹੀ ਇਕ ਕੁੜੀ ਨਾਲ ਪਿਆਰ-ਵਿਆਹ ਕਰਵਾ ਲਿਆ ਸੀ। ਕੁੜੀ ਦਾ ਬਾਪ ਉਸ ਮੁੰਡੇ ਨੂੰ ਮਾਰਨਾ ਚਾਹੁੰਦਾ ਸੀ, ਪਰ ਮਾਰਨ ਵੇਲੇ ਮੁੰਡੇ ਦੀ ਮਾਂ ਅੱਗੇ ਆ ਕੇ ਮਾਰੀ ਗਈ। ਕਦੇ ਜ਼ਮਾਨਾ ਹੁੰਦਾ ਸੀ ਕਿ ਪਿੰਡ ਦੀ ਧੀ ਸਾਰੇ ਪਿੰਡ ਦੀ ਧੀ ਮੰਨੀ ਜਾਂਦੀ ਸੀ, ਪਰ ਉਦੋਂ ਪਿੰਡ ਵੀ ਛੋਟੇ ਹੁੰਦੇ ਸਨ। ਹੁਣ ਜਦੋਂ ਪਿੰਡ ਵੀ ਕਈ ਥਾਂ ਸ਼ਹਿਰਾਂ ਵਰਗੇ ਬਣ ਗਏ ਹਨ ਤਾਂ ਸ਼ਹਿਰਾਂ ਵਰਗੇ ਸਮਾਜੀ ਵਰਤਾਰੇ ਵੀ ਉੱਭਰਨਗੇ ਹੀ। ਸ਼ਹਿਰਾਂ ਵਿਚ ਉਸੇ ਸ਼ਹਿਰ ਦੇ ਮੁੰਡੇ-ਕੁੜੀ ਤੋਂ ਬਾਅਦ ਇਕੋ ਮੁਹੱਲੇ ਦੇ ਹੀ ਨਹੀਂ, ਇਕੋ ਗਲੀ ਦੇ ਮੁੰਡੇ-ਕੁੜੀ ਦਾ ਵਿਆਹ ਵੀ ਹੋਣ ਲੱਗ ਪਿਆ ਹੈ। ਪਿੰਡਾਂ ਵਿਚ ਵੀ ਪੁਰਾਣੀਆਂ ਬੰਦਸ਼ਾਂ ਹੁਣ ਜ਼ਿਆਦਾ ਦੇਰ ਤੱਕ ਨਹੀਂ ਰਹਿ ਸਕਣਗੀਆਂ, ਇਸ ਕਰਕੇ ਸਾਡੇ ਲੋਕਾਂ ਨੂੰ 'ਇਕੋ ਪਿੰਡ ਦੇ ਮੁੰਡਾ-ਕੁੜੀ' ਵਰਗੀਆਂ ਪੁਰਾਣੀਆਂ ਧਾਰਨਾਵਾਂ ਨੂੰ ਕੁਝ ਨਾ ਕੁਝ ਛੱਡਣਾ ਚਾਹੀਦਾ ਹੈ, ਪਰ ਉਹ ਸੌਖੇ ਕੀਤੇ ਛੱਡਣ ਨਹੀਂ ਲੱਗੇ।

ਗਵਾਂਢੀ ਰਾਜ ਹਰਿਆਣਾ ਸਾਡੇ ਦੇਸ਼ ਦੀ ਰਾਜਧਾਨੀ ਦੇ ਨੇੜੇ ਹੈ, ਪਰ ਓਥੇ ਦਕਿਆਨੂਸੀਪੁਣਾ ਪੰਜਾਬ ਤੋਂ ਵੀ ਵਧ ਹੈ। ਹੁਣੇ-ਹੁਣੇ ਓਥੇ ਦੋ ਮਾਮਲੇ ਉੱਭਰੇ ਹਨ, ਦੋਵਾਂ ਦੀ ਜੜ੍ਹ ਇਕੋ ਸੀ ਮੁੰਡਾ-ਕੁੜੀ ਇਕੋ ਜਾਤ/ਗੋਤ ਦੇ ਹੋਣ ਕਰਕੇ ਗੋਤਰ ਪੰਚਾਇਤ ਨੂੰ ਰਿਸ਼ਤਾ ਪਰਵਾਨ ਨਹੀਂ ਸੀ। ਇਕ ਮਾਮਲੇ ਵਿਚ ਤਾਂ ਅਦਾਲਤ ਦੇ



ਹੁਕਮ ਉੱਤੇ ਅਦਾਲਤ ਦੇ ਵਾਰੰਟ ਅਫਸਰ ਦੇ ਨਾਲ ਆਪਣੀ ਪਤਨੀ ਨੂੰ ਲੈਣ ਗਏ ਨੌਜਵਾਨ ਨੂੰ ਪਿੰਡ ਵਾਲਿਆਂ ਨੇ ਕੁੱਟ-ਕੁੱਟ ਕੇ ਕਤਲ ਵੀ ਕਰ ਦਿੱਤਾ ਤੇ ਅਦਾਲਤ ਦਾ ਵਾਰੰਟ ਅਫਸਰ ਵਿਚਾਰਾ ਮਸਾਂ ਜਾਨ ਬਚਾ ਕੇ ਨਿਕਲਿਆ। ਓਥੋਂ ਦੇ ਲੋਕਾਂ ਦੀ ਗੋਤਰ ਵਾਲੀ ਇਸ ਧਾਰਨਾ ਦੇ ਸਮਰਥਕ ਪੰਜਾਬ ਵਿਚ ਵੀ ਬਹੁਤ ਹਨ।

ਇਥੇ ਵੀ ਆਮ ਕਰਕੇ ਇਕੋ ਗੋਤ ਵਾਲੇ, ਇਥੋਂ ਤੱਕ ਕਿ ਨਾਨਕਿਆਂ ਦੀ ਗੋਤ ਮਿਲਦੀ ਵਾਲੇ, ਮੁੰਡੇ-ਕੁੜੀ ਦੇ ਰਿਸ਼ਤੇ ਵਿਚ ਰੁਕਾਵਟ ਪੈ ਜਾਂਦੀ ਹੈ, ਪਰ ਜਦੋਂ ਮਾਮਲਾ ਵੱਡੇ ਘਰਾਂ ਦੇ ਕਾਕੇ-ਕਾਕੀਆਂ ਦਾ ਹੋਵੇ, ਓਦੋਂ ਕੋਈ ਇਸ ਦਾ ਜ਼ਿਕਰ ਵੀ ਨਹੀਂ ਛੇੜਦਾ। ਪੰਜਾਬ ਦੇ ਇਕ ਮੁੱਖ ਮੰਤਰੀ ਦੀ ਧੀ ਅਤੇ ਇਕ ਮਰਹੂਮ ਮੁੱਖ ਮੰਤਰੀ ਦੇ ਪੋਤਰੇ ਦਾ ਵਿਆਹ ਇਕੋ ਗੋਤ ਹੋਣ ਦੇ ਬਾਵਜੂਦ ਹੋ ਗਿਆ। ਸਾਰੇ ਪੰਜਾਬ ਦੀਆਂ ਧਾਰਮਿਕ, ਰਾਜਨੀਤਿਕ, ਸਮਾਜੀ ਹਸਤੀਆਂ ਸ਼ਾਮਲ ਹੋਈਆਂ, ਪਰ ਕਿਸੇ ਨੇ ਕੋਈ ਕਿੰਤੂ ਕਰਨ ਦੀ ਲੋੜ ਨਹੀਂ ਸੀ ਸਮਝੀ। ਇਸ ਦੇ ਬਾਵਜੂਦ ਆਮ ਗੱਲਬਾਤ ਵਿਚ ਅਜੇ ਵੀ ਸਮਾਜ ਦੀ ਬਹੁਤ ਵੱਡੀ ਗਿਣਤੀ ਇਹੋ ਜਿਹੇ ਲੋਕਾਂ ਦੀ ਮਿਲਦੀ ਹੈ, ਜਿਹੜੇ ਇਸ ਤਰ੍ਹਾਂ ਦੇ ਇਕੋ ਗੋਤ ਵਾਲੇ ਵਿਆਹ ਦਾ ਵਿਰੋਧ ਕਰਦੇ ਹਨ।

ਆਖ਼ਰ ਕਿਉਂ? ਕਿਉਂਕਿ ਸਾਡੇ ਲੋਕ ਕਿਸੇ ਵੀ ਸਮੱਸਿਆ 'ਚੋਂ ਨਿਕਲਣ ਦਾ ਸੌਖਾ ਰਾਹ ਲੱਭਣ ਦੀ ਆਦਤ ਪਾ ਬੈਠੇ ਹਨ। ਇਹ ਆਦਤ ਕਿਸ ਤਰ੍ਹਾਂ ਦੀ ਹੁੰਦੀ ਹੈ, ਇਸ ਬਾਰੇ ਤੀਹ ਕੁ ਸਾਲ ਪੁਰਾਣੀ ਤਰਨਤਾਰਨ ਨੇੜੇ ਦੇ ਇਕ ਪਿੰਡ ਦੀ ਘਟਨਾ ਦਾ ਜ਼ਿਕਰ ਕਰਨਾ ਚਾਹਾਂਗਾ। ਉਥੇ ਇਕ ਜੱਟ ਦੇ ਘਰ ਹਲਕਿਆ ਹੋਇਆ ਕੁੱਤਾ ਆਣ ਵੜਿਆ ਸੀ, ਜਿਸ ਨੇ ਉਨ੍ਹਾਂ ਦੇ ਕੁੱਤੇ ਨੂੰ ਵੀ ਮੂੰਹ ਜਾ ਲਾਇਆ, ਮੱਝ ਨੂੰ ਵੀ ਤੇ ਮੁੰਡੇ ਨੂੰ ਵੀ।

ਹਲਕਾਅ ਦਾ ਇਕ ਡਾਕਟਰੀ ਇਲਾਜ ਚੌਦਾਂ ਟੀਕੇ ਪੇਟ ਵਿਚ ਲਗਵਾਉਣ ਦਾ ਤਾਂ ਹੈ ਹੀ, ਦੂਜਾ ਸਮਾਜਿਕ ਇਲਾਜ ਮਾਝੇ ਵਿਚ ਇਹ ਹੈ ਕਿ 'ਪੀਰ ਧੂਰੀ ਦਾ ਟੁੱਕ' ਲਿਆ ਕੇ ਖੁਆ ਦਿਓ। ਜੱਟ ਨੇ ਆਪਣੇ ਪੁੱਤ ਨੂੰ 'ਪੀਰ ਧੂਰੀ ਦਾ ਟੁੱਕ' ਵੀ ਖੁਆ ਦਿੱਤਾ ਤੇ ਚੌਦਾਂ ਟੀਕੇ ਵੀ ਲਗਵਾ ਦਿੱਤੇ, ਪਰ ਮੱਝ ਨੂੰ ਦੋਵਾਂ ਵਿਚੋਂ ਕੋਈ ਇਲਾਜ ਵੀ ਨਾ ਕਰ ਕੇ ਆਉਂਦੀ ਮੱਸਿਆ ਮੌਕੇ ਮੰਡੀ ਵਿਚ ਵੇਚ ਕੇ ਕਿਸੇ ਹੋਰ ਦੇ ਸਿਰ ਸਿਆਪਾ ਪਾ ਆਇਆ।

ਜਿਵੇਂ ਉਸ ਨੇ ਇਕੋ ਬਿਮਾਰੀ ਵਾਸਤੇ ਤਿੰਨ ਵੱਖ-ਵੱਖ ਪੈਮਾਨੇ ਵਰਤੇ ਸਨ, ਸਾਡੇ ਭਾਰਤੀ ਸਮਾਜ ਵਿਚ ਵੀ ਹਰ ਘਟਨਾ ਬਾਰੇ ਵੱਖ-ਵੱਖ ਪੈਮਾਨੇ ਹਨ।


ਜਿਹੜੇ ਲੋਕ ਅੱਜ ਇਕ ਮਾਮਲੇ ਵਿਚ ਕਾਨੂੰਨੀ ਪੈਂਤੜਾ ਲੈਂਦੇ ਹਨ, ਕੱਲ੍ਹ ਨੂੰ ਓਸੇ ਵਰਗੇ ਦੂਜੇ ਮਾਮਲੇ ਵਿਚ ਸਮਾਜਿਕ ਮਾਨਤਾਵਾਂ ਦੀ ਗੱਲ ਕਰਨਗੇ ਤੇ ਪਰਸੋਂ ਨੂੰ ਕੋਈ ਇਹੋ ਜਿਹਾ ਪੈਂਤੜਾ ਮੱਲ ਲੈਣਗੇ, ਜਿਹੜਾ ਸਮਾਜਿਕ ਜਾਂ ਕਾਨੂੰਨੀ ਨਾ ਹੋ ਕੇ ਸਿਰਫ ਉਨ੍ਹਾਂ ਦਾ ਆਪਣਾ ਪੈਂਤੜਾ ਹੋਵੇਗਾ। ਏਦਾਂ ਕਰਨ ਦਾ ਉਨ੍ਹਾਂ ਦਾ ਹੱਕ ਇਸ ਲਈ ਹੈ, ਕਿਉਂਕਿ ਏਥੇ 'ਗੰਗਾ' ਵੀ ਵਹਿੰਦੀ ਹੈ ਤੇ 'ਗੰਗਾ' ਵੀ ਰਹਿੰਦਾ ਹੈ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਭਾਗ - 1

ਕਰਮਜੀਤ ਸਿੰਘ ਕੁੱਸਾ



"ਜੇ ਹੈਂ ਟੱਕਰ ਜੇ, ਉਹਨੂੰ ਰੱਬ ਕੌਣ ਆਖੇ ਫੇਰ!" ਰਾਣੋ ਦੀ ਮਾਂ ਨੇ ਸਹਿਜ ਨਾਲ ਆਖਿਆ, "ਉਹ ਤਾਂ ਫੇਰ ਰੱਬ ਐ। ਆਪਣੀ ਉਹਨੇ ਕੀ ਸੁਣਨੀ ਐ! "

ਮਕਾਣਾਂ ਆਉਣ ਲੱਗ ਪਈਆਂ, ਕੁਰਲਾਟ ਮੱਚਿਆ ਹੋਇਆ ਸੀ, ਆਲਾ ਦੁਆਲਾ ਵੀ ਸੋਗੀ ਜਿਹਾ ਬਣਿਆ ਹੋਇਆ, ਚੱਤੋ ਪਹਿਰ ਸੋਗ ਮਈ ਮਹੌਲ ਰਹਿਣ ਕਰਕੇ ਮੇਜਰ ਬੁੜੇ ਨੇ ਇਕ ਦਿਨ ਘਰੋਂ ਆ ਕੇ ਗਲੀ ਵਿਚ ਝਾਤੀ ਮਾਰ ਕੇ ਆਖਿਆ, "ਆਂਹਦੇ ਹੁੰਦੇ ਐ, ਜੇ ਖੇੜੇ ਖੁਸ਼ੀ ਤਾਂ ਵਿਹੜੇ ਵੀ ਖੁਸ਼ੀ!...ਆਲਾ ਦੁਆਲਾ ਸਾਲਾ ਖਾਣ ਆਉਂਦਾ ਐ।"

ਹੌਲੀ ਹੌਲੀ ਅੱਜ ਹੋਰ, ਭਲਕ ਹੋਰ ਸੋਗ ਦਾ ਤਣਾਅ ਘੱਟਣ ਲੱਗ ਪਿਆ, ਸਰੀਕੇ ਦੀਆਂ ਵਿਆਹੀਆਂ ਵਰੀਆਂ ਕੁੜੀਆਂ ਵੀ ਹਾਹ ਦਾ ਨਾਅਰਾ ਮਾਰਨ ਆਉਂਦੀਆਂ, ਇਕ ਦਿਨ ਰੋਂਦੀ ਕੁਰਲਾਂਦੀ ਰਾਣੋ ਆ ਗਈ। ਉਸ ਆਪਣਾ ਆਪ ਏਨਾ ਖਪਾਇਆ, ਉਸ ਦੇ ਰੋਂਦਿਆਂ ਹੱਥ ਕੰਬਣ ਲਗ ਪਏ। ਦਿਨ ਸਮੇਂ ਉਹ ਹਰਜਾਪ ਕੋਲ ਬੈਠੀ ਉਹਨੂੰ ਦਿਲਾਸੇ ਦਿੰਦੀ ਰਹਿੰਦੀ। ਸ਼ਾਮ ਨੂੰ ਉਹ ਰੋਜ਼ ਪਾਲ ਕੇ ਘਰ ਆ ਬੈਠਦੀ, ਉਸ ਦੀ ਇਕ ਤਿੰਨ ਸਾਲ ਦੀ ਕੁੜੀ ਭੱਜੀ ਫਿਰਦੀ ਸੀ। ਉਸ ਦਿਨ ਖਾ ਪੀ ਕੇ ਹਰਪਾਲ ਕੇ ਘਰ ਬੈਠੀ ਸੀ। ਭਜਨ ਕੁਰ ਵੀ ਕੰਮ-ਧੰਦਾ ਮੁਕਾ ਕੇ ਆ ਗਈ। ਜਗਦੇਵ ਦੀਆਂ ਗੱਲਾਂ ਕਰਦੀਆਂ ਜਨਾਨੀਆਂ ਹਉਕੇ ਭਰਦੀਆਂ। ਹਰਪਾਲ ਹਰ ਦਮ ਸੋਗ ਦੀਆਂ ਗੱਲਾਂ ਤੋਂ ਤੰਗ ਆ ਗਿਆ ਸੀ, ਉਸ ਗੱਲ ਬਦਲਣ ਲਈ ਰਾਣੋ ਨੂੰ ਹੱਸ ਕੇ ਪੁੱਛਿਆ, "ਰਾਣੋ ਤੇਰੇ ਸਿੰਘ ਸਾਹਬ ਦਾ ਕੀ ਹਾਲ ਐ?"

"ਹਾਲ ਐ!" ਉਹਨੇ ਆਪਣੇ ਬੁੱਲ੍ਹ ਲਮਕਾਉਂਦਿਆਂ ਸਿਰ ਮਾਰਿਆ, "ਸੱਤਾਂ ਚੁੱਲਿਆਂ ਦੀ ਸੁਆਹ!" ਉਸ ਦੀ ਇਸ ਤਰ੍ਹਾਂ ਗੱਲ ਦੇ ਢੰਗ ਤੋਂ ਸਾਰੇ ਜਣੇ ਹੱਸ ਪਏ। ਉਹਨੇ ਲਾਈਟ ਦੇ ਮੱਧਮ ਜਿਹੇ ਚਾਨਣ ਵਿਚ ਉਹਨਾਂ ਦੇ ਚਿਹਰਿਆਂ ਵਲ ਵੇਖਿਆ, "ਆਹੋ ਫੇਰ!-ਉਹ ਵੀ ਕੋਈ ਬੰਦਾ ਹੁੰਦਾ ਐ? ਜੀਹਨੇ ਕਦੇ ਬਹਿ ਕੇ ਚੱਜ ਦੀ ਗੱਲ ਈ ਨੀ ਕਰਨੀ!-ਗੁੰਨ-ਮੁੰਨ ਬਣ ਕੇ ਆਊ, ਮੂਕੜੀ ਮਾਰ ਕੇ ਪੈ-ਜੂ! ਬੰਦਾ ਬਣਨ ਨੂੰ ਪਿਆ ਸੀ!"

"ਕੁੜੇ ਐਂ ਕਿਉਂ ਬੁੱਲ੍ਹ ਕੱਢਦੀ ਐਂ!" ਸਾਹਬ ਕੁਰ ਨੇ ਸਮਝਾਉਣ ਦੀ ਨੀਤ ਨਾਲ ਆਖਿਆ, "ਚੰਗਾ ਭਲਾ ਮੁੰਡਾ ਐ! ਨੌਕਰੀ 'ਤੇ ਲੱਗਿਆ ਹੋਇਐ।"

"ਉਹਦੀ ਨੌਕਰੀ ਦਾ ਮੈਨੂੰ ਕੀ ਹੇਜ ਐ? ਪੈਸੇ ਤਾਂ ਸਾਰੇ ਲਿਆ ਕੇ, ਮਾਂ ਦੇ ਬੋਝੇ 'ਚ ਪਾ ਦਿੰਦੈ!...ਉਹ ਐਹੋ ਜੀ ਕੁਲਤਾਰਕ ਐ! ਜਦੋਂ ਪੈਸੇ ਲਿਆ ਕੇ ਫੜਾਊ, ਫੇਰ ਬਿੱਲੀ ਵਾਂਗੂ ਮਗਰ ਮੂਹਰੇ ਪੂਛ ਮਾਰਦੀ ਫਿਰੂ!"

"ਭੈਣੇ, ਮੈਂ ਸੁਣਿਐ।" ਸੁਖੀ ਨੇ ਆਖਿਆ, "ਤੇਰੀ ਸੱਸ ਬਾਹਲੀ ਚੰਦਰੀ ਐ! ਭੋਰਾ ਕੁ ਮੱਖਣੀ ਵੀ ਸੰਦੂਖ਼ 'ਚ ਰੱਖਦੀ ਐ!"

"ਪੁੱਛ ਨਾ!" ਰਾਣੋ ਹੱਥ ਮਾਰ ਕੇ ਆਖਿਆ, "ਪਿਛਲੇ ਜਨਮ ਬਘਿਆੜੀ ਸੀ! ਐਨੀਆਂ ਜਿੱਦਾਂ ਕਰਦੀ ਐ!...ਆਪਾਂ ਵੀ ਅੱਗੋਂ ਢਿੱਲੇ ਨ੍ਹੀਂ ਫੇਰ! ਮੈਥੋਂ ਵੀ ਤੇਰਵੀਆਂ ਲੈਂਦੀ ਐ!"

"ਫੇਰ ਤਾਂ ਥੋਡੇ ਘਰੇ ਲੜਾਈ ਪੈਂਦੀ ਹੋਊਗੀ?"

"ਪਈ ਜਾਵੇ।" ਰਾਣੋਂ ਨੇ ਬੇਪ੍ਰਵਾਹੀ ਨਾਲ ਸਿਰ ਮਾਰਿਆ, "ਜਦੋਂ ਸਾਰਾ ਦਿਨ ਬੰਦੇ ਨੇ ਗਧੇ ਵਾਂਗੂ ਕੰਮ ਈ ਕਰੀ ਜਾਣਾ! ਅਗਲਾ ਲੋਹੇ ਦਾ ਤਾਂ ਨ੍ਹੀਂ ਬਣਿਆ!-ਇਕ ਦਿਨ ਪਤਾ ਕੀ ਹੋਇਆ, ਖਨੀ ਕੀ ਗੱਲ ਸੀ! ਭੈਣੇ, ਮੇਰੇ ਚੁੱਲ੍ਹੇ ਮੂਹਰੇ ਬੈਠੀ ਦੇ ਥੱਫਾ ਮਾਰਨ ਆਈ! ਮੈਂ ਵੀ ਮੂਹਰਿਉਂ ਚਿਮਟਾ ਚੁੱਕ ਲਿਆ! ਦੇਖ ਲੈ, ਫੇਰ ਸਾਰਾ ਦਿਨ ਮਾਸੀ! ਕੁੱਤੀ ਨੇ ਜ਼ਹਿਬਰਾ ਪਾਈ ਰੱਖਿਐ! ਬੁੜ੍ਹਾ ਖੇਤੋਂ ਆਇਆ, ਉਹਦੇ ਕੋਲ ਲੱਗੀ ਤਾਤੇ-ਬਾਤੇ ਕਰਨ! ਉਹਨੂੰ ਇਹਦੇ ਸੁਭਾਅ ਦਾ ਪਤੈ! ਤੇ ਉਹ ਮੈਨੂੰ ਵੀ ਕਹਿ ਦਿੰਦਾ ਹੁੰਦਾ, ਪੁੱਤ ਮੈਂ ਇਹਦੇ ਨਾਲ ਸਾਰੀ ਉਮਰ ਕੱਟਿਐਂ! ਇਹ ਤਾਂ ਮੁੱਢੋਂ ਈ ਅੜਬਣੀ ਐ!"

"ਤੇਰਾ ਸਹੁਰਾ ਤਾਂ ਕੁੜੇ ਫੇਰ ਚੰਗੈ!"

"ਉਹਦੀ ਚੰਗਿਆਈ ਕੋਈ ਰਹਿਣ ਵੀ ਦੇਵੇ! ਦਿਨ ਛਿਪੇ ਜਿਹੇ ਮੂਤ ਪੀ ਕੇ ਉਹ ਵੀ ਆ ਵੜਿਆ! ਕਿੱਥੋਂ ਮੇਰੇ ਲਈ ਧਰਿਆ ਪਿਆ ਸੀ!" ਉਸ ਦੇ ਇਸ ਤਰ੍ਹਾਂ ਆਖਣ ਉੱਤੇ ਹਾਸੜ ਫਿਰ ਮੱਚ ਉੱਠੀ..."ਹਾਸਾ ਕਾਹਦੈ? ਹਮੇਸ਼ਾ ਰੋਜ਼ ਦਾਰੂ ਦੀਆਂ ਦੋ ਬੋਤਲਾਂ ਪੀ ਕੇ ਆਉਂਦੈ! ਗੌਰਮੈਂਟ ਨੂੰ ਲੁੱਟ ਲੁੱਟ ਖਾਈ ਜਾਂਦੈ! 5-7 ਰਲੇ ਵੇ ਐ, ਕਣਕ ਦੀਆਂ ਬੋਰੀਆਂ ਇਧਰ-ਉਧਰ ਕਰ ਦਿੰਦੇ ਐ।"

"ਥੋਡਾ ਘਰ ਈ ਬਣਦੈ!" ਪਾਲ ਨੇ ਹੌਲੀ ਜਿਹੀ ਮਠਾਕ ਕੇ ਆਖਿਆ।

"ਆ ਬਣਦਾ ਸਾਡਾ ਘਰ!-ਕੁੜੀਆਂ ਦੇ ਬੋਝੇ ਨ੍ਹੀਂ ਅਜੇ ਤਾਂ ਸੂਤ ਆਉਂਦੇ! ਝੋਲੇ ਭਰ ਭਰ ਛੋਟੇ ਮੁੰਡਿਆਂ ਕੋਲੇ ਭੇਜਦੀ ਐ! -ਚੱਲ ਹੱਛਾ, ਬੁੜੀ ਕੰਜਰੀ ਨੇ ਉਹਨੂੰ ਆਉਂਦੇ ਨੂੰ ਸਿਖਾ-ਤਾ, ਉਹ ਹੋ ਗਿਆ ਮੇਰੇ ਦੁਆਲੇ! ਸੱਚੀ ਐ ਗੱਲ, ਪਹਿਲਾਂ ਤਾਂ ਆਪਾਂ ਹਬਕ-ਦਬਕ ਝੱਲ ਲੈਂਦੇ ਸੀ। ਗਾਲਾਂ ਕੱਢਣ ਲੱਗ ਪਿਆ!"

"ਮੈਂ ਆਖਿਆਂ, ਤੂੰ ਪੜ੍ਹਿਐ ਲਿਖਿਐਂ, ਕਦੇ ਤੂੰ ਗੱਲ ਸਮਝਣ ਦਾ ਯਤਨ ਕੀਤੈ। ਬਿਠਾ ਕੇ ਨਿਤਾਰ, ਜੇ ਮੇਰੇ 'ਚ ਕਸੂਰ ਹੋਇਆ! ਬੇਸ਼ੱਕ ਗੁੱਤ ਮੁੰਨਦੀਂ! ਚਲ ਚੁੱਪ ਜੇ ਕਰ ਗਿਆ!... ਮਖਿਆ ਮਾਂ ਦਾ ਚੱਕਿਆ ਚਕਾਇਆ ਮੇਰੇ ਮਗਰ ਪੈ ਜਾਨੈਂ! ਮੈਂ ਨ੍ਹੀਂ ਐਂ ਤੋਏ ਤੋਏ ਕਰਵਾਉਣੀ! ਮੈਂ ਵੀ ਇਨਸਾਨ ਆਂ।"

ਨਿੱਕਾ ਜਿਹਾ ਹਾਸਾ ਫਿਰ ਸੁਣਾਈ ਦਿੱਤਾ।

"ਤੂੰ ਇਉਂ ਆਖ ਦਿੱਤਾ!" ਹਰਪਾਲ ਨੇ ਰਤਾ ਕੁ ਹੱਸ ਕੇ ਪੁੱਛਿਆ।

"ਕਿਉਂ, ਕਹਿਣ ਨੂੰ ਉਹਦਾ ਮੈਨੂੰ ਡਰ ਐ!-ਨਾਲੇ ਜਦੋਂ ਭਰਾ ਨਿਕੰਮੇ ਹੋਣ, ਅਗਲੇ ਸੋਚਦੇ ਐ, ਇਨ੍ਹਾਂ ਦਾ ਕੀ ਐ?-ਨਾਲੇ ਤੈਥੋਂ ਤਾਂ ਬਾਹਲਿਆ ਸਿਆਣਿਆ, ਕਦੇ ਗੇੜਾ ਵੀ ਨ੍ਹੀਂ ਵੱਜਿਆ! ਉਦੋਂ ਕਹਿੰਦਾ ਹੁੰਦਾ ਸੀ, ਰਾਣੋਂ ਮੈਂ ਤੇਰੇ ਕੋਲ ਆਇਆ ਕਰੂੰ! ਆ ਹੋਇਆ ਇਹਤੋਂ ਲਾਟ ਸਾਹਬ ਤੋਂ?"

"ਤੂੰ ਤਾਂ ਹੋਰ ਪਾਸੇ ਗੱਲ ਲੈ ਜਾਨੀ ਐਂ!" ਪਾਲ ਨੇ ਆਪਣੀ ਆਵਾਜ਼ ਵਿਚ ਮਿਠਾਸ ਭਰਦਿਆਂ ਆਖਿਆ, "ਮੇਰਾ ਇਹ ਮਤਲਬ ਨਹੀਂ ਸੀ!"

"ਮੈਨੂੰ ਪਤਾ ਤੇਰੇ ਮਤਲਬ ਦਾ!-ਸਾਰਿਆਂ ਨੇ ਰਲ ਕੇ ਮੈਨੂੰ ਖਾਤੇ ਵਿਚ ਸੁੱਟਿਆ! ਮਗਰੋਂ ਕਿਸੇ ਜਾ-ਵੱਢੇ ਨੂੰ ਵਿਹਲ ਈ ਨ੍ਹੀਂ ਮਿਲੀ, ਸੁਰ ਪਤਾ ਲੈਣ ਦੀ!" ਉਹਨੂੰ ਪਤਾ ਨਹੀਂ ਕੀ ਹੋਇਆ, ਉਸ ਅੱਖਾਂ ਭਰ ਲਈਆਂ, ਬੋਲ ਭਾਰਾ ਹੋ ਗਿਆ। "ਆਹ ਬੈਠੀ ਐ ਮੇਰੀ ਮਾਂ! ਪੁੱਤਾਂ-ਨੂੰਹਾਂ ਨੂੰ ਜ਼ਮੀਨਾਂ ਬਣਾ ਕੇ ਦੇ 'ਤੀਆਂ। ਧੀਆਂ ਬਣਾ ਧਰੀਆਂ ਖੋਰੀ!...ਮੇਰੇ ਪੁੱਤਾਂ ਦੀ ਜ਼ਮੀਨ! ਐਨੇ ਕਿੱਲੇ!!... ਫੇਰ ਹੁਣ ਨੂੰਹ-ਪੁੱਤ ਤੇਰੇ ਪੈਰ ਧੋ-ਧੋ ਪੀਂਦੇ ਹੋਣਗੇ?"

"ਨਾ ਪੀਣ!" ਭਜਨ ਕੁਰ ਨੇ ਠਰੰਮੇ ਨਾਲ ਗੱਲ ਮੋੜੀ, "ਜੱਗ ਤਾਂ ਨ੍ਹੀਂ ਸਾਨੂੰ ਮਾੜੇ ਕਹਿੰਦਾ! ਚਲ ਉਹ ਜਾਣੇ, ਸੁਖੀ ਵਸਣ! ਅਸੀਂ ਮਾੜਾ ਨ੍ਹੀਂ ਕੀਤਾ! ਨੂੰਹਾਂ-ਪੁੱਤਾਂ ਨੇ ਸਾਨੂੰ ਖੱਲਾਂ ਦਾ ਕੂੜਾ ਬਣਾਇਐ, ਤਾਂ ਰਾਜ ਉਹ ਵੀ ਨ੍ਹੀਂ ਭੋਗਦੇ! ਉਨ੍ਹਾਂ ਦੇ ਜਵਾਕ ਹੋਏ ਲੈ! ਤੈਨੂੰ ਐਥੇ ਈ ਵਿਖਾ-ਦੂੰ!"

"ਤੂੰ ਹੁਣ ਇਹ ਦੇਖਣ ਲਈ ਬੈਠੀ ਰਹੇਂਗੀ?" ਰਾਣੋਂ ਨੇ ਹਨੇਰੇ ਵਿਚ ਉਸ ਵਲ ਅੱਖਾਂ ਕੱਢੀਆਂ, "ਅਜੇ ਉਨ੍ਹਾਂ ਨੇ ਥੋਡੇ ਘਸੁੰਨ ਲਾ ਲਾ ਰਹਿੰਦੀ ਜ਼ਮੀਨ ਖੋਹਣੀ ਐ! ਮਾਈ ਤੇਰੀਆਂ ਕਿੱਥੇ ਭਾਉਂਦੀਆਂ ਇਹ ਵੀ ਸਾਡਾ ਸ਼ਰਾਪ ਐ। ਲੂੰਝੇ-ਡੁੱਡੇ ਨੂੰ ਵਿਆਹ ਕੇ ਮੇਰੇ ਕੋਇਲੇ ਬਣਾ-ਤੇ, ਹੁਣ ਸੁਖ ਭੋਗਣ ਨੂੰ ਫਿਰਦੀਂ ਐਂ!"

"ਨੀ ਕਿਉਂ ਮਰੀ ਨੂੰ ਮਾਰਦੀ ਐਂ?" ਭਜਨ ਕੁਰ ਨੇ ਅੱਖਾਂ ਭਰ ਕੇ ਉਹਦੇ ਹੱਥ ਕਰਿਆ, "ਮੈਂ ਤਾਂ ਪਹਿਲਾਂ ਈ ਪੋਟਾ ਪੋਟਾ ਦੁਖੀ ਆਂ।"

"ਦੁਖੀ ਐਂ, ਤਾਂ ਮੈਂ ਤੈਨੂੰ ਕੀ ਕਰਦਿਆਂ, ਮੈਂ ਤਾਂ ਆਪ ਕੰਡਿਆ 'ਤੇ ਬੈਠੀ ਆਂ! ਨੂੰਹਾਂ ਕਮਜਾਤਾਂ ਮੂਹਰੇ ਜਾ ਕੇ ਪਿੱਟ! ਜਿਨ੍ਹਾਂ ਨੇ ਤੈਨੂੰ ਖੱਲਾਂ ਦਾ ਕੂੜਾ ਬਣਾਇਐ! "

"ਨੀ ਰਾਣੋਂ।" ਸਾਹਬ ਕੁਰ ਨੇ ਤਰਲਾ ਮਾਰਿਆ, "ਕੁੜੇ ਤੂੰ ਆਏ ਸਾਲ ਐਂ ਨਾ ਐਨੀ ਕਲਪਣਾਂ ਕਰ! ਖ਼ਬਰੈ ਉਹ ਕਿਹੜੇ ਰੰਗਾਂ 'ਚ ਰਾਜੀ ਐ! ਕੋਈ ਚੰਗਾ ਦਿਨ ਆ-ਜੂਗਾ!"

"ਚੰਗੇ ਦਿਨ ਨ੍ਹੀਂ ਮਾਸੀ ਹੁਣ ਮੇਰੇ ਆਉਂਦੇ! ਮੈਂ ਤਾਂ ਆਹਨੀ ਆਂ ਐਤਕੀਂ ਵੀ ਮੇਰੇ ਕੁੜੀ ਹੋਵੇ! ਸੱਸ ਕਮਜਾਤ ਤੇ ਕੁਸ਼ ਲਗਦੇ ਨੂੰ ਸੇਕ ਤਾਂ ਲੱਗੇ! ਧੀਆਂ ਦੇ ਕੀ ਦੁੱਖ ਹੁੰਦੇ ਐ?...।" ਉਸਦਾ ਸੰਘ ਫਿਰ ਭਾਰਾ ਹੋ ਗਿਆ, ਮੋਢਿਆਂ ਉਤੇ ਹੱਥ ਲਾ ਕੇ ਬੋਲੀ, "ਮਾਸੀ ਮੈਂ ਤਾਂ ਥੋਡੇ ਕੋਲ ਕਦੇ ਗੱਲ ਨ੍ਹੀਂ ਕੀਤੀ! ਕੰਜਰ ਨੇ ਮਾਰ ਮਾਰ ਲੱਤਾਂ ਮੇਰਾ ਢਿੱਡ ਭੰਨਿਐ ਪਿਆ! ਇਹ ਤਾਂ ਮੈਨੂੰ ਰੋ ਰੋ ਦਿਖਾ ਦਿੰਦੀ ਐ! ਮੈਂ ਕਿਹੜੇ ਜਾ-ਵੱਢੇ ਕੋਲ ਜਾ ਕੇ ਪਿੱਟਾਂ!-ਬਥੇਰਾ ਚਿਰ ਕੁੱਟਾਂ ਖਾਧੀਆਂ! ਇਕ ਦਿਨ ਫੇਰ ਮੈਂ ਵੀ ਫੜ ਲਿਆ! ਸਿਆਲ ਦੀ ਰਾਤ! ਅੰਦਰ ਪੈਂਦੇ ਹੁੰਦੇ ਸੀ! ਮਾਂ ਦੇ ਸਿੱਖੇ ਸਿਖਾਏ ਨੇ ਆ ਕੇ ਮੇਰੇ ਚਪੇੜ ਮਾਰੀ! ਸ਼ਰਾਬੀ ਸੀਗਾ! ਮੈਂ ਸਾਂਵੀ ਮੁੱਕੀ ਮਾਰੀ। ਉਹਨੇ ਮੇਰੇ ਫੇਰ ਮਾਰਿਐ, ਮੈਂ ਵੀ ਧਰ-ਤੀ। ਲੱਗਿਆ ਜੀ ਉੱਚੀ ਉੱਚੀ ਗਾਲਾਂ ਕੱਢਣ! ਮੈਂ ਕਿਹਾ, 'ਖੁਸ਼ੀ ਗਾਲਾਂ ਕੱਢ! ਮੈਂ ਮਿੱਟੀ ਦੀ ਨ੍ਹੀ ਬਣੀ ਹੋਈ! ਤੈਥੋਂ ਚੁੱਪ ਕਰਕੇ ਕੁੱਟ ਖਾਈ ਜਾਵਾਂ! ਦੱਸ ਮੈਂ ਤੇਰਾ ਕੀ ਵਿਗਾੜਿਐ?"

ਹਰਪਾਲ ਦੀਆਂ ਅੱਖਾਂ ਸਿੱਲੀਆਂ ਹੋ ਗਈਆਂ। ਉਸ ਦੂਸਰਿਆਂ ਤੋਂ ਅੱਖ ਬਚਾਉਂਦਿਆਂ ਆਪਣੇ ਦੋਵੇਂ ਹੱਥਾਂ ਦੀਆਂ ਹਥੇਲੀਆਂ ਨਾਲ ਹੰਝੂ ਪੂੰਝੇ। ਹਨੇਰਾ ਹੋਣ ਕਾਰਨ ਉਸ ਵਲ ਕਿਸੇ ਦਾ ਧਿਆਨ ਨਹੀਂ ਸੀ, ਉਸ ਦੂਸਰਿਆਂ ਤਰਫ ਨਜ਼ਰ ਮਾਰੀ, ਬਾਕੀ ਵੀ ਚੁੱਪ ਚਾਪ ਰਾਣੋਂ ਦੀਆਂ ਗੱਲਾਂ ਸੁਣ ਰਹੇ ਸਨ। ਪਾਲ ਨੇ ਨਿੱਕਾ ਜਿਹਾ ਸੁੜ੍ਹਾਕਾ ਮਾਰਦਿਆਂ ਆਖਿਆ, "ਚੱਲ, ਰਾਣੋ ਹੁਣ ਕੋਈ ਹੋਰ ਗੱਲ ਕਰ !"

"ਕਿਉਂ?" ਰਾਣੋ ਨੇ ਉਹਦੇ ਵਲ ਘੂਰ ਕੇ ਦੇਖਿਆ, "ਤੈਨੂੰ ਹੁਣ ਗੱਲਾਂ ਸੁਣਨੀਆਂ ਵੀ ਭਾਰੀਆਂ ਲੱਗਦੀਆਂ! ਉਥੇ ਜਾਣਾ ਕਰਨਾ ਤਾਂ ਕੀ ਸੀ! ਦੇਖ ਲਾ ਮਾਸੀ, ਹੁਣ ਇਹਤੋਂ ਗੱਲ੍ਹਾਂ ਵੀ ਨ੍ਹੀਂ ਸੁਣ ਹੁੰਦੀਆਂ!"

"ਹੁਣ ਆਊਗਾ!"

"ਹੁਣ ਤਾਂ ਆਇਆ ਨਾ ਆਇਆ, ਇਕ ਬਰਾਬਰ ਐ! ਬਿਗਾਨੇ ਤਾਂ ਉੱਤੋਂ ਦੀ ਪੈ ਗਏ! ਮਾਰ ਮਾਰ ਕੇ ਉਨ੍ਹਾਂ ਨੇ ਮੇਰੀ ਦੇਹ ਵਿਗਾੜ-ਤੀ! ਹੁਣ ਤੂੰ ਉੱਥੇ ਆ ਕੇ ਕੀ ਕਰਨੈ?-ਖੁਸ਼ੀ ਆਈਂ! ਮੈਂ ਆਪੇ ਆਪਦੀਆਂ ਬਣੀਆਂ ਕੱਟੂੰ! ਹੁਣ ਤਾਂ ਕਿਤੇ ਤੈਥੋਂ ਵੱਡੇ ਸਾਹਬ ਤੋਂ ਉਹ ਡਰ ਨਾ ਜਾਣ!"

ਹਰਪਾਲ ਨਹੀਂ ਬੋਲਿਆ, ਉਸ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਰਾਣੋ ਸੱਚ ਹੀ ਆਖ ਰਹੀ ਸੀ।

"ਮੈਨੂੰ ਤਾਂ ਇਉਂ ਅਚਰਜ ਆਉਂਦਾ ਐ! ਉਦੋਂ ਵਿਆਹ ਵੇਲੇ ਕਿਵੇਂ ਮਿੱਠੀਆਂ ਮਾਰੇ! ਰਾਣੋ ਭੈਣੇ, ਮੈਂ ਤੇਰੇ ਕੋਲ ਆਇਆ ਕਰੂੰ! ਮਗਰੋਂ ਕਿਸੇ ਜਾ-ਵੱਢੇ ਔਂਤਰੇ ਨੇ ਬੱਤੀ ਨ੍ਹੀਂ ਬਾਹੀ! ਫੂਕ-ਤਾਂ ਮੈਨੂੰ ਉੱਥੇ! ਡੁੱਡਿਆਂ ਲੰਗੜਿਆਂ ਨਾਲ ਨਰੜ ਕਰ-ਤਾ! ਮੈਂ ਤਾਂ ਆਂਹਨੀ ਆਂ, ਜਿਨ੍ਹੇ ਮੇਰੇ ਨਾਲ ਕੀਤੀਆਂ ਉਹ ਵੀ ਏਥੇ ਈ ਲੇਖੇ ਦੇਊਗਾ!"

ਪਾਲ ਨੇ ਨਿੱਕਾ ਜਿਹਾ ਹੱਸ ਕੇ ਆਖਿਆ, "ਲੱਖ ਕੱਢ ਲੈ, ਕੁਪੱਤੀਏ ਗਾਲ਼ਾਂ! ਪਾਲੀ ਦਾ ਕਿਹੜਾ ਪੁੱਤ ਮਰ ਜਾਊ।"

ਰਾਣੋ ਇਕ ਦਮ ਚੁੱਪ ਹੋ ਗਈ ਤੇ ਉਸ ਡੂੰਘਾ ਹਉਕਾ ਭਰਕੇ ਸਾਹ ਛੱਡਿਆ। ਵਿਹੜੇ ਵਿਚ ਚੁੱਪ ਪਸਰੀ ਹੋਈ ਸੀ। ਕੋਈ ਵੀ ਬੋਲ ਨਹੀਂ ਰਿਹਾ ਸੀ, ਪਸ਼ੂਆਂ ਦੇ ਫੂਕਾਰੇ ਹੀ ਸੁਣ ਰਹੇ ਸਨ।

"ਮੈਂ ਤਾਂ ਹੱਸਦੀ ਆਂ ਪਾਲ! ਐਂਵੇ ਨਾ ਗੁੱਸਾ ਕਰ-ਲੀਂ!"

"ਗੁੱਸਾ ਕਿਉਂ ਨਾ ਕਰੂ।" ਭਜਨ ਕੁਰ ਨੇ ਸੁਖਾਵਾਂ ਮਾਹੌਲ ਬਣਿਆ ਵੇਖ ਕੇ ਆਖਿਆ, "ਦਿਨ ਛਿਪੇ ਤੋਂ ਮੁੰਡੇ ਨੂੰ ਗਾਲ਼ਾਂ ਦੇਈ ਜਾਨੀ ਐਂ!"

"ਤੂੰ ਹੁਣ ਹੋਰ ਅੱਗ ਤੇ ਫੂਸ ਪਾ!" ਰਾਣੋ ਪਹਿਲਾਂ ਨਾਲੋਂ ਕੁਝ ਠੀਕ ਹੋ ਗਈ ਸੀ, "ਸਾਡੀ ਭੈਣ ਭਰਾ ਦੀ ਗੱਲ ਐ!-ਨਾਲੇ ਤੈਨੂੰ ਕੀ?...ਤੂੰ ਐਵੇਂ ਨਾ ਪਾਲ ਗੁੱਸਾ ਕਰ-ਲੀਂ! ਮੇਰਾ ਐਨਾ ਵੀ ਹੱਕ ਨ੍ਹੀਂ!"

"ਮੈਨੂੰ ਹੋਵੇ ਨਾ ਮੇਰਾ ਪੁੱਤ ਐ!"

"ਅੱਗੇ ਪੁੱਤਾਂ ਦੀਓ ਤਾਰੀ ਪਈ ਐਂ ਨਾ!"

ਭਜਨ ਕੁਰ ਮੁੜ ਨਾ ਬੋਲੀ, ਵਾਹ ਲੱਗਦੀ ਰਾਣੋ ਦੇ ਮਾਮਲੇ ਵਿਚ ਘੱਟ ਈ ਬੋਲਦੀ ਸੀ। ਰਾਣੋ ਕੁਝ ਅਜਿਹੀ ਮੂੰਹ-ਜ਼ੋਰ ਹੋ ਗਈ ਸੀ, ਉਸ ਨੂੰ ਜਦੋਂ ਕੋਈ ਚੰਗੀ ਮੱਤ ਦਿੰਦਾ, ਉਹ ਉਲਟਾ ਅਗਲੇ ਦੇ ਗ਼ਲ ਪੈ ਜਾਂਦੀ! ਕਿੰਨੀ ਰਾਤ ਤੱਕ ਬੈਠੇ ਸਾਰੇ ਜਣੇ ਗੱਲਾਂ ਕਰਦੇ ਰਹੇ। ਅਖੀਰ ਸਾਹਬ ਕੁਰ ਨੇ ਸਾਰਿਆਂ ਨੂੰ ਪੈ ਜਾਣ ਲਈ ਆਖਦਿਆਂ ਉਬਾਸੀ ਲਈ।

****

ਕੁਝ ਮਹੀਨਿਆਂ ਬਾਅਦ ਗੁਰਬਖਸ਼ ਇਕ ਦਿਨ ਪੁਰਾਣਾ ਜਿਹਾ ਅਟੈਚੀਕੇਸ ਚੁੱਕੀ ਪਿੰਡ ਆ ਗਿਆ। ਸਾਹਬ ਕੁਰ ਦੀ ਨਜ਼ਰ ਬਿੰਦੇ ਝੱਟੇ ਗੁਰਬਖਸ਼ ਦੇ ਸਰੀਰ ਵਲ ਜਾਂਦੀ, ਸਫ਼ਰ ਨਾਲ ਕਪੜੇ ਕਾਲੇ ਹੋਏ ਪਏ ਸਨ। ਪੈਰਾਂ ਵਿਚ ਪੁਰਾਣੀ ਜੁੱਤੀ ਵੇਖ ਕੇ ਉਸ ਦੇ ਢਿੱਡ ਵਿਚ ਹਊਕਾ ਫੁੱਲਿਆ, "ਮਾੜੀ ਹਾਲਤ ਤਾਂ ਆਪੇ ਹੋਣੀ ਐ! ਜਦੋਂ ਸ਼ੇਰ ਵਰਗਾ ਭਰਾ ਹੱਥੀਂ ਮੁਕਾਉਣਾ ਪੈ ਗਿਆ!"

ਗੁਰਬਖਸ਼ ਲੋਰ ਵਿਚ ਗੱਲਾਂ ਕਰੀ ਜਾਂਦਾ ਸੀ। ਸਾਹਬ ਕੁਰ ਨੇ ਉਸ ਦੇ ਚਿਹਰੇ ਵਲ ਵੇਖਿਆ, ਲੰਮਾ ਸਮਾਂ ਪਿੰਡੋਂ ਬਾਹਰ ਰਹਿਣ ਦੇ ਬਾਵਜੂਦ ਚਿਹਰੇ ਦੀ ਰੰਗਤ ਦਸਦੀ ਸੀ, ਉਹ ਬਾਹਰੋਂ ਹੀ ਪੀ ਕੇ ਘਰ ਆਇਆ ਸੀ।

"ਫੇਰ ਹੁਣ ਮੁਕੱਦਮੇ ਦਾ ਕੀ ਬਣਿਐ?"

"ਮੁਕੱਦਮੇ ਦਾ ਕੀ ਬਣਨਾ ਐਂ!" ਗੁਰਬਖਸ਼ ਨੇ ਨਿੱਕਾ ਜਿਹਾ ਡਕਾਰ ਮਾਰਿਆ, "ਉਹ ਪਾਰਟੀ ਬਹੁਤ ਵੱਡੀ ਐ! ਪੂਰੀਆਂ ਪੰਜਾਹ ਗੱਡੀਆਂ! ਅਗਲੇ ਪੈਸਾ ਮੀਂਹ ਵਾਂਗੂੰ ਵਰਾਉਂਦੇ ਐ! ਇਧਰ ਕੁੜੀ ਚਿੱਠੀ 'ਤੇ ਚਿੱਠੀ ਚਾੜੀ ਰੱਖਦੀ ਐ, ਸਾਡਾ ਹਿਸਾਬ ਕਿਤਾਬ ਮੈਥੋਂ ਬਿਨਾ ਨਾ ਕਰਿਓ! ਦੂਜੇ ਪੱਲਿਆ ਕਿਉਂ ਲਾਉਣ?"

"ਕੁੜੀ ਤਾਂ ਨਿਆਣੀ ਐਂ, ਉਹਨੂੰ ਤਾਂ ਵਹਿਮ ਐ, ਮੇਰਾ ਪਿਉ ਬਹੁਤਾ ਤਕੜਾ ਸੀ!"

"ਤਕੜਾ ਸੀਗਾ, ਕੋਈ ਸ਼ੱਕ ਨਹੀਂ!" ਗੁਰਬਖਸ਼ ਨੇ ਗੋਡਿਆਂ ਉਪਰ ਰੱਖੇ ਹੱਥ ਹਿਲਾ ਦਿੱਤੇ, "ਪਰ ਦੁਸ਼ਮਣਾਂ ਨਾਲੋਂ ਤਾਂ ਨਹੀਂ, ਸਾਡੇ ਵਰਗਿਆਂ ਨਾਲੋਂ ਤਕੜਾ ਸੀ! ਪਰ ਪੈਸੇ ਬਿਨਾ ਕਹਾਣੀ ਨਹੀਂ ਬਣਦੀ ਨਾ। ਚਲੋ ਸਾਡੇ ਕੋਲ ਤਾਂ ਹੈ ਈ ਨਹੀਂ! ਸੁਰਮੁੱਖ ਲਾਵੇ ਜਾਂ ਜਸਮੇਲ ਪਟਵਾਰੀ ਲਾਵੇ, ਜੀਹਨੂੰ ਹਿੱਕ ਦਾ ਵਾਲ ਸਮਝਦਾ ਸੀ!"

"ਚਲ, ਮਰਗਿਆਂ ਨਾਲ ਕਾਹਦਾ ਵੈਰ ਹੁੰਦਾ ਐ!" ਸਾਹਬ ਕੁਰ ਨੇ ਹਲੇਮੀ ਨਾਲ ਆਖਿਆ, "ਸਾਡੇ ਨਾਲ ਤਾਂ ਜਿੰਨਾ ਚਿਰ ਜਿਉਂਦਾ ਰਿਹੈ, ਪੂਰੀ ਖਹਿਬਾਜ਼ੀ ਰੱਖੀ ਐ! ਚਲ ਉਹ ਜਾਣੇ, ਜੁਆਕਾਂ ਨੇ ਤਾਂ ਆਪਾਂ ਨੂੰ ਕੁਸ਼ ਨ੍ਹੀਂ ਆਖਿਐ!"

"ਤੂੰ ਤਾਂ ਕਮਲੀ ਐਂ! ਆਪਣੇ ਕੋਲ ਕੁਸ਼ ਹੋਵੇ ਤਾਂ ਲਾਈਏ!" ਪਲ ਕੁ ਗੁਰਬਖਸ਼ ਫਿਰ ਧੀਰਜ ਭਰੀ ਆਵਾਜ਼ ਵਿਚ ਬੋਲਿਆ, ਠਹਿਰਕੇ "ਉਹ ਕਹਿੰਦੇ ਸੀ, ਅਸੀਂ ਜਵਾਕਾਂ ਦੇ ਜਿੰਨਾ ਕਹੋਂਗੇ, ਪੈਸਾ ਨਾਂ ਲਵਾ ਦਿੰਨੇ ਆਂ। ਪਰ ਕੋਈ ਮੰਨੇ ਵੀ! ਸੁਰਮੁਖੀਆ ਹੱਕ ਪਾਉਣ ਲੱਗ ਪਿਆ, ਅਸੀਂ ਪਿੰਡ 'ਚ ਕਿਵੇਂ ਰਹਾਂਗੇ! ਲੋਕਾਂ ਤੋਂ ਗ਼ੀਦੀ ਅਖਵਾਲੀਏ!"

"ਸੁਰਮੁਖੀਆ ਕੀ ਕਰਦਾ, ਜੇ ਜੁਆਕ ਮੰਨ ਜਾਂਦੇ!"

"ਜੁਆਕਾਂ ਨੂੰ ਪਤਾ ਨ੍ਹੀਂ ਕੀ ਪੱਟੀ ਪੜ੍ਹਾਈ ਹੋਈ ਐ! ਮੁਕੱਦਮਾ ਲੜੋ! ਕੁੜੀ ਤਾਂ ਹਰ ਚਿੱਠੀ 'ਚ ਏਹੀ ਲਿਖਦੀ ਐ! ਮੁਕੱਦਮੇ ਪੈਸਿਆਂ ਨਾਲ ਲੜੇ ਜਾਂਦੇ ਐ!"

"ਕੁੜੀ ਤਾਂ ਏਥੇ ਵੀ ਰੋਣ ਪਿੱਟਣ ਪਾਈ ਰੱਖਦੀ ਐ! ਅਖੇ ਜਦੋਂ ਉਨ੍ਹਾਂ ਨੇ ਗੋਲੀ ਮਾਰੀ, ਸੁਰਮੁਖ ਤੇ ਜਗਰਾਜ ਮੂਹਰੇ ਹੋ ਜਾਂਦੇ!"

ਗੁਰਬਖਸ਼ 'ਹੂੰਹ' ਕਰਕੇ ਵਿਅੰਗਮਈ ਹਾਸਾ ਹੱਸਿਆ।

"ਕਿਉਂ ਉਹ ਲੋਹੇ ਦੇ ਸੀ। ਗੱਲਾਂ ਦੇਖ, ਮੈਂ ਆਖਦਾ ਆਂ, ਇਹ ਕੀ ਕਰਦੇ ਫਿਰਦੇ ਐ! ਉਹ ਕਿਉਂ ਗੋਲੀ ਖਾਂਦੇ! ਪੰਗੇ ਇਹਨੇ ਲਏ, ਇਹਨੂੰ ਨਹੀਂ ਪਤਾ ਸੀ, ਮੈਂ ਐਡੀ ਵੱਡੀ ਪਾਰਟੀ ਨਾਲ ਝਗੜਾ ਕਰਦਾ ਆਂ! ਮੇਰਾ ਬਚੂ ਕੀ?"

"ਕੀ ਕਰਨਾ ਸੀ, ਕਮਰਾ, ਬੰਦੇ ਹੋਣ ਕਮਰੇ ਬਣ ਜਾਂਦੇ ਐ!"

"ਕਮਰਾ ਵੀ ਕੁਸ਼ ਨ੍ਹੀਂ, ਆਪਣੀ ਝਲਿਆਨੀ ਜਿੱਡਾ ਐ ਸਾਰਾ!"

"ਦੱਸ ਐਵੇਂ ਜਾਨ ਗਵਾ-ਲੀ ਫੇਰ! ਮਗਰੋਂ ਜੁਆਕ ਤੇਰੇ ਰੁਲ ਗਏ! ਛੋਹਰਾਂ ਮਗਰ ਲੱਗ ਕੇ! ਨਾਲੇ ਕਹਿੰਦੇ ਇਹ ਸੁਰਮੁਖੀਆ ਉਥੇ ਬੈਠਾ ਰਿਹੈ!"

"ਸੁਰਮੁਖੀਆ ਬੈਠਾ ਸੀ, ਇਹ ਤਾਂ ਸਾਲਾ ਮਿਣ ਮਿਣ ਕਰਨ ਜੋਗਾ ਆ! ਅੱਖ ਤਿਣ ਤਾਂ ਜਗਦੇਵ ਸੀ! ਸਾਰੇ ਮਹੱਲੇ 'ਚ ਜਗਦੇਵ ਦੀ ਚੱਲਦੀ ਸੀ। ਉਹ ਸਾਲੇ ਦੰਦੀਆਂ ਵੱਢਦੇ ਸੀ! ਅਸੀਂ ਐਡੀ ਵੱਡੀ ਪਾਰਟੀ। ਸਾਨੂੰ ਕੋਈ ਪੁੱਛੇ ਨਾ, ਨਾਲੇ ਗੱਲ ਤਾਂ ਸਾਰੀ ਐਨੀ ਐ, ਏਸ ਖਿੱਚੋਤਾਣ ਵਿਚ ਉਨ੍ਹਾਂ ਨਾਲ ਇਹ ਘੂਰ ਮਸੂਰੇ ਵੀ ਹੋ ਹਟਿਆ ਸੀ।"

ਜਿਉਂ ਜਿਉਂ ਗੁਰਬਖਸ਼ ਗੱਲਾਂ ਸੁਣਾਈ ਜਾਂਦਾ ਸੀ, ਸੁਣ ਕੇ ਸਾਰਾ ਟੱਬਰ ਭਵੰਤਰਿਆ ਬੈਠਾ ਸੀ। ਸਾਹਬ ਕੁਰ ਦਾ ਮੂੰਹ ਉਤਰ ਗਿਆ, "ਫੇਰ ਜਗਰਾਜ ਹੋਰਾਂ ਨੂੰ ਉਥੇ ਕੋਈ ਖਤਰਾ ਤਾਂ ਨਹੀਂ?"

"ਉਨ੍ਹਾਂ ਨੂੰ ਕੀ ਖਤਰਾ ਐ? ਉਂ ਅੱਗੇ ਵਾਲੀ ਗੱਲ ਨ੍ਹੀਂ ਰਹਿਣੀ! ਅੱਗੇ ਤਾਂ ਜਗਦੇਵ ਬਾਬੂ, ਜਗਦੇਵ ਬਾਬੂ ਹੁੰਦੀ ਸੀ! ਜੱਟ ਦੀ ਪੂਰੀ ਚੜ੍ਹਾਈ ਸੀ! ਮੰਡੀਹਰ ਤਾਂ ਨਾਂ ਈ ਉਸਦਾ ਵਰਤਦੀ ਸੀ, ਅਸੀਂ ਜਗਦੇਵ ਦੇ ਭਤੀਜੇ ਆਂ!"

"ਫੇਰ ਕਿਤੇ ਜਾ-ਵੱਢੇ ਉਹ ਬਾਦ ਈ ਨਾ ਪੈ ਜਾਣ! ਕੀ ਪਤਾ ਐ, ਅਗਲਿਆਂ ਦੇ ਚਿੱਤ ਦਾ, ਕਦੋਂ ਬਦੀ ਉੱਠ ਖੜੋਵੇ।"

ਗੁਰਬਖਸ਼ ਜ਼ੋਰ ਜਿਹਾ ਮਾਰ ਕੇ ਉੱਠਿਆ ਤੇ ਉਸ ਨਿੱਕਾ ਜਿਹਾ ਹੱਸ ਕੇ ਵਿਹੜੇ ਵਲ ਤੁਰਦਿਆਂ ਆਖਿਆ, "ਇਉਂ ਕਦੇ ਹੋਇਐ! ਨਾਲੇ ਜਗਰਾਜ ਹੋਰਾਂ ਤੋਂ ਉਨ੍ਹਾਂ ਨੇ ਕੀ ਲੈਣਾ ਐ?"

"ਇਹ ਲੜਾਈ ਵਿਚ ਤਾਂ ਸੀਗੇ ਨਾਲੇ ਇਹ ਗਵਾਹ ਵੀ ਨੇ!"

ਗੁਰਬਖਸ਼ ਕੁਝ ਨਾ ਬੋਲਿਆ, ਸਾਹਬ ਕੁਰ ਇਕੱਲੀ ਹੀ ਬੋਲੀ ਜਾਂਦੀ ਸੀ, ਰਾਤ ਟਿਕੀ ਹੋਣ ਕਰਕੇ ਸੁੰਨ-ਸਰਾਂਅ ਵਿਚ ਪਰਿੰਦਿਆਂ ਦੀ ਆਵਾਜ਼ ਗੂੰਜ ਰਹੀ ਸੀ। ਖਿੜਕ ਖੜਕਣ ਨਾਲ ਉਨ੍ਹਾਂ ਫਿਰ ਕੰਨ ਚੁੱਕ ਲਏ, ਪਰ ਗੁਰਬਖਸ਼ ਉਨ੍ਹਾਂ ਵਲ ਨਾ ਆਇਆ, ਸਿੱਧਾ ਅੰਦਰ ਜਾ ਕੇ ਪੈ ਗਿਆ। ਧੀਰਾ ਖੇਤ ਸੀ! ਘਰ ਵਿਚ ਸੋਗ-ਉਦਾਸੀ ਛਾਈ ਹੋਈ ਸੀ। ਹਰਪਾਲ ਕਿੰਨੇ ਦਿਨਾਂ ਤੋਂ ਘਰ ਨਹੀਂ ਮੁੜਿਆ ਸੀ। ਜਦ ਕਦੇ ਘਰ ਵਾਲੇ ਉਸ ਨੂੰ ਏਸ ਤਰ੍ਹਾਂ ਬੇਮਤਲਬ ਤੁਰਨ-ਫਿਰਨ ਬਾਰੇ ਪੁੱਛਦੇ, ਤਦ ਉਹ ਗੋਲ-ਮੋਲ ਉੱਤਰ ਦੇ ਕੇ ਉਨ੍ਹਾਂ ਨੂੰ ਚੁੱਪ ਕਰਵਾ ਦਿੰਦਾ।

(ਬਾਕੀ ਅਗਲੇ ਅੰਕ 'ਚ)

# ਮੁਢਲੇ ਦਿਨਾਂ 'ਚ ਤਕੜੇ ਸੰਘਰਸ਼ 'ਚੋਂ ਗੁਜ਼ਰਿਆ ਦੇਵ ਆਨੰਦ



ਗੁਰਬਚਨ

**ਸਾਹਿਤਕ ਤ੍ਰੈਮਾਸਿਕ ਪਰਚੇ 'ਹੁਣ' ਤੋਂ ਬਾਅਦ ਪੰਜਾਬੀ ਸਾਹਿਤਕ ਹਲਕਿਆਂ ਵਿਚ ਆਲੋਚਕ ਅਤੇ ਬੁੱਧੀਜੀਵੀ ਗੁਰਬਚਨ ਦਾ ਪਰਚਾ 'ਫ਼ਿਲਹਾਲ' ਜ਼ੋਰਦਾਰ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਇਸ ਦੇ ਕੁਝ ਲੇਖ ਕਾਫੀ ਵਿਚਾਰੇ ਜਾ ਰਹੇ ਹਨ। ਹੁਣ ਤੱਕ ਇਸ ਪਰਚੇ ਦੇ ਚਾਰ ਅੰਕ ਛਪੇ ਹਨ। ਗੁਰਬਚਨ ਦੀਆਂ ਸ਼ਾਬਦਿਕ ਡਰੈਗ ਫਲਿੱਕਾਂ ਵਾਂਗ, ਇਹ ਚਾਰੇ ਪਰਚੇ ਹਿੱਟ ਗਏ ਹਨ। ਪਿੱਛੇ ਜਿਹੇ 'ਪੰਜਾਬ ਟਾਈਮਜ਼' ਨੇ ਉਨ੍ਹਾਂ ਦਾ ਪਾਸ਼ ਸਬੰਧੀ ਇਕ ਲੇਖ ਛਾਪਿਆ ਸੀ, ਜਿਸ ਉੱਪਰ ਕਾਫੀ ਵਿਵਾਦ ਭਖਿਆ ਰਿਹਾ। ਪੰਜਾਬੀ ਮੂਲ ਦੇ ਫਿਲਮ ਐਕਟਰ 'ਦੇਵ ਆਨੰਦ' ਸਬੰਧੀ ਉਨ੍ਹਾਂ ਦਾ ਇਹ ਲੇਖ ਵੀ ਕਾਫੀ ਦਿਲਚਸਪ ਹੈ ਅਤੇ ਕੁਝ ਨਵੀਂ ਕਿਸਮ ਦੀਆਂ ਜਾਣਕਾਰੀਆਂ ਪਾਠਕਾਂ ਦੇ ਦਰਪੇਸ਼ ਕਰਦਾ ਹੈ। ਅਸੀਂ ਉਨ੍ਹਾਂ ਦਾ ਇਹ ਲੰਮਾ ਲੇਖ ਇਥੇ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਕਿਸ਼ਤਵਾਰ ਛਾਪ ਰਹੇ ਹਾਂ।-ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਦੇਵ ਆਨੰਦ ਅਤੇ ਉਹਦੇ ਭਰਾ ਮੁੰਬਈ 'ਚ ਇੰਜ ਫਿੱਟ ਹੋਏ ਜਿਵੇਂ ਇਹ ਮਹਾਂਨਗਰ ਉਨ੍ਹਾਂ ਦੀ ਤਕਦੀਰ ਦੀ ਭੂਮੀ ਹੈ। ਗੁਰਦਾਸਪੁਰ-ਲਾਹੌਰ ਦੀ ਜਗ੍ਹਾ ਹੁਣ ਜੁੱਟ ਬਣਿਆ ਗੁਰਦਾਸਪੁਰ-ਮੁੰਬਈ। ਬਾਅਦ ਵਿਚ ਰਾਜਿੰਦਰ ਸਿੰਘ ਬੇਦੀ, ਸਾਹਿਰ ਲੁਧਿਆਣਵੀ, ਬਲਰਾਜ ਸਾਹਨੀ, ਕ੍ਰਿਸ਼ਨ ਚੰਦਰ ਆਦਿ ਲਈ ਵੀ ਮੁੰਬਈ ਵਰਦਾਨ ਸਿੱਧ ਹੋਈ।

ਇਹੀ ਹਾਲ ਪਿਸ਼ੌਰ ਤੋਂ ਮੁੰਬਈ ਪੁੱਜੇ ਪ੍ਰਿਥਵੀਰਾਜ ਕਪੂਰ ਤੇ ਉਹਦੇ ਖਾਨਦਾਨ ਦਾ ਹੋਇਆ। ਪ੍ਰਿਥਵੀਰਾਜ ਦਾ ਪਿਤਾ ਬਿਸ਼ੇਸ਼ਰਨਾਥ ਕਪੂਰ ਫਰੰਟੀਅਰ ਦੇ ਇਲਾਕੇ 'ਚ ਦੀਵਾਨ ਸੀ, ਬਿਸ਼ੇਸ਼ਰਨਾਥ ਦਾ ਪਿਤਾ ਕੇਸ਼ਵਮਲ ਕਪੂਰ ਵੀ ਦੀਵਾਨ ਸੀ। ਕਪੂਰ ਦਾ ਸਿੱਧਾ ਮੁੰਬਈ ਪੁੱਜਣਾ ਲਾਜ਼ਮੀ ਹੋ ਚੁੱਕਾ ਸੀ। ਉਨ੍ਹਾਂ ਨੇ ਪੰਜਾਬ 'ਚ ਰਹਿ ਕੇ ਕੀ ਕਰਨਾ ਸੀ?

ਮੁੰਬਈ ਪੁੱਜਣ ਵੇਲੇ ਦੇਵ ਦੀ ਉਮਰ 19 ਸਾਲ ਸੀ। ਮੁੰਬਈ ਸੈਂਟਰਲ ਸਟੇਸ਼ਨ 'ਤੇ ਵੱਡਾ ਭਰਾ ਚੇਤਨ ਉਹਦੀ ਉਡੀਕ ਕਰ ਰਿਹਾ ਸੀ। ਚੇਤਨ ਉਦੋਂ ਡੂਨ ਸਕੂਲ 'ਚ ਪੜ੍ਹਾਂਦਾ ਸੀ ਤੇ ਮੁੰਬਈ ਆਪਣੇ ਕਿਸੇ ਦੋਸਤ ਕੋਲ ਛੁੱਟੀਆਂ ਕੱਟਣ ਆਇਆ ਹੋਇਆ ਸੀ। ਦੋਵੇਂ ਭਰਾ ਇਕ ਜਾਣੂ ਦੇ ਮਾਲਾਬਾਰ ਹਿੱਲ ਵਾਲੇ ਫਲੈਟ 'ਚ ਰਹਿਣ ਲੱਗੇ। ਗਵਾਂਢ 'ਚ ਨਾਵਲਕਾਰ ਰਾਜਾ ਰਾਓ ਰਹਿੰਦਾ ਸੀ, ਜੋ ਚੇਤਨ ਆਨੰਦ ਦਾ ਮਿੱਤਰ ਸੀ। ਰਾਜਾ ਰਾਓ ਕਈ ਸਾਲ ਫਰਾਂਸ 'ਚ ਰਹਿ ਕੇ ਆਇਆ ਸੀ। ਉਸੇ ਬਿਲਡਿੰਗ 'ਚ ਐਕਟਰ ਮੋਤੀ ਲਾਲ ਦਾ ਫਲੈਟ ਸੀ। ਇੰਗਲੈਂਡ ਤੋਂ ਆਇਆ ਹੋਣ ਕਰਕੇ ਅਤੇ ਡੂਨ ਸਕੂਲ 'ਚ ਅਧਿਆਪਕੀ ਕਰਨ ਕਰਕੇ ਚੇਤਨ ਪ੍ਰਭਾਵਸ਼ਾਲੀ ਢੰਗ ਨਾਲ ਅੰਗਰੇਜ਼ੀ ਬੋਲਦਾ ਸੀ। ਉਹਦੀ ਰਹਿਣੀ ਸਹਿਣੀ, ਹਾਵ-ਭਾਵ, ਖਾਣ ਪੀਣ ਦਾ ਅੰਦਾਜ਼ ਵਲਾਇਤੀ ਸੀ।

ਦੇਵ ਦੇ ਇਸਰਾਰ ਕਰਨ 'ਤੇ ਰਾਜਾ ਰਾਓ ਨੇ ਖਵਾਜਾ ਅਹਿਮਦ ਅੱਬਾਸ ਨੂੰ ਫੋਨ ਕੀਤਾ। ਅੱਬਾਸ ਤਦ ਦਾਦਰ ਦੇ ਸ਼ਿਵਾਜੀ ਪਾਰਕ ਕੋਲ ਫਲੈਟ 'ਚ ਰਹਿੰਦਾ ਸੀ। ਦੇਵ ਆਨੰਦ ਨਾਲ ਉਹਦਾ ਤੁਰੰਤ ਰਾਬਤਾ ਪੈਦਾ ਹੋ ਗਿਆ। ਅੱਬਾਸ ਮਨੁੱਖ ਹੀ ਅਜਿਹਾ ਸੀ, ਨੌਜੁਆਨਾਂ ਦੀ ਮਦਦ ਕਰਦਾ। (ਮੇਰਾ ਆਪਣਾ ਰਿੰਗਾ ਵਾਹ ਅੱਬਾਸ ਨਾਲ 1961 'ਚ ਪੈਦਾ ਹੋਇਆ। ਉਦੋਂ ਮੈਨੂੰ ਕ੍ਰਿਸ਼ਨਾ ਮੈਨਨ ਦੀ ਇਲੈਕਸ਼ਨ 'ਚ ਕੰਮ ਕਰਨ ਕਰਕੇ ਨੌਕਰੀ ਛੱਡਣੀ ਪਈ ਸੀ। ਅੱਬਾਸ ਨੇ ਮੇਰੀ ਖਾਤਰ 'ਬਲਿਟਜ਼' ਦੇ ਮਾਲਕ/ਐਡੀਟਰ ਕਰੰਜੀਆ ਨੂੰ ਫੋਨ ਕੀਤਾ, ਬਲਰਾਜ ਸਾਹਨੀ ਵਲ ਭੇਜਿਆ, ਖਰਚੇ ਲਈ ਕੁਝ ਰੁਪਏ ਦਿੱਤੇ।)

ਅੱਬਾਸ ਨੇ ਦੇਵ ਆਨੰਦ ਨੂੰ ਆਪਣੇ ਕੋਲ ਆ ਕੇ ਰਹਿਣ ਲਈ ਕਿਹਾ। ਦੇਵ ਕੰਮ ਲਈ ਪ੍ਰੋਡਿਊਸਰਾਂ ਦੁਆਲੇ ਚੱਕਰ ਲਗਾਉਣ ਲੱਗਾ। ਵਕਤ ਗੁਜ਼ਰਦਾ ਗਿਆ, ਕੰਮ ਮਿਲ ਨਹੀਂ ਸੀ ਰਿਹਾ। ਅੱਬਾਸ ਕੋਲ ਉਹ ਹੋਰ ਰਹਿਣਾ ਨਹੀਂ ਸੀ ਚਾਹੁੰਦਾ। ਇਕ ਦਿਨ ਸਮਾਨ ਚੁੱਕ ਕੇ ਕਹਿਣ ਲੱਗਾ, "ਮੈਂ ਜਾ ਰਿਹਾਂ ਕਿਸੇ ਦੋਸਤ ਕੋਲ।" ਤੇ ਚਲਾ ਗਿਆ। ਮੁੰਬਈ ਦੇ ਵਿਕਟੋਰੀਆ ਟਰਮੀਨਸ (ਵੀ.ਟੀ.) ਸਟੇਸ਼ਨ 'ਤੇ ਭੁੱਖ ਨਾਲ ਆਤੁਰ ਸੜਕ ਗਾਹ ਰਿਹਾ ਸੀ ਤਾਂ ਬਹੁਤ ਪਿਆਸ ਲੱਗੀ। ਜੇਬ੍ਹ 'ਚ ਕੋਈ ਪੈਸਾ ਨਹੀਂ ਸੀ। ਉਹਦੇ ਕੋਲ ਬੈਗ ਸੀ, ਜਿਸ 'ਚ ਪੁਰਾਣੀਆਂ ਟਿਕਟਾਂ ਦੀ ਐਲਬਮ ਸਾਂਭ ਰੱਖੀ ਸੀ, ਜੀਹਨੂੰ ਉਹ ਲਾਹੌਰ ਤੋਂ ਲਿਆਇਆ ਸੀ। ਚਮਕ ਦਮਕ ਵਾਲੇ ਫੋਰਟ ਏਰੀਆ 'ਚ ਘੁੰਮਦਾ ਉਹ ਇਕ ਟਿਕਟਾਂ ਵੇਚਣ ਵਾਲੇ ਕੋਲ ਪੁੱਜਾ। ਤੀਹ ਰੁਪਏ 'ਚ ਅਮੁੱਲ ਟਿਕਟਾਂ ਦੀ ਐਲਬਮ ਵੇਚ ਦਿੱਤੀ। ਤੁਰੰਤ ਨਾਲ ਦੀ ਦੁਕਾਨ ਤੋਂ ਸ਼ਿਕੰਜਵੀ ਦਾ ਗਿਲਾਸ ਪੀਤਾ। ਕੇਲੇ ਖਾਧੇ ਹੋਸ਼ ਆਈ। ਤਦ ਅਚਾਨਕ ਕਿਸੇ ਦੋਸਤ ਦੀ ਆਵਾਜ਼ ਆਈ, 'ਦੇਵ' ਉਹਦਾ ਗੁਰਦਾਸਪੁਰ ਤੋਂ ਦੋਸਤ ਤਾਰਾ ਸੀ, ਜੋ ਦੇਵ ਨੂੰ ਪਰੇਲ 'ਚ ਕ੍ਰਿਸ਼ਨਾ ਨਿਵਾਸ ਚਾਅਲ 'ਚ ਲੈ ਗਿਆ, ਜਿੱਥੇ ਤਾਰੇ ਦੇ ਭਰਾ ਕੋਲ ਇਕ ਕਮਰਾ ਸੀ।


ਭੁੱਖੇ ਮਰਨ ਦੇ ਦਿਨ ਫਿਰ ਆ ਗਏ। ਉਹਨੇ ਫੌਜ ਦੇ ਸੈਂਸਰ ਮਹਿਕਮੇ 'ਚ ਨੌਕਰੀ ਕਰ ਲਈ। ਦੂਜੀ ਵੱਡੀ ਜੰਗ ਦੇ ਦਿਨ ਸਨ। ਦੇਵ ਦਾ ਕੰਮ ਫੌਜੀਆਂ ਦੇ ਚਿੱਠੀ ਪੱਤਰ ਨੂੰ ਖੋਲ੍ਹ ਕੇ ਦੇਖਣਾ ਹੁੰਦਾ ਸੀ। ਉਦੋਂ ਉਹਦੀ ਤਨਖਾਹ 165 ਰੁਪਏ ਮਹੀਨਾ ਸੀ।

ਦੋ ਸਾਲ ਨੌਕਰੀ ਕਰਨ ਬਾਅਦ ਦੇਵ ਆਨੰਦ ਨੂੰ ਪੂਨਾ ਦੇ ਪ੍ਰਭਾਤ ਸਟੂਡੀਓ ਵਲੋਂ 400 ਰੁਪਏ ਮਹੀਨੇ ਦਾ ਕੌਨਟ੍ਰੈਕਟ ਮਿਲ ਗਿਆ। ਪਹਿਲੀ ਫਿਲਮ ਸੀ, "ਹਮ ਏਕ ਹੈਂ।" ਪੂਨੇ ਦੇ ਪ੍ਰਭਾਤ ਸਟੂਡੀਓ 'ਚ ਉਹਦਾ ਟਾਕਰਾ ਗੁਰੂ ਦੱਤ ਨਾਲ ਹੋਇਆ, ਜੋ ਉਦੋਂ ਸਹਾਇਕ ਨਿਰਦੇਸ਼ਕ ਵਜੋਂ ਕੰਮ ਕਰਦਾ ਸੀ। ਦੇਵ ਆਨੰਦ ਆਪਣੀ ਸਵੈ-ਜੀਵਨੀ 'ਚ ਲਿਖਦਾ ਹੈ ਕਿ ਇਕ ਦਿਨ ਉਹ ਲੋਕਲ ਟਰੇਨ 'ਚ ਬੈਠਾ ਹੀ ਸੀ ਕਿ ਇਸਮਤ ਚੁਗਤਾਈ ਦੇ ਖਾਵੰਦ ਸ਼ਾਹਿਦ ਲਤੀਫ ਨੇ ਦੇਖ ਲਿਆ। ਸ਼ਾਹਿਦ ਨੇ ਅਗਲੇ ਦਿਨ ਬੰਬੇ ਟਾਕੀਜ਼ ਸਟੂਡੀਓ 'ਚ ਆਉਣ ਲਈ ਕਿਹਾ। ਦੇਵ ਨੂੰ 'ਜ਼ਿੱਦੀ' ਫਿਲਮ ਲਈ ਹੀਰੋ ਚੁਣ ਲਿਆ ਗਿਆ। ਉਦੋਂ ਵੀ ਅਸ਼ੋਕ ਕੁਮਾਰ ਬੰਬੇ ਟਾਕੀਜ਼ ਸਟੂਡੀਓ ਦਾ ਬੌਸ ਸੀ।

ਪਤਿਤਾ ਫਿਲਮ ਦੀ ਸ਼ੂਟਿੰਗ ਵੇਲੇ ਤੱਕ ਦੇਵ ਆਨੰਦ ਨੂੰ ਮੁੰਬਈ ਪੁੱਜਿਆਂ 9 ਸਾਲ ਹੋ ਚੁੱਕੇ ਸਨ। ਹੁਣ ਉਹ 'ਸਟਾਰ' ਸੀ ਤੇ ਆਪਣੇ ਵੱਡੇ ਭਰਾ ਚੇਤਨ ਆਨੰਦ ਕੋਲ 41 ਪਾਲੀ ਹਿਲ 'ਚ ਟਿਕਿਆ ਹੋਇਆ ਸੀ। ਚੇਤੰਨ ਆਨੰਦ ਦੀ 1946 'ਚ ਬਣੀ ਫਿਲਮ 'ਨੀਚਾ ਨਗਰ' ਨੂੰ ਫਰਾਂਸ ਦੇ ਪਹਿਲੇ ਕਾਨ ਸਮਾਰੋਹ 'ਚ ਅੱਵਲ ਪੁਰਸਕਾਰ ਮਿਲਿਆ ਸੀ। ਜਿਵੇਂ ਕਿਹਾ, ਪਾਲੀ ਹਿੱਲ 'ਚ ਯੂਸਫ਼ ਖਾਨ ਉਰਫ਼ ਦਲੀਪ ਕੁਮਾਰ ਭੈਣਾ ਭਰਾਵਾਂ ਦੇ ਵੱਡੇ ਪਰਿਵਾਰ ਨਾਲ ਰਹਿੰਦਾ ਸੀ। ਦਲੀਪ ਕੁਮਾਰ ਫਿਲਮਾਂ 'ਚ ਕਿਵੇਂ ਦਾਖਲ ਹੋਇਆ, ਇਹਦੇ ਪਿੱਛੇ ਦਿਲਚਸਪ ਕਹਾਣੀ ਹੈ।

ਜਿਸ 'ਪਤਿਤ' ਫ਼ਿਲਮ ਦੀ ਸ਼ੂਟਿੰਗ ਮੈਂ ਵੇਖੀ ਉਹਦਾ ਨਿਰਦੇਸ਼ਕ ਅਮੀਆ ਚੱਕਰਵਰਤੀ ਕੁਝ ਸਾਲ ਪਹਿਲਾਂ ਇਕ ਦਿਨ ਸਰਵਰ ਖਾਨ ਨਾਂ ਦੇ ਫਰੂਟ ਮਰਚੈਂਟ ਦੀ ਕ੍ਰਾਫਰਡ ਮਾਰਕਿਟ 'ਚ ਦੁਕਾਨ 'ਤੇ ਖੜੇ ਇਕ ਪਠਾਨ ਯੁਵਕ ਨੂੰ ਦੇਖਦਿਆਂ ਚਕ੍ਰਿਤ ਰਹਿ ਜਾਂਦਾ ਹੈ। ਉਸ ਨੌਜਵਾਨ ਦਾ ਨਾਂ ਯੂਸਫ਼ ਖਾਨ ਹੈ, ਜੋ ਪਿਤਾ ਦੀ ਦੁਕਾਨ 'ਤੇ ਕਦੇ ਕਦਾਈ ਆਉਂਦਾ ਹੈ। ਚਕਰਵਰਤੀ ਯੂਸਫ਼ ਨੂੰ ਬੰਬੇ ਟਾਕੀਜ਼ ਸਟੂਡੀਓ ਆ ਕੇ ਮਿਲਣ ਲਈ ਕਹਿੰਦਾ ਹੈ। ਯੂਸਫ਼ ਦਾ ਫ਼ਿਲਮੀ ਨਾਂ ਦਲੀਪ ਕੁਮਾਰ ਰੱਖਿਆ ਜਾਂਦਾ ਹੈ ਤੇ ਉਹ ਫ਼ਿਲਮ 'ਜਵਾਰ ਭਾਟਾ' 'ਚ ਹੀਰੋ ਦਾ ਰੋਲ ਅਦਾ ਕਰਨ ਲੱਗਦਾ ਹੈ। ਫਿਲਮ ਦਾ ਨਿਰਦੇਸ਼ਕ ਅਮੀਆ ਚਕਰਵਰਤੀ ਹੈ।

ਕੁਝ ਹੀ ਸਾਲਾਂ 'ਚ ਦਲੀਪ ਕੁਮਾਰ ਅਭਿਨੇਤਾ ਵਜੋਂ ਸਿਖਰਾਂ ਛੂਹਣ ਲੱਗਾ। ਪਹਿਲਾਂ ਫਿਲਮ 'ਸ਼ਹੀਦ' 'ਚ ਚਰਚਿਤ ਹੋਇਆ, ਫਿਰ 'ਮੇਲਾ' ਫਿਲਮ ਆਈ। ਜਦ ਮਹਿਬੂਬ ਨੇ 'ਅੰਦਾਜ਼' ਬਣਾਈ ਤਾਂ ਅਸ਼ੋਕ ਕੁਮਾਰ ਤੇ ਨਰਗਸ ਨਾਲ ਉਹ ਕਿਤੇ ਜ਼ਿਆਦਾ ਨਿੱਖਰ ਕੇ ਸਾਹਮਣੇ ਆਇਆ। ਫਿਰ ਉਹਦੀ ਫਿਲਮ 'ਦੀਦਾਰ' ਆਈ। 1951 'ਚ ਅਮੀਆ ਚਕਰਵਰਤੀ ਨੇ ਉਹਨੂੰ 'ਦਾਗ' ਫ਼ਿਲਮ 'ਚ ਲਿਆ। ਦਲੀਪ ਕੁਮਾਰ ਪੰਜਾਹਾਂ ਦੇ ਅੱਧ ਤੱਕ ਸਟਾਰ ਬਣ ਗਿਆ, ਉਹਨੂੰ ਮਾਤ ਪਾਉਣਾ ਕਿਸੇ ਹੋਰ ਲਈ ਸੰਭਵ ਨਾ ਹੋ ਸਕਿਆ। ਬਾਅਦ ਵਿਚ ਆਉਣ ਵਾਲੇ ਕਰੀਬ ਸਾਰੇ ਸਿਖਰ ਦੇ ਅਭਿਨੇਤਾ, ਅਮਿਤਾਭ ਬੱਚਨ ਅਤੇ ਸੰਜੀਵ ਕੁਮਾਰ ਸਮੇਤ, ਦਲੀਪ ਕੁਮਾਰ ਤੋਂ ਪ੍ਰਭਾਵਿਤ ਹੋਏ। ਦਲੀਪ ਕੁਮਾਰ ਦੀ ਅਪਾਰ ਸੰਜੀਦਗੀ ਦੇ ਮੁਕਾਬਲੇ ਦੇਵ ਆਨੰਦ ਦੀ ਚੁਲਬੁਲਾਹਟ ਹਲਕੇ ਦਰਜੇ ਦੀ ਤਫਰੀਹ ਤੋਂ ਵਧ ਦਿਖਾਈ ਨਾ ਦਿੰਦੀ। ਉਹਦਾ ਅਭਿਨੈ ਦਰਮਿਆਨੀ ਪੱਧਰ ਦਾ ਰਿਹਾ।





1947-48 'ਚ ਜਦ ਦੇਵ ਆਨੰਦ ਬੰਬੇ ਟਾਕੀਜ਼ ਦੀ 'ਜ਼ਿੱਦੀ' ਫ਼ਿਲਮ 'ਚ ਕੰਮ ਕਰਨ ਲਈ ਪਾਲੀ ਹਿਲ ਤੋਂ ਬਸ ਫੜ੍ਹਦਾ, ਉਦੋਂ ਦਲੀਪ ਕੁਮਾਰ 'ਸ਼ਹੀਦ' 'ਚ ਕੰਮ ਕਰ ਰਿਹਾ ਸੀ। ਦਲੀਪ ਤੇ ਦੇਵ ਦੋਵੇਂ ਬਾਂਦਰਾ ਸਟੇਸ਼ਨ ਪੁੱਜਣ ਲਈ ਬਸ ਦੀ ਉਡੀਕ ਕਰਦੇ, ਗੱਲਾਂ ਹੁੰਦੀਆਂ। ਬਾਂਦਰਾ ਸਟੇਸ਼ਨ ਤੋਂ ਬੋਰੀਵਲੀ ਜਾਣ ਵਾਲੀ ਲੋਕਲ ਗੱਡੀ ਫੜ ਕੇ ਸਟੂਡੀਓ ਪੁੱਜਦੇ। ਦਲੀਪ ਕੁਮਾਰ ਨੇ ਪਹਿਲਾਂ ਗੋਰੇਗਾਓਂ ਸਟੇਸ਼ਨ 'ਤੇ ਉਤਰਨਾ ਹੁੰਦਾ, ਜਿੱਥੇ ਫਿਲਮਸਤਾਨ ਸਟੂਡੀਓ 'ਚ 'ਸ਼ਹੀਦ' ਦੀ ਸ਼ੂਟਿੰਗ ਚਲ ਰਹੀ ਸੀ। ਦੇਵ ਆਨੰਦ ਅਗਲੇ ਸਟੇਸ਼ਨ ਮਲਾਡ ਉਤਰਦਾ, ਜਿੱਥੇ ਇਸਮਤ ਚੁਗਤਾਈ ਦੇ ਨਾਵਲ 'ਤੇ 'ਜ਼ਿੱਦੀ' ਬਣ ਰਹੀ ਸੀ। ਦੇਵ ਆਨੰਦ ਆਪਣੀ ਸਵੈ-ਜੀਵਨੀ 'ਚ ਲਿਖਦਾ ਹੈ ਕਿ ਉਹ ਸਟੇਸ਼ਨ ਤੋਂ ਟਾਂਗਾ ਫੜਦਾ ਤੇ ਬੰਬੇ ਟਾਕੀਜ਼ ਸਟੂਡੀਓ ਪੁੱਜ ਜਾਂਦਾ। ਉਦੋਂ ਅਸ਼ੋਕ ਕੁਮਾਰ ਦਾ ਨਿੱਕਾ ਭਰਾ ਕਿਸ਼ੋਰ ਕੁਮਾਰ ਖੰਡਵਾ ਤੋਂ ਮੁੰਬਈ ਪੁੱਜਾ ਸੀ। ਉਹਨੇ 'ਜ਼ਿੱਦੀ' ਲਈ ਪਹਿਲਾ ਫ਼ਿਲਮੀ ਗਾਣਾ ਗਾਇਆ ਸੀ। ਇਸ ਗਾਣੇ ਨੂੰ ਪ੍ਰੇਮ ਧਵਨ ਨੇ ਲਿਖਿਆ।

ਦੇਵ ਆਨੰਦ ਨੇ ਸਿਖਰ ਵਲ ਵਧਣਾ ਉਦੋਂ ਸ਼ੁਰੂ ਕੀਤਾ, ਜਦ ਉਹਨੇ 'ਨਵਕੇਤਨ' ਫਿਲਮ ਕੰਪਨੀ ਬਣਾਈ। 'ਬਾਜ਼ੀ' ਇਸ ਕੰਪਨੀ ਦੀ ਪਹਿਲੀ ਫਿਲਮ ਹੈ। ਇਸ ਫ਼ਿਲਮ ਦਾ ਨਿਰਦੇਸ਼ਨ ਗੁਰੂ ਦੱਤ ਨੇ ਕੀਤਾ, ਪਟਕਥਾ ਬਲਰਾਜ ਸਾਹਨੀ ਨੇ ਲਿਖੀ, ਜੋ ਚੇਤਨ ਆਨੰਦ ਦਾ ਦੋਸਤ ਸੀ, ਗਾਣੇ ਸਾਹਿਰ ਲੁਧਿਆਣਵੀ ਨੇ ਲਿਖੇ ਅਤੇ ਸੰਗੀਤ ਸਚਿਨ ਦੇਵ ਬਰਮਨ ਨੇ ਦਿੱਤਾ। ਸਾਹਿਰ ਦਾ ਲਿਖਿਆ 'ਤਦਬੀਰ ਸੇ ਬਿਗੜੀ ਹੂਈ ਤਕਦੀਰ ਬਨਾ ਲੇ, ਅਪਨੇ ਪੇ ਭਰੋਸਾ ਹੈ ਤੋ ਇਕ ਦਾਓ ਲਗਾ ਲੇ...", ਅਜੇ ਤੱਕ ਹਿੱਟ ਗਾਣਾ ਮੰਨਿਆ ਜਾਂਦਾ ਹੈ। ਕਮਾਲ ਇਸ ਫ਼ਿਲਮ ਦਾ ਇਹ ਸੀ ਕਿ ਚਾਰ ਜ਼ਹੀਨ ਵਿਅਕਤੀ ਆ ਜੁੜੇ-ਗੁਰੂ ਦੱਤ, ਬਲਰਾਜ ਸਾਹਨੀ, ਸਾਹਿਰ ਅਤੇ ਸਚਿਨ ਬਰਮਨ। ਵਿਚਾਲੇ ਸੀ ਚਿਕਨਾ ਹੀਰੋ ਦੇਵ ਆਨੰਦ ਜੀਹਦੀ ਸਟਾਈਲਾਈਜ਼ਡ ਐਕਟਿੰਗ ਉਦੋਂ ਤੋਂ ਸ਼ੁਰੂ ਹੁੰਦੀ ਹੈ। ਬਾਅਦ 'ਚ ਫਿਲਮ 'ਜਾਲ' ਬਣੀ ਤਾਂ ਗੀਤ ਸਾਹਿਰ ਨੇ ਲਿਖੇ ਤੇ ਸੰਗੀਤ ਸਚਿਨ ਬਰਮਨ ਨੇ ਦਿੱਤਾ। 'ਯੇ ਰਾਤ ਯੇ ਚਾਂਦਨੀ ਫਿਰ ਕਹਾਂ, ਸੁਨ ਜਾ ਦਿਲ ਕੀ ਦਾਸਤਾਨ' ਗਾਣੇ ਨੇ ਫ਼ਿਲਮ ਨੂੰ ਪਾਪੂਲਰ ਕੀਤਾ। ਉਦੋਂ ਤੱਕ ਦੇਵ ਦੀ ਸੁਰੱਈਆ ਨਾਲ ਜੋੜੀ ਮਸ਼ਹੂਰ ਹੋ ਚੁੱਕੀ ਸੀ। 'ਅਫਸਰ' ਫਿਲਮ ਦੀ ਸ਼ੂਟਿੰਗ ਦੌਰਾਨ ਦੇਵ ਦੀ ਸੁਰੱਈਆ ਨਾਲ ਗਹਿਰੀ ਮੁਹੱਬਤ ਹੋ ਗਈ। ਸੁਰੱਈਆ ਦੀ ਨਾਨੀ ਨੇ ਹਿੰਦੂ ਮੁਸਲਿਮ ਦੇ ਸੁਆਲ 'ਤੇ ਕੈਦੋ ਵਾਲਾ ਕਿਰਦਾਰ ਨਿਭਾਇਆ।

ਉਨ੍ਹਾਂ ਦਿਨਾਂ 'ਚ ਹੀ ਬਲਰਾਜ ਸਾਹਨੀ ਆਪਣੀ ਪਹਿਲੀ ਬੀਵੀ ਦਮਯੰਤੀ ਨਾਲ ਲੰਡਨ ਤੋਂ ਬੀ.ਬੀ.ਸੀ. ਦੀ ਨੌਕਰੀ ਕਰਨ ਬਾਅਦ ਮੁੰਬਈ ਪੁੱਜਾ ਸੀ। ਉਹ ਸ਼ੂਟਿੰਗ ਕਰਨ ਮੋਟਰ ਸਾਈਕਲ 'ਤੇ ਸਟੂਡੀਓ ਜਾਂਦਾ। ਰਾਜ ਕਪੂਰ ਦਾ ਚੈਂਬੂਰ ਵਾਲਾ ਆਰ.ਕੇ. ਸਟੂਡੀਓ ਅਜੇ ਬਣਿਆ ਨਹੀਂ ਸੀ। ਪ੍ਰਿਥਵੀਰਾਜ ਕਪੂਰ ਦਾ ਥੀਏਟਰ ਗਰੁੱਪ ਦੇਸ਼ ਭਰ 'ਚ ਨਾਟਕ ਕਰਨ ਤੁਰਿਆ ਰਹਿੰਦਾ ਸੀ। ਮੰਟੋ ਕੁਝ ਦੇਰ ਪਹਿਲਾਂ ਹੀ ਮੁੰਬਈ ਤੋਂ ਪਾਕਿਸਤਾਨ ਲਈ ਰਵਾਨਾ ਹੋਇਆ ਸੀ। 1952 'ਚ ਸਾਹਿਰ ਲੁਧਿਆਣਵੀ ਨੂੰ ਮੁੰਬਈ 'ਚ ਪੁੱਜਿਆਂ ਤਿੰਨ ਸਾਲ ਹੋ ਚੁੱਕੇ ਸਨ। 'ਪ੍ਰਛਾਈਆਂ' ਵਾਲਾ ਬੰਗਲਾ ਉਹਨੇ ਬਾਅਦ 'ਚ ਬਣਾਇਆ। ਉਹ ਅਫ਼ਸਾਨਾ ਨਿਗਾਰ ਕ੍ਰਿਸ਼ਨ ਚੰਦਰ ਸਮੇਤ ਅੰਧੇਰੀ 'ਚ ਸੱਤ ਬੰਗਲੇ ਵਾਲੇ ਪਾਸੇ ਇਕ ਫਲੈਟ 'ਚ ਰਹਿੰਦਾ ਸੀ, ਜਿੱਥੇ ਕੁਝ ਸਾਲ ਬਾਅਦ 'ਚ ਗੁਲਜ਼ਾਰ ਵੀ ਆ ਕੇ ਰਹਿਣ ਲੱਗਾ। ਜਦੋਂ ਮੈਂ 1961 'ਚ ਗੁਲਜ਼ਾਰ ਨੂੰ ਮੋਹਨ ਸਟੂਡੀਓ 'ਚ ਮਿਲਿਆ ਤਾਂ ਉਹ ਬਿਮਲ ਰਾਏ ਦਾ ਥਰਡ ਅਸਿਸਟੈਂਟ ਸੀ ਤੇ 'ਕਾਬਲੀਵਾਲਾ' ਫਿਲਮ ਦਾ ਸੈੱਟ ਤਿਆਰ ਕਰਵਾ ਰਿਹਾ ਸੀ। ਇਹ ਗੁਲਜ਼ਾਰ ਦੀ ਸਟ੍ਰਗਲ ਦੇ ਦਿਨ ਸਨ। 'ਬੰਦਨੀ' ਫਿਲਮ ਦਾ ਗਾਣਾ 'ਮੋਰਾ ਗੋਰਾ ਰੰਗ ਲਈਲੇ, ਮੋਹੇ ਸ਼ਾਮ ਰੰਗ ਦਈਏ...' ਅਜੇ ਉਹਨੇ ਨਹੀਂ ਲਿਖਿਆ ਸੀ। ਉਹਨੂੰ ਥਰਡ ਅਸਿਸਟੈਂਟ ਦੀ ਡੇਢ ਸੌ ਰੁਪਏ ਮਹੀਨੇ ਤਨਖਾਹ ਨਾਲ ਗੁਜ਼ਾਰਾ ਕਰਨਾ ਪੈਂਦਾ ਸੀ। ਉਦੋਂ ਵੀ ਉਹ ਚਿੱਟਾ ਕੁੜਤਾ ਪਜਾਮਾ ਪਹਿਨਦਾ ਸੀ ਤੇ ਦਾੜ੍ਹੀ ਸ਼ੇਵ ਨਹੀਂ ਸੀ ਕਰਦਾ। ਉਦੋਂ ਸਰਦਾਰ ਜਾਫਰੀ ਆਪਣੀ ਬੀਵੀ ਸੁਲਤਾਨਾ ਜਾਫਰੀ ਸਮੇਤ ਦੋ ਕਮਰਿਆਂ ਦੇ ਫਲੈਟ 'ਚ ਰਹਿੰਦਾ ਸੀ। 1962 'ਚ ਇਕ ਵੇਰ ਮੇਰੀ ਭੇਂਟ ਜਾਫਰੀ ਨਾਲ ਇਕ ਸਟੂਡੀਓ 'ਚ ਹੋਈ, ਸ਼ਾਇਦ ਇਹ ਮਾਡਰਨ ਸਟੂਡੀਓ ਸੀ। ਉਦੋਂ ਸੁਲਤਾਨਾ ਨੇ ਕਮਿਊਨਿਸਟ ਪਾਰਟੀ ਦੀ ਟਿਕਟ 'ਤੇ ਅਸੈਂਬਲੀ ਦੀ ਚੋਣ ਲੜੀ ਤੇ ਬੁਰੀ ਤਰ੍ਹਾਂ ਹਾਰੀ ਸੀ।

ਉਸ ਦੌਰ 'ਚ ਸਾਹਿਤ/ਕਲਾ ਦੀ ਫਿਲਮਾਂ 'ਚ ਬੜੀ ਤਕੜੀ ਮੀਡੀਏਸ਼ਨ ਸੀ। ਦੇਵ ਆਨੰਦ ਇਸ ਵਰਤਾਰੇ 'ਚ ਹੋਰਾਂ ਜਿਨ੍ਹਾਂ ਸਰਗਰਮ ਨਹੀਂ ਸੀ, ਪਰ ਇਸ ਤੋਂ ਟੁੱਟਾ ਹੋਇਆ ਉੱਕਾ ਨਹੀਂ ਸੀ। ਟੁੱਟ ਸਕਦਾ ਵੀ ਨਹੀਂ ਸੀ। ਅਦਬੀ ਪਟਕਥਾਵੀ ਚਿੰਤਨ ਤੋਂ ਟੁੱਟ ਸਕਣਾ, ਉਦੋਂ ਕਿਸੇ ਲਈ ਸੰਭਵ ਨਹੀਂ ਸੀ। ਚੇਤੰਨ ਆਨੰਦ ਦਾ ਘਰ ਅਦਬ, ਮੰਚ, ਕਲਾ, ਸੰਗੀਤ ਦੇ ਖੇਤਰ ਦੇ ਲੋਕਾਂ ਦਾ ਮਿਲਣ ਸਥਾਨ ਹੁੰਦਾ ਸੀ। ਏਥੇ ਸਾਹਿਰ ਲੁਧਿਆਣਵੀ ਅਕਸਰ ਆਉਂਦਾ ਰਹਿੰਦਾ। ਬਲਰਾਜ ਸਾਹਨੀ, ਸਚਿਨ ਦੇਵ ਬਰਮਨ, ਗੁਰੂ ਦੱਤ, ਰਵੀ ਸ਼ੰਕਰ ਇਸ ਜਗ੍ਹਾ ਇਕੱਠੇ ਹੁੰਦੇ। ਦੇਵ ਆਨੰਦ ਇਨ੍ਹਾਂ 'ਚ ਸਭ ਤੋਂ ਨਿੱਕੀ ਉਮਰ ਦਾ ਸੀ। ਜਿਸ ਯੁੱਗ 'ਚ ਸਾਹਿਰ ਲੁਧਿਆਣਵੀ ਦੀ ਚੜ੍ਹਤ ਹੋਵੇ, ਖਵਾਜਾ ਅਹਿਮਦ ਅੱਬਾਸ ਰਾਜ ਕਪੂਰ ਦੀਆਂ ਫਿਲਮਾਂ ਦਾ ਪਟ-ਕਥਾਵੀ ਨਿਰਮਾਤਾ ਹੋਵੇ, ਜਦ ਸੰਗੀਤਕਾਰ ਰਵੀ ਸ਼ੰਕਰ ਵੀ ਫਿਲਮ ਦਾ ਸੰਗੀਤ ਦਿੰਦਾ ਹੋਵੇ ਤੇ ਰਾਜਿੰਦਰ ਸਿੰਘ ਬੇਦੀ ਬਿਮਲ ਰਾਏ ਦੀ 'ਦੇਵ ਦਾਸ' ਦਾ ਡਾਇਲਾਗ ਲੇਖਕ ਹੋਵੇ ਜਾਂ ਬਲਰਾਜ ਸਾਹਨੀ 'ਹਮ ਲੋਗ' ਤੋਂ ਬਾਅਦ 'ਦੋ ਬਿਘਾ ਜ਼ਮੀਨ' 'ਚ ਮੁੱਖ ਭੂਮਿਕਾ ਨਿਭਾਂਦਾ ਹੋਵੇ, ਜਦ ਕੈਫ਼ੀ ਆਜ਼ਮੀ 'ਵਕਤ ਨੇ ਕੀਆ-ਕਿਆ ਹਸੀਨ ਸਿਤਮ...' ਵਰਗੇ ਗਾਣੇ ਲਿਖ ਰਿਹਾ ਹੋਵੇ, ਅਜਿਹੇ ਅਦਬੀ/ਫਿਲਮੀ ਬੋਧ ਤੋਂ ਟੁੱਟ ਸਕਣਾ ਕਿਸੇ ਲਈ ਸੰਭਵ ਨਹੀਂ ਸੀ।

ਉਦੋਂ ਹੀ ਕ੍ਰਿਸ਼ਣ ਚੰਦਰ ਅਤੇ ਰਾਜਿੰਦਰ ਸਿੰਘ ਬੇਦੀ ਦੀ ਪਟਕਥਾਵੀ ਅਤੇ ਮੁਕਾਲਮੇ (ਡਾਇਲਾਗ) ਦੀ ਸੰਸਾਰ 'ਚ ਚੜ੍ਹਤ ਸੀ। ਫਿਲਮ 'ਪਿਆਸਾ' ਦੇ ਗੀਤ ਸਾਹਿਰ ਲੁਧਿਆਣਵੀ ਨੇ ਲਿਖ ਕੇ ਉਰਦੂ ਸ਼ਾਇਰੀ ਨੂੰ ਮਕਬੂਲ ਕਰ ਦਿੱਤਾ ਸੀ। ਲੋਕ ਕਹਿਣ ਲੱਗ ਪਏ ਸਨ ਕਿ 'ਪਿਆਸਾ' ਫਿਲਮ ਦਾ ਹੀਰੋ ਗੁਰੂ ਦੱਤ ਨਹੀਂ, ਸਾਹਿਰ ਲੁਧਿਆਣਵੀ ਹੈ। ਸਾਹਿਰ ਨੇ ਸ਼ਾਇਰੀ ਦੀ ਕਦਰ ਵਧਾਣ ਲਈ ਆਪਣੇ ਇਕ ਗਾਣੇ ਦੀ ਕੀਮਤ ਲਤਾ ਮੰਗੇਸ਼ਕਰ ਦੀ ਫੀਸ ਤੋਂ ਇਕ ਰੁਪਿਆ ਵਧ ਮੰਗਣੀ ਸ਼ੁਰੂ ਕਰ ਦਿੱਤੀ ਸੀ। ਉਹ ਜਿਸ ਫਿਲਮ 'ਚ ਗੀਤ ਲਿਖਦਾ ਹਿੱਟ ਹੋ ਜਾਂਦੀ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲੋਕਾਂ ਦੀ ਸੰਵੇਦਨਾ ਉਦੋਂ ਕਿਹੋ ਜਿਹੀ ਸੀ।

1950-60 ਦੇ ਦਹਾਕੇ 'ਚ ਜਾਵੇਦ ਅਖ਼ਤਰ ਦਾ ਪਿਤਾ ਜਾਨ ਨਿਸਾਰ ਅਖਤਰ ਅਤੇ ਸ਼ਬਾਨਾ ਆਜ਼ਮੀ ਦੇ ਪਿਤਾ ਕੈਫ਼ੀ ਆਜ਼ਮੀ ਦੀ ਵੀ ਫਿਲਮ ਜਗਤ 'ਚ ਚੋਖੀ ਕਦਰ ਸੀ, ਭਾਵੇਂ ਮਜਰੂਹ ਸੁਲਤਾਨਪੁਰੀ ਹਿੱਟ ਫਿਲਮਾਂ 'ਚ ਚਾਲੂ ਗਾਣੇ ਲਿਖਣ ਕਰਕੇ ਇਨ੍ਹਾਂ ਨਾਲੋਂ ਜ਼ਿਆਦਾ ਫਿਲਮਾਂ 'ਚ ਲਿਖਦਾ ਸੀ।

ਜਿਵੇਂ ਸੰਕੇਤ ਕੀਤਾ ਰਾਜ ਕਪੂਰ ਦੀਆਂ ਬਹੁਤੀਆਂ ਫਿਲਮਾਂ ਉਦੋਂ ਖਵਾਜਾ ਅਹਿਮਦ ਅੱਬਾਸ ਨੇ ਲਿਖੀਆਂ-'ਆਵਾਰਾ' ਤੋਂ ਲੈ ਕੇ 'ਜਾਗਤੇ ਰਹੋ' ਤੱਕ। 'ਜਾਗਤੇ ਰਹੋ' ਤੋਂ ਲੈ ਕੇ 'ਮੇਰਾ ਨਾਮ ਜੋਕਰ' ਤੱਕ। ਅੱਬਾਸ ਦੀ ਮੁੰਬਈ ਦੀਆਂ ਫਿਲਮਾਂ ਦੀ ਤਰੱਕੀ ਪਸੰਦ ਲਹਿਰ ਨੂੰ ਬਹੁਤ ਵੱਡੀ ਦੇਣ ਹੈ। ਉਨ੍ਹਾਂ ਹੀ ਦਿਨਾਂ 'ਚ ਮੁੰਬਈ 'ਚ ਇਪਟਾ ਕਾਫੀ ਸਰਗਰਮ ਸੀ। ਇਸ ਲਹਿਰ ਦਾ ਹੀ ਨਤੀਜਾ ਸੀ ਕਿ ਬਲਰਾਜ ਸਾਹਨੀ ਦੀ 'ਹਮ ਲੋਗ' ਫਿਲਮ ਬਣੀ। 1952 ਵਿਚ ਮੁੰਬਈ 'ਚ ਪਹਿਲਾ ਅੰਤਰਰਾਸ਼ਟਰੀ ਫਿਲਮ ਸਮਾਰੋਹ ਹੋਇਆ ਸੀ। ਉਸ ਵਿਚ ਇਟਲੀ ਦੇ ਫਿਲਮ ਨਿਰਦੇਸ਼ਕ ਵਿਤੋਰੀਓ ਦਸਿੱਕਾ ਦੀ ਕਲਾਸਕੀ ਪੱਧਰ ਦੀ ਫਿਲਮ 'ਬਾਈਸਿਕਲ ਥੀਫ' ਦਿਖਾਈ ਗਈ ਤਾਂ ਦਰਸ਼ਕਾਂ 'ਚ ਸੱਤਿਆਜੀਤ ਰਾਏ, ਬਿਮਲ ਰਾਏ, ਬਲਰਾਜ ਸਾਹਨੀ ਬੈਠੇ ਸਨ। ਫਿਲਮ ਨੇ ਸਭਨਾਂ ਦੇ ਦਿਲ ਵਿੰਨ੍ਹ ਕੇ ਰੱਖ ਦਿੱਤੇ। ਫਿਲਮ ਨੂੰ ਆਮ ਮਨੁੱਖ ਦੀ ਬੇਚਾਰਗੀ 'ਤੇ ਫੋਕਸ ਕਰਕੇ ਸੰਕਲਪਿਆ 'ਤੇ ਕਿਵੇਂ ਨਿਭਾਇਆ ਜਾ ਸਕਦਾ ਹੈ, ਇਹ ਸਬਕ ਸਭਨਾਂ ਨੇ ਸਿੱਖਿਆ। ਹਿੰਦੀ ਫਿਲਮਾਂ 'ਚ ਤਾਂ ਪਟਕਥਾ ਧਰਤੀ ਤੋਂ ਇਕ ਫੁੱਟ ਉਤਾਂਹ ਉੱਡਣ ਵਾਲੇ ਆਸ਼ਕੀ ਚਿਹਰਿਆਂ ਅਤੇ ਇਹਦੀ ਰੁਮਾਂਸੀਅਤ ਦੁਆਲੇ ਘੁੰਮਦੀ ਸੀ। ਮਹਿਬੂਬ ਵਰਗੇ ਨਿਰਦੇਸ਼ਕ ਵੀ ਚੁੱਪ 'ਚ ਉਤਰ ਗਏ। ਉਹਦੀ 1957 'ਚ ਰਿਲੀਜ਼ ਹੋਈ 'ਮਦਰ ਇੰਡੀਆ' ਫਿਲਮ ਨਿਰਮਾਣ 'ਚ ਆਈ ਤਬਦੀਲੀ ਦੀ ਦੇਣ ਹੈ। ਸਭ ਤੋਂ ਪਹਿਲਾਂ ਅਜਿਹੀ ਯਥਾਰਥਵਾਦੀ ਸ਼ੈਲੀ 'ਚ ਫਿਲਮ ਬਣਾਈ ਬਿਮਲ ਰਾਏ ਨੇ, 'ਦੋ ਬਿਘਾ ਜ਼ਮੀਨ।' ਜਿਸ ਵਿਚ ਬਲਰਾਜ ਸਾਹਨੀ ਕਲਕੱਤੇ 'ਚ ਰਿਕਸ਼ਾ ਚਾਲਕ ਦਾ ਕਿਰਦਾਰ ਕਰਦਾ ਹੈ। 1955 'ਚ ਬਣਾਈ ਸੱਤਿਆਜੀਤ ਰਾਏ ਨੇ 'ਪਾਥੇਰ ਪੰਚਾਲੀ', ਜੀਹਨੇ ਕੁੱਲ ਦੁਨੀਆਂ ਨੂੰ ਗਹਿਰੀ ਮਾਨਵੀ ਸੰਵੇਦਨਾ ਅਤੇ ਸੂਖ਼ਮ ਨਿਰਦੇਸ਼ਨ ਕਰਕੇ ਹੈਰਾਨ ਕਰ ਦਿੱਤਾ। ਇਹ ਫਿਲਮ ਦਸਿੱਕਾ ਦੀ ਯਥਾਰਥ ਸ਼ੈਲੀ ਤੋਂ ਬਹੁਤ ਪ੍ਰਭਾਵਿਤ ਹੈ। ਅਜਿਹੀਆਂ ਫਿਲਮਾਂ ਦਾ ਤਾਂਤਾ ਲੱਗ ਗਿਆ, ਜਿਨ੍ਹਾਂ 'ਚ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ 'ਗਰਮ ਕੋਟ' 'ਤੇ ਬਣੀ ਫਿਲਮ ਹੈ। ਜਿਸ ਵਿਚ ਬਲਰਾਜ ਸਾਹਨੀ ਡਾਕਖਾਨੇ ਦੇ ਬਾਬੂ ਦਾ ਰੋਲ ਕਰਦਾ ਹੈ। ਉਸ ਬਾਬੂ ਕੋਲ ਗਰਮ ਕੋਟ ਨਹੀਂ ਹੈ।

**(ਬਾਕੀ ਅਗਲੇ ਅੰਕ 'ਚ)**



Ticket Price PER DAY
$25
Advance
8 hours NON STOP meet & greet at Stage I
LCSA ENTERTAINMENT
MONTY & ALTAF HUSSIAN
Presents
Buy Your Tickets @
www.southasincarnival.com
www.livebollywoodshows.com
SAHARA ONE
FARHATH HUSSAIN'S
South Asian
CARNIVAL 09
Autograph & Picture
Meet & Greet
imagine
TV ASIA
HEADLINES TODAY
8 Hours NON STOP live performance Show at Stage II
RACHNA
MOHD SALAMAT
KRISHNA
KUMAR SANU
ALI ZAFAR
AMANAT ALI
SMITA PAREKH
NISHA JAIN
SUJATA
LIVE PERFORMANCE
VINAY
KHANA KHAZANA COURT DELICIOUS FOOD & COOKERY STARE
DULHAN THE SOUTH ASIN WEDDING EXPO
CATWALK STAGE / FASHION STAGE BY CELEBRETIES DESIGNERS
DESI BAZAR JEWELERY, CLOTHS, SHOES, ACCESSORIES & MUCH MORE...
ON AUGUST 15TH & 16TH 2009 @ 12PM - 8PM IN CHICAGO
For More Info:
MONTY: 847-770-1088
ALTAF HUSSAIN: 847-271-4427
SAJJAD SHAMSI: 630-205-4069
DHITU: 847-340-1120
This two-day South Asian Carnival event will be a colorful extravaganza, which will include MEET & GREET with Top Bollywood Celebrities, performances by Top Playback singers, Catwalk & Fashion shows by celebrities desingers, Khana Khazana court with delicious food and Cookery shows, Dulhan the south asian wedding expo and a large number of Stalls, Food, and Entertainment.
ENTRY PER DAY
ADVANCE
$25
$35 AT DOOR
Maharaja CRUISE
1-877-MAHARAJA
Raj Jewels
ALL POINTS HOME HEALTH CARE
National Bankcard
Iftekhar Shareef
www.natl-bankcard.com
ALL American BANK
www.aabnk.com
Medstar LABORATORY INC.
Luxchateau Hookah Lounge
www.luxchateau.com
Azeem (630) 670 7868
STRIKE N TEN
ROSELLE, IL
www.southasincarnival.com
www.livebollywoodshows.com
Sabri Nehari
Pakistani Cuisine
INFERNO HOOKAH LOUNGE
847-301-9999
PROMOTE YOUR
BUSINESS/PRODUCTS/SERVICES
40,000 PEOPLE IN 2 DAYS EVENT
BOOTHS / STALLS
$950
PRICE INCLUDES FOR 2 DAYS EVENT
BUY TICKETS ONLINE
WWW.SOUTHASIANCARNIVAL.COM
VARIOUS PACKAGES AVAILABLE FOR YOUR BUSINESS SPONSORSHIP.
INFO@SOUTHASIANCARNIVAL.COM
OFFICE: 630-351-2973/ 331-472-9818
MUSA: 312-772-8072 • BEENISH: 312-788-0088
TICKET LOCATIONS
ATLANTIC VIDEO 773 -338-3600
KWICK PANTRY630-268-9574
JAI HIND 847-490-9858
ANNADATA 630-233-2525
INDIA VIDEO 847-534-0125
SHREEJI GROCERS 847-952-9181
SURABHI S.MARKET 630-497-9900
JUZ DESI 630-378-9988
ATMIYA PLAZA 630-213-2222
KHALED INDO-PAK 630-539-4078
PEOPLE C. SALON 630-653-1111
INTERNATIONAL VIDEO (NEPERVILLE)
PURAN GROCERY (PEORIA)
DESI NEEDS 847-662-2200
UNITED GROCERS 847-599-9989
UNITED GROCERS 847-566-6639
SPICE BAZAAR 847-549-0065
PRABHU GROCERS 847-537-1010
EASTERN FOODS 630-830-4400
INDIA BAZAAR 630-830-6020
PRABHU GROCERS 847-470-0101
SHEETAL 847-808-8630
SLEEK HAIR 847-537-6192
INDIAN FOODS 847-827-5567
GRACEPRINTING.COM

# ਪੰਜਾਬ ਸਪੋਰਟਸ ਕਲੱਬ, ਮਿਡਵੈਸਟ (ਸ਼ਿਕਾਗੋ)

## ਸੱਤਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਟੂਰਨਾਮੈਂਟ

## ਦਿਨ: ਐਤਵਾਰ, 9 ਅਗਸਤ 2009

**ਸਮਾਂ: ਸਵੇਰੇ 10 ਵਜੇ ਤੋਂ ਦੇਰ ਸ਼ਾਮ ਤੱਕ**
**ਸਥਾਨ: ਬਸੀ ਵੁਡਜ਼, ਐਲਕ ਗਰੁਵ, ਇਲੀਨਾਏ (ਹਿਗਿਨਸ ਰੋਡ ਅਤੇ ਰੂਟ 53)**

**ਫਰੀ ਦਾਖਲਾ, ਮੁਫਤ ਖਾਣਾ ਤੇ ਮੁਫਤ ਪਾਰਕਿੰਗ**

**ਬੋਰਡ ਆਫ ਡਾਇਰੈਕਟਰਜ਼**

ਚੇਅਰਮੈਨ-ਦਵਿੰਦਰ ਸਿੰਘ ਰੰਗੀ
ਪ੍ਰਧਾਨ-ਹੈਪੀ ਸਿੰਘ ਹੀਰ
ਨਿੱਕ ਗਾਖਲ
ਜੈ ਦੇਵ ਸਿੰਘ ਭੱਠਲ
ਕਰਨਲ ਨਿਰਮਲ ਸਿੰਘ ਸਿੰਘਾ
ਲਵਦੀਪ ਸਿੰਘ ਦੂੱਲਤ
ਅਜੈਬ ਸਿੰਘ ਲੱਖਣ
ਮਿੱਕੀ ਕਾਹਲੋਂ
ਸੰਤੋਖ ਸਿੰਘ ਡੀ ਸੀ
ਨਰਿੰਦਰ ਸਿੰਘ ਸਰਾ
ਬਲਦੇਵ ਸਿੰਘ ਗਿੱਲ
ਸੋਨੂੰ ਸਿੰਘ ਖਹਿਰਾ
ਹਰਕੇਵਲ ਸਿੰਘ ਲਾਲੀ
ਜਸਵਿੰਦਰ ਸਿੰਘ ਧਾਲੀਵਾਲ
ਜਗਦੇਵ ਸਿੰਘ ਖਹਿਰਾ
ਅਜਮੇਰ ਸਿੰਘ ਪੰਨੂ
ਗੁਰਿੰਦਰ ਸਿੰਘ ਢਿੱਲੋਂ
ਗਿਆਨ ਸਿੰਘ ਸੀਹਰਾ
ਮਹਿੰਦਰ ਸਿੰਘ ਰਕਾਲਾ
ਜਿੰਦੀ ਦਿਆਲ
ਮਲਕੀਅਤ ਸਿੰਘ ਸਿੱਧੂ
ਲੱਕੀ ਤੇ ਜੱਸੀ ਸਹੋਤਾ
ਡਾ. ਹਰਜਿੰਦਰ ਸਿੰਘ ਖਹਿਰਾ


**ਸਹਿਯੋਗੀ ਸੰਸਥਾਵਾਂ**:

ਪੀ.ਐਚ.ਓ. ਸ਼ਿਕਾਗੋ, ਪੀ ਸੀ ਐਸ ਸ਼ਿਕਾਗੋ, ਪੀ ਸੀ ਐਸ ਸਾਊਥਬੈਂਡ, ਸਿੱਖ ਕਲਚਰਲ ਸੁਸਾਇਟੀ ਆਫ ਇੰਡੀਆਨਾ ਮਿਸ਼ਵਾਕਾ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਫਾਈਵ ਰੀਵਰ ਇੰਟਰਟੇਨਮੈਂਟ ਇੰਡੀਅਨ- ਐਪੋਲਿਸ, ਬਾਬਾ ਮੱਖਣ ਸ਼ਾਹ ਲੁਬਾਣਾ ਸੁਸਾਇਟੀ (ਸਾਊਥ ਬੈਂਡ), ਪੀ ਏ ਓ ਸ਼ਿਕਾਗੋ, ਸਿੱਖ ਰਿਲੀਜੀਅਸ ਸੁਸਾਇਟੀ ਆਫ ਸ਼ਿਕਾਗੋ (ਐਸ. ਆਰ. ਐਸ.), ਗੁਰਦੁਆਰਾ ਸਾਹਿਬ ਦੀਵਾਨ ਐਵਨਿਊ, ਪੀ.ਸੀ.ਓ. ਵਿਸਕਾਨਸਨ, ਪੀ.ਸੀ. ਐਸ. ਮਿਸ਼ੀਗਨ, ਐਫ.ਆਈ.ਏ. ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਕੈਲਮਜ਼ੂ, ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਆਫ ਇੰਡੀਆਨਾ, ਦੋਆਬਾ ਸਪੋਰਟਸ ਕੱਲਬ ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਬੈਟਲਕਰੀਕ, ਸਿੱਖ ਕਲਚਰਲ ਸੁਸਾਇਟੀ ਆਫ ਸਾਊਥ ਬੈਂਡ, ਗੁਰੂ ਨਾਨਕ ਸਿੱਖ ਸੈਂਟਰ ਲੈਨਸਿੰਗ, ਲਾਇਨ ਕਲੱਬ ਆਫ ਪੰਜਾਬ, ਪੀ.ਸੀ.ਐਸ. ਫੋਰਟਵਿਨ, ਏ.ਏ.ਐਸ.ਏ, ਪੰਜਾਬੀ ਕਲਚਰਲ ਸੁਸਾਇਟੀ, ਇੰਡੀਅਨਐਪੋਲਿਸ, ਐਸ.ਆਰ.ਐਸ. ਇੰਡੀਆਨਾ ਕਰਾਊਨ ਪੁਆਇੰਟ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਮਿਲਵਾਕੀ, ਪੀ ਸੀ ਐਸ ਕੈਲਮਜ਼ੂ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ, ਪੰਜਾਬੀ ਟਰੱਕ ਯੂਨੀਅਨ ਸ਼ਿਕਾਗੋ, ਪੰਜਾਬ ਟੈਕਸੀ ਐਂਡ ਲਿਮੋ ਯੂਨੀਅਨ ਸ਼ਿਕਾਗੋ, ਪੰਜਾਬ ਸਪੋਰਟਸ ਐਂਡ ਕਲਚਰਲ ਕੱਲਬ ਸਿਨਸਿਨੈਟੀ।





ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਯਾਦਗਾਰੀ ਟਰਾਫੀ ਵਲੋਂ ਸ. ਦਰਸ਼ਨ ਸਿੰਘ ਧਾਲੀਵਾਲ




ਸਵਰਗੀ ਸ. ਲਾਲ ਸਿੰਘ ਯਾਦਗਾਰੀ ਦੂਜਾ ਇਨਾਮ ਵਲੋਂ ਸ. ਬਲਵਿੰਦਰ ਸਿੰਘ ਏਵਨ ਕਾਰਪੈਟਸ



ਮੁੱਖ ਮਹਿਮਾਨ
ਸ੍ਰੀ ਅਸ਼ੋਕ ਕੁਮਾਰ ਅਤਰੀ
(ਕੌਂਸਲ ਜਨਰਲ ਸ਼ਿਕਾਗੋ)



ਗੈਸਟ ਆਫ ਆਨਰ
ਅਮਨਦੀਪ ਸਿੰਘ ਧਾਰਨੀ
(ਸਿਨਸਿਨੈਟੀ)



ਗੈਸਟ ਆਫ ਆਨਰ
ਅਮੋਲਕ ਸਿੰਘ ਗਾਖਲ
(ਇੰਟਰਨੈਸ਼ਨਲ ਕਬੱਡੀ

**ਹੋਰ ਜਾਣਕਾਰੀ ਲਈ ਕਾਲ ਕਰੋ**
630-205-6575,
847-544-1788,
847-830-8387,
847-878-8412,
847-338-3866,
630-479-0031

www.punjabsportsclub.us
e-mail:info@punjabsportsclub.us

**ਫੂਡ ਕੇਟਰਿੰਗ:ਇੰਡੀਆ ਹਾਊਸ ਸ਼ਾਮਬਰਗ ਅਤੇ ਨਿਊ ਇੰਡੀਆ ਕੇ ਕੇ ਪੰਮਾ**

**ਪੰਜਾਬ ਦੇ ਨਾਮਵਰ ਗਾਇਕ ਸ਼ਾਮ ਨੂੰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ**




ਸੁਰਿੰਦਰ ਛਿੰਦਾ



ਗੀਤਾ ਜੈਲਦਾਰ



ਹਰਮਨ ਦੀਪ



ਇਸ਼ਮੀਤ ਨਰੂਲਾ



ਜਸਬੀਰ ਗੁਣਾਚੌਰੀਆ

**ਗੋਲਡ ਸਪਾਂਸਰ:** ਸਰਵਣ ਸਿੰਘ ਟਿਵਾਣਾ, ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਜਥੇਦਾਰ ਤਾਰਾ ਸਿੰਘ ਸੱਲਾਂ, ਬਲਦੇਵ ਸਿੰਘ ਸੱਲਾਂ, ਪਾਲ ਖਲੀਲ, ਕਿਰਨਜੀਤ ਸਿੰਘ ਕਿੰਟੂ ਬਾਵਾ, ਪ੍ਰਿਤਪਾਲ ਸਿੰਘ ਘੋਤੜਾ, ਵਰਿੰਦਰ ਸਾਹੀ, ਮਨਜੀਤ ਨਾਗਰਾ, ਪਾਲ ਸਿੰਘ ਅਤੇ ਝਿਲਮਿਲ ਸਿੰਘ-ਦੇਸੀ ਬਾਜ਼ਾਰ (ਗਰੀਨਵੁੱਡ), ਅੰਕਲ ਮੱਖਣ ਸਿੰਘ, ਜਸਬੀਰ ਸਿੰਘ ਡਿਪਟੀ, ਗੁਰਮੀਤ ਸਿੰਘ ਡਿਪਟੀ, ਦਲਵਿੰਦਰ ਗੋਰਾਇਆ, ਜਿੰਮੀ ਬਰਾੜ, ਜੋਅ ਬਰਾੜ, ਮੱਖਣ ਬਦੇਸ਼ਾ, ਸਿੰਘ ਕੰਟਰਕਸ਼ਨ-ਲਾਡੀ, ਸੁਖਮਿੰਦਰ ਸਿੰਘ ਬਿੱਲੂ, ਕੁਲਵਿੰਦਰ ਸਿੰਘ-ਅੰਬਰ ਇੰਡੀਅਨ ਰੈਸਟੋਰੈਂਟ, ਇੰਡੀਆ ਪੈਲੇਸ-ਸੁਖਦੇਵ ਸਿੰਘ, ਜਸਵਿੰਦਰ ਸਿੰਘ ਲੱਖਣ, ਇੰਦਰਜੀਤ ਸਿੰਘ ਸੋਹੀ, ਸੰਨੀ ਧੂੜ, ਯਾਦਵਿੰਦਰ ਖੱਟੜਾ, ਧਰਮਿੰਦਰ ਖੱਟੜਾ, ਕੁਲਦੀਪ ਸਿੰਘ ਲੰਗ, ਹਰਿੰਦਰ ਤੂਰ, ਪਾਖਰ ਸਿੰਘ ਸਿੱਧੂ, ਬਚਨ ਸਿੰਘ ਗਿੱਲ, ਅਮਰਜੀਤ ਸਿੰਘ ਸੰਧਰ, ਜਗਦੀਸ਼ਰ ਕਲੇਰ, ਬਲਬੀਰ ਸੈਣੀ, ਹਰਭਜਨ ਸੰਧਾਵਾਲੀਆ, ਕੁੱਕੂ ਸੰਧਰ, ਗੁਰਦੇਵ ਸਿੰਘ ਜੌੜਾ, ਬਹਾਦਰ ਸਿੰਘ ਬੋਪਾਰਾਏ, ਹਰਵਿੰਦਰ ਸਿੰਘ ਚਾਹਲ (ਲਾਡੀ), ਹਰਿੰਦਰ ਚਾਹਲ, ਬੇਅੰਤ ਸਿੰਘ ਬੋਪਾਰਾਏ, ਹਰਜਿੰਦਰ ਸੰਧੂ, ਬਲਵਿੰਦਰ ਸੰਧੂ, ਮਨਜਿੰਦਰ ਭੰਵਰਾ, ਅਯੋਧਿਆ ਸਲਵਾਨ-ਸਟਾਰ ਫੂਡ, ਸਤਿੰਦਰ ਤੇ ਦਾਰਾ ਸੁਸਾਣਾ, ਸ਼ਮਸ਼ੇਰ ਸਿੰਘ ਬੋਪਾਰਾਏ, ਬਲਵਿੰਦਰ ਸਿੰਘ ਏ-ਵਨ ਕਾਰਪੈਟਸ, ਪੰਜਾਬ ਆਟੋ, ਦਵਿੰਦਰ ਸਿੰਘ ਰੰਗੀ, ਸਵਰਨ ਸਿੰਘ ਸੇਖੋਂ, ਨਿੱਕ ਗਾਖਲ, ਗੁਲਜ਼ਾਰ ਸਿੰਘ ਮੁਲਤਾਨੀ, ਤਾਰੀ ਮੁਲਤਾਨੀ, ਜਗਮੀਤ ਸਿੰਘ, ਐਸ.ਪੀ. ਸਿੰਘ, ਜੱਸੀ ਤੇ ਲੱਕੀ ਸਹੋਤਾ, ਸਤਵਿੰਦਰ ਮਾਨ, ਸੰਘੇੜਾ ਪਰਿਵਾਰ, ਬਾਗੜੀ ਪਰਿਵਾਰ, ਸੁਖਮੇਲ ਅਟਵਾਲ, ਗਾਖਲ ਪਰਿਵਾਰ, ਗੁਰਿੰਦਰ ਢਿੱਲੋਂ, ਸੁਰਜੀਤ ਮਾਵੀ, ਮੁਖਤਿਆਰ ਸਿੰਘ ਸੇਖੋਂ, ਕ੍ਰਿਸ਼ਨ ਕੁਮਾਰ, ਰੇਸ਼ਮ ਸਿੰਘ ਖੱਖ

**ਸਪਾਂਸਰ:** (ਸ਼ਿਕਾਗੋ): ਮਨਜੀਤ ਸਿੰਘ ਧਨੋਆ, ਜਗਜੀਤ ਸਿੰਘ ਢੀਂਡਸਾ, ਜੱਸੀ ਸੰਧੂ, ਸੋਨੀ ਜੱਜ, ਗੁਰਮੁਖ ਭੁੱਲਰ, ਜੈ ਰਾਮ ਸਿੰਘ ਕਾਹਲੋਂ, ਅਮਰ ਕਾਰਪੈਟ, ਆਰ.ਕੇ. ਕਾਰਪੈਟ, ਯੂਨੀਵਰਸਲ ਅਕਾਊਂਟਿੰਗ-ਨਲੇਸ਼ ਟੋਪੀਵਾਲਾ, ਬੋਡੀ ਲਿੱਕਰ, ਪੰਜਾਬ ਸਵੀਟਸ, ਇੰਡੋ-ਪਾਕਿ ਆਟੋ, ਸੁਖਮੇਲ ਸਿੰਘ ਅਟਵਾਲ, ਸੰਨੀ ਤੇ ਰੋਨੀ ਕੁਲਾਰ, ਪਾਲ ਡੰਡੋਨਾ, ਸੰਤੋਖ ਸਿੰਘ, ਜਸਬੀਰ ਸਿੰਘ ਸੁੱਗਾ-ਸੁੱਗਾ ਬਿਲਡਰਜ਼, ਦਲਬੀਰ ਸਿੰਘ ਅਟਵਾਲ, ਲਖਬੀਰ ਸਿੰਘ ਸੰਧੂ ਅਤੇ ਭਰਾ, ਹਰਕੀਰਤ ਸਿੰਘ ਸੰਧੂ, ਭੁਪਿੰਦਰ ਸਿੰਘ ਹੁੰਦਲ, ਗੁਰ ਸਿੰਘ (ਭਾਈਆ), ਰਛਪਾਲ ਬਾਜਵਾ, ਡਾ. ਅਮਰਦੀਪ ਸੰਘਾ, ਰਘਵਿੰਦਰ ਸਿੰਘ ਮਾਹਲ, ਜਤਿੰਦਰ ਸਿੰਘ ਗਰੇਵਾਲ, ਅਵਤਾਰ ਨਿੱਝਰ, ਬਿਕਰਮ ਸਿੱਧੂ, ਰੂਪ ਢਿੱਲੋਂ, ਸੰਦੀਪ ਢਿੱਲੋਂ, ਮੱਤ ਸਿੰਘ ਢਿੱਲੋਂ, ਯਾਦਵਿੰਦਰ ਸਿੰਘ ਗਰੇਵਾਲ, ਪੰਮਾ ਬ੍ਰਦਰਜ਼, ਲਖਵੰਤ ਸਿੰਘ ਕੋਮਲ, ਅਜੀਤ ਸਿੰਘ ਕੰਗ ਅਤੇ ਪਰਿਵਾਰ, ਰੌਕੀ ਭੱਲਾ, ਸ਼ੀਰਾ ਸ਼ੇਰਪੁਰੀਆ ਐਂਡ ਪਾਰਟੀ, ਡਾ. ਗੁਰਮੁਖਪਾਲ ਸਿੰਘ, ਡਾ. ਸਰਬਜੀਤ ਸਿੰਘ ਭੰਡਾਲ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਮਨਜੀਤ ਐਂਡ ਪੰਮੀ ਗਿੱਲ (ਰੌਣਕ ਮੇਲਾ ਰੇਡੀਓ), ਸਤਵਿੰਦਰ ਸਿੰਘ ਮਾਨ, ਚਰਨਜੀਤ ਸਿੰਘ ਰਾਏ, ਰਾਹੁਲ ਗਿੱਲ, ਹਰਜੀਤ ਸਿੰਘ, ਮਲਕੀਤ ਸਿੰਘ, (ਲੈਨਸਿੰਗ): ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ, ਬਖ਼ਸ਼ੀਸ ਸਿੰਘ, ਗੁਰਦੇਵ ਸਿੰਘ, ਕਸ਼ਮੀਰ ਸਿੰਘ, ਗੁਰਜਿੰਦਰ ਸਿੰਘ, ਹਰਬੰਸ ਸਿੰਘ ਜਲਾਲਪੁਰ, (ਮਿਸ਼ੀਗਨ): ਅਵਤਿੰਦਰ ਚਾਵਲਾ, ਕੁਲਵੰਤ ਸਿੰਘ, ਮਨਜਿੰਦਰ ਸਿੰਘ, ਪੈਲੇਸ ਆਫ ਇੰਡੀਆ, ਜੱਸੀ ਐਂਡ ਅਨੰਦ, ਡੀ.ਐਸ. ਮਾਂਗਟ, ਲਾਲੀ ਤੇ ਪਾਲੀ ਧਾਲੀਵਾਲ, ਖੇਮ ਵਿਰਕ, ਭੋਲਾ ਬ੍ਰਦਰਜ਼, ਰੋਨੀ ਅਤੇ ਸਤਨਾਮ, ਹਰਪਾਲ ਸਿੰਘ ਪੰਮਾ, ਨਰਿੰਦਰ ਸਿੰਘ ਮੁੰਦਰ, ਜਗਰਾਜ ਅਟਵਾਲ, ਰਾਜ ਗਰੇਵਾਲ, ਭਗਵੰਤ ਸੰਧੂ, ਜੱਸੀ ਗੁਰਦਾਸਪੁਰੀਆ, ਮਨਜੀਤ ਸਿੰਘ ਨੰਨਣ ਕੈਲਮਜ਼ੂ, ਲਾਲੀ ਸਿੱਧੂ, ਤੀਰਥ ਸਿੰਘ ਬੋਦਲਾਂ, ਲਖਬੀਰ ਚਾਹਲ, ਬਬਲੂ ਭਾਅ ਜੀ, (ਸਾਊਥਬੈਂਡ): ਕੁਲਜੀਤ ਰੂਬੀ, ਗੁਰਮੀਤ ਸਿੰਘ, ਜਪਨੀਤ ਖਹਿਰਾ, ਹਰਜਿੰਦਰ ਸਿੰਘ, ਅਵਤਾਰ ਸਿੰਘ, ਬਲਵਿੰਦਰ ਨਿੱਕਾ, ਰਾਜ ਭੁੱਲਰ, ਲੱਕੀ ਨਡਾਲਾ, ਸੁਖਵਿੰਦਰ ਸੋਨੂੰ, (ਇੰਡੀਆਨਾ): ਜਸਪਾਲ ਸਿੰਘ ਘੋਤੜਾ, ਜਸਵਿੰਦਰ ਸਿੰਘ ਜੱਸੀ, ਸੁਖਵਿੰਦਰ ਸਿੰਘ ਬਸਰਾ, ਗੁਰਿੰਦਰ ਸਿੰਘ ਗਿੱਲ, ਸਤਵਿੰਦਰ ਸਿੰਘ, ਸਿਕੰਦਰ ਸਿੰਘ ਬਿੱਟੂ, ਬਲਵਿੰਦਰ ਸਿੰਘ ਵਿੱਕੀ, ਕੁਲਦੀਪ ਸਿੰਘ ਟਾਂਡਾ, ਜਸਬੀਰ ਸਿੰਘ ਪਾਲੀਆ-ਪਾਲੀਆ ਬ੍ਰਦਰਜ਼, ਕਮਲਜੀਤ ਤੇ ਰਾਣਾ ਵਿਰਕ, ਸੁਰਜੀਤ ਸਿੰਘ, ਇਕਬਾਲ ਸਿੰਘ ਮਿਆਣੀ, ਸਤਵੰਤ ਸਿੰਘ ਨਿੱਝਰ, ਬਲਦੇਵ ਬਿੰਦ, ਨਾਡਾ ਰਾਣਾ, ਸੋਹਣ ਸਿੰਘ ਧਾਮੀ, ਗੁਰਮੀਤ ਸੱਲਾਂ, ਸੰਨੀ ਡਾਲਾ, ਬੀਨੂ ਸ਼ਾਹ, ਰਨਦੀਪ ਚਾਵਲਾ, ਰਾਜਿੰਦਰ ਬੈਂਸ, ਮਨਦੀਪ ਭੂਰਾ, ਗੁਰਨਾਮ ਸਿੰਘ ਸਿੱਧੂ, ਸਰਜੀਤ ਸਿੰਘ ਗਿਲਜੀਆਂ, ਜਸਪਾਲ ਸਿੰਘ ਜੱਸੀ, ਤੇਜਾ ਸਿੰਘ ਨਾਰੰਗ, ਮਨਜੀਤ ਸਿੰਘ ਕਹਿਲ, ਵਰਿੰਦਰ ਨਾਗਰਾ, ਰਣਜੀਤ ਢਿੱਲੋਂ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਐਸ.ਐਲ.ਬੀ. ਇੰਕ, ਹਰਨਿੰਦਰ ਸਿੰਘ ਨਿੰਦੀ, ਨਿਧਾਨ ਸਿੰਘ, ਰਤਨਦੀਪ ਸਿੰਘ ਢਿੱਲੋਂ, ਅਮਰੀਕ ਸਿੰਘ ਬਸਰਾ, ਪਾਲੀ ਗਰੇਵਾਲ,